# ਗੁਰੂ ਨਾਨਕ ਦੇਵ ਦੀ ਕਵਿਤਾ ਵਿੱਚ ਰਤੀ ਦਾ ਸੁਭਾ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ
ਭਾਸ਼ਾ ਫੈਕਲਟੀ ਵਿੱਚ ਪੀ. ਐਚ. ਡੀ.
ਦੀ ਉਪਾਧੀ ਲਈ ਪੇਸ਼ ਕੀਤਾ ਗਿਆ

**ਖੋਜ-ਪ੍ਰਬੰਧ**

**1985**

P.U. LIBRARY CHANDIGARH

ਖੋਜਾਰਥੀ
ਰਮੇਸ਼ ਇੰਦ੍ਰ ਕੌਰ

## ਧੰਨਵਾਦ

ਮੈਂ ਡਾ: [illegible] ਸਿੰਘ ਜੀ, [illegible] ਦਾ [illegible] ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ [illegible] ਅਤੇ [illegible] ਦਿੱਤਾ ਹੈ।

ਮੈਂ [illegible] ਸਿੰਘ ਜੀ [illegible] ਦਾ [illegible] ਹਾਂ, ਜਿਨ੍ਹਾਂ ਨੇ [illegible] ਕੀਤਾ।

ਮੈਂ [illegible] ਸਿੰਘ ਜੀ ਦਾ ਦਿਲੋਂ ਧੰਨਵਾਦ [illegible] ਹਾਂ ਜਿਨ੍ਹਾਂ ਨੇ [illegible]।

ਮੈਂ [illegible] ਸਿੰਘ ਜੀ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ [illegible] ਕੀਤਾ।

[illegible]
( [illegible] )
੨੧-ਕੇ, ਸਰਾਭਾ ਨਗਰ,
ਲੁਧਿਆਣਾ।

## ਤਤਕਰਾ


| | | ਪੰਨਾ ਨੰ: |
|---|---|---|
| ਭੂਮਿਕਾ | | 4-6 |
| ਅਧਿਆਇ ਪਹਿਲਾ | : ਗੁਰੂ ਨਾਨਕ ਜੀਵਨ [illegible] ਦਾ ਪਛੋਕੜ | 7-42 |
| ਅਧਿਆਇ ਦੂਜਾ | : [illegible] ਦਾ [illegible] ਤੇ [illegible] | 43-71 |
| | (ੳ) [illegible] ਦਾ [illegible] | |
| | (ਅ) [illegible] ਅਤੇ [illegible] | |
| ਅਧਿਆਇ ਤੀਜਾ | : ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ [illegible] ਦਾ [illegible] | 72-110 |
| | (ੳ) [illegible] ਦਾ [illegible] | |
| | (ਅ) [illegible] ਅਤੇ [illegible] | |
| ਅਧਿਆਇ ਚੌਥਾ | : ਗੁਰੂ ਨਾਨਕ ਦੀ ਬਾਣੀ ਵਿਚ [illegible] ਦਾ [illegible] | 111-138 |
| ਅਧਿਆਇ ਪੰਜਵਾਂ | : ਗੁਰੂ ਨਾਨਕ ਦੀ ਬਾਣੀ ਵਿਚੋਂ ਪ੍ਰਾਪਤ [illegible] ਅਤੇ [illegible] ਨਾਲ ਸੰਬੰਧਤ [illegible] | 139-159 |
| ਅਧਿਆਇ ਛੇਵਾਂ | : ਗੁਰੂ ਨਾਨਕ ਦੀ ਬਾਣੀ ਵਿਚੋਂ ਪ੍ਰਾਪਤ [illegible] ਅਤੇ [illegible] | 160-175 |
| ਅਧਿਆਇ ਸਤਵਾਂ | : ਗੁਰੂ ਨਾਨਕ ਦੀ ਬਾਣੀ ਵਿਚ [illegible] ਦੇ [illegible] | 176-183 |
| ਅਧਿਆਇ ਅਠਵਾਂ | : ਗੁਰੂ ਨਾਨਕ ਦੀ ਬਾਣੀ ਵਿਚੋਂ ਪ੍ਰਾਪਤ [illegible] [illegible] ਪ੍ਰਤੀਕ [illegible] | 184-207 |
| | (ੳ) [illegible] | |
| | (ਅ) [illegible] | |
| | (ੲ) [illegible] | |
| | (ਸ) [illegible] | |

ਪੰਨਾ ਨੰ:


| | | |
|---|---|---|
| ਅਧਿਆਇ ਨੌਵਾਂ : | ਗੁਰੂ ਨਾਨਕ ਦੀ ਬਾਣੀ ਵਿੱਚ [illegible] ਦਾ [illegible] ਪ੍ਰਯੋਗ | 208 - 226 |
| ਨਿਸ਼ਕਰਸ਼ | | 227 - 231 |
| ਪੁਸਤਕ ਸੂਚੀ | | 232 - 240 |

## ਭੂਮਿਕਾ

'ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਰਤੀ ਦਾ ਸੁਭਾ' ਵਿਸ਼ੈ ਸਾਹਿਤਕ ਪੱਖੋਂ ਸਰਬਾਂਗੀ ਅਨੁਭਵ ਦਾ ਧਾਰਨੀ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਬਹੁਪੱਖੀ ਵਿਸ਼ਿਆਂ ਤੇ ਭਾਵਾਂ ਨਾਲ ਭਰਪੂਰ ਹੈ। ਰਤੀ ਭਾਵ ਦਾ ਅਨੁਭਵ ਕਲਾਮਈ ਢੰਗ ਨਾਲ ਰੂਪਮਾਨ ਹੋਇਆ ਹੈ। ਭਗਤੀ ਤੇ ਪਿਆਰ ਰਾਹੀਂ ਮੁਕਤੀ ਗੁਰੂ ਸਾਹਿਬ ਦੀ ਰਚਨਾ ਦਾ ਮੁੱਖ ਪੜਾਓ ਹੈ ਜੋ ਜੀਵ ਆਤਮਾ ਲਈ ਸੰਸਾਰੀ ਮੰਜ਼ਲਾਂ ਦਾ ਗਾਡੀ ਰਾਹ ਅਤੇ ਆਤਮਕ ਅਨੰਦ ਹੈ। ਸਿਰਫ ਰਤੀ ਅਨੁਭਵ ਰਾਹੀਂ ਹੀ ਇਹ ਮਾਰਗ ਪ੍ਰਗਟਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤ੍ਵ ਇਕ ਵਿਲੱਖਣ ਤੇ ਅਦਭੁਤ ਵਿਅਕਤਿਤ੍ਵ ਹੈ। ਉਨ੍ਹਾਂ ਦੀ ਬਾਣੀ ਵਿੱਚੋਂ ਸੂਖਮ ਤੋਂ ਸੂਖਮ, ਸਥੂਲ ਤੋਂ ਸਥੂਲ, ਬਾਹਰਲੀਆਂ ਤੇ ਅੰਦਰਲੀਆਂ, ਜਿਸਮਾਨੀ ਅਤੇ ਆਤਮਿਕ, ਪਰੋਖ ਤੋਂ ਪ੍ਰਤਖ ਭਾਵਨਾਵਾਂ ਦਾ ਸਮੂਹ ਸ਼ਾਮਲ ਹੈ। ਰਤੀ ਇਨ੍ਹਾਂ ਵਿੱਚੋਂ ਇਕ ਸੂਖਮ ਭਾਵ ਹੈ ਜਿਸ ਨੂੰ ਮੈਂ ਆਪਣੀ ਖੋਜ ਦਾ ਵਿਸ਼ੈ ਬਣਾਇਆ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਰਤੀ ਦਾ ਸੁਭਾ ਵਿਸ਼ੇ ਦੀ ਚੋਣ ਕਰਨ ਲੱਗਿਆਂ ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਇਹ ਵਿਸ਼ੈ ਬੜਾ ਤਿਲਕਵਾਂ ਤੇ ਔਖਾ ਵਿਸ਼ੈ ਹੈ ਪਰ ਮੇਰੇ ਆਲੇ ਦੁਆਲੇ ਤੇ ਮੇਰੇ ਅੰਦਰਲੇ ਨੇ ਮੈਨੂੰ ਉਤਸ਼ਾਹ ਦਿੱਤਾ ਕਿ ਗਿਆਨ ਦੇ ਵਿਸ਼ਾਲ ਭੰਡਾਰ ਵਿੱਚ ਆਪਣਾ ਨਿਮਾਣਾ ਜਿਹਾ ਹਿੱਸਾ ਪਾਵਾਂ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ, ਚਿੰਤਨ ਅਤੇ ਕਲਾ ਵਿਚਲਾ ਰਤੀ ਅਨੁਭਵ ਜੋ ਅਜੇ ਤੱਕ ਅਛੂਹ ਸੀ ਇਸੇ ਕਰਕੇ ਮੈਂ ਇਸ ਵਿਸ਼ੈ ਵਲ ਪ੍ਰੇਰਿਤ ਹੋਈ।

ਰਤੀ ਸ਼ਿੰਗਾਰ ਰਸ ਦਾ ਸਥਾਈ ਭਾਵ ਹੈ। ਇਹ ਗੱਲ ਭਾਰਤੀ ਕਾਵਿ-ਸ਼ਾਸਤਰ ਵਿੱਚ ਪ੍ਰਮਾਣਿਤ ਹੈ ਅਤੇ ਬਹੁਤ ਸਾਰੇ ਸਾਹਿਤ ਅਚਾਰੀਆਂ ਨੇ ਇਸ ਬਾਰੇ ਵਿਸਤਾਰ ਨਾਲ ਲਿਖਿਆ ਹੈ। ਇਸ ਕਰਕੇ ਇਹ ਗੱਲ ਹੁਣ ਕਿਸੇ ਵਿਸ਼ੇਸ਼ ਅਤੇ ਮੌਲਿਕ ਖੋਜ ਦੀ ਮੁਹਤਾਜ ਨਹੀਂ ਪਰ ਬਹੁਤ ਸਾਰੇ ਵਿਦਵਾਨਾਂ ਨੇ ਗੁਰੂ ਸਾਹਿਬ ਦੀ ਰਚਨਾ ਵਿਚੋਂ ਸ਼ਿੰਗਾਰ ਰਸ ਨੂੰ ਕੱਟਣ ਦੇ ਦਾਅਵੇ ਕੀਤੇ ਹਨ ਪਰ ਇਨ੍ਹਾਂ ਦਾਅਵਿਆਂ ਨੇ ਮੇਰੇ ਮਨ ਅੰਦਰ ਉਥਲ ਪੁਥਲ ਸ਼ੁਰੂ ਕੀਤੀ ਮੈਂ ਇਸ ਤਰ੍ਹਾਂ ਦੀ ਦਲੀਲ ਬਣਾਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਸਾਹਿਬ ਦੀ ਰਚਨਾ ਵਿੱਚ ਦੁਨਿਆਵੀ ਰਤੀ ਉਤੇ ਅਧਾਰਿਤ ਸ਼ਿੰਗਾਰ ਰਸ ਨਹੀਂ ਸਗੋਂ ਦੁਨਿਆਵੀ ਚਿੰਨ੍ਹਾਂ ਰਾਹੀਂ ਅਧਿਆਤਮਕ,

ਰੂਹਾਨੀ, ਅਲੌਕਿਕ ਤੇ ਉਜਵਲ ਰਤੀ ਦਾ ਸੰਕਲਪ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦੀ ਕਾਵਿ ਪ੍ਰਤਿਭਾ ਪ੍ਰੇਮ ਨਾਲ ਭਰਪੂਰ ਇਕ ਸੁਹਜਮਈ ਚਮਤਕਾਰ ਹੈ। ਇਸ ਵਿੱਚ ਪ੍ਰਭੂ ਨਾਇਕ, ਆਤਮਾ ਨਾਇਕਾ ਹੈ। ਇਹ ਠੀਕ ਹੈ ਕਿ ਇਥੇ ਇਸਤਰੀ ਪੁਰਸ਼ ਸਬੰਧ, ਮਿਲਾਪ ਲਈ ਤੜਪ, ਸੰਜੋਗ ਦਾ ਸਹਿਜਮਈ ਅਨੰਦ, ਬਿਰਹਾ ਦੀ ਤੜਪ ਦੀਆਂ ਝਲਕਾਂ ਦਿਖਾਈ ਦਿੰਦੀਆਂ ਹਨ। ਰਤੀ ਭਾਵ ਦਾ ਅਲੰਬਨ, ਉਦੀਪਨ, ਵਿਭਾਵ, ਅਨੁਭਾਵ, ਸੰਚਾਰੀ ਭਾਵਾਂ ਨਾਲ ਸੁਮੇਲ ਦੀ ਤਸਵੀਰ ਕਾਇਮ ਹੈ। ਜਿਥੇ ਸਭ ਤੋਂ ਵੱਧ ਭਾਵਕ ਹੋ ਕੇ ਕੋਈ ਗੱਲ ਕੀਤੀ ਹੈ ਉਥੇ ਪਤੀ ਪਤਨੀ, ਧਨ ਪਿਰ, ਇਸਤਰੀ ਪੁਰਸ਼, ਸਬੰਧਾਂ ਦਾ ਬਿੰਬ ਲੈ ਆਪਣੀ ਗੱਲ ਕਹੀ ਹੈ। ਪਤੀ ਪਤਨੀ ਦਾ ਬਿੰਬ ਲੈ ਕੇ, ਪ੍ਰਭੂ ਲਈ ਹਿਰਦੇ ਵੇਧਕ ਵਿਲਕਣੀ ਦਾ ਜੋ ਬਿਆਨ, ਸਰੀਰਕ ਸੁੰਦਰਤਾ ਤੇ ਮਨ ਦੀ ਸੁਧਤਾ ਦੇ ਗਿਆਨ ਚਕਸ਼ੂ ਗੁਰੂ ਸਾਹਿਬ ਨੇ ਖੋਲ੍ਹੇ ਹਨ ਉਨ੍ਹਾਂ ਦੀ ਪ੍ਰੋੜ੍ਹਤਾ ਸਿਰਫ ਰਤੀ ਭਾਵ ਹੀ ਕਰ ਸਕਦਾ ਹੈ ਹੋਰ ਕੋਈ ਭਾਵ ਨਹੀਂ। ਇਸੇ ਲਈ ਇਸ ਵਿਸ਼ੇ ਨੂੰ ਮੈਂ ਚੁਣਿਆ ਹੈ ਇਸ ਦੇ ਹੇਠ ਲਿਖੇ ਕਾਰਨ ਭੀ ਹਨ।

1. ਇਸ ਵਿਸ਼ੇ ਬਾਰੇ ਸਾਹਿਤਕ ਪਿੜ ਵਿੱਚ ਹਾਲੇ ਕੋਈ ਸਾਰਥਕ ਕੋਸ਼ਿਸ਼ ਨਹੀਂ ਹੋਈ। ਭਾਵੇਂ ਗੁਰੂ ਸਾਹਿਬ ਦੀ ਵਿਸ਼ਾਲ ਅਸਗਾਹ ਤੇ ਅਥਾਹ ਬਾਣੀ ਦੇ ਵੱਖ ਵੱਖ ਪੱਖਾਂ ਉਤੇ ਢੇਰ ਸਾਰਾ ਕੰਮ ਹੋਇਆ ਤੇ ਹੋ ਰਿਹਾ ਹੈ ਇਸ ਦੇ ਬਾਵਜੂਦ ਉਨ੍ਹਾਂ ਦੇ ਸਾਹਿਤ ਸੰਸਾਰ ਦੀਆਂ ਕਈ ਤਹਿਆਂ ਅਜੇ ਨਹੀਂ ਫੋਲੀਆਂ ਗਈਆਂ। ਇਹ ਮੈਂ ਇਕ ਨੁਕਰ ਨੂੰ ਫੋਲਣ ਦਾ ਛੋਟਾ ਜਿਹਾ ਯਤਨ ਕੀਤਾ ਹੈ।

2. ਗੁਰੂ ਬਾਣੀ ਦਾ ਗਿਆਨ ਜਿਥੇ ਸਦਾਚਾਰਕ ਜੀਵਨ ਤੇ ਆਤਮਿਕ ਪ੍ਰਗਤੀ ਦਾ ਪੱਥ ਪ੍ਰਦਰਸ਼ਕ ਹੈ ਉਥੇ ਜੀਵ ਆਤਮਾ ਨੂੰ ਕਰਮ, ਗਿਆਨ, ਸ਼ਰਧਾ, ਸੱਚ ਪ੍ਰੇਮ ਦੀ ਰੋਸ਼ਨੀ ਪਰਦਾਨ ਕਰਦਾ ਹੋਇਆ ਆਤਮਕ ਹੁਲਾਰਾ ਤੇ ਮਨ ਤ੍ਰਿਪਤੀ ਦਾ ਸਾਧਨ ਵੀ ਹੈ ਇਸੇ ਕਰਕੇ ਮੈਂ ਇਸ ਵਿਸ਼ੇ ਨੂੰ ਚੁਣਿਆ ਹੈ।

3. ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਭਾਰਤੀ ਸੰਸਕ੍ਰਿਤੀ ਦਾ ਜਿਊਂਦਾ ਜਾਗਦਾ ਸਰੂਪ ਹੈ। ਉਸੇ ਦੇ ਅਧਾਰ ਤੇ ਮਨੁੱਖਤਾ, ਸਾਰੀ ਪ੍ਰਕ੍ਰਿਤੀ, ਜੜ੍ਹ ਚੇਤਨ, ਖੂਬਸੂਰਤ ਬਦਸੂਰਤ, ਪ੍ਰੇਮ ਨਫ਼ਰਤ, ਸੰਜੋਗ ਵਿਯੋਗ, ਅਲੰਬਨ ਉਦੀਪਨ, ਵਿਭਾਵ ਅਨੁਭਵ ਤੇ ਸੰਚਾਰੀ ਭਾਵਾਂ ਆਦਿ ਸਭ ਰਾਹੀਂ ਰਤੀ ਭਾਵ ਦਾ ਨਿਰੂਪਣ ਕਰਨ ਦਾ ਮੈਂ ਇਕ ਨਿਗੂਣਾ ਜਿਹਾ ਯਤਨ ਕੀਤਾ ਹੈ।

4. ਰਤੀ ਭਾਵ ਦੇ ਅਧਿਐਨ ਦਾ ਭਾਵੇਂ ਅਜੇ ਪੰਜਾਬੀ ਖੋਜ ਵਿੱਚ ਅਭਾਵ ਹੀ ਹੈ ਫਿਰ ਵੀ ਕੁਝ ਵਿਦਵਾਨਾਂ ਨੇ ਇਸ ਦਾ ਐਸਾ ਵਿਆਪਕ ਸਰੂਪ ਦਿੱਤਾ ਹੈ, ਜਿਸ ਵਿੱਚ ਦੋ ਮਿੱਤਰਾਂ ਦਾ ਪਿਆਰ, ਭੈਣ ਭਰਾ, ਪਿਤਾ ਪੁਤਰ, ਮਾਂ ਪੁਤਰ, ਇਸਤ੍ਰੀ ਪੁਰਸ਼, ਆਤਮਾ ਪਰਮਾਤਮਾ ਨੂੰ ਵੀ ਰਤੀ ਨਾਲ ਸਮਿਲਤ ਕੀਤਾ ਗਿਆ ਹੈ। ਇਸੇ ਰਤੀ ਦੇ ਰੂਪ ਨੂੰ ਮੈਂ ਗੁਰੂ ਨਾਨਕ ਸਾਹਿਬ ਦੀ ਰਚਨਾ ਵਿਚੋਂ ਨਿਖੇੜਨ ਦਾ ਯਤਨ ਕੀਤਾ ਹੈ। ਗੁਰੂ ਸਾਹਿਬ ਨੇ ਦੁਨਿਆਵੀ ਚਿੰਨ੍ਹਾਂ ਰਾਹੀਂ ਅਧਿਆਤਮਕ ਰਤੀ ਨੂੰ ਪ੍ਰਗਟਾਇਆ ਹੈ।

5. ਪਰਮਾਤਮਾ ਸਤਿ ਸਰੂਪ ਹੈ। ਇਹ ਇਕ ਅਟੱਲ ਸ਼ਕਤੀ ਵੀ ਹੈ ਤੇ ਅਵਿਨਾਸ਼ੀ ਵੀ। ਇਸ ਦੀ ਪ੍ਰਾਪਤੀ ਨਾਲ ਕੀਤੇ ਗਏ ਪ੍ਰੇਮ ਤੋਂ ਉਤਪੰਨ ਰਤੀ ਦਾ ਸੰਕਲਪ ਇਸ ਵਿੱਚ ਮੈਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

6. ਗੁਰੂ ਨਾਨਕ ਦੇਵ ਜੀ ਨੇ 1469 ਤੋਂ 1538 ਈਸਵੀ ਤੱਕ ਵਖੋ ਵਖਰੀ ਸਭਿਅਤਾ ਉਨ੍ਹਾਂ ਦੇ ਰਸਮੋ ਰਿਵਾਜ, ਕਰਮਕਾਂਡ, ਧਾਰਮਿਕ ਵਿਖੇਵੇ, ਆਰਥਿਕ ਮੰਦਹਾਲੀ, ਆਚਰਣਹੀਣਤਾ ਨੂੰ ਵੇਖਿਆ, ਘੋਖਿਆ ਇਸ ਸਭ ਕੁਝ ਦਾ ਖੰਡਨ ਵੀ ਕੀਤਾ। ਪਰ ਉਨ੍ਹਾਂ ਨੂੰ ਕਹਿਣ ਦਾ ਢੰਗ ਦੁਨਿਆਵੀ ਭਾਵਾਂ ਰਾਹੀਂ ਬਣਾਇਆ ਹੈ ਇਸ ਦਾ ਚਿਤਰ ਪੇਸ਼ ਕਰਨ ਦੀ ਕੋਸ਼ਿਸ਼ ਮੈਂ ਕੀਤੀ ਹੈ।

ਇਸ ਪ੍ਰਕ੍ਰਿਆ ਰਾਹੀਂ ਮੈਂ ਇਹ ਸਿਧ ਕਰਨ ਦਾ ਕੁਝ ਯਤਨ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਰਤੀ ਦਾ ਸੁਭਾ ਗੁਰੂ ਸਾਹਿਬ ਰਾਹੀਂ ਕਲਪਿਆ ਉਸ ਦਾ ਰੂਪ ਸਾਹਿਤ ਨਾਲ ਉਸ ਦਾ ਮੇਲ ਉਨ੍ਹਾਂ ਨੂੰ ਕਿਵੇਂ ਸਹਾਈ ਹੋਇਆ ਹੈ।

ਇੰਜ ਰਤੀ ਹੁੰਦਿਆਂ ਹੋਇਆਂ ਭੀ, ਇਥੇ ਰਤੀ ਉਹ ਰਤੀ ਨਹੀਂ ਜਿਸਦਾ ਬਿਆਨ ਸਾਹਿਤ ਆਚਾਰੀਆਂ ਨੇ ਕੀਤਾ ਹੈ। ਇਥੇ ਰਤੀ ਦਾ ਸੁਭਾ ਸ਼ੁਧ ਅਤੇ ਉਜਵਲ ਹੈ ਇਸੇ ਕਰਕੇ ਇਥੇ ਸ਼ਿੰਗਾਰ ਰਸ ਨਹੀਂ ਬਲਕਿ ਉਜਵਲ ਜਾਂ ਪਵਿਤਰ ਸ਼ਿੰਗਾਰ ਅਰਥਾਤ ਸ਼ਾਂਤ ਰਸ ਹੈ। ਸਪਸ਼ਟ ਹੈ ਕਿ ਗੁਰੂ ਨਾਨਕ ਬਾਣੀ ਵਿੱਚ ਰਤੀ ਤਾਂ ਹੈ ਪਰ ਇਸ ਦੀ ਦਿਸ਼ਾ ਵੱਖਰੀ ਹੈ ਅਤੇ ਨਤੀਜੇ ਵਜੋਂ ਉਤਪੰਨ ਹੋਏ ਰਸ ਦਾ ਸੰਚਾਰ ਅਤੇ ਅਨੰਦ ਭੀ ਵਖਰਾ ਹੈ।

## ਅਧਿਆਇ ਪਹਿਲਾ

*

*

## ਗੁਰੂ ਨਾਨਕ ਦੇਵ ਰਚਿਤ ਕਾਵਿ ਦਾ ਪਰੀਚੈ

## <u>ਗੁਰੂ ਨਾਨਕ ਦੇਵ ਰਚਿਤ ਕਾਵਿ ਦਾ ਪਰੀਚੈ</u>

ਗੁਰੂ ਨਾਨਕ ਦੇਵ ਦਾ ਵਿਅਕਤਿਤਵ, ਵਿਲੱਖਣ, ਸਰਬਾਂਗੀ, ਅਦਭੁੱਤ ਤੇ ਬਹੁਪੱਖੀ ਹੈ। ਉਸਨੇ ਸਾਰੀ ਮਨੁੱਖਤਾ - ਪ੍ਰਕ੍ਰਿਤੀ ਤੇ ਬ੍ਰਹਿਮੰਡ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਸਮਰਥਾਵਾਂ ਨੂੰ ਮਨੁੱਖੀ ਕਲਿਆਣ ਲਈ ਵਰਤਿਆ। ਉਸ ਸਮੇਂ ਦੀ ਜਨਤਾ, ਨਿਰਾਸ਼ਾ, ਭੈ, ਕਪਟ, ਕਰਮਕਾਂਡ, ਆਚਰਣਹੀਨਤਾ, ਧਾਰਮਿਕ ਪਾਖੰਡਾਂ ਅਤੇ ਭਾਈਚਾਰਕ ਦੰਭਾਂ ਦੀ ਕੈਦ ਵਿਚ ਬੰਦ ਸੀ। ਉਨ੍ਹਾਂ ਦੀ ਉਖੜ ਰੁੱਕੀ ਸੰਸਕ੍ਰਿਤੀ ਨੂੰ ਹਲੂਨਣ ਵਾਸਤੇ ਗੁਰੂ ਨਾਨਕ ਦੇਵ ਨੇ ਉਸ ਸਮੇਂ ਦੀ ਸਮਾਜਿਕ, ਰਾਜਨੀਤਕ, ਸਭਿਆਚਾਰਕ, ਆਰਥਕ ਤੇ ਧਾਰਮਿਕ ਹਾਲਤ ਨੂੰ ਡੂੰਘਿਆਂ ਤੇ ਲੋਕਾਂ ਦੇ ਭਾਵਾਂ ਨੂੰ ਰੂਪਬੱਧ ਕੀਤਾ। ਗੁਰੂ ਨਾਨਕ ਦੀ ਬਾਣੀ ਹਰ ਇਕ ਲਈ ਚਾਹੇ ਉਸਦਾ ਸਰੂਪ ਚੇਤੰਨ ਤੇ ਅਚੇਤਨ ਹੈ ਸੂਖਮ ਤੇ ਸਥੂਲ ਹੈ, ਇਸਤ੍ਰੀ ਜਾਂ ਪੁਰਸ਼ ਹੈ, ਲਈ ਪ੍ਰੇਰਨਾ ਦਾ ਸ੍ਰੋਤ ਹੈ।

ਗੁਰੂ ਨਾਨਕ ਦਾ ਜਨਮ ਰਾਇ ਭੋਇ ਦੀ ਤਲਵੰਡੀ ਜਿਸਨੂੰ ਹੁਣ ਨਨਕਾਣਾ ਸਾਹਿਬ ਆਖਦੇ ਹਨ, ਵੈਸਾਖ ਸੰਮਤ 1526 (ਸੰਨ 1469 ) ਈ: ਨੂੰ ਮਹਿਤਾ ਕਾਲੂ ਜੀ ਦੇ ਘਰ, ਮਾਤਾ ਤ੍ਰਿਪਤਾ ਦੀ ਕੁਖੋਂ ਹੋਇਆ। ਭਾਈ ਗੁਰਦਾਸ ਨੇ ਇਸਨੂੰ ਆਪਣੀ ਵਾਰ ਵਿੱਚ ਕਾਵਿਕ ਪ੍ਰਤੀਕਾਂ ਰਾਹੀਂ ਬਿਆਨ ਕੀਤਾ ਹੈ:

> "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ
> ਜਿਉ ਕਰ ਸੂਰਜ ਨਿਕਲਿਆ ਤਾਰੇ ਛਿਪੇ ਅੰਧੇਰ ਪਲੋਆ - - - -
> \- - -　　　　- - -
> ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਵੀ ਸੱਚਾ ਢੋਆ
> ਗੁਰਮੁਖ ਕਲ ਵਿਚ ਪ੍ਰਗਟ ਹੋਆ।"[1]

ਗੁਰੂ ਨਾਨਕ ਦੇਵ ਜੀ ਬਚਪਨ ਤੋਂ ਵਿਸ਼ਿਸ਼ਟ ਬੁਧੀ ਦੇ ਮਾਲਕ ਸਨ, ਸਾਧ ਸੇਵਾ ਅਤੇ ਪ੍ਰਭੂ ਭਕਤੀ , ਵਿਚ ਰੁਝੇ ਰਹਿੰਦੇ ਸਨ (ਇਸੇ ਕਰਕੇ ਅਨੇਕ ਚਮਤਕਾਰ ਇਨ੍ਹਾਂ ਦੇ ਬਚਪਨ ਨਾਲ ਜੋੜੇ ਜਾਂਦੇ ਹਨ)"ਸੱਤ ਵਰ੍ਹੇ ਦੀ ਉਮਰ ਵਿਚ ਗੋਪਾਲ ਪੰਡਿਤ ਪਾਸ ਹਿੰਦਵੀ ਪਹਾੜੇ ਪੜ੍ਹਨ

1. ਬਿਸ਼ਨ ਸਿੰਘ, <u>ਵਾਰਾਂ ਭਾਈ ਗੁਰਦਾਸ</u>, ਪੰਨਾ 21

ਲਈ ਪਾਏ ਇਸ ਮੌਕੇ ਤੇ ਪਾਧੇ ਨਾਲ ਜੋ ਅਧਿਆਤਮਕ ਗੋਸ਼ਟਿ ਹੋਈ ਉਹ ਗੁਰੂ ਸਾਹਿਬ ਦੀ ਬਾਣੀ ਪੱਟੀ ਵਿਚ ਦਰਜ ਹੈ।"[1]

ਸੁਲਤਾਨਪੁਰ ਲੋਧੀ ਵੀ ਆਪਦਾ ਜੀਵਨ ਬੀਤਿਆ। ਗੁਰੂ ਜੀ ਦਾ ਵਿਆਹ ਮਾਤਾ ਸੁਲੱਖਣੀ ਨਾਲ ਹੋਇਆ ਅਤੇ ਦੋ ਪੁੱਤਰ ਸ੍ਰੀ ਚੰਦ ਅਤੇ ਲਖਮੀ ਚੰਦ ਜੀ ਪੈਦਾ ਹੋਏ।

ਚਾਰ ਉਦਾਸੀਆਂ: ਪੂਰਬ, ਦੱਖਣ, ਉਤਰ, ਪੱਛਮ ਵਲ ਕੀਤੀਆਂ। ਸੰਸਾਰ ਦੇ ਲਗਭਗ ਹਰ ਧਰਮ ਦੇ ਅਨੁਯਾਈਆਂ ਨਾਲ ਵਿਚਾਰ ਵਟਾਂਦਰਾ ਕੀਤਾ। ਭਾਰਤ ਵਿਚ ਹਿੰਦੂ, ਬੋਧ, ਜੈਨ, ਵੈਸ਼ਣਵ ਅਤੇ ਵੇਦਾਂਤੀਆਂ ਨੂੰ ਮਿਲੇ। ਮੱਕਾ, ਮਦੀਨਾ, ਤਿੱਬਤ, ਚੀਨ, ਈਰਾਨ ਤੱਕ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਏ। "ਉਮਰ ਦੀ ਅਖੀਰਲੀ ਅਵਸਥਾ ਕਰਤਾਰਪੁਰ ਵਿਖੇ ਕਟੀ ਅਤੇ 22 ਸਤੰਬਰ 1539 ਨੂੰ ਜੋਤੀ ਜੋਤ ਸਮਾ ਗਏ।"[2]

ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ਕ, ਸਾਧਕ, ਸ਼ਾਇਰ, ਨਬੀ, ਸੈਲਾਨੀ, ਪ੍ਰੀਤਵਾਨ ਹਰ ਰੂਪ ਵਿਚ ਆਪਣੀ ਰਚਨਾ ਨੂੰ ਕਲਮਬਧ ਕੀਤਾ। ਉਸ ਸਮੇਂ ਦੀ ਹਾਕਮ ਸ਼੍ਰੇਣੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਗੁਮਰਾਹ ਹੋ ਚੁੱਕੀ ਜਨਤਾ ਦੀ ਡੌਰੀ ਫੜੀ ਤੇ ਡਿਗਿਆਂ ਨੂੰ ਚੁੱਕ ਕੇ ਬਰਾਬਰੀ ਦਿੱਤੀ। ਗੁਰੂ ਗ੍ਰੰਥ ਸਾਹਿਬ ਦੇ ਆਧਾਰ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਹੀ ਬਿਓਰਾ ਇਉਂ ਹੈ।

<u>ਗੁਰੂ ਨਾਨਕ ਦੀ ਕਾਵਿ-ਰਚਨਾ ਦਾ ਸਹੀ ਵੇਰਵਾ:</u>

ਜਪੁ-38 ਪਾਉੜੀਆਂ, 2 ਸਲੋਕ, ਮੰਤ੍ਰ (1)=41

<u>ਸਿਰੀ ਰਾਗੁ</u> 33 ਪਦੇ - ਤ੍ਰਿਪਦੇ 2(26,32), ਚਉਪਦੇ 28 (1-12,14,15) 17,19-25, 27-31, 33, ਪੰਚਪਦੇ 3(13,16,18) 18 ਪਦੀਆਂ - ਸਪਤਪਦੀ 1(1), ਅਸ਼ਟ-ਪਦੀਆਂ 14(2-10,12,14-17) ਨੌਪਦੀ 1(13), ਦਸਪਦੀ 1(11), ਚਉਬੀਸ ਪਦੀ 1(1), 2 ਪਹਰੇ - ਚਉਪਦੇ 1(1), ਪੰਚਪਦਾ 1(2), 7 ਸਲੋਕ ਵਾਰ (ਗੁਰ ਮ. 4 ਵਿਚੋਂ) =40

---

1. ਤੇਜਾ ਸਿੰਘ, <u>ਗੁਰੂ ਨਾਨਕ ਜੀ ਦਾ ਸੁਖਸ਼ੀ ਜੀਵਨ</u> (ਪੰਜਾਬੀ ਦੁਨੀਆਂ ਗੁਰੂ ਨਾਨਕ ਅੰਕ), ਪੰਨਾ 21
2. ਤਾਰਨ ਸਿੰਘ, <u>ਗੁਰੂ ਨਾਨਕ ਚਿੰਤਨ ਤੇ ਕਲਾ</u>, ਪੰਨਾ 17

ਮਾਝ ਰਾਗੁ 1 ਅਸ੍ਟਪਦੀ, 27 ਪਾਉੜੀਆਂ ਅਤੇ 46 ਸ੍ਲੋਕ (ਮਾਝ ਕੀ ਵਾਰ ਮ. 1 ਵਿਚੋਂ) =74

ਗਉੜੀ ਰਾਗੁ 20 ਪਦੇ-ਤ੍ਰਿਪਦੇ 2(1,3), ਚਉਪਦੇ 15(2,4,5,7-12,14-16, 18-20), ਪੰਚਪਦਾ 1(6), ਛਿਪਦੇ 2(13,17), 18 ਪਦੀਆਂ- ਅਸ੍ਟਪਦੀਆਂ 12(1-4, 6-7,10-13,16,17), ਨੌਪਦੀਆਂ 5(5,8,14, 15,18) ਬਾਰਹਪਦੀ 1(9) 2 ਛੰਤ (ਚਉਪਦੇ) =40

ਆਸਾ ਰਾਗੁ 1 ਸੋ ਦਰ (1), 39 ਪਦੇ-ਦੁਪਦੇ 2(29,30), ਤ੍ਰਿਪਦਾ 1(39), ਚਉਪਦੇ 30 (1-18,25,26,28,31-38), ਪੰਚਪਦੇ 5(19-22) 24, ਛਿਪਦਾ 1(23), 22 ਪਦੀਆਂ-ਸਪਤਪਦੀਆਂ 2(11,12) ਅਸ੍ਟਪਦੀਆਂ 16(1-6,9,10,14,15, 17-22), ਨੌਪਦੀਆਂ 2(8,16), ਦਸਪਦੀਆਂ 2(7,13), 35 ਪਦ (ਪੱਟੀ ਦੇ), 5 ਛੰਦ (ਚਉਪਦੇ), 24 ਪਉੜੀਆਂ ਅਤੇ 45 ਸ੍ਲੋਕ ਆਸਾ ਦੀ ਵਾਰ ਮ. 1 ਵਿੱਚੋਂ) =171

ਗੂਜਰੀ ਰਾਗੁ 2 ਚਉਪਦੇ, 5 ਅਸ੍ਟਪਦੀਆਂ=7

ਬਿਹਾਗੜਾ ਰਾਗੁ 2 ਸ੍ਲੋਕ (ਵਾਰ ਮ. 4 ਵਿਚੋਂ) =2

ਵਡਹੰਸ ਰਾਗੁ 3 ਪਦੇ ਇਕ ਪਦਾ 1(3), ਚਉਪਦੇ 2(1,2), ਛੰਤ-ਚਉਪਦੇ 1(1), ਅਸ੍ਟਪਦ (2), 5 ਅਲਾਹੁਣੀਆਂ - ਚਾਰ ਪਦ ਵਾਲੀਆਂ 4(1,2,4,5), ਪੰਜ ਪਦ ਵਾਲੀ 1(3), 3 ਸ੍ਲੋਕ (ਵਾਰ ਮ. 4 ਵਿਚੋਂ) =13

ਸੋਰਠਿ ਰਾਗੁ 12 ਪਦੇ- ਚਉਪਦੇ 9(1-5,7-9,12), ਪੰਚਪਦੇ 3(6,10,11), 4 ਪਦੀਆਂ - ਅਸ੍ਟਪਦੀਆਂ 3(1-3), ਦਸਪਦੀ 1(4), 2 ਸ੍ਲੋਕ (ਵਾਰ ਮ. 4 ਵਿਚੋਂ) =18

ਧਨਾਸਰੀ ਰਾਗੁ 9 ਪਦੇ-ਚਉਪਦੇ 7(1,3,5-9), ਪੰਚਪਦੇ 2(2,4), 2 ਅਸ੍ਟਪਦੀਆਂ, 3 ਛੰਤ-ਚਉਪਦੇ 1(1), ਪੰਚਪਦੇ 2(2,3)=14

<u>ਤਿਲੰਗ ਰਾਗੁ</u> 5 ਪਦੇ - ਦੁਪਦਾ 1(5) ਤ੍ਰਿਪਦਾ 1(2), ਚਉਪਦੇ 3(1,3,4), 1 ਪਦੀ (ਦਸ ਪਦੀਆਂ ਵਾਲੀ)=6

<u>ਸੂਹੀ ਰਾਗੁ</u> 9 ਪਦੇ - ਇਕਪਦਾ 1(6), ਚਉਪਦੇ 6(1,2,5, 7-9), ਪੰਚਪਦਾ 1(4), ਛਿਪਦਾ 1(3), 5 ਅਸਟਪਦੀਆਂ, 2 ਕੁਚਜੀ-ਸੁਚਜੀ, 5 ਛੰਤ-ਚਉਪਦੇ 4(1-4), ਨੌਪਦੇ 1(5), 21 ਸ੍ਲੋਕ (ਵਾਰ ਮ. 3 ਵਿਚੋਂ) =42

<u>ਬਿਲਾਵਲ ਰਾਗੁ</u> 4 ਚਉਪਦੇ, 2 ਅਸਟਪਦੀਆਂ, 20 ਪਦ (ਥਿਤੀ ਦੇ), 2 ਛੰਤ, 2 ਸ੍ਲੋਕ (ਵਾਰ ਮ. 4 ਵਿਚੋਂ)=30

<u>ਰਾਮਕਲੀ ਰਾਗੁ</u> 11 ਪਦੇ-ਤ੍ਰਿਪਦਾ 1(6), ਚਉਪਦੇ 10(1-5,7-11), 9 ਪਦੀਆਂ - ਅਸਟਪਦੀਆਂ 5(1-3,5-6), ਨੌਪਦੀ 1(4), ਦਸਪਦੀ 1(8), ਬਾਰਹਪਦੀ 1(7), ਪਚੀਸਪਦੀ 1(9), 54 ਪਦ (ਓਅੰਕਾਰ ਦੇ) 73 ਪਦ (ਸਿਧ ਗੋਸਟਿ ਦੇ), 19 ਸ੍ਲੋਕ (ਵਾਰ ਮ. 3 ਵਿਚੋਂ)=166

<u>ਮਾਰੂ ਰਾਗੁ</u> 12 ਪਦੇ - ਤ੍ਰਿਪਦਾ 1(9), ਚਉਪਦੇ 1(1,3,5-7,10), ਪੰਚਪਦੇ 3(4,8,11) ਛਿਪਦਾ 1(12), 11 ਪਦੀਆਂ - ਸਪਤਪਦੀ 1(11), ਅਸਟਪਦੀਆਂ 8(1,6,9,10), ਨੌਪਦੀਆਂ 1(7), ਬਾਰਹਪਦੀਆਂ 1(8), 22 ਸੋਲਹੇ - 15 ਪਦਾਂ ਵਾਲੇ 5(18-22), 16 ਪਦਾਂ ਵਾਲੇ 12(1-7, 12-16), 17 ਪਦਾਂ ਵਾਲੇ 5(8-11, 17); 20 ਸ੍ਲੋਕ (18 ਵਾਰ ਮ. 3 ਵਿਚੋਂ ਅਤੇ 2 ਪਦਿਆਂ ਵਿਚੋਂ)=65

<u>ਤੁਖਾਰੀ ਰਾਗੁ</u> 5 ਛੰਤ-ਚਉਪਦੇ 3(3-5), ਪੰਚਪਦੇ 2(206), 17 ਪਦ ਬਾਰਹਮਾਹਾ ਦੇ=22

<u>ਭੈਰਉ ਰਾਗੁ</u> 8 ਪਦੇ-ਚਉਪਦੇ 7(1-7), ਪੰਚਪਦਾ 1(8), 1 ਪਦੀ (ਨੌਪਦੀ)=9

<u>ਬਸੰਤ ਰਾਗੁ</u> 10 ਪਦੇ - ਤ੍ਰਿਪਦਾ 1(10), ਚਉਪਦੇ 9(1-3,5-7,9,11,12), 8 ਪਦੀਆਂ-ਅਸਟਪਦੀਆਂ, 7(1-4,6-8), ਦਸਪਦੀ 1(5)=18

ਸਾਰੰਗ ਰਾਗੁ 3 ਚਉਪਦੇ, 2 ਅਸਟਪਦੀਆਂ, 33 ਸਲੋਕ (ਵਾਰ ਮ. 4 ਵਿਚੋਂ)=38

ਮਲਾਰ ਰਾਗੁ 9 ਪਦੇ-ਚਉਪਦੇ 8(1-3,5-9), ਪੰਚਪਦਾ 1(4), 5 ਪਦੀਆਂ-
ਅਸਟਪਦੀਆਂ 3(1,5,4), ਨੌਪਦੀ 1(2), ਦਸਪਦੀ 1(3) 27 ਪਉੜੀਆਂ
ਅਤੇ 24 ਸਲੋਕ (ਮਲਾਰ ਦੀ ਵਾਰ ਮ. 1 ਵਿਚੋਂ)=65

ਪ੍ਰਭਾਤੀ ਰਾਗੁ 17 ਪਦੇ-ਚਉਪਦੇ 13(1-11,15-16), ਪੰਚਪਦੇ 4(12-14,17)
7 ਅਸਟਪਦੀਆਂ= 24

ਕੁਲ ਜੋੜ: ਪਦੇ 206 (ਸੋਦਰ ਤੋਂ ਬਿਨਾਂ), ਅਸਟਪਦੀਆਂ 121, ਛੰਤ 24,
ਪਉੜੀਆਂ 116, ਸਲੋਕ 260, ਮੰਤ੍ਰ 1, ਪਹਰੇ 2, ਅਲਾਹੁਣੀਆਂ 5,
ਕੁਚੱਜੀ ਸੁਚੱਜੀ 2, ਸੋਹਲੇ 22, ਪਦ 199 (ਪੱਟੀ, ਥਿਤੀ, ਓਅੰਕਾਰ
ਗੋਸਟਿ ਬਾਰਹਮਾਹ) ਕੁਲ ਜੋੜ=958

ਗੁਰੂ ਨਾਨਕ ਦੇਵ ਦੀ ਰਚਨਾ ਨੂੰ ਮੁੱਖ ਰੂਪ ਵਿਚ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

(1) ਵੱਡੇ ਆਕਾਰ ਦੀਆਂ ਰਚਨਾਵਾਂ
(2) ਛੋਟੇ ਆਕਾਰ ਦੀਆਂ ਰਚਨਾਵਾਂ
(3) ਵਾਰਾਂ (ਪਦੇ, ਛੰਦ, ਸਲੋਕ) ਆਦਿ।

ਗੁਰੂ ਨਾਨਕ ਰਚਿਤ ਈ ਬਾਣੀਆਂ ਜਿਵੇਂ ਜਪੁ, ਸਿਧ ਗੋਸਟਿ, ਓਅੰਕਾਰ, ਪਟੀ, ਬਾਰਾਮਾਹ, ਥਿਤੀ, ਅਜਿਹੀਆਂ ਰਚਨਾਵਾਂ ਹਨ ਜੋ ਲੰਮੀਰੀਆਂ ਤੇ ਸਿਰਲੇਖਾਂ ਅਧੀਨ ਦਿੱਤੀਆਂ ਹੋਈਆਂ ਹਨ। ਛੋਟੇ ਆਕਾਰ ਦੀਆਂ ਰਚਨਾਵਾਂ ਵਿਚ ਪਹਰੇ, ਸੋਦਰੁ, ਅਲਾਹੁਣੀਆਂ, ਆਰਤੀ, ਕੁਚੱਜੀ, ਸੁਚੱਜੀ ਹਨ। ਮਾਝ ਆਸਾ ਤੇ ਮਲਾਰ ਤਿੰਨ ਰਾਗਾਂ ਵਿਚ ਵਾਰਾਂ ਲਿਖੀਆਂ ਮਿਲਦੀਆਂ ਹਨ। ਜਿਵੇਂ:

(1) ਆਸਾ ਦੀ ਵਾਰ - ਟੁੰਡੇ ਅਸਰਾਜੇ ਕੀ ਧੁਨੀ
(2) ਮਾਝ ਕੀ ਵਾਰ - ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ
(3) ਮਲਾਰ ਦੀ ਵਾਰ - ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ

## ਜਪੁਜੀ

ਇਹ ਰਚਨਾ ਗੁਰਮਤਿ ਸਿਧਾਂਤ ਦੀ ਕੁੰਜੀ ਮੰਨੀ ਗਈ ਹੈ। ਇਸ ਵਿੱਚ ਦਾਰਸ਼ਨਿਕ, ਧਾਰਮਿਕ, ਸਦਾਚਾਰਕ ਤੇ ਵਿਸ਼ਲੇਸ਼ਣਾਤਮਕ ਭਾਵਾਂ ਦਾ ਸੁਮੇਲ ਹੈ। ਵਿਦਵਾਨ ਕਵੀ ਸੰਤੋਖ ਸਿੰਘ ਦਾ ਮੱਤ ਹੈ ਕਿ ਇਸ ਰਚਨਾ ਦਾ ਨਾਂ 'ਜਪੁ' ਗੁਰੂ ਅੰਗਦ ਦੇਵ ਜੀ ਦੁਆਰਾ ਰਖਿਆ ਗਿਆ ਸੀ ਜਿਵੇਂ:

"ਸੁਨ ਸ੍ਰੀ ਅੰਗਦ ਬਦਨ ਠਾਨੀ।
ਬੀਨ ਬੀਨ ਲੀਕੇ ਗੁਰ ਬਾਨੀ
ਆਨ ਸੁਨਾਵਨ ਕੀਨ ਸੁਹਾਨੀ।
ਤਬ ਜਪ ਨਾਮ ਧਰਯੋ ਗੁਣਖਾਨੀ।"[1]

ਪੰ: ਤਾਰਾ ਸਿੰਘ ਨਰੋਤਮ ਨੇ ਜਪੁ ਦਾ ਅਰਥ ਇਉਂ ਕੀਤਾ ਹੈ:

"ਜੋ ਪਾਠ ਅਰਥ ਹੇਤੁ ਹੈ ਜਹੀ ਜਾਪਣਾ ਅਰਥ ਹੈ।"[2]

ਆਰੰਭ ਵਿੱਚ ਮੂਲ ਮੰਤਰ, ਇਕ ਸਲੋਕ ਪਹਿਲਾ ਤੇ ਇੱਕ ਅਖ਼ੀਰ ਵਿੱਚ ਅਤੇ 38 ਪਉੜੀਆਂ ਹਨ। "ਇਸ ਦੇ ਕੁਲ 4896 ਅੱਖਰ ਹਨ।"[3] ਜਪੁ ਦਾ ਕੇਂਦਰੀ ਵਿਸ਼ਾ ਸੱਤ ਰੂਪ ਬ੍ਰਹਮ ਦੀ ਵਿਆਖਿਆ ਹੈ। "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਸਚਿਆਰ ਪਦ ਦੀ ਪ੍ਰਾਪਤੀ, 'ਜਤੁ ਪਹਾਰਾ ਧੀਰਜੁ ਸੁਨਿਆਰੁ', ਮੰਨਣਾ, ਸੁਣਨਾ ਆਦਿ ਦਾਰਸ਼ਨਿਕ, ਬੁਧੀ ਤੇ ਭਾਵਨਾਵਾਂ ਨਾਲ ਭਰੇ ਵਿਚਾਰਾਂ ਦਾ ਸਾਗਰ ਹੈ। ਪੰਜਾਂ ਖੰਡਾਂ ਦਾ ਵਰਨਣ ਹੈ, ਧਰਮਖੰਡ, ਗਿਆਨ ਖੰਡ, ਸਰਮਖੰਡ, ਕਰਮਖੰਡ ਤੇ ਸਚਖੰਡ। ਧਰਮਖੰਡ ਤੋਂ ਭਾਵ ਪ੍ਰਕ੍ਰਿਤੀ ਦੇ ਅਟਲ ਨਿਯਮਾਂ ਦਾ ਧਰਮ ਅਰਥਾਤ ਸੰਤੁਲਨ ਹੈ। ਇਸ ਖੰਡ ਅਨੁਸਾਰ ਪਰਮਾਤਮਾ ਨੇ ਸਾਰੇ ਪ੍ਰਾਕ੍ਰਿਤਕ ਪਸਾਰੇ ਵਿਚਾਲੇ ਧਰਤੀ ਨੂੰ ਧਰਮਸਾਲ ਦੇ ਰੂਪ ਵਿੱਚ ਸਥਾਪਿਤ ਕੀਤਾ ਹੈ। ਇਸ ਵਿਚ ਅਨੇਕ ਜੀਵਾਂ ਦੇ ਵਿਧਾਨ, ਅਨੰਤ ਰੂਪਾਂ, ਪ੍ਰਕਾਰਾਂ ਤੇ ਨਾਵਾਂ ਦਾ ਵਰਣਨ ਹੈ। ਗਿਆਨ ਖੰਡ ਦੂਜੀ ਅਵਸਥਾ ਹੈ। ਇਸ ਵਿੱਚ

---

1. ਸੰਤੋਖ ਸਿੰਘ, ਨਾਨਕ ਪ੍ਰਕਾਸ਼, ਪੰਨਾ 52
2. ਤਾਰਾ ਸਿੰਘ ਨਰੋਤਮ, ਗੁਰਮਤ ਨਿਰਣਯ, ਪੰਨਾ 514
3. ਸਤਿਬੀਰ ਸਿੰਘ, ਜਪੁ ਤੇ ਦੂਸਰੇ ਪੱਖ, ਪੰਨਾ 2

ਪ੍ਰਭੂ ਦੀਆਂ ਸ਼ਕਤੀਆਂ ਦਾ ਗਿਆਨ, ਅਨੇਕ ਦੇਵੀ ਦੇਵਤੇ ਬ੍ਰਹਮਾ, ਬਿਸ਼ਨ ਮਹੇਸ਼ਨ ਰੂਪਾਂ ਤੇ ਰੰਗਾਂ ਦੀ ਵਖਰਤਾ ਦਾ ਜ਼ਿਕਰ ਹੈ। ਇਸ ਖੰਡ ਅੰਦਰ ਸਾਧਕ ਦੀ ਮਨੋਅਵਸਥਾ ਗਿਆਨ ਦੁਆਰਾ ਪ੍ਰਚੰਡ ਹੁੰਦੀ ਹੈ। ਸ਼ਰਮ ਖੰਡ ਵਿਚ ਸਾਧਨਾ ਨੂੰ ਉਤਮ ਦਾ ਮੂਲ ਕਿਹਾ ਹੈ। ਕਰਮਖੰਡ ਵਿਚ ਪ੍ਰਭੂ ਦੀ ਕ੍ਰਿਪਾ ਸ਼ਕਤੀ ਦਾ ਜ਼ਿਕਰ ਹੈ। ਜੋ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦੇ ਹਨ ਉਹ ਨਾ ਠੱਗੇ ਜਾਂਦੇ ਹਨ ਨਾ ਉਹਨਾਂ ਦੀ ਮ੍ਰਿਤੂ ਹੁੰਦੀ ਹੈ। ਸੱਚ ਖੰਡ ਸੱਚੇ ਪਾਰਬ੍ਰਹਮ ਦਾ ਪਸਾਰਾ, ਅਧਾਰ ਅਰਥਾਤ ਨਿਵਾਸ ਸਥਾਨ ਹੈ। ਇਸ ਤੋਂ ਇਲਾਵਾ ਪਾਰਬ੍ਰਹਮ ਦਾ ਸਰੂਪ, ਸੱਚ, ਗਾਵੀਐ, ਸੁਣੀਐ, ਮੰਨੈ, ਪੰਚ, ਅਮੁਲ, ਖੰਡ, ਸੁਰਤਿ ਸਤਿ, ਬੁਧ, ਮਨ ਇਸ ਰਚਨਾ ਦੇ ਬੁਨਿਆਦੀ ਪੱਖ ਹਨ। ਡਾ: ਧਰਮਪਾਲ ਮੈਨੀ ਨੇ ਲਿਖਿਆ ਹੈ:

> "ਇਸ ਵਿੱਚ ਗਾਗਰ ਵਿਚ ਸਾਗਰ ਬੰਦ ਕੀਤਾ ਹੋਇਆ ਹੈ, ਸੰਗੀਤ ਰਾਗੁ ਅਤੇ ਤੁਕਾਂ ਦਾ ਦਾਰਸ਼ਨਿਕ ਵਿਚਾਰਧਾਰਾ ਦੇ ਅਨੁਕੂਲ ਹੋਣਾ ਸਰਲ ਭਾਸ਼ਾ, ਛੰਦਾਂ ਦੀ ਅਨੇਕਤਾ ਤੇ ਬਾਣੀ ਦੀ ਸਰਬ ਵਿਆਪਕਤਾ ਅਦੁੱਤੀ ਕਾਵਿ ਪ੍ਰਤਿਭਾ ਦੀ ਸੂਚਕ ਹੈ।"[1]

ਪ੍ਰੋ: ਪੂਰਨ ਸਿੰਘ ਦਾ ਕਥਨ ਹੈ:

> "ਉਸਦੀ ਰਾਗਮਈ ਰਚਨਾ ਜਪੁਜੀ ਨੇ ਉਸਨੂੰ ਸਿਰਜਣਹਾਰ ਬਣਾ ਦਿੱਤਾ ਜਿਸਦੀ ਸ੍ਰੇਸ਼ਠ ਬੁੱਧੀ ਨੇ ਸਮੇਂ ਨੂੰ ਮੋਹਰਬੰਦ ਕੀਤਾ ਹੈ।"[2]

ਇਸ ਵਿਚ ਵਰਤੀ ਗਈ ਭਾਸ਼ਾ ਨੂੰ ਸਾਧ ਭਾਸ਼ਾ ਕਿਹਾ ਜਾਂਦਾ ਹੈ।

ਇਸ ਵਿਚ ਦੋਹਰਾ, ਸ਼ਲੋਕ, ਸੋਰਠਾ, ਚੌਪਈ ਦਵੱਈਆ ਆਦਿ ਛੰਤ ਵਰਤੇ ਗਏ ਹਨ। ਪਿੰਗਲ ਦੀ ਕਰੜੀ ਕੈਦ ਤੋਂ ਮੁਕਤ ਹੋਣ ਦੇ ਬਾਵਜੂਦ ਵੀ ਇਹ ਇਕ ਸੁੰਦਰ ਕਾਵਿ ਰਚਨਾ ਹੈ।

---

1. ਧਰਮਪਾਲ ਮੈਨੀ, ਸ੍ਰੀ ਗੁਰੂ ਗ੍ਰੰਥ ਇਕ ਪਰੀਚੈ, ਪੰਨਾ 65

2. ਪੂਰਨ ਸਿੰਘ, ਟੈਨ ਮਾਸਟਰਜ਼, ਪੰਨਾ 135
   "His Song Japji marks him a creator whose genious puts its seal on ages."

## ਸਿਧ ਗੋਸ਼ਟਿ

ਸਿਧਾਂ ਨਾਲ ਬਹਿਸ ਸਮੇਂ ਹੋਏ ਸਵਾਲਾਂ ਜਵਾਬਾਂ ਨੂੰ ਗੁਰੂ ਜੀ ਨੇ ਸਿੱਧ ਗੋਸ਼ਟਿ ਰਚਨਾ ਵਿੱਚ ਕਲਮਬਧ ਕੀਤਾ ਹੈ। ਸਮੇਂ ਸਮੇਂ ਯੋਗੀਆਂ ਜਾਂ ਸਿੱਧਾਂ ਦੁਆਰਾ ਕੀਤੇ ਗਏ ਪ੍ਰਸ਼ਨਾਂ ਦੇ ਉੱਤਰ ਵਿਚ ਲਿਖੀ ਗਈ ਇਹ ਰਚਨਾ ਦਾਰਸ਼ਨਿਕ ਪੱਖ ਤੋਂ ਬਹੁਤ ਮਹੱਤਵਪੂਰਣ ਹੈ। ਇਸ ਵਿਚ ਮੂਲਕ, ਬਹਿਸ, ਤਰਕ, ਵਿਵਾਦ ਤੇ ਬੌਧਿਕਤਾ ਆਪਸੀ ਗੱਲਬਾਤ ਨੂੰ ਕਲਾਮਈ ਢੰਗ ਨਾਲ ਬਿਆਨ ਕੀਤਾ ਹੈ। ਸਿਧਾਂ ਨਾਲ ਹੋਈ ਬਹਿਸ ਸਮੇਂ ਹੋਏ ਸਵਾਲਾਂ ਜਵਾਬਾਂ ਨੂੰ ਬੜੇ ਦਾਰਸ਼ਨਿਕ ਢੰਗ ਨਾਲ ਪੇਸ਼ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰੇਮ ਭਗਤੀ, ਨਾਮ ਸਿਮਰਨ ਦਾ ਮਾਰਗ ਦੱਸਿਆ ਜਦੋਂ ਕਿ ਸਿਧ ਜੋਗੀ ਹਠ ਯੋਗ ਦੀ ਧਾਰਨਾ ਦਾ ਇਕੋ ਰਾਹ ਠੀਕ ਮੰਨਦੇ ਸਨ। ਗੁਰੂ ਸਾਹਿਬ ਨੇ ਗ੍ਰਿਹਸਤੀ ਜੀਵਨ ਤੇ ਜ਼ੋਰ ਦਿੱਤਾ। ਸੰਸਾਰ ਤਿਆਗ ਦਾ ਵਿਰੋਧ ਕਰਦਿਆਂ ਹੋਇਆਂ ਉਨ੍ਹਾਂ ਦਸਿਆ ਹੈ ਕਿ ਅੱਧਿਆਤਮਕ ਜੀਵਨ ਦੀ ਕਸਵੱਟੀ ਗ੍ਰਿਹਸਤੀ ਤਿਆਗ ਨਹੀਂ ਸਗੋਂ ਗ੍ਰਿਹਸਤੀ ਹੋ ਕੇ ਮਾਇਆ ਤਿਆਗ ਹੈ। ਸਿਧ ਸੰਸਾਰ ਤਿਆਗ ਨੂੰ ਜ਼ਰੂਰੀ ਤੇ ਪਹਿਲੀ ਗੱਲ ਮੰਨਦੇ ਹਨ। ਜੋਗ ਮਤ ਵਿਚ ਪੂਰਨ ਮਨੁੱਖ ਸਿਧ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰਮੁਖ ਦਾ ਆਦਰਸ਼ ਸਾਹਮਣੇ ਰੱਖਿਆ ਹੈ। ਸਿਧਾਂ ਦੇ ਪ੍ਰਸ਼ਨ ਜਿਵੇਂ ਸੰਸਾਰ ਸਾਗਰ ਤੋਂ ਕਿਵੇਂ ਤਰਿਆ ਜਾਂ ਸਕਦਾ ਹੈ? ਗੁਰੂ ਨੂੰ ਮਿਲਣ ਦਾ ਕੀ ਪ੍ਰਮਾਣ ਹੈ? ਜੀਵ ਮਾਇਆ ਦੇ ਅਧੀਨ ਕਿਵੇਂ ਹੈ? ਉਸ ਤੋਂ ਮੁਕਤ ਹੋਣ ਵਿਚ ਕਿਉਂ ਅਸਮਰਥ ਹੈ? ਗ੍ਰਿਹਸਤ ਜੀਵਨ ਕਿਉਂ ਜ਼ਰੂਰੀ ਹੈ? ਸੰਸਾਰ ਦੀ ਉਤਪਤੀ ਸਬੰਧੀ ਤੁਹਾਡਾ ਕੀ ਮੱਤ ਹੈ? ਜੀਵ ਸੰਸਾਰ ਵਿੱਚ ਕਿਥੋਂ ਆਉਂਦਾ ਹੈ ਅਤੇ ਕਿੱਥੇ ਜਾਂਦਾ ਹੈ? ਗਿਆਨ ਪ੍ਰਾਪਤੀ ਦੇ ਸਾਧਨ ਕੀ ਹਨ? ਸੰਸਾਰ ਦੀ ਹੋਂਦ ਤੋਂ ਪਹਿਲਾਂ ਮਨ ਪਰਮਾਤਮਾ ਵਿਚ ਕਿਵੇਂ ਟਿਕਦਾ ਹੈ? ਆਦਿ ਅਨੇਕ ਪ੍ਰਸ਼ਨ ਪੁਛੇ ਗਏ ਤੇ ਗੁਰੂ ਨਾਨਕ ਦੇਵ ਜੀ ਨੇ ਬੜੇ ਕਲਾਤਮਕ ਤੇ ਦਾਰਸ਼ਨਿਕ ਢੰਗ ਨਾਲ ਗੁਰ ਸਿਧਾਂਤਾਂ ਦੇ ਅਨੁਸਾਰ ਉਨ੍ਹਾਂ ਦਾ ਉੱਤਰ ਦਿੱਤਾ ਹੈ। ਸਿਧਾਂ ਪੁਛਿਆ 'ਸ੍ਰਿਸ਼ਟੀ ਰਚਨਾ ਤੋਂ ਪਹਿਲੀ ਅਵਸਥਾ ਕੈਸੀ ਸੀ?' ਜਵਾਬ ਹੈ: 'ਵਿਸਮਾਦਮਈ।' ਸ੍ਰਿਸ਼ਟੀ ਦੀ ਰਚਨਾ ਕਿਵੇਂ ਹੈ ਤਾਂ ਜੁਆਬ ਹੈ, 'ਹਉਮੈ ਵਿੱਚ' ਜੀਵ ਬੰਧਨਾਂ ਵਿਚ ਕਿਵੇਂ ਪੈ ਗਿਆ? 'ਮਾਇਆ ਦੇ ਪ੍ਰਭਾਵ ਕਾਰਣ'। ਛੁਟਕਾਰਾ ਕਿਵੇਂ ਹੋ ਸਕਦਾ ਹੈ? 'ਨਾਮ ਰਾਹੀਂ' ਆਦਿ ਉੱਤਰ ਦੇ ਕੇ ਅੱਧਿਆਤਮਕ ਗੁੰਝਲਾਂ ਖੋਲੀਆਂ ਹਨ। ਗੁਰੂ ਜੀ ਨੇ ਸਹਿਨਸ਼ੀਲਤਾ, ਨਿਮਰਤਾ, ਉਦਾਰਤਾ ਦੇ ਆਕਰਸ਼ਕ ਢੰਗ ਨਾਲ ਅਰਥ ਭਰਪੂਰ ਸ਼ੈਲੀ ਵਿੱਚ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇ ਕੇ ਵਿਰੋਧੀ ਸਿਧਾਂ ਨੂੰ ਭਗਤੀ ਦੀ ਪ੍ਰੇਰਨਾ ਦਿੱਤੀ। ਗੁਰੂ ਨਾਨਕ

ਦੇਵ ਜੀ ਨੇ ਰਾਗੁ ਰਾਮਕਲੀ ਦੀਆਂ 73 ਪਉੜੀਆਂ ਰਾਹੀਂ ਇਸਦਾ ਉਚਾਰਣ ਕੀਤਾ ਹੈ, ਇਨ੍ਹਾਂ ਵਿਚ ਚੌਪਦੇ ਤੇ ਛੇਪਦੇ ਹਨ। ਇਸ ਰਚਨਾ ਦੀ ਭਾਸ਼ਾ ਕਾਫ਼ੀ ਗੰਭੀਰ ਹੈ। ਯੋਗਮਤ ਅਤੇ ਗੁਰਮਤ ਦੀ ਵਿਆਖਿਆ ਕਲਾਮਈ ਤੇ ਪ੍ਰਭਾਵਸ਼ਾਲੀ ਰਾਹੀਂ ਕੀਤੀ ਹੈ।

## ਓਅੰਕਾਰ

54 ਪਦਾਂ ਦੀ ਇਹ ਰਚਨਾ ਰਾਗੁ ਰਾਮਕਲੀ ਵਿਚ ਸੰਕਲਿਤ ਹੈ। ਇਸ ਬਾਣੀ ਵਿਚ ਆਦਰਸ਼ ਸੰਸਾਰ ਜੀਵਨ ਦੀ ਰੂਪ ਰੇਖਾ ਸਾਹਮਣੇ ਰੱਖਦਿਆਂ ਹੋਇਆਂ ਉਸਦਾ ਸਰੂਪ ਪ੍ਰਸਤੁਤ ਕਰਦਾ ਹੈ। ਇਸ ਵਿਚ ਇਕ ਬ੍ਰਹਮ, ਉਸਦੇ ਮਿਲਣ ਦੇ ਸਾਧਨ ਸੰਸਾਰਕਤਾ ਵਿਚ ਫਸੇ ਹੋਏ ਸੁਖ ਚਾਹੁੰਣ ਵਾਲੇ ਜੀਵ ਦੀ ਅਵਸਥਾ ਤੇ ਉਸਦੇ ਸਤਿਗੁਰੂ ਦਾ ਵਰਨਣ ਮਿਲਦਾ ਹੈ। ਗੁਰੂ ਨਾਨਕ ਦੇਵ ਨੇ ਇਕੋ ਪਰਮਾਤਮਾ ਨੂੰ ਹੀ ਸਭ ਕੁਝ ਮੰਨਿਆ ਹੈ। ਉਸ ਬਿਨਾਂ ਹੋਰ ਕੋਈ ਦੂਜਾ ਨਹੀਂ - 'ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ '[1] ਓਅੰਕਾਰ ਵਿਚ ਗੁਰੂ ਨਾਨਕ ਦੇਵ ਨੇ ਬ੍ਰਹਮ ਸਰੂਪ ਨਿਰੂਪਣ ਅਤੇ ਉਸਦੇ ਅਲੌਕਿਕ ਗੁਣਾਂ ਦੇ ਪ੍ਰਕਾਸ਼ਨ ਉਤੇ ਅਧਿਕ ਜ਼ੋਰ ਦਿੱਤਾ ਹੈ। ਸੱਚੇ ਗਿਆਨ ਤੇ ਸੱਚੇ ਗੁਰੂ ਦੀ ਘਾਟ ਕਾਰਣ ਮਨੁੱਖ ਇਸ ਮਾਇਆ ਰੂਪ ਜਗਤ ਨੂੰ ਅਸਲ ਸਮਝ ਕੇ ਇਸ ਦੇ ਪਿੱਛੇ ਅੰਨ੍ਹਾ ਹੋ ਕੇ ਦੌੜਦਾ ਰਹਿੰਦਾ ਹੈ। ਹਰੀ ਪ੍ਰਾਪਤੀ ਤੇ ਮਾਇਆ ਤੋਂ ਛੁਟਕਾਰਾ ਨਾਮ ਸਿਮਰਣ ਹੈ। ਓਅੰਕਾਰ ਸਾਰੀ ਉਤਪਤੀ ਸਾਰੇ ਗਿਆਨ, ਸਭੇ ਜੋਤੀ ਤੇ ਚਿਤ ਦਾ ਸੋਮਾ ਹੈ। ਸਭ ਤੋਂ ਉਤਮ ਨਾਮ ਸਿਮਰਣ ਹੈ। ਓਅੰਕਾਰ ਸਾਰੀ ਉਤਪਤੀ ਸਾਰੇ ਗਿਆਨ, ਸਭੇ ਜੋਤੀ ਤੇ ਚਿਤ ਦਾ ਸੋਮਾ ਹੈ ਸਭ ਤੋਂ ਉਤਮ ਨਾਮ ਹੈ। ਹਉਮੈ ਦੇ ਗਰਬ ਨੂੰ ਮਿਟਾਇਆਂ ਜੀਵ ਨਾਮ ਦੇ ਪ੍ਰਕਾਸ਼ ਨਾਲ ਅਗਿਆਨ ਨਾਸ਼ ਹੁੰਦਾ ਹੈ। ਗੁਰੂ ਤੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਦੁਬਧਾ ਕਰਕੇ ਦੁਖ ਹੈ। ਆਦਿ ਭਾਵਾਂ ਨਾਲ ਇਹ ਰਚਨਾ ਵਿਦਮਾਨ ਹੈ।

ਇਸ ਰਚਨਾ ਵਿਚ ਕੁਲ ਮਿਲਾ ਕੇ 54 ਪਦੇ ਹਨ। ਦੋ ਪੰਕਤੀਆਂ ਰਹਾਉ ਦੀਆਂ ਵਖ ਹਨ। ਇਨ੍ਹਾਂ ਵਿਚ 10 ਪਦੇ ਚਾਰ ਪੰਕਤੀਆਂ ਵਾਲੇ ਹਨ, 41 ਪਦੇ ਅੱਠ ਅੱਠ ਪੰਕਤੀਆਂ ਅਤੇ 3 ਪਦੇ ਨੌ ਨੌ ਪੰਕਤੀਆਂ ਵਾਲੇ ਹਨ। ਇਨ੍ਹਾਂ ਪਦਿਆਂ ਉਤੇ ਕਿਸੇ ਵਿਸ਼ੇਸ਼ ਛੰਦ ਦੇ ਲੱਛਣਾਂ ਦਾ ਅਰੋਪਣ ਨਹੀਂ ਕੀਤਾ ਜਾ ਸਕਦਾ, ਫਿਰ ਵੀ ਦੋਹਰਾ, ਚਵੱਈਆ, ਨਿਸ਼ਾਨੀ, ਚੰਦ੍ਰਬਣ, ਮਧਿਕਾ ਆਦਿ ਕੁਝ ਕੁ ਛੰਦਾਂ ਦੇ ਲੱਛਣਾਂ ਦੇ ਸੂਖਮ ਰਚਨਾ ਵਿੱਚ ਵੇਖੇ ਜਾ ਸਕਦੇ ਹਨ। ਇਸ

1. ਰਾਗੁ ਰਾਮਕਲੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 929

ਵਿੱਚ ਵਰਤੀ ਭਾਸ਼ਾ ਦਾ ਸਰੂਪ ਸਧੁਕੜੀ ਹੈ।"[1]

<u>ਪੱਟੀ</u>

ਪੱਟੀ ਕਿਸੇ ਵਿਸ਼ੇਸ਼ ਛੰਦ ਦਾ ਨਾਂ ਨਹੀਂ, ਇਹ ਕਾਵਿ ਰੂਪ ਹੈ। ਪੱਟੀ ਉਤੇ ਬਾਲਕ ਵਰਣਮਾਲਾ ਲਿਖਣੀ ਸਿੱਖਦੇ ਹਨ। ਵਰਤਮਾਨ ਗੁਰਮੁਖੀ ਲਿਪੀ ਤੋਂ ਇਸ ਦਾ ਕ੍ਰਮ ਕੁਝ ਭਿੰਨ ਹੈ ਜਿਵੇਂ: ਸ, ੲ, ੳ, ਙ, ਕ, ਖ, ਗ, ਘ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ, ਹ, ਅ। ਇਹ ਰਚਨਾ ਰਾਗੁ ਆਸਾ ਵਿੱਚ ਸੰਕਲਿਤ ਹੈ। ਇਸ ਰਚਨਾ ਦੇ 35 ਪਦਿਆਂ ਦੁਆਰਾ ਪਰਮਾਤਮਾ ਦੀ ਉਸਤਤ ਕਰਕੇ ਉਸਦੀ ਪ੍ਰਾਪਤੀ ਉਪਰ ਬਲ ਦਿੱਤਾ ਗਿਆ ਹੈ। ਇਸ ਰਚਨਾ ਦਾ ਵਿਸ਼ਾ ਵਸਤੂ ਪ੍ਰਭੂ ਭਗਤੀ, ਮਨੁੱਖ ਦਾ ਅਪਰਾਧ, ਮਨੁੱਖਾਂ ਦੀ ਅਗਿਆਨਤਾ, ਜਿਸਦਾ ਵਿਸ਼ੇਸ਼ ਕਾਰਣ ਮਾਇਆ ਦੀ ਖਿੱਚ ਤੇ ਜੀਵਨ ਦੀ ਥੋੜ੍ਹ ਚਿਰਤਾ ਤੋਂ ਬੇਖਬਰ ਹੋਣਾ ਹੈ, ਪ੍ਰਭੂ ਭਗਤੀ ਤੇ ਨਾਮ ਸਿਮਰਨ ਦੀ ਮਹਾਨਤਾ ਬਾਰੇ ਦੱਸਿਆ ਹੈ। ਪਰਮਾਤਮਾ ਸਤਿ ਸਰੂਪ

---

1. "ਪੰਜਵੇਂ ਗੁਰੂ ਨੇ ਵੀ ਬਾਵਨ ਅੱਖਰੀ ਵਿੱਚ ਸੰਸਕ੍ਰਿਤ ਦੇ ਬਵੰਜਾ ਅੱਖਰਾਂ ਦੇ ਆਧਾਰ ਤੇ ਉਨ੍ਹਾਂ ਅੱਖਰਾਂ ਤੋਂ ਹੀ ਆਰੰਭ ਕਰਕੇ ਜਿਹੜੇ 55 ਸ਼ਬਦਾਂ (5) ਸ਼ਲੋਕ 55 ਪਾਉੜੀਆਂ ਦੀ ਰਚਨਾ ਕੀਤੀ ਹੈ। ਉਸਨੂੰ ਰਾਗ ਗੌੜੀ ਵਿੱਚ ਥਾਂ ਮਿਲੀ ਹੈ। ਜਦੋਂ ਭੀ ਇਹ ਕ੍ਰਮ 'ਨ' ਤੋਂ ਪਹਿਲਾਂ 'ਰ' ਮਗਰੋਂ ਅੱਖਰ ਕ੍ਰਮ ਦੇ ਅਨੁਕੂਲ ਨਹੀਂ ਰਹਿ ਸਕਿਆ ਤਾਂ ਵੀ ਪੁਰਾਣੀ ਪਰੰਪਰਾ ਨੂੰ ਨਿਭਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਪਰਮਾਤਮਾ ਨੂੰ ਸੰਬੋਧਨ ਕਰਕੇ ਹਰ ਇਕ ਅੱਖਰ ਦਾ ਸੰਦੇਸ਼ ਦਿੱਤਾ ਹੈ। ਇਹ ਭਾਵ ਸ਼ਲੋਕ ਵਿਚ ਦੱਸਿਆ ਗਿਆ ਹੈ ਤੇ ਉਸਦੇ ਨਾਲ ਹੀ ਪਉੜੀ ਵਿਚ ਉਸਦੀ ਵਿਆਖਿਆ ਕੀਤੀ ਗਈ ਹੈ। ਇਹ ਉਸ ਬਾਣੀ ਦੀ ਆਪਣੀ ਹੀ ਵਿਸ਼ੇਸ਼ਤਾ ਹੈ ਜਿਹੜੀ ਹੋਰ ਕਿਧਰੇ ਨਹੀਂ ਮਿਲਦੀ। ਕਬੀਰ ਦੀ ਬਾਵਨ ਅੱਖਰੀ ਭੀ ਇਸੇ ਆਧਾਰ ਤੇ ਲਿਖੀ ਹੋਈ ਹੈ। ਉਹ 45 ਸ਼ਬਦ ਵੀ ਰਾਗੁ ਗਉੜੀ ਵਿੱਚ ਸ਼ਾਮਲ ਹਨ, ਉਸ ਵਿੱਚ ਆਤਮ ਅਨੁਭੂਤੀ ਦੀ, ਅਭਿਵਿਅੰਜਨਾ ਕੁਝ ਘੱਟ ਤੇ ਉਪਦੇਸ਼ਾਤਮਕ ਪ੍ਰਧਾਨ ਹੋ ਉਠੀ ਹੈ।"

ਧਰਮਪਾਲ ਸੈਨੀ, <u>ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰੀਚੈ</u>, ਪੰਨਾ 102

ਅਤੇ ਅਨੰਦ ਦਾਤਾ ਹੈ।ਸਮੁੱਚੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਪਰਮਾਤਮਾ ਹੈ। ਉਸਦੇ ਹੁਕਮ ਅਨੁਸਾਰ ਸਾਰਾ ਸੰਸਾਰ ਚਲਦਾ ਹੈ। ਪ੍ਰਭੂ ਦੀ ਭਗਤੀ ਮਨੁੱਖ ਦਾ ਆਦਰਸ਼ ਹੈ ਜਿਵੇਂ 'ਸੇਵਤ ਰਹੇ ਚਿਤੁ ਜਿਨ ਲਾਗਾ ਆਇਆ ਤਿਨ ਕਾ ਸਫਲ ਭਇਆ।' ਸੇਵਾ ਭਾਵਤੇ ਹੀ ਸਤ ਦੀ ਕਮਾਈ ਨਾਲ ਮੋਕਸ਼ ਪਦ ਪਰਾਪਤ ਕੀਤਾ ਜਾ ਸਕਦਾ ਹੈ। ਬ੍ਰਹਮ ਗਿਆਨ ਦਾ ਜਾਣੂੰ ਹੀ ਪੰਡਿਤ ਹੈ। ਵਿਅਰਥ ਧੰਧਿਆਂ ਨੂੰ ਛੱਡ ਕੇ ਹਰੀ ਦਾ ਨਾਮ ਬਹੁਤ ਜ਼ਰੂਰੀ ਹੈ। ਯਮਰਾਜ ਦੇ ਫੰਦੇ ਵਿਚ ਫਸਿਆ ਹੋਇਆ ਪ੍ਰਾਣੀ ਗੁਰੂ ਦੀ ਅਪਾਰ ਕਿਰਪਾ ਦ੍ਰਿਸ਼ਟੀ ਦੁਆਰਾ ਹੀ ਬਚ ਸਕਦਾ ਹੈ। ਹੇ ਪ੍ਰਾਣੀ ਤੂੰ ਤਾਂ ਹੀ ਪੜ੍ਹਿਆ ਹੋਇਆ ਸਮਝਿਆ ਜਾਵੇਗਾ ਜੇ ਤੂੰ ਆਪਣੇ ਕਰਮਾਂ ਦਾ ਲੇਖਾ ਚੁਕਾ ਦੇਵੇਂਗਾ। ਰੂਪ ਪੱਖ ਤੋਂ ਇਸ ਰਚਨਾ ਦੇ ਕੁਲ 35 ਪਦੇ ਹਨ। ਹਰ ਪਦੇ ਵਿੱਚ ਦੋ ਪੰਕਤੀਆਂ ਹਨ। ਇਸ ਦੇ ਛੰਦ ਦਾ ਸਰੂਪ ਦੋਹਰੇ ਨਾਲ ਕਾਫ਼ੀ ਮੇਲ ਖਾਂਦਾ ਹੈ।

ਬਾਰਹ ਮਾਹਾ

"ਗੁਰੂ ਨਾਨਕ ਦੇਵ ਦਾ ਬਾਰਹਮਾਹ ਇਕ ਅਧਿਆਤਮਕ ਬ੍ਰਿਹੋ ਕਾਵਿ ਹੈ ਜਿਸ ਨੂੰ ਤੁਖਾਰੀ ਰਾਗੁ ਦੀਆਂ ਪ੍ਰਭਾਤੀ ਸੁਰਾਂ ਵਿੱਚ ਸੁਰਬਧ ਕਰਕੇ ਗੁਰੂਦੇਵ ਨੇ ਛੰਤ ਸ਼ੈਲੀ ਦਾ ਨਵਾਂ ਕਾਵਿ ਰੂਪ ਪ੍ਰਦਾਨ ਕੀਤਾ ਹੈ। ਬਾਰਹਮਾਹ ਤੁਖਾਰੀ ਦੁਨਿਆਵੀ ਤੇ ਅਧਿਆਤਮਕ ਸੁਮੇਲਤੇ ਉਸਰੀ ਹੋਈ ਇਕ ਰਹੱਸਵਾਦੀ ਰਚਨਾ ਹੈ। ਇਸ ਵਿਚ ਪ੍ਰਭੂ ਮਿਲਾਪ ਲਈ ਲੁਛਦੀ ਤੇ ਤਾਂਘਦੀ ਹੋਈ ਬਿਰਹਨ ਨਾਇਕਾ ਦੇ ਪ੍ਰਤੀਕ ਰਾਹੀਂ ਜੀਵਆਤਮਾ ਦੀ ਵਿਲਕਣੀ ਅਤੇ ਓੜਕਨੂੰ ਸਦਾ ਮਿਲਣ ਦੀ ਅਲੌਕਿਕ ਅਵਸਥਾ ਦਾ ਵਿਸਮਾਦਕ ਨਿਰੂਪਣ ਕੀਤਾ ਗਿਆ ਹੈ।"[1]

ਬਾਰਹਮਾਹ ਤੁਖਾਰੀ ਦਾ ਕੇਂਦਰੀ ਵਿਸ਼ਾ ਅਧਿਆਤਮਕ ਰਹੱਸਵਾਦ ਹੈ ਜਿੱਸ ਵਿੱਚ ਬਿਰਹੋਂ ਦੀ ਬਿਹਬਲਤਾ ਅਤੇ ਸੋਜ਼ ਨੂੰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਹੈ। ਪ੍ਰਭੂ ਦੇ ਵਿਛੋੜੇ ਵਿੱਚ ਕੁਰਲਾ ਰਹੀ ਆਤਮਾ ਅਤੇ ਉਸਦੇ ਮਿਲਾਪ ਦੀ ਇਛੁਕ, ਵਿਜੋਗ ਦੀ ਤਸਵੀਰ, ਪ੍ਰਭੂ ਪ੍ਰਾਪਤੀ ਦੇ ਮਾਰਗ ਦੇ ਸਾਧਨ ਦੀ ਜਾਂਚ ਇਸ ਰਚਨਾ ਵਿੱਚ ਦੱਸੀ ਗਈ ਹੈ। ਪਰਮਾਤਮਾ ਨਾਲ ਮੇਲ ਪ੍ਰਾਪਤ ਕਰਨ ਦੇ ਮਹੀਨੇ, ਰੁਤਾਂ, ਦਿਨ, ਘੜੀਆਂ, ਪਹਿਰੇ ਸਭ ਚੰਗੇ ਲੱਗਣ ਲੱਗ

1. ਪ੍ਰੇਮ ਪ੍ਰਕਾਸ਼ ਸਿੰਘ, ਬਾਰਹਮਾਹ ਤੁਖਾਰੀ ਇਕ ਵਿਸ਼ਲੇਸ਼ਣ (ਖੋਜ ਪਤ੍ਰਿਕਾ, ਵਿਸ਼ੇਸ਼ ਅੰਕ) ਪੰਨਾ 232

ਜਾਂਦੇ ਹਨ। ਇਸ ਰਚਨਾ ਵਿਚ ਪ੍ਰਕ੍ਰਿਤੀ ਦੀ ਅਤਿਅੰਤ ਸੁੰਦਰ ਰੀਤੀ ਦਾ ਚਿਤਰਣ ਹੈ। ਪ੍ਰਕ੍ਰਿਤੀ ਚਿਤਰਣ ਦੇ ਸਬੰਧ ਵਿਚ ਗੁਰੂ ਸਾਹਿਬ ਦੀ ਅਨੁਭੂਤੀ ਬੜੀ ਸੂਖਮ ਹੈ। ਬਾਰ ਦੇ ਇਲਾਕੇ ਦੇ ਪ੍ਰਾਕ੍ਰਿਤਕਪਿਛੋਕੜ ਨੂੰ ਬਿਆਨਦੇ ਹੋਏ ਬਿਰਹਾ ਕੁੱਠੀ ਆਤਮਾ ਦੇ ਵਿਛੋੜੇ ਦੀ ਪੁਕਾਰ ਇਸ ਰਚਨਾ ਵਿਚ ਮੂੰਹ ਬੋਲਦੀ ਤਸਵੀਰ ਹੈ। ਗੁਰੂ ਨਾਨਕ ਦੇਵ ਜੀ ਨੇ ਬਾਰਹਮਾਹ ਰਚਨਾ ਦਾ ਆਰੰਭ ਚੇਤ ਮਹੀਨੇ ਤੋਂ ਕੀਤਾ ਹੈ। ਵਿਸਾਖ, ਜੇਠ, ਹਾੜ, ਸਾਉਣ, ਭਾਦੋਂ, ਅਸੂ, ਕਤਕ, ਮਘਰ, ਪੋਹ, ਮਾਘ, ਫੱਗਣ ਤੇ ਬਾਕੀ ਪਦਿਆਂ ਨੂੰ ਲੈ ਕੇ ਕੁਦਰਤ ਦੇ ਚਿਤਰ, ਬਿਰਹੋਂ ਕੁਠੀ ਆਤਮਾ ਦੀ ਪੁਕਾਰਨੂੰ ਮੌਲਿਕ ਢੰਗਾਂ ਨਾਲ ਬਿਆਨ ਕੀਤਾ ਹੈ।

<u>ਥਿਤੀ</u>

ਬਿਲਾਵਲ ਰਾਗੁ ਵਿੱਚ 20 ਪਦਿਆਂ ਦੀ ਇਸ ਰਚਨਾ ਵਿੱਚ ਗੁਰੂ ਨਾਨਕ ਦੇਵ ਜੀ ਨੇ ਚੰਦਰਮਾਂ ਦੀ ਗਤੀ ਅਨੁਸਾਰ ਮੰਨੀਆਂ ਗਈਆਂ ਥਿਤੀਆਂ ਦਾ ਅਧਿਆਤਮਕ ਵਿਸ਼ਲੇਸ਼ਣ ਕੀਤਾ ਹੈ। ਇਸ ਰਚਨਾ ਦਾ ਆਧਾਰ ਚੰਦਰਮਾ ਦੀਆਂ ਥਿਤਾਂ ਹਨ। ਥਿਤ ਨੂੰ ਆਧਾਰ ਬਣਾ ਕੇ ਪਉੜੀਆਂ ਦੀ ਰਚਨਾ ਕੀਤੀ ਗਈ ਹੈ। ਭਾਰਤੀ ਜੀਵਨ ਵਿਚ ਚੰਦਰਮਾ ਦੀਆਂ ਥਿੱਤਾਂ ਵਿਸ਼ੇਸ਼ ਮਹੱਤਵ ਹੈ। ਏਕਮ, ਪੰਚਮੀ, ਇਕਾਦਸ਼ੀ ਅਤੇ ਪੂਰਨਮਾਸੀ ਦੀਆਂ ਥਿੱਤਾਂ ਦਾ ਵਿਸ਼ੇਸ਼ ਮਹੱਤਵਪੂਰਣ ਸਮਝੀਆਂ ਜਾਂਦੀਆਂ ਹਨ। ਲੋਕ-ਵਿਸ਼ਵਾਸ਼ ਹੈ ਕਿ ਵਿਸ਼ੇਸ਼ ਦਿਨਾਂ ਦੇ ਕੀਤੇ ਕਰਮ ਵਿਸ਼ੇਸ਼ ਮਹੱਤਵ ਰੱਖਦੇ ਹਨ। ਪਰ ਗੁਰੂ ਸਾਹਿਬ ਅਜਿਹੇ ਵਿਸ਼ਵਾਸ਼ ਦੇ ਧਾਰਣੀ ਨਹੀਂ। ਉਨ੍ਹਾਂ ਨੇ ਰੂੜੀਵਾਦੀ ਲੋਕਾਂ ਦੇ ਵਿਚਾਰਾਂ ਉਤੇ ਥਿਤਾਂ ਵਾਰਾਂ ਤੇ ਭਰਮਾਂ ਦੇ ਮੁਕਾਬਲੇ ਭਗਤੀ, ਗਿਆਨ ਤੇ ਵੈਰਾਗ ਨੂੰ ਧਾਰਨ ਦਾ ਉਪਦੇਸ਼ ਦਿੱਤਾ। ਸਾਰੀਆਂ ਤਿਥੀਆਂ ਦਾ ਮਹੱਤਵ ਦੱਸਦੇ ਹੋਏ ਬ੍ਰਹਮ ਦੀ ਸ੍ਰਿਸ਼ਟੀ ਵਿੱਚ ਪਰਸਪਰ ਉਸਨੂੰ ਜਾਨਣ ਤੋਂ ਉਪਰੰਤ ਸਤਿ ਦੇ ਸਵਾਲ ਸਾਧਨ ਤੇ ਗੁਰੂ ਦੀ ਲੋੜ ਤੇ ਵਿਸ਼ੇਸ਼ ਪ੍ਰਕਾਸ਼ ਪਾਇਆ। ਅਧਿਆਤਮਕ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਦੇਵ ਜੀ ਨੇ ਇਸ ਰਚਨਾ ਵਿੱਚ ਇਹ ਦੱਸਿਆ ਹੈ ਇੱਕ ਪਰਮਾਤਮਾ ਹੀ ਅਮਰ ਤੇ ਅਜੋਨੀ ਹੈ। ਗੁਰੂਰਾਹੀਂ ਹੀ ਮੁਕਤੀ ਸੰਭਵ ਹੈ। ਕੋਈ ਵਿਰਲਾ ਹੀ ਨਾਮ ਦੀ ਮਹਾਨਤਾ ਨੂੰ ਜਾਣ ਸਕਦਾ ਹੈ। ਪਰਮਾਤਮਾ ਨੂੰ ਹਿਰਦੇ ਵਿੱਚ ਵਸਾ ਕੇ ਮਮਤਾ ਅਤੇ ਮੋਹ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਬਾਹਰਲੇ ਪਾਖੰਡਾਂ, ਵਰਤਾਂ, ਅਡੰਬਰਾਂ ਨਾਲੋਂ ਨਾਮ ਦੀ ਸਿਧੀ ਅਤੇ ਪ੍ਰਾਪਤੀ ਤੇ ਜ਼ੋਰ ਦਿੱਤਾ ਹੈ। ਇਸ ਰਚਨਾ ਦੇ ਕੁਲ 20 ਪਦੇ ਹਨ ਅਤੇ ਹਰ ਇਕ ਪਦ ਵਿੱਚ ਛੇ ਪੰਕਤੀਆਂ ਹਨ। ਦੁਤੀਆ, ਪੰਚਮੀ, ਇਕਾਦਸੀ, ਦੁਆਦਸੀ ਅਤੇ ਅਮਾਵਸ ਦਾ ਵਿਸ਼ਲੇਸ਼ਣਦੇ ਦੋ ਪਦਿਆਂ ਵਿੱਚ ਕੀਤਾ ਗਿਆ ਹੈ।

## ਛੋਟੇ ਆਕਾਰ ਦੀਆਂ ਰਚਨਾਵਾਂ

ਕੁਝ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਨੂੰ ਸੁਤੰਤਰ ਸਿਰਲੇਖ ਹੇਠ ਛੋਟੇ ਆਕਾਰ ਵਿਚ ਲਿਖਿਆ ਗਿਆ ਹੈ। ਇਸ ਤਰ੍ਹਾਂ ਦੀਆਂ ਛੇ ਕ੍ਰਿਤੀਆਂ ਹਨ, ਜਿਵੇਂ: ਪਹਰੇ, ਸੋਦਰ, ਅਲਾਹੁਣੀਆਂ, ਆਰਤੀ, ਕੁਚੱਜੀ ਅਤੇ ਸੁਚੱਜੀ ਆਦਿ ਹਨ।

## ਪਹਰੇ

ਸਿਰੀ ਰਾਗੁ ਵਿੱਚ ਗੁਰੂ ਨਾਨਕ ਦੇਵ ਰਚਿਤ ਦੋ ਪਹਰੇ ਸ਼ਾਮਲ ਹਨ। ਪਹਰੇ ਤੋਂ ਭਾਵ ਦਿਨ ਜਾਂ ਰਾਤ ਦਾ ਚੌਥਾ ਭਾਗ ਹੈ। ਮਨੁੱਖ ਦੀ ਆਯੂ ਨੂੰ ਦਿਨ ਜਾਂ ਰਾਤ ਨਾਲ ਉਪਮਾਇਆ ਗਿਆ ਹੈ ਜਿਸ ਦਾ ਪਹਿਲਾ ਪਹਰ ਬਾਲਪਨ ਹੈ ਜੋ ਖੇਡਣ ਵਿੱਚ ਹੀ ਬੀਤਦਾ ਹੈ। ਦੂਜਾ ਪਹਰ ਜਵਾਨੀ ਦਾ ਹੈ। ਮਨੁੱਖ ਇਸ ਉਮਰ ਵਿੱਚ ਰੰਗ ਰਲੀਆਂ ਮਾਣਦਾ ਹੈ। ਤੀਜਾ ਪਹਰ ਢਿਲਕਾਰਨੀ ਉਮਰ ਦਾ ਹੈ ਜਿਸ ਵਿਚ ਜੋਬਨ ਘਟਣ ਦੀ ਸਮਰਥਾ ਘਟਦੀ ਜਾਂਦੀ ਹੈ ਅਤੇ ਜਵਾਨੀ ਢਲਣੀ ਸ਼ੁਰੂ ਹੋ ਜਾਂਦੀ ਹੈ। ਚੌਥਾ ਪਹਿਰ ਬੁਢੇਪੇ ਦੀ ਜਿਸਮਾਨੀ ਨਿਰਬਲਤਾ ਅਤੇ ਦੁਰਬਲਤਾ ਵਾਲਾ ਹੈ। ਗੁਰੂ ਨਾਨਕ ਦੇਵ ਨੇ ਮਨੁੱਖ ਨੂੰ ਵਣਜਾਰਾ ਕਹਿ ਕੇ ਸੰਬੋਧਿਤ ਕੀਤਾ ਹੈ ਜੋ ਆਪਣੀ ਆਯੂ ਰੂਪੀ ਰਾਤੀ ਨੂੰ ਸੰਸਾਰ ਰੂਪੀ ਅਸੁਰਖਿਅਤ ਸਥਾਨ ਵਿੱਚ ਬਤੀਤ ਕਰਦਾ ਹੈ। ਦਿਨ ਦੇ ਪਹਿਰਾਂ ਵਾਂਗ ਜੀਵਨ ਨੂੰ ਪਹਿਰਾਂ ਵਿੱਚ ਵੰਡ ਕੇ ਮਨੁੱਖੀ ਜ਼ਿੰਦਗੀ ਨੂੰ ਸੰਸਾਰਕਤਾ ਵਿੱਚ ਨਸ਼ਟ ਨਾ ਕਰਕੇ ਇਸਦੇ ਹਰ ਪਹਿਰ ਵਿਚ ਪਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ, ਦੱਸਿਆ ਹੈ। ਮਨੁੱਖ ਜਨਮ ਕੀਮਤੀ ਵਸਤੂ ਹੈ। ਵਾਸ਼ਨਾਵਾਂ ਤੋਂ ਉਪਰਾਮ ਹੋ ਕੇ ਵਾਸਤਵਿਕ ਸੱਚ ਦੀ ਪੂਰਤੀ ਤੇ ਜ਼ੋਰ ਦਿੱਤਾ ਹੈ। ਪਹਿਲੇ ਪਹਿਰੇ ਵਿਚ ਗਰਭ, ਬਾਲ, ਜੁਆਨੀ ਤੇ ਬਿਰਧ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਦੂਸਰੇ ਪਹਿਰੇ ਵਿਚ ਬਾਲ ਜੁਆਨੀ ਤੇ ਬਿਰਧ ਅਵਸਥਾਵਾਂ ਦਾ ਜ਼ਿਕਰ ਹੈ। ਨਾਲ ਹੀ ਇਹ ਵੀ ਕਿਹਾ ਹੈ ਕਿ ਮਨੁੱਖੀ ਜਨਮ ਨੂੰ ਚੋਰਾਂ ਜਾਂ ਕਾਮ ਆਦਿ ਵਿਸ਼ੇ ਵਾਸ਼ਨਾਵਾਂ ਤੋਂ ਬਚਾ ਕੇ ਰਖਣ ਲਈ ਕਿਹਾ ਹੈ। ਪਹਿਲੇ ਪਹਿਰੇ ਵਿੱਚ ਚਾਰ ਪਦ ਹਨ। ਦੂਜੇ ਵਿੱਚ ਪੰਜ। ਹਰ ਇਕ ਪਦ ਵਿੱਚ ਛੇ ਛੇ ਪੰਕਤੀਆਂ ਹਨ।

## ਸੋਦਰੁ

ਇਹ ਰਚਨਾ ਰਾਗ ਆਸਾ ਅਧੀਨ ਰਚਿਤ ਹੈ। ਸੋਦਰੁ ਇਸ ਦਾ ਕੋਈ ਵਿਸ਼ੇਸ਼ ਨਾਂ ਨਹੀਂ ਹੈ। ਭਾਈ ਕਾਨ੍ਹ ਸਿੰਘ ਅਨੁਸਾਰ "ਅਰੰਭ ਵਿੱਚ ਸੋਦਰੁ ਕੇਹਾ ਸੋ ਘਰੁ ਕੇਹਾ ਪਾਠ ਹੋਣ

ਕਰਕੇ ਇਹ ਸੰਗਿਆ ਹੋ ਗਈ ਹੈ ਜਿਵੇਂ ਈਸ਼ ਸ਼ਬਦ ਆਦਿ ਹੋਣ ਕਾਰਨ ਉਪਨਿਸ਼ਦ ਦਾ ਨਾਉਂ ਈਸ਼ਵਾਸਯ ਹੋ ਗਿਆ ਹੈ।"[1] ਇਸ ਸ਼ਬਦ ਦੀਆਂ ਕੁਲ 22 ਪੰਕਤੀਆਂ ਹਨ ਜਿਸ ਵਿਚ ਪ੍ਰਭੂ ਦੇ ਮਹਾਨ ਦੁਆਰ ਦੀ ਕਲਪਨਾ ਕੀਤੀ ਗਈ ਹੈ ਜਿਥੇ ਅਨੇਕ ਦੇਵੀ ਦੇਵਤੇ, ਸਿੱਧ ਜੋਗੀ, ਗਿਆਨੀ ਆਦਿ ਖੜੇ ਪ੍ਰਭੂ ਦੀ ਪ੍ਰਸੰਸਾ ਦੇ ਗੁਣ ਗਾ ਰਹੇ ਹਨ।

## ਅਲਾਹੁਣੀਆਂ

ਸਧਾਰਨ ਪੰਜਾਬੀ ਜੀਵਨ ਵਿੱਚ ਅਲਾਹੁਣੀਆਂ ਮੌਤ ਦੇ ਗੀਤ ਹਨ। ਇਹ ਸੋਗੀ ਲੋਕ ਗੀਤਾਂ ਦਾ ਇਕ ਰੂਪ ਹੈ ਜਿਸ ਵਿਚ ਮ੍ਰਿਤਕ ਵਿਅਕਤੀ ਦੇ ਗੁਣਾਂ ਦੀ ਦੁਖਦਾਇਕ ਸੁਰ ਵਿੱਚ ਉਸਤਤੀ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਨੇ ਰਾਗੁ ਵਡਹੰਸ ਵਿਚ ਪੰਜ ਅਲਾਹੁਣੀਆਂ ਲਿਖੀਆਂ ਹਨ। ਇਹ ਸ਼ਬਦ ਵੈਰਾਗ ਭਰਪੂਰ ਹੈ। ਇਨ੍ਹਾਂ ਵਿੱਚ ਸੰਸਾਰਕ ਮੀਤਾਂ ਲਈ ਰੋਣ ਨੂੰ ਨਹੀਂ ਕਿਹਾ ਸਗੋਂ ਪਰਮਾਤਮਾ ਨਾਲ ਪ੍ਰੇਮ ਪਾ ਕੇ ਉਸ ਦੇ ਵਿਯੋਗ ਵਿਚ ਰੋਇਆ ਜਾਵੇ ਤਾਂ ਸ਼ੋਭ ਹੈ। ਸਧਾਰਨ ਮੌਤ ਦੇ ਮੁਕਾਬਲੇ ਵਾਸਤਵਿਕ ਮੌਤ ਮਰਨ ਉਪਰ ਬਲ ਦਿੱਤਾ ਹੈ। ਉਸ ਵਿਅਕਤੀ ਦਾ ਮਰਨਾ ਉਚਿਤ ਹੈ ਜੋ ਪਰਮਾਤਮਾ ਤੋਂ ਪ੍ਰਮਾਣਿਕਤਾ ਪ੍ਰਾਪਤ ਕਰਕੇ ਮਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਅਲਾਹੁਣੀਆਂ ਵਿੱਚ ਮੌਤ ਦਾ ਡਰ ਦੂਰ ਹਟਾਣ ਅਤੇ ਮੋਹ ਮਾਇਆ ਦੇ ਲਾਲਚ ਵਿੱਚ ਡੁੱਬੀ ਆਤਮਾ ਨੂੰ ਨਿਰਲੇਪਤਾ ਦਾ ਉਪਦੇਸ਼ ਦਿੱਤਾ ਹੈ।

## ਆਰਤੀ

ਧਨਾਸਰੀ ਰਾਗੁ ਵਿੱਚ ਇਹ ਸ਼ਬਦ ਸੋਹਿਲੇ ਚਉਪਦੇ ਵਜੋਂ ਸ਼ਾਮਿਲ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਗੁਰੂ ਨਾਨਕ ਨੇ ਇਹ ਸ਼ਬਦ 1566 ਬਿ: ਜਗਨਨਾਥਪੁਰੀ ਦੇ ਮੰਦਰ ਵਿੱਚ ਪਾਂਡੇ ਨੂੰ ਉਪਦੇਸ਼ ਦੇਣ ਦੇ ਨਿਮਿਤ ਉਚਾਰਿਆ ਸੀ।"[2]

---

1. ਮਹਾਨ ਕੋਸ਼, ਪੰਨਾ 174
2. ਉਹੀ, ਪੰਨਾ 375

"ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਗੁਰੂ ਨਾਨਕ ਤੇ ਨਿਰੰਕਾਰ ਨਾਲ ਹੋਏ ਪਰਸਪਰ ਸੰਵਾਦ ਦੇ ਦੌਰਾਨ ਇਸਦਾ ਉਚਾਰਣ ਹੋਇਆ ਸੀ। ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿੱਚ ਰਾਮੇਸ਼ੁਵਰਮ ਦੀ ਪੰਦਰਵਾਰ ਰਾਹੀ ਹੋਏ ਨਿਰੰਕਾਰ ਅਤੇ ਗੁਰੂ ਨਾਨਕ ਦੇਵ ਦੇ ਪਰਸਪਰ ਸੰਵਾਦ ਵੇਲੇ ਇਸ ਸ਼ਬਦ ਦਾ ਉਚਾਰਣ ਹੋਇਆ।"[1] ਪੁਰਾਤਨ ਜਨਮ ਸਾਖੀ ਅਨੁਸਾਰ, "ਵੇਈ ਪ੍ਰਵੇਸ਼ ਵੇਲੇ ਪਰਮਾਤਮਾ ਦੀ ਦਰਗਾਹ ਤੋਂ ਸਿਰਪਾਉ ਪ੍ਰਾਪਤ ਕਰਨ ਉਪਰੰਤ ਗੁਰੂ ਨਾਨਕ ਨੇ ਇਸ ਸ਼ਬਦ ਦਾ ਉਚਾਰਣ ਕੀਤਾ ਸੀ।"[2] ਇਸ ਤਰ੍ਹਾਂ ਇਸ ਸ਼ਬਦ ਦੇ ਉਚਾਰਣ ਬਾਰੇ ਵੱਖੋ ਵਖਰੇ ਵਿਚਾਰ ਹਨ ਪਰ ਇਹ ਸ਼ਬਦ ਹਿੰਦੂਮਤ ਮੁਤਾਬਿਕ ਆਰਤੀ ਦੀ ਥਾਂ ਪ੍ਰਭੂ ਦੀ ਵਿਰਾਟ, ਬੇਲਾਗ ਅਤੇ ਸਹਿਜ ਸੁਭਾਵਿਕ ਪ੍ਰਕ੍ਰਿਤੀ ਅਨੁਸਾਰ ਜੋ ਆਰਤੀ ਹੋ ਰਹੀ ਹੈ ਉਸ ਨੂੰ ਪ੍ਰਤੀਬਿੰਬਤ ਕਰਦੀ ਹੈ। ਗੁਰੂ ਨਾਨਕ ਦੇਵ ਨੇ ਬਨਾਉਟੀ ਆਰਤੀ ਨੂੰ ਤਿਆਗਕੇ ਜੋ ਬ੍ਰਹਮੰਡ ਦੀ ਹਰ ਵਸਤੂ ਆਪਣੀ ਆਪਣੀ ਕੀਰਤੀ ਵਿੱਚ ਜੁੱਟੀ ਹੋਈ ਹੈ, ਉਸ ਵੱਲ ਇਸ਼ਾਰਾ ਕੀਤਾ ਹੈ ਅਤੇ ਜਿਗਿਆਸੂ ਨੂੰ ਵਿਰਾਟ ਆਰਤੀ ਵਿੱਚ ਲੀਨ ਹੋਣ ਦਾ ਸੰਦੇਸ਼ ਦਿੱਤਾ ਹੈ। ਇਸ ਰਾਗੁ ਵਿੱਚ ਕੁਲ ਚਾਰ ਪਦੇ ਹਨ। ਪਹਿਲੇ ਦੂਜੇ ਅਤੇ ਤੀਜੇ ਪਦਿਆਂ ਦੀਆਂ ਦੋ ਦੋ ਪੰਕਤੀਆਂ ਹਨ ਅਤੇ ਤੀਜੇ ਦੀਆਂ ਚਾਰ ਹਨ।

<u>ਕੁਚੱਜੀ</u>

ਇਹ ਰਚਨਾ ਰਾਗ ਸੂਹੀ ਵਿੱਚ ਕਾਫ਼ੀ ਰੂਪ ਦੀ 16 ਮਾਤਰਾਂ ਦੀ ਰਚਨਾ ਹੈ। ਇਸ ਵਿਚ ਪ੍ਰਤੀਕ ਰਾਹੀਂ ਬੁਰੇ ਲੱਛਣਾਂ ਵਾਲੀ ਇਸਤ੍ਰੀ ਦਾ ਸਰੂਪ ਮਨਮੁਖ ਵਿਅਕਤੀ ਦੇ ਰੂਪ ਵਿੱਚ ਚਿਤਰਿਆ ਹੈ। ਆਪਣੇ ਬੁਰੇ ਕਰਮਾਂ ਕਰਕੇ ਜੀਵਆਤਮਾ ਰੂਪੀ ਇਸਤ੍ਰੀ ਪਰਮਾਤਮਾ ਤੋਂ ਵਿਛੜ ਜਾਂਦੀ ਹੈ। ਅਹੰਕਾਰ ਅਤੇ ਦ੍ਵੈਤ ਦੇ ਕਾਰਨ ਕਸ਼ਟ ਪਾਉਂਦੀ ਹੈ। ਰੱਬ ਨਾਲ ਵਿਆਹੇ ਜਾਣ ਵਿੱਚ ਅਸਫਲ ਰਹਿਣ ਆਤਮਾਂ ਇਸ ਅਸਫਲਤਾ ਦਾ ਦੋਸ਼ ਆਪਣੇ ਆਪ ਤੇ ਲੈਂਦੀ ਹੈ। ਉਸਦੇ ਆਪਣੇ ਹੀ ਅਉਗਣ ਤੇ ਤਰੁੱਟੀਆਂ ਉਸਦੇ ਦੁਖ ਦਾ ਕਾਰਨ ਹਨ। ਆਪਣੇ ਬੁਰੇ ਆਚਰਣ ਕਰਕੇ ਜੀਵਆਤਮਾ ਰੂਪੀ ਇਸਤ੍ਰੀ ਪਰਮਾਤਮਾ ਤੋਂ ਵਿਛੜ ਜਾਂਦੀ ਹੈ ਅਤੇ ਅਨੇਕ ਪ੍ਰਕਾਰ ਦੇ ਦੁੱਖ ਸਹਿੰਦੀ ਹੈ। ਪੁਰਾਤਨ ਜਨਮਸਾਖੀ ਅਨੁਸਾਰ "ਇਸ ਸ਼ਬਦ ਦਾ ਉਚਾਰਣ ਕਾਮਰੂਪ ਦੀ ਰਾਣੀ ਨੂਰਸ਼ਾਹ ਪ੍ਰਤੀ ਕੀਤਾ ਗਿਆ ਹੈ।"[3]

---

1. <u>ਪੁਰਾਤਨ ਜਨਮ ਸਾਖੀ</u>, ਪੰਨਾ 170
2. ਉਹੀ, ਪੰਨੇ, 33,37
3. ਉਹੀ, ਪੰਨੇ 14-15

## ਸੁਚੱਜੀ

ਇਹ ਰਚਨਾ ਸੂਹੀ ਰਾਗ, ਵਿੱਚ 10 ਪੰਕਤੀਆਂ ਵਾਲੀ ਰਚਨਾ ਹੈ। ਇਥੇ ਕੁਚੱਜੀ ਤੋਂ ਉਲਟ ਚੰਗੇ ਆਚਰਣ ਵਾਲੀ ਇਸਤ੍ਰੀ ਨੂੰ ਸੁਚੱਜੀ ਕਿਹਾ ਗਿਆ ਹੈ। ਇਸ ਰਚਨਾ ਵਿੱਚ ਜਿਸ ਜੀਵ ਰੂਪੀ ਇਸਤ੍ਰੀ ਤੇ ਉਸਦਾ ਪ੍ਰਮਾਤਮਾ ਪ੍ਰਸੰਨ ਹੋਵੇ ਤੇ ਜੋ ਸੰਸਾਰਿਕਤਾ ਨੂੰ ਤਿਆਗ ਕੇ ਪਾਰਬ੍ਰਹਮ ਵਿੱਚ ਪੂਰੀ ਤਰ੍ਹਾਂ ਲੀਨ ਹੋ ਜਾਵੇ, ਦਾ ਵਰਨਣ ਹੈ। ਰੱਬ ਨੂੰ ਪਾ ਕੇ ਉਸ ਵਿੱਚ ਲੀਨ ਰਹਿੰਦਿਆਂ ਹੋਇਆਂ ਇਹ ਅਨੰਦ ਮਾਣਦੀ ਹੈ।

## ਵਾਰਾਂ

ਗੁਰੂ ਸਾਹਿਬ ਨੇ ਤਿੰਨ ਵਾਰਾਂ ਲਿਖੀਆਂ ਹਨ ਜਿਨ੍ਹਾਂ ਨੂੰ ਲੋਕ ਪ੍ਰਚਲਿਤ ਵਾਰਾਂ ਦੀਆਂ ਧੁਨੀਆਂ ਵਿੱਚ ਨਿਸ਼ਚਿਤ ਕੀਤਾ ਗਿਆ ਹੈ:

1. ਆਸਾ ਦੀ ਵਾਰ - ਟੁੰਡੇ ਅਸਰਾਜੇ ਕੀ ਧੁਨੀ
2. ਮਾਝ ਦੀ ਵਾਰ - ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ
3. ਮਲਾਰ ਦੀ ਵਾਰ - ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨੀ

ਵੈਸੇ ਤਾਂ ਵਾਰਾਂ ਬੀਰ ਰਸ ਪ੍ਰਾਪਤੀ ਤੇ ਨਾਇਕ ਮਹਿਮਾ ਦੀਆਂ ਲਖਾਇਕ ਹੁੰਦੀਆਂ ਹਨ, ਪਰ ਗੁਰੂ ਸਾਹਿਬ ਨੇ ਅਧਿਆਤਮਕ ਰੰਗ ਵਿਚ ਰੰਗ ਕੇ ਇਨ੍ਹਾਂ ਵਾਰਾਂ ਨੂੰ ਪ੍ਰਸਤੁਤ ਕੀਤਾ ਹੈ।

## ਆਸਾ ਦੀ ਵਾਰ

ਆਸਾ ਦੀ ਵਾਰ ਸਿੱਖ ਪਰੰਪਰਾ ਅਨੁਸਾਰ ਅੰਮ੍ਰਿਤ ਵੇਲੇ ਦੀ ਬਾਣੀ ਮੁਕਰਰ ਹੋਈ ਹੈ ਜੋ ਸਭ ਤੋਂ ਵੱਧ ਲੋਕ ਪ੍ਰਿਆ ਰਚਨਾ ਹੈ। ਇਹ ਇਕ ਅਧਿਆਤਮਕ ਵਾਰ ਹੈ। ਇਸ ਦਾ ਆਰੰਭ ਪਰਮਾਤਮਾ ਦੇ ਸਰੂਪ ਵਰਣਨ ਨਾਲ ਹੁੰਦਾ ਹੈ। "ਉਹ ਹਸਤੀ ਕੇਵਲ ਇਕ ਹੈ। ਸਦਾ ਰਹਿਣ ਵਾਲੀ ਹੈ। ਸਭ ਵਸਤਾਂ ਵਿੱਚ ਵਿਆਪਕ ਹੈ ਅਤੇ ਸਭ ਨੂੰ ਧਾਰਣ ਕਰਨ ਵਾਲੀ ਹੈ।"[1] ਇਸ ਵਾਰ ਵਿੱਚ ਸਮਾਜਿਕ, ਧਾਰਮਿਕ ਰਸਮਾਂ, ਕਰਮਕਾਂਡਾਂ, ਰਾਜਸੀ ਅਤੇ ਸਦਾਚਾਰਕ ਅਧੋਗਤੀ ਬਾਰੇ

---

1. ਭਾਈ ਜੋਧ ਸਿੰਘ, ਗੁਰਮਤ ਨਿਰਣਯ, ਪੰਨਾ 1

ਬੜੀ ਵਿਸਥਾਰ ਨਾਲ ਕਿਹਾ ਗਿਆ ਹੈ। ਹਉਮੈ, ਗੁਸਾ, ਧਰਮ ਦਾ ਲੋਪ ਹੋ ਜਾਣਾ, ਸਦਿਆਚਾਰ ਦੀ ਗਿਰਾਵਟ, ਹਾਕਮਾਂ ਦੀਆਂ ਕਰਤੂਤਾਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਦਾ ਮਹੱਤਵ ਤੇ ਨਾਮ ਦੀ ਮਹਾਨਤਾ ਤੇ ਜ਼ੋਰ ਦਿੱਤਾ ਗਿਆ ਹੈ। ਸੱਚ ਦੀ ਵਡਿਆਈ ਬਾਰੇ ਲਿਖਾ ਹੈ ਕਿ ਸੱਚੇ ਅਕਾਲ ਪੁਰਖ ਦੇ ਰਚੇ ਹੋਏ ਸਭ ਖੰਡ, ਬ੍ਰਹਮੰਡ ਸੱਚੇ ਹਨ। ਉਹ ਪਰਮ ਸਤਯ ਤੋਂ ਉਪਜੀ ਹਰ ਇੱਕ ਚੀਜ਼ ਸੱਚੀ ਹੈ। ਉਸਦੀ ਉਪਾਸਨਾ ਕਰਨ ਵਾਲੇ ਵੀ ਸੱਚੇ ਕਹੇ ਜਾਂਦੇ ਹਨ। ਕਾਦਰ ਆਪਣੀ ਕੁਦਰਤ ਨੂੰ ਆਪਣੇ ਹੁਕਮ ਅਧੀਨ ਰਖਦਾ ਹੈ। ਪਾਲਣਾ ਕਰਕੇ ਇਸ ਦੀ ਸੰਭਾਲ ਕਰਦਾ ਹੈ। ਸਾਰੀ ਕੁਦਰਤ ਵਿੱਚ ਉਹ ਦਿੱਸਦਾ ਹੈ। ਪਰਮਾਤਮਾ ਸੱਚੇ ਪ੍ਰੇਮ ਨਾਲ ਮਿਲਦਾ ਹੈ। ਦਿਖਾਵੇ ਤੇ ਤਿਲਕ ਜੰਞੂ ਨਾਲ ਕੁਝ ਨਹੀਂ ਬਣਦਾ। ਹਉਮੈ ਦਾ ਨਾਸ਼, ਸੱਤ ਸੰਤੋਖ ਦੀ ਪ੍ਰਾਪਤੀ, ਰੱਬ ਦਾ ਡਰ, ਸੱਚੀ ਸੇਵਾ, ਸੁਖ ਦੁਖ ਪ੍ਰਭੂ ਦੇ ਨਾਮ ਨਾਲ ਹੀ ਮਿਲਦੇ ਹਨ। ਰਾਜਨੀਤਿਕ ਪਤਨ ਬਾਰੇ ਵੀ ਆਸਾ ਦੀ ਵਾਰ ਵਿਚ ਰਾਜਿਆਂ ਦੇ ਕਿਰਦਾਰਾਂ, ਲੋਕਾਂ ਦੇ ਆਚਰਣਾਂ ਤੇ ਚੋਟ ਮਾਰੀ ਹੈ ਜਦੋਂ ਕਿ 'ਮਾਣਸ ਖਾਣੇ ਕਰਹਿ ਨਿਵਾਜ' ਕਿਹਾ ਹੈ। ਸਰਮ ਧਰਮ ਦਾ ਲੋਪ ਹੋਣਾ, ਰਿਸ਼ਵਤ ਦਾ ਬੋਲਬਾਲਾ ਸਮਾਜ ਦਾ ਨੈਤਿਕ ਅਤੇ ਮਾਨਸਿਕ ਪਤਨ, ਰਾਜਿਆਂ ਦੀ ਵਿਲਾਸਤਾ, ਪਾਪ, ਅਧਰਮ ਦਾ ਜ਼ਿਕਰ ਵੀ ਕੀਤਾ ਹੈ। ਆਰੰਭਕ ਤੌਰ ਤੇ "ਕੂੜੀ ਰਾਸਿ ਕੂੜਾ ਵਾਪਾਰੁ"[1] ਦਾ ਜ਼ਿਕਰ ਕੀਤਾ ਹੈ। ਅੰਧਵਿਸ਼ਵਾਸ਼, ਕੁਰੀਤੀਆਂ, ਜੋਗੀਆਂ ਦੀਆਂ ਕਰਤੂਤਾਂ, ਵਰਣ ਵਿਵਸਥਾ, ਪਾਂਧਿਆਂ ਦਾ ਪਾਜ ਉਘਾੜਿਆ ਹੈ। ਇਸ ਵਾਰ ਵਿਚ 24 ਅਤੇ 45 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ ਰਚੇ ਹੋਏ ਹਨ ਬਾਕੀ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਰਚੇ ਹੋਏ ਹਨ। ਸਲੋਕਾਂ ਦੀ ਵੰਡ ਹਰ ਪਉੜੀ ਨਾਲ ਸਮਾਨ ਰੂਪ ਨਹੀਂ ਕਿਸੇ ਪਉੜੀ ਨਾਲ ਘੱਟ ਤੋਂ ਘੱਟ ਦੋ ਅਤੇ ਵੱਧ ਤੋਂ ਵੱਧ ਪੰਜ ਸਲੋਕ ਵੀ ਦਿੱਤੇ ਹਨ। ਕਈ ਪ੍ਰਸੰਗਾਂ ਵਿਚ ਜਿਵੇਂ ਰੱਬ, ਵਿਸਮਾਦ, ਕੁਦਰਤ, ਤੇ ਸ਼ਬਦ ਵਾਰ ਵਾਰ ਵਰਤੇ ਹਨ।

ਮਾਝ ਦੀ ਵਾਰ

"[illegible] ਮਾਝ ਪੰਜਾਬ ਦਾ [illegible] ਹੈ ਇਸ ਲਈ ਇਸ ਵਾਰ ਵਿੱਚ ਪੰਜਾਬੀ ਸਮਾਜਿਕਤਾ ਦਾ ਹੀ ਵਧੇਰੇ ਵਰਣਨ ਕੀਤਾ ਹੈ। ਉਸ ਵੇਲੇ ਦੇ ਪੰਜਾਬ ਦੇ ਜੀਵਨ ਦੀਆਂ ਕਈ ਹੋਰ ਝਾਕੀਆਂ ਵੀ ਇਸ ਵਾਰ ਵਿੱਚ ਦਿੱਤੀਆਂ ਹਨ।"[2] ਪੁਰਾਤਨ ਜਨਮ ਸਾਖੀ ਅਨੁਸਾਰ "ਦੱਖਣ ਦੀ ਉਦਾਸੀ ਦੇ

1. ਆਸਾ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 598
2. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 124

ਦੌਰਾਨ ਵਿੱਚ ਇਸ ਵਾਰ ਦਾ ਉਚਾਰਣ ਅਨੁਭਵੀ ਸਰੋਕਾਰੇ ਪੂਰੀ ਹੋਇਆ ਸੀ। ਇਸ ਵਾਰ ਵਿੱਚ ਸਮਕਾਲੀਨ ਸਮਾਜ ਦੇ ਰਾਜਸੀ ਪ੍ਰਬੰਧ ਦੀ ਸਥਿਤੀ ਤੇ ਕਰੜੀ ਆਲੋਚਨਾ ਕੀਤੀ ਗਈ ਹੈ। ਪੰਜਾਬ ਵਿੱਚ ਹਿੰਦੂ ਮੁਸਲਮਾਨ ਇਕੱਠੇ ਰਹਿੰਦੇ ਸਨ। ਰਾਜਸੀ ਤਬਕੇ ਵਲੋਂ ਗ੍ਰਿਹਵਾਸੀਆਂ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਹੈ ਜਿਵੇਂ: "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ"[1] ਜਾਂ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ"[2], "ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ"[3] ਆਦਿ। ਦਾਰਸ਼ਨਿਕ ਤੇ ਪਰਮਾਤਮਾ, ਜੀਵਆਤਮਾ, ਜਗਤ, ਗੁਰੂ ਤੇ ਗੁਰੂ ਦੀ ਮਹਾਨਤਾ, ਨਾਮ ਦੀ ਸਾਧਨਾ ਆਦਿ ਵਿਚਾਰਾਂ ਨੂੰ ਵੀ ਇਸ ਵਾਰ ਵਿੱਚ ਪੇਸ਼ ਕੀਤਾ ਹੈ। ਪਰਮਾਤਮਾ ਅਸੀਮ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ। ਸਿਰਫ਼ ਨਾਮ ਸਾਧਨਾ ਵਾਲੇ ਲੋਕ ਹੀ ਤਰ ਸਕਦੇ ਹਨ। ਗੁਰੂ ਦੇ ਗਿਆਨ ਬਿਨਾਂ ਮੋਹ, ਤ੍ਰਿਸ਼ਨਾ, ਗਰਬ, ਲੋਭ, ਹਉਮੈ ਨਾਸ਼ ਨਹੀਂ ਹੋ ਸਕਦੇ। ਹੰਕਾਰ ਦੀ ਭਾਵਨਾ ਮਨੁੱਖ ਨੂੰ ਵਾਸਤਵਿਕ ਮਾਰਗ ਤੋਂ ਹਟਾ ਕੇ ਉਸਦੇ ਸਾਰੇ ਕਾਰਜਾਂ ਨੂੰ ਅਸਫਲ ਕਰ ਦਿੰਦੀ ਹੈ। ਇਸੇ ਲਈ ਨਾਮ ਦੀ ਸੂਝ ਤੇ ਗੁਰੂ ਦੀ ਪ੍ਰਾਪਤੀ ਜ਼ਰੂਰੀ ਹੈ। ਮਾਇਆ ਦੇ ਚੱਕਰ ਵਿੱਚ ਫਸਕੇ ਮੂਰਖ ਵਿਅਕਤੀ ਮਨ ਦੁਆਰਾ ਦਿੱਤੀਆਂ ਅਨੇਕ ਕਠਨਾਈਆਂ ਨੂੰ ਸਹਿਨ ਕਰਦਾ ਹੈ। ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਸਥਿਤੀਆਂ ਦਾ ਸਾਕਾਰ ਤੇ ਸਜੀਵ ਰੂਪ ਵਿੱਚ ਇਸ ਵਾਰ ਵਿੱਚ ਰੂਪਮਾਨ ਕੀਤਾ ਹੈ। ਇਸ ਵਾਰ ਵਿੱਚ 27 ਪਉੜੀਆਂ ਅਤੇ 46 ਸ਼ਲੋਕ ਹਨ। ਇਸ ਵਾਰ ਦੀ ਹਰ ਇਕ ਪਉੜੀ ਵਿੱਚ 4 ਪੰਕਤੀਆਂ ਹਨ। ਸ਼ਲੋਕਾਂ ਦੀਆਂ ਪੰਕਤੀਆਂ ਵਿੱਚ ਬਹੁਤ ਅਸਮਾਨਤਾ ਹੈ ਜਿਵੇਂ ਦੋ ਪੰਕਤੀਆਂ ਤੋਂ ਲੈ ਕੇ 24 ਪੰਕਤੀਆਂ ਦੇ ਸ਼ਲੋਕ ਮਿਲ ਜਾਂਦੇ ਹਨ। ਤੀਜੀ, 16 ਵੀਂ, 23 ਵੀਂ, 25 ਵੀਂ ਪਉੜੀਆਂ ਨਾਲ ਲਿਖੇ ਸ਼ਲੋਕ ਵੀ ਗੁਰੂ ਨਾਨਕ ਦੇਵ ਜੀ ਦਾ ਨਹੀਂ ਹੈ ਅਤੇ ਜਿਨ੍ਹਾਂ ਪਉੜੀਆਂ ਨਾਲ ਗੁਰੂ ਨਾਨਕ ਦੇ ਸ਼ਲੋਕ ਵੀ ਆਏ ਹਨ ਉਥੇ ਉਨ੍ਹਾਂ ਦੀ ਗਿਣਤੀ ਇੱਕ ਤੋਂ ਸੱਤ ਤੱਕ ਹੈ। ਪ੍ਰਸ਼ਨਮਈ ਤੇ ਵਿਅੰਗਾਤਮਕ ਸ਼ੈਲੀ ਜਿਥੇ ਕਿਸੇ ਚੀਜ਼ ਦਾ ਖੰਡਨ ਕੀਤਾ ਹੈ ਵਰਤੀ ਹੈ। ਅਰਬੀ ਫ਼ਾਰਸੀ ਦੇ ਸ਼ਬਦ ਵੀ ਕਿਤੇ ਕਿਤੇ ਮਿਲ ਜਾਂਦੇ ਹਨ।

---

1. ਤਾਰਨ ਸਿੰਘ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 207
2. ਉਹੀ, ਪੰਨਾ 239
3. ਉਹੀ, ਪੰਨਾ 236

<u>ਮਲਾਰ ਦੀ ਵਾਰ</u>

ਇਹ ਗੁਰੂ ਨਾਨਕ ਦੇਵ ਜੀ ਦੀ ਰਚੀ ਤੀਜੀ ਵਾਰ ਹੈ। ਡਾਕਟਰ ਤਾਰਨ ਸਿੰਘ ਅਨੁਸਾਰ "ਇਹ ਵਾਰ ਬਾਬਰ ਦੇ ਸਮੇਂ ਮਗਰੋਂ ਰਚੀ ਗਈ।"[1] ਪਰ ਪੁਰਾਤਨ ਜਨਮ ਸਾਖੀ ਅਨੁਸਾਰ "ਇਸ ਦਾ ਉਚਾਰਣ ਗੁਰੂ ਨਾਨਕ ਦੀ ਤੀਜੀ ਉਦਾਸੀ ਦੌਰਾਨ ਕਸ਼ਮੀਰ ਦੇ ਬ੍ਰਹਮਦਾਸ ਪੰਡਿਤ ਪ੍ਰਤੀ ਹੋਇਆ।"[2] ਇਸ ਵਾਰ ਦਾ ਵਿਸ਼ਯ ਪਹਿਲੀਆਂ ਦੋ ਵਾਰਾਂ ਨਾਲ ਕਾਫ਼ੀ ਮੇਲ ਖਾਂਦਾ ਹੈ। ਇਸ ਵਾਰ ਵਿੱਚ ਕੁਰੀਤੀਆਂ ਅਤੇ ਕੋਝੀਆਂ ਪਰੰਪਰਾਵਾਂ ਦਾ ਤਿਆਗ ਕਰਕੇ ਧਰਮ ਕਾਰਜ ਵਿਚ ਲੀਨ ਹੋਣ ਦੀ ਭਾਵਨਾ ਨੂੰ ਪ੍ਰਗਟਾਇਆ ਹੈ। ਪਰਮਾਤਮਾ ਆਪ ਹੀ ਇਸ ਸੰਸਾਰ ਵਿੱਚ ਜੀਵਾਂ ਪਾਸੋਂ ਚੰਗੇ ਮੰਦੇ ਕਰਮ ਕਰਾਂਦਾ ਹੈ, ਆਪ ਹੀ ਨਿਆਂ ਕਰਦਾ ਹੈ, ਆਪ ਹੀ ਬਖਸ਼ਿਸ਼ ਕਰਦਾ ਹੈ। ਐਸੇ ਸ਼ਕਤੀਸ਼ਾਲੀ ਭਗਵਾਨ ਦੀ ਭਗਤੀ ਕਰਨੀ ਚਾਹੀਦੀ ਹੈ। ਮਨੁੱਖ ਦਾ ਗਰਬ ਕਿਸੇ ਕੰਮ ਨਹੀਂ, ਹੁਕਮ ਕੇਵਲ ਪਰਮਾਤਮਾ ਦਾ ਹੀ ਚਲਦਾ ਹੈ। ਮਨਮੁਖ ਪਛਾੜੇ ਜਾਂਦੇ ਹਨ ਤੇ ਗੁਰਮੁਖ ਵਿਜੈ ਪ੍ਰਾਪਤ ਕਰਦੇ ਹਨ ਕਿਉਂਕਿ ਸਤਿਗੁਰੂ ਦਾ ਨਾਮ ਹੀ ਪ੍ਰਕਾਸ਼ ਹੈ। ਗੁਰੂ ਦੀ ਸਿਖਿਆ ਮਨੁੱਖ ਨੂੰ ਸੁਚੇਤ ਕਰਦੀ ਹੈ ਅਤੇ ਸੱਚੇ ਮਾਰਗ ਤੇ ਚੱਲਣ ਲਈ ਪ੍ਰੇਰਦੀ ਹੈ ਜਿਵੇਂ "ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ।"[3] ਨਾਲ ਹੀ ਇਹਵੀ ਕਿਹਾ ਹੈ ਕਿ ਸਰਬ ਉਚ ਜੂਨ ਮਨੁੱਖਾਂ ਦੀ ਹੈ ਜੋ ਇਸ ਤੋਂ ਲਾਭ ਨਹੀਂ ਉਠਾਂਦਾ ਉਹ ਆਵਾਗਵਣ ਵਿੱਚ ਪੈਂਦਾ ਹੈ। ਸ਼ਲੋਕਾਂ ਵਿੱਚ ਧਾਰਮਿਕ ਪਰੰਪਰਾਵਾਂ, ਸਮਾਜਿਕ ਕੀਮਤਾਂ, ਰਾਜਨੀਤਕ ਅਤਿਆਚਾਰਾਂ ਦਾ ਗੁਰੂ ਨਾਨਕ ਦੇਵ ਜੀ ਨੇ ਕਰੜੀ ਸੁਰ ਵਿੱਚ ਉਲੇਖਨ ਕੀਤਾ ਹੈ। ਇਸਵਾਰ ਵਿਚ 28 ਪਉੜੀਆਂ ਹਨ ਪਰ 27 ਵੀਂ ਪਉੜੀ ਗੁਰੂ ਅਰਜਨ ਦੇਵ ਦੁਆਰਾ ਰਚੀ ਹੋਈ ਹੈ। ਪਉੜੀਆਂ ਨਾਲ 24 ਸ਼ਲੋਕ ਗੁਰੂ ਨਾਨਕ ਦੇਵ ਜੀ ਦੁਆਰਾ ਰਚੇ ਹੋਏ ਹਨ। ਹਰ ਇਕ ਪਉੜੀ ਵਿੱਚ 8 ਪੰਕਤੀਆਂ ਹਨ। ਸ਼ਲੋਕਾਂ ਦੀ ਵੰਡ ਸਮਾਨ ਨਹੀਂ, ਕਿਸੇ ਨਾਲ ਇਕ, ਦੋ, ਚਾਰ ਸ਼ਲੋਕ, ਚੌਥੀ ਤੇ 18 ਵੀਂ ਪਉੜੀਆਂ ਤੱਕ ਕੋਈ ਵੀ ਸ਼ਲੋਕ ਗੁਰੂ ਨਾਨਕ ਦਾ ਨਹੀਂ ਹੈ। ਸ਼ਲੋਕਾਂ ਦੀਆਂ ਪੰਕਤੀਆਂ ਵਿੱਚ ਬਹੁਤ ਅਸਮਾਨਤਾ ਹੈ।

---

1. ਤਾਰਨ ਸਿੰਘ, <u>ਗੁਰੂ ਨਾਨਕ ਚਿੰਤਨ ਤੇ ਕਲਾ</u>, ਪੰਨਾ 120
2. <u>ਸਾਖੀ 49</u>, ਪੰਨੇ 91-92
3. ਮਲਾਰ ਦੀ ਵਾਰ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 1430

**ਸੰਗੀਤ:** ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਰਚਨਾ ਰਾਗੁ ਬੱਧ ਹੈ। ਉਨ੍ਹਾਂ ਨੇ ਕੀਰਤਨ ਨੂੰ ਵਿਸ਼ੇਸ਼ ਥਾਂ ਪ੍ਰਦਾਨ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਬਿਹਾਗੜਾ ਸਮੇਤ ਕੁਲ 20 ਰਾਗਾਂ ਵਿੱਚ ਬਾਣੀ ਰਚੀ ਹੈ। ਸ਼ਾਸਤਰੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਸੰਗੀਤ ਪ੍ਰਿਪਤਾ ਅਤੇ ਅਭਿਆਸ-ਸ਼ੀਲਤਾ ਸਿੱਧ ਹੈ। ਸ਼ਾਸਤਰੀ ਦ੍ਰਿਸ਼ਟੀ ਤੋਂ ਉਨ੍ਹਾਂ ਨੇ ਰਾਗਾਂ ਦੀ ਉਤਰੀ ਸ਼ੈਲੀ ਨਾਲ ਦੱਖਣੀ ਸ਼ੈਲੀ ਦਾ ਵੀ ਸੁਮੇਲ ਕਾਇਮ ਕੀਤਾ ਹੈ ਅਤੇ ਲੋਕ ਤਰਜ਼ਾਂ ਨੂੰ ਵੀ ਆਧਾਰ ਬਣਾਇਆ ਹੈ ਇਸ ਤਰ੍ਹਾਂ ਉਨ੍ਹਾਂ ਨੇ ਕਲਾਸੀਕਲ ਅਤੇ ਦੇਸ਼ੀ ਲੋਕ ਧੁਨਾਂ ਦਾ ਸਾਮੰਜਸ ਕੀਤਾ ਹੈ ਜੋ ਉਨ੍ਹਾਂ ਦੀ ਬਾਣੀ ਨੂੰ ਜਨ-ਜੀਵਨ ਤੋਂ ਪਰੇ ਹਟਾਏਂ ਸਕਿਰ ਕਰਦਾ ਹੈ। ਇਹ ਕਹਿਣਾ ਮੁਸ਼ਕਲ ਹੈ ਗੁਰੂ ਜੀ ਨੇ ਸੰਗੀਤ ਦੇ ਕਿਹੜੇ ਭਾਰਤੀ ਮੱਤ ਨੂੰ ਅਪਣਾਇਆ ਹੈ ਜਿਵੇਂ (ਸਿਵ ਭਰਤ, ਹਨੂਮੱਤ, ਕ੍ਰਿਸ਼ਨ, ਸਿਧ, ਨਾਰਸਦਰ ਆਦਿ) ਪਰ ਇਹ ਗੱਲ ਬੜੀ ਸਪੱਸ਼ਟ ਹੈ ਕਿ ਉਨ੍ਹਾਂ ਨੇ ਪੰਜਾਬੀ ਜੀਵਨ ਅਤੇ ਸਭਿਆਚਾਰ ਦੀ ਛਾਪ ਲਗਾ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਵਰਤੇ ਰਾਗਾਂ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਅਸੀਂ ਹੇਠਾਂ ਦਿੰਦੇ ਹਾਂ:

**ਸਿਰੀ ਰਾਗ:** ਸਿਰੀ ਰਾਗੁ ਸ਼ਾਂਤੀ, ਪ੍ਰਸੰਨਤਾ ਅਤੇ ਅਨੰਦ ਦਾ ਹੇਮਿੰਤ ਰੁਤ ਦਾ ਰਾਗੁ ਹੈ। ਦਿਨ ਦੇ ਚੌਥੇ ਪਹਿਰ ਅਰਥਾਤ ਸ਼ਾਮ ਵੇਲੇ ਇਸ ਨੂੰ ਗਾਇਆ ਜਾਂਦਾ ਹੈ। ਗੁਰਮਤ ਸਾਹਿਤ ਵਿੱਚ ਇਸ ਰਾਗੁ ਨੂੰ ਪ੍ਰਥਮ ਅਸਥਾਨ ਦਿੱਤਾ ਗਿਆ ਹੈ। ਇਸ ਰਾਗੁ ਵਿੱਚ ਗੁਰੂ ਨਾਨਕ ਦੇਵ ਜੀ ਨੇ ਜੀਵਆਤਮਾ ਰੂਪੀ ਨਾਇਕਾ ਨੂੰ ਪਰਮਾਤਮਾ ਨਾਲ ਮਿਲਣ ਦੀਆਂ ਭਾਵਨਾਵਾਂ, ਨਾਮ ਸਿਮਰਨ, ਪ੍ਰਭੂ ਪ੍ਰੇਮ, ਨਾਮ ਸਾਧਨਾ ਉੱਤੇ ਬਲ ਦਿੱਤਾ ਹੈ। "ਰਾਗਾਂ ਵਿਚੋਂ ਸ੍ਰੀ ਰਾਗੁ ਹੈ ਜੋ ਸਚਿ ਧਰੇ ਧਿਆਨ ਹੀ ਰਾਗੁ ਹੈ।"[1] ਗੁਰੂ ਗ੍ਰੰਥਸਾਹਿਬ ਵਿੱਚ ਇਸ ਰਾਗੁ ਨੂੰ ਪਹਿਲਾ ਸਥਾਨ ਪ੍ਰਾਪਤ ਹੈ। "ਆਰੀਆਂ ਦਾ ਰਾਗ ਹੋਣ ਕਾਰਣ ਪੰਜਾਬੀ ਵਿੱਚ ਵਧੇਰੇ ਕਰਕੇ ਹਿੰਦੀ ਸ਼ਬਦ ਮਿਲਦੇ ਹਨ। ਪੋਥੀ ਪੁਰਾਣ ਅਤੇ ਮੋਤੀ, ਮੰਦਿਰ, ਮਹਿ ਅਗਨ, ਪੰਖੀ ਆਦਿ।"[2]

**ਮਾਝ ਰਾਗੁ:** ਇਹ ਰਾਗੁ ਉਤਸ਼ਾਹ ਪ੍ਰੇਰਣਾ ਅਤੇ ਹਿਮੰਤ ਰੁਤ ਦਾ ਰਾਗੁ ਹੈ। ਪੰਜਾਬ ਦਾ ਇੱਕ ਦੇਸੀ ਰਾਗੁ ਮੰਨਿਆ ਗਿਆ ਹੈ। ਇਸ ਦੇ ਨਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਪੰਜਾਬ ਦੇ

1. ਸ਼ੇਰ ਸਿੰਘ, ਫਿਲਾਸਫੀ ਆਫ ਸਿਖਿਜ਼ਮ, ਪੰਨਾ 48
2. ਪਰਮ ਪਾਲ ਸੈਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰੀਚੈ, ਪੰਨਾ 70

ਮੱਧਵਰਤੀ (ਮਾਝੇ) ਵਿਚ ਗਾਇਆ ਜਾਂਦਾ ਰਿਹਾ ਹੋਵੇਗਾ। ਇਸ ਦੇ ਗਾਣ ਦਾ ਸਮਾ ਦਿਨ ਦਾ ਚੌਥਾ ਪਹਿਰ ਹੈ। ਭਾਈ ਕਾਨ੍ਹ ਸਿੰਘ ਅਨੁਸਾਰ "ਇਹ ਸੰਪੂਰਨ ਜਾਤੀ ਦਾ ਰਾਗੁ ਹੈ। ਪ੍ਰਾਪਤ ਬਾਣੀ ਬਿਓਰਾ ਅਨੁਸਾਰ ਇਹ ਸਿਰੀ ਰਾਗੁ, ਮਧੁ-ਮਾਧਵ ਦੀ ਅਤੇ ਮਲਾਰ ਦੇ ਸੰਯੋਗ ਤੋਂ ਬਣੀ ਇਕ ਰਾਗਨੀ ਹੈ।"[1] ਇਸ ਰਾਗੁ ਵਿੱਚ ਪੰਜਾਬ ਦਾ ਚਿਤਰ ਬੜਾ ਸਜੀਵ ਹੈ।ਪੰਜਾਬ ਵਿੱਚ ਮੁਸਲਮਾਨ ਉਸ ਸਮੇਂ ਕਾਫ਼ੀ ਗਿਣਤੀ ਵਿੱਚ ਵੱਸ ਚੁੱਕੇ ਸਨ ਇਸ ਲਈ ਰਾਗੁ ਦੀ ਬਾਣੀ ਵਿੱਚ ਮੁਸਲਮਾਨੀ ਸਭਿਅਤਾ ਨਾਲ ਸੰਬੰਧਿਤ ਬਹੁਤ ਸ਼ਬਦ ਵਰਤੇ ਗਏ ਹਨ, ਪੰਜਾਬ ਹਿੰਦੂ ਅਤੇ ਮੁਸਲਿਮ ਦੋ ਵੱਖੋ ਵੱਖ ਸੰਸਕ੍ਰਿਤੀਆਂ ਦੀ ਮਿਲਣ ਦੀ ਥਾਂ ਹੈ। ਸਮਾਜਿਕ ਅਤੇ ਰਾਜਨੀਤਕ ਅਵਸਥਾ ਦਾ ਚਿਤਰਣ ਕਰਦੇ ਹੋਏ ਜਿਥੇ ਮੁਸਲਮਾਨ ਹਾਕਿਆਂ ਨੂੰ ਚਿਤਾਵਨੀ ਦਿੱਤੀ ਹੈ, ਉਥੇ ਮੁਸਲਮਾਨ ਜਨਤਾ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੂੰ ਬਾਹਰੀ ਅਡੰਬਰਾਂ ਤੋਂ ਬਚਣ ਦਾ ਸੰਦੇਸ਼ ਦਿੱਤਾ ਹੈ। ਉਥੇ ਜੀਵਨ ਸੰਗਰਾਮ ਵਿੱਚ ਜੂਝਣ ਵਾਲੇ ਪੰਜਾਬੀਆਂ ਦਾ ਵਰਨਣ ਮਿਲਦਾ ਹੈ। ਇਸ ਤਰ੍ਹਾਂ ਜਾਤ ਪਾਤ ਦੇ ਘੇਰੇ ਨੂੰ ਤੋੜ ਕੇ ਇਕ ਰਬ ਨੂੰ ਪਛਾਨਣ ਦਾ ਸੰਦੇਸ਼ ਦਿੱਤਾ ਹੈ। ਇਸ ਰਾਗੁ ਵਿੱਚ ਅਰਬੀ ਫਾਰਸੀ ਸ਼ਬਦਾਵਲੀ ਦਾ ਬਹੁਤ ਪ੍ਰਭਾਵ ਹੈ। ਆਤਮਾ ਪਰਮਾਤਮਾ ਦੇ ਮੂਲ-ਆਧਾਰ ਸੰਬੰਧ ਪ੍ਰੇਮ ਉਤੇ ਅਨੇਕ ਥਾਵਾਂ ਤੇ ਪ੍ਰਕਾਸ਼ ਪਾਇਆ ਗਿਆ ਹੈ। ਗੁਰੂ ਦਾ ਮਹੱਤਵ, ਸਰੂਪ, ਸਮਰਥਾ ਅਤੇ ਵਿਆਪਕਤਾ ਦਾ ਵਿਸ਼ਲੇਸ਼ਣ ਕੀਤਾ ਹੈ।

ਗਉੜੀ ਰਾਗੁ : ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਮੁਖ ਰਾਗ ਦੇ ਅੰਤਰਗਤ ਗਿਆਰਾਂ ਰਾਗ ਆਉਂਦੇ ਹਨ। ਇਨ੍ਹਾਂ ਨੂੰ ਰਾਗਾਤਮਕ ਦ੍ਰਿਸ਼ਟੀਕੋਣ ਤੋਂ ਸੁਤੰਤਰ ਮੰਨਣ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। "ਗਉੜੀ ਰਾਗ ਦੇ ਗਿਆਰਾਂ ਪ੍ਰਕਾਰ ਦੱਸੇ ਹਨ ਜਿਵੇਂ, ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣ, ਗਾਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਪੂਰਬੀ, ਗਾਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਾਉੜੀ ਸੋਰਠਿ।"[2] ਇਹ ਰਾਗੁ ਆਤਮ ਚਿੰਤਨ, ਗੰਭੀਰਤਾ ਦੇ ਭਾਵ ਜਗਾਉਣ ਵਾਲਾ ਰਾਗੁ ਹੈ ਜੋ ਸਰਦ ਰੁਤ ਵਿਚ ਸੰਧਿਆ ਦੇ ਸਮੇਂ ਦਾ ਰਾਗੁ ਹੈ। ਡਾ: ਜਧ ਰਾਮ ਮਿਸ਼ਰ ਨੇ ਲਿਖਿਆ ਹੈ: "ਇਹ ਰਾਗੁ ਗੁਰਮਤ ਸੰਗੀਤ ਅਨੁਸਾਰ ਸਿਰੀ ਰਾਗੁ ਦੀ ਇਕ ਰਾਗਨੀ ਹੈ ਪਰ ਸੰਗੀਤ ਸ਼ਾਸਤ੍ਰੀ ਇਸ ਮਤ ਨਾਲ ਸਹਿਮਤ ਨਹੀਂ। ਕੋਈ ਇਸ ਨੂੰ ਦੀਪਕ ਰਾਗੁ ਦੀ ਰਾਗਨੀ ਮੰਨਦਾ ਹੈ ਕੋਈ ਮਾਲਕੌਸ਼ ਦੀ।"[3] ਵਰਣਿਤ ਵਿਸ਼ਯ ਦੇ ਆਧਾਰ ਤੇ ਇਸ ਨੂੰ ਗੰਭੀਰ

---

1. ਮਹਾਨ ਕੋਸ਼, ਪੰਨਾ 720
2. ਤਾਰਾ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਰਾਗੁ ਵਿਧਾਨ, ਸੈਮੀਨਾਰ ਪੇਪਰ, ਡੇਪਾਰਟਮੈਂਟ ਗੁਰੂ ਨਾਨਕ ਸਿੱਖ ਸਟੱਡੀਜ਼, 1985
3. ਨਾਨਕ ਬਾਣੀ, ਪੰਨਾ 840

ਵਿਸ਼ਯ ਵਾਲਾ ਰਾਗੁ ਮੰਨਿਆ ਜਾਂਦਾ ਹੈ। ਜ਼ਿੰਦਗੀ, ਮੌਤ, ਪੁਨਰ ਜਨਮ, ਮੋਕਸ਼, ਮਨੁੱਖੀ ਮਨੋਵਿਗਿਆਨਕ ਗੁਰੂ ਸ਼ਬਦ ਤੇ ਉਸਦੇ ਅਭਿਆਸ ਨਾਲ ਮਨੁੱਖੀ ਮਨ ਦਾ ਬਦਲ ਜਾਣਾ ਇਸ ਦੇ ਪ੍ਰਧਾਨ ਵਿਸ਼ਯ ਸਿੱਖ ਧਰਮ ਦੀ ਸਾਧਨਾ ਨਾਮ ਮਾਰਗ ਦੇ ਅਨੁਆਈ ਹਨ। ਇਸ ਵਿੱਚ ਭਗਤੀ ਮਾਰਗ ਹੁੰਦੇ ਹੋਏ ਬੁਧੀ ਦਾ ਪ੍ਰਧਾਨ ਅੰਸ਼ ਮੌਜੂਦ ਹੈ, ਮਾਇਆ ਵਿੱਚ ਫਸੇ ਜੀਵ ਨੂੰ ਨਾਮ ਸਾਧਨਾ ਦਾ ਮਾਰਗ ਦੱਸਿਆ ਹੈ। ਹਉਮੈ ਦਾ ਨਾਸ਼ ਕਰਨ ਲਈ ਵਿਦਵਤਾ ਪੂਰਵਕ ਸੰਤ ਸੰਤੋਖ ਬਾਰੇ ਦੱਸਿਆ ਹੈ। ਇਸਦੀ ਸ਼ਬਦਾਵਲੀ ਜ਼ਿਆਦਾਤਰ ਦਾਰਸ਼ਨਿਕ ਭਾਵਾਂ ਨਾਲ ਸੰਬੰਧਿਤ ਹੈ। ਪ੍ਰੇਮ ਭਗਤੀ ਦੀ ਉਦਾਹਰਣ ਇਨ੍ਹਾਂ ਪੰਕਤੀਆਂ ਤੋਂ ਸਪੱਸ਼ਟ ਹੈ:

"ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ
ਅਹਿ ਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ(੧)
ਇਤ ਉਤ ਰਾਖਹੁ ਦੀਨ ਦਇਆਲਾ
ਤਉ ਸਰਣਾਗਤਿ ਨਦਰਿ ਨਿਹਾਲਾ(੧) ਰਹਾਉ।
ਜਹਾਂ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ
ਤੂੰ ਦਾਤਾ ਭੁਗਤਾ ਤੂੰ ਹੈ ਤੂੰ ਪ੍ਰਾਣ ਅਧਾਰਾ।2।"[1]

ਆਸਾ ਰਾਗੁ: ਇਹ ਰਾਗੁ ਪ੍ਰਸੰਨਤਾ, ਆਸਾ ਮਿਲਨ ਦੇ ਭਾਵ ਜਗਾਉਣ ਵਾਲਾ ਰਾਗੁ ਹੈ। ਹੇਮੰਤ ਰੁੱਤ ਵਿੱਚ ਪ੍ਰਭਾਤ ਵੇਲੇ ਗਾਉਣਵਾਲਾ ਮੁਸਲਮਾਨਾਂ ਦਾ ਪ੍ਰਸਿੱਧ ਰਾਗੁ ਹੈ। ਭਾਈ ਕਾਨ੍ਹ ਸਿੰਘ ਅਨੁਸਾਰ: "ਇਹ ਸੰਪੂਰਣ ਜਾਤਿ ਦੀ ਦੇਸੀ ਰਾਗਨੀ ਹੈ ਜਿਸਦਾ ਆਲਾਪ ਸੰਕੀਰ ਹੋਣੇ ਹੁੰਦਾ ਹੈ।"[2] ਡਾ: ਜਧ ਰਾਮ ਮਿਸ਼ਰ ਨੇ "ਸਿਰੀ ਰਾਗ ਅਤੇ ਮਾਰੂ ਰਾਗੁ ਦੇ ਮਿਸ਼ਰਣ ਐਤਮੇਲ ਦੀ ਗਾਇਕੀ ਤੋਂ ਆਸਾ ਰਾਗਨੀ ਬਣੀ ਮੰਨੀ ਹੈ।"[3] ਰਾਗਆਸਾ ਬਿਲਾਵਲ ਥਾਟ ਦਾ ਰਾਗੁ ਹੈ। ਇਸ ਦਾ ਵਾਦੀ ਸੰਵਾਦੀ ਸੁਰ ਮਧਿਅਮ ਅਤੇ ਤਾਰ ਸਪਤਕ ਦਾ ਸੜਜ ਹੈ। ਇਸ ਰਾਗ ਵਿਚ ਸਾਰੇ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ।"[4] ਇਸ ਰਾਗੁ ਵਿਚ ਗੁਰੂ ਨਾਨਕ ਦੇਵ ਜੀ ਦੀ ਮੌਲਿਕਤਾ ਦੀ ਝਲਕ

1. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 377
2. ਮਹਾਨ ਕੋਸ਼, ਪੰਨਾ 69
3. ਨਾਨਕ ਬਾਣੀ, ਪੰਨਾ 840
4. ਤਾਰਾ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਰਾਗੁ ਵਿਧਾਨ (ਰਾਗਾਂ ਦੀ ਸੰਖਿਆ ਦੇ ਸੰਦਰਭ ਵਿੱਚ) ਸੈਮੀਨਾਰ ਪੇਪਰ (ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ), 1.9.1985

ਦਿਖਾਈ ਦਿੰਦੀ ਹੈ। ਇਸ ਵਿੱਚ ਜੀਵ ਵਿਸ਼ਵਾਸ਼, ਨਿਪਟ ਅੰਧਕਾਰ, ਪਾਖੰਡ ਖੰਡਨ ਤੇ ਮਨੁੱਖ ਨੂੰ ਕੈਦ ਹੈ ਰਹੱਸਮਈ ਵਾਤਾਵਰਣ ਪੇਸ਼ ਕੀਤਾ ਹੈ, ਅਧਿਆਤਮਕ ਉਨਤੀ, ਪਰਮਪਦ ਦੀ ਪ੍ਰਾਪਤੀ,ਨਾਮ ਸਾਧਨਾ, ਗੁਰੂ ਦੀ ਮਹਾਨਤਾ ਦਾ ਨਕਸ਼ ਹੈ। ਹਉਮੈ, ਮਾਇਆ, ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਹੈ। ਮਾੜੀਆਂ ਭਾਵਨਾਵਾਂ ਨੂੰ ਖ਼ਤਮ ਕਰਕੇ ਚੰਗੀਆਂ ਭਾਵਨਾਵਾਂ ਨੂੰ ਗ੍ਰਹਿਣ ਕਰਨ ਦੀ ਰੁਚੀ ਹੈ ਜਿਵੇਂ ਕਿ:

> "ਮਨਮੁਖ ਕੀ ਮਤਿ ਕੂੜਿ ਵਿਆਪੀ। ਬਿਨੁ ਹਰਿ ਸਿਮਰਣ ਪਾਪਿ ਸੰਤਾਪੀ।
> ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ਜੋ ਉਪਜੈ ਸੋ ਅਲਖ ਅਭੇਵਹੁ।"[1]

<u>ਰਾਗੁ ਗੂਜਰੀ</u>: ਆਸ਼ਾ ਸ਼ਕਤੀ ਉਤਸ਼ਾਹ ਜਗਾਉਣ ਵਾਲਾ ਇਹ ਰਾਗੁ ਹੈ। ਪੰਜਾਬੀ ਗੁਜਰਾਂ ਦਾ ਰਾਗ ਹੈ। ਪੰਜਾਬ ਵਿਚ ਇਸ ਰਾਗਨੀ ਦਾ ਵਿਸ਼ੇਸ਼ ਵਿਕਾਸ ਹੋਇਆ ਹੈ ਕਿਉਂਕਿ ਗੁਜਰਾਂ ਦਾ ਵਿਸ਼ੇਸ਼ ਅਧਿਕਾਰ ਖੇਤਰ ਪੰਜਾਬੀ ਅਤੇ ਉਸਦੇ ਨਿਕਟਵਰਤੀ ਉਤਰ ਪ੍ਰਦੇਸ਼ ਦਾ ਇਲਾਕਾ ਹੀ ਰਿਹਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ "ਇਸ ਨੂੰ ਟੋਡੀ ਠਾਟ ਦੀ ਇਕ ਖਾੜਵ ਰਾਗਨੀ ਮੰਨਿਆ ਹੈ।"[2] ਇਹ ਰਾਗੁ ਸਾਰੀਆਂ ਰੁੱਤਾਂ ਵਿੱਚ ਸਵੇਰ ਵੇਲੇ ਗਾਇਆ ਜਾਂਦਾ ਹੈ। ਇਸ ਰਾਗੁ ਵਿਚ ਭਗਤੀ ਭਾਵਨਾ, ਨਾਮ ਸਾਧਨਾ ਤੇ ਜ਼ੋਰ ਦਿੱਤਾ ਗਿਆ ਹੈ। ਇਹ ਰਾਗੁ ਸਪਸ਼ਟ ਅਤੇ ਬਲਵਾਨ ਕੰਮ ਕਰਨ ਵਾਲੇ ਆਦਮੀਆਂ ਦੇ ਸ਼ੁਧ ਮਨ ਤੇ ਸਾਦੇ ਵਿਚਾਰਾਂ ਦਾ ਪ੍ਰਗਟਾਵਾ ਹੈ। ਇਹ ਰਾਗੁ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਦਾ ਸੂਚਕ ਹੈ। ਇਸ ਵਿੱਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਗੁਜਰ ਜਾਤਿ ਨਾਲ ਸੰਬੰਧਿਤ ਸ਼ਬਦਾਵਲੀ ਅਤੇ ਭਾਵਾਂ ਦਾ ਸਮਾਵੇਸ਼ ਹੋਇਆ ਹੈ।

<u>ਬਿਹਾਗੜਾ ਰਾਗੁ</u>: ਇਹ ਰਾਗੁ ਖ਼ੁਸ਼ੀ ਤੇ ਵਿਯੋਗ ਦੇ ਭਾਵਾਂ ਨੂੰ ਜਗਾਉਣ ਵਾਲਾ ਰਾਗੁ ਹੈ। ਅੱਧੀ ਰਾਤ ਸਮੇਂ ਗਾਇਆ ਜਾਣ ਵਾਲਾ ਰਾਗੁ ਹੈ। ਰਾਗਮਾਲਾ ਵਿੱਚ ਇਸ ਰਾਗੁ ਦਾ ਜ਼ਿਕਰ ਨਹੀਂ ਹੈ। ਮਾਇਆ ਆਤਮਾ ਤੇ ਪਰਮਾਤਮਾ ਨੂੰ ਵੱਖ ਕਰ ਦਿੰਦੀ ਹੈ। ਇਸ ਸ਼ਕਤੀ ਤੇ ਜਿੱਤ ਪ੍ਰਾਪਤ ਕਰਨ ਲਈ ਗੁਰੂ ਰਾਹੀਂ ਨਾਮ ਅਪਨਾਣਾ ਚਾਹੀਦਾ ਹੈ। ਇਸ ਰਾਗੁ ਵਿੱਚ ਕਲਜੁਗ ਦੀ ਗੰਭੀਰ ਸਥਿਤੀ ਦੇ ਸੂਚਕ ਦੇ ਸੰਕੇਤ ਮਿਲਦੇ ਹਨ। ਭਾਈ ਕਾਨ੍ਹ ਸਿੰਘ ਅਨੁਸਾਰ: "ਇਹ ਬਿਲਾਵਲ ਥਾਟ ਦਾ ਸੰਪੂਰਣ ਰਾਗ ਹੈ।"[3] ਇਸ ਰਾਗੁ ਵਿੱਚ ਭਗਤਾਂ ਦੀ ਬਾਣੀ ਨਹੀਂ ਮਿਲਦੀ ਆਕਾਰ ਵਿੱਚ ਇਹ ਰਾਗੁ ਸਭ ਤੋਂ ਛੋਟਾ ਹੈ।

<u>ਵਡਹੰਸ ਰਾਗੁ</u>: ਇਹ ਰਾਗੁ ਵਿਰਾਗ, ਮਿਲਣ ਦੀ ਖਾਹਿਸ਼ ਵਾਲਾ ਭਾਵ ਜਗਾਉਣ ਵਾਲਾ ਰਾਗੁ ਹੈ। ਸਰਦੀ ਰੁੱਤ ਦਾ ਦੁਪਹਿਰ ਨੂੰ ਗਾਉਣ ਵਾਲਾ ਰਾਗੁ ਹੈ। ਭਾਈ ਕਾਨ੍ਹ ਸਿੰਘ ਅਨੁਸਾਰ "ਕਮਾਜ ਠਾਟ ਦਾ ਪੂਰਾ ਰਾਗ ਹੈ।"[4]

---

1. ਰਾਗੁ ਆਸਾ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 433
2. <u>ਮਹਾਨ ਕੋਸ਼</u>, ਪੰਨਾ 318
3. ਉਹੀ, ਪੰਨਾ 647

4. ਉਹੀ ਪੰਨਾ ੨੫੭

ਡਾਕਟਰ ਤਾਰਨ ਸਿਘ ਅਨੁਸਾਰ:

> "ਇਸਨੂੰ ਮੇਘ ਦੀ ਇਕ ਰਾਗਨੀ ਮੰਨਿਆ ਹੈ ਜੋ ਸਰਦੀ ਦੇ ਮੌਸਮ ਵਿੱਚ ਦੁਪਹਿਰ ਜਾਂ ਸ਼ਾਮ ਨੂੰ ਗਾਈ ਜਾਂਦੀ ਹੈ।"[1]

ਗੁਰਮਤ ਸੰਗੀਤ ਪਰੰਪਰਾ ਅਨੁਸਾਰ ਸਾਧਾਰਣ ਤੌਰ ਤੇ ਇਹ ਦੁੱਖ ਦੇ ਸਮੇਂ ਜਾਂ ਕਿਸੇ ਦੀ ਮੌਤ ਤੋਂ ਬਾਅਦ ਗਾਇਆ ਜਾਂਦਾ ਹੈ। ਇਹੀ ਕਾਰਨ ਹੈ ਗੁਰੂ ਸਾਹਿਬ ਦੇ ਅਲਾਹੁਣੀਆਂ ਵਰਗੇ ਸ਼ੋਕ ਗੀਤ ਇਸ ਰਾਗ ਵਿਚ ਗਾਏ ਗਏ ਹਨ। ਇਹ ਰਾਗ ਸੰਸਾਰ ਵਲੋਂ ਵੈਰਾਗ ਪੈਦਾ ਕਰਕੇ ਭਗਵੰਤ ਮਿਲਣ ਦੇ ਵਿਖੇ ਦਾ ਕਾਰਣ ਅਸ਼ਾਂਤੀ ਪੈਦਾ ਕਰਦਾ ਹੈ। ਇਸ ਵਿਚ ਹੰਸ (ਆਤਮਾ) ਦਾ ਚਿਤਰਣ ਹੈ। ਇਸ ਰਾਗੁ ਦੀ ਭਾਸ਼ਾ ਭਾਵਮਈ ਤੇ ਵੈਰਾਗ ਭਰੀ ਹੈ।

ਸੋਰਠ ਰਾਗੁ: ਇਹ ਰਾਗੁ ਵੈਰਾਗ ਤੇ ਮਿਲਣ ਦੀ ਚਾਹ ਦਾ ਰਾਗ ਹੈ। ਸਰਦ ਰੁੱਤ ਦਾ ਅੱਧੀ ਰਾਤ ਸਮੇਂ ਗਾਇਆ ਜਾਣ ਵਾਲਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਖਮਾਜ ਠਾਟ ਦਾ ਔੜਵ ਸੰਪੂਰਣ ਰਾਗੁ ਹੈ।"[2]

ਇਸ ਰਾਗ ਵਿਚ ਗੁਰੂ ਸਾਹਿਬ ਨੇ ਜ਼ਿਆਦਾਤਰ ਅੰਧਕਾਰ ਦਾ ਵਰਨਣ ਕੀਤਾ ਹੈ ਜੋ ਮਨੁੱਖ ਨੂੰ ਨਿਰਾਸ਼ ਬਣਾ ਦਿੰਦਾ ਹੈ। ਇਹ ਅੰਧਕਾਰ ਕਈ ਪ੍ਰਕਾਰ ਦਾ ਹੋ ਸਕਦਾ ਹੈ। ਜਿਵੇਂ ਰਾਤ ਦਾ ਅੰਧਕਾਰ, ਮਾਇਆ, ਅਵਿਦਿਆ ਦਾ ਅੰਧਕਾਰ ਜੋ ਮਨੁੱਖ ਨੂੰ ਕੁਰਾਹੇ ਲੈ ਜਾਂਦਾ ਹੈ। ਕਰਮਕਾਂਡੀ ਪੰਡਿਤ ਨੂੰ ਸਮਝਾਉਂਦਿਆਂ ਗੁਰੂ ਜੀ ਨੇ ਕਿਹਾ ਹੈ:

> "ਸੁਣਿ ਪੰਡਿਤ ਕਰਮਾਕਾਰੀ
> ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ।ਰਹਾਉ।
> ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ।"[3]

---

1. ਗੁਰੂ ਨਾਨਕ ਚਿੰਤਨ ਤੇ ਕਲਾ, ਪੰਨੇ 809-10
2. ਮਹਾਨ ਕੋਸ਼, ਪੰਨਾ 175
3. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 704

ਧਨਾਸਰੀ ਰਾਗੁ। ਇਹ ਰਾਗੁ ਦੁਖ ਪੀੜ ਜਗਾਉਣ ਵਾਲਾ ਭਾਵ ਰੱਖਦਾ ਹੈ। ਸਰਦ ਰੁੱਤ ਵਿੱਚ ਦੁਪਹਿਰ ਮਗਰੋਂ ਗਾਇਆ ਜਾਣ ਵਾਲਾ ਰਾਗੁ ਹੈ। ਭਾਈ ਕਾਨ੍ਹ ਸਿੰਘ ਨੇ "ਇਸ ਰਾਗੁ ਨੂੰ ਕਾਫ਼ੀ ਠਾਟ ਦੀ ਸੰਪੂਰਣ ਰਾਗਨੀ ਮੰਨਿਆ ਹੈ ਅਤੇ ਇਸ ਨੂੰ ਗਾਣ ਦਾ ਤੀਸਰਾ ਪਹਿਰ ਦੱਸਿਆ ਹੈ।"[1]

ਰਾਗਮਾਲਾ ਅਨੁਸਾਰ ਇਹ ਮਾਲਕੌਸ ਦੀ ਰਾਗਨੀ ਹੈ। ਇਸ ਵਿੱਚ ਜ਼ਿਆਦਾ ਤਰ ਵੈਰਾਗ ਦੀ ਭਾਵਨਾ ਪ੍ਰਗਟ ਕੀਤੀ ਜਾਂਦੀ ਹੈ। ਤਦ ਹੀ ਇਸ ਰਾਗ ਅਧੀਨ ਧਾਰਮਿਕ ਕਰਮਕਾਂਡ, ਬਾਹਰਲੇ ਦਿਖਾਵੇ ਤੇ ਆਡੰਬਰਾਂ ਪ੍ਰਤੀ ਉਦਾਸੀਨਤਾ ਦਿਖਾਈ ਹੈ। ਇਸ ਰਾਗੁ ਵਿਚ ਵੈਰਾਗ ਦਾ ਕਾਰਨ ਅਸੰਤੋਸ਼ ਹੈ। ਉਹ ਵੀ ਕਿਸੇ ਇਕ ਤੋਂ ਨਹੀਂ ਜੋਗੀਆਂ ਕਾਜ਼ੀਆਂ ਤੇ ਬ੍ਰਾਹਮਣਾਂ ਤੇ ਉਨ੍ਹਾਂ ਸਭ ਤੋਂ ਵੱਧ ਆਪਣੇ ਤੋਂ ਹੀ ਅਸੰਤੋਸ਼ ਹੈ। ਗੁਰੂ ਸਾਹਿਬ ਨੇ ਨਾਮ ਸਾਧਨਾ ਨੂੰ ਮੁਕਤੀ ਦਾ ਰਾਹੀ ਦੱਸਿਆ ਹੈ।

ਤਿਲੰਗ ਰਾਗੁ। ਵਿਰਾਗ ਦਾ ਭਾਵ ਜਗਾਉਣ ਵਾਲਾ ਇਹ ਰਾਗੁ ਵਰਸ਼ਾ ਰੁੱਤ ਵਿੱਚ ਅੱਧੀ ਰਾਤ ਗਾਉਣ ਵਾਲਾ ਰਾਗੁ ਹੈ। ਇਸ ਰਾਗ ਦਾ ਪੰਜਾਬ ਪ੍ਰਦੇਸ਼ ਵਿਚ ਜ਼ਿਆਦਾ ਬੋਲਬਾਲਾ ਰਿਹਾ। ਮੁਸਲਮਾਨ ਫ਼ਕੀਰਾਂ ਨੇ ਤੇ ਸੂਫ਼ੀ ਫ਼ਕੀਰਾਂ ਨੇ ਆਪਣਾ ਕਾਵਿ ਅਧਿਕਤਰ ਇਸੇ ਰਾਗ ਵਿਚ ਰਚਿਆ ਹੈ। ਭਾਈ ਕਾਨ੍ਹ ਸਿੰਘ ਅਨੁਸਾਰ।

> "ਇਹ ਬਿਲਾਵਲ ਰਾਗੁ ਦਾ ਇਕ ਔੜਵ ਰਾਗੁ ਹੈ ਜਿਸਨੂੰ ਗਾਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ।"[2]

ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਨਾਲ ਵਿਆਹ ਦੀ ਇੱਛਕ ਆਤਮਾ ਦੀ ਵਿਖੀ ਚਾਹ ਦਾ ਵਰਨਣ ਕੀਤਾ ਹੈ। ਨਾਲ ਹੀ ਪੰਜਾਬ ਦੀਆਂ ਪਰਸਥਿਤੀਆਂ ਨੂੰ ਬਿਆਨਿਆ ਹੈ। ਬਿਰਹਾ ਤੇ ਸੰਜੋਗ ਦਾ ਵਰਨਣ ਹਿਰਦੇਵੇਧਕ ਹੈ। ਪਰਮਾਤਮਾ ਦੇ ਵਾਸਤਵਿਕ ਸਰੂਪ ਨੂੰ ਨਾ ਸਮਝਣ ਵਾਲੀ ਇਆਣੀ ਜੀਵਆਤਮਾ ਰੂਪੀ ਨਾਇਕਾ ਨੂੰ ਵਾਸਤਵਿਕ ਤੱਥ ਦਾ ਬੋਧ ਕਰਾਉਂਦਿਆਂ ਕਿਹਾ ਹੈ।

> "ਇਆਣੜੀਏ ਮਾਨੜਾ ਕਾਇ ਕਰੇਹਿ
> ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।

---

1. ਮਹਾਨ ਕੋਸ਼, ਪੰਨਾ 494
2. ਉਹੀ, ਪੰਨਾ 444

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।"[1]

ਸੂਹੀ ਰਾਗੁ: ਇਹ ਰਾਗ ਅਨੰਦ, ਖੁਸ਼ੀ ਦੀ ਅਨੁਭੂਤੀ ਜਗਾਉਣ ਵਾਲਾ ਹੈ। ਬਸੰਤ ਰੁੱਤ ਵਿੱਚ ਸਦਾ ਬਹਾਰ ਦਾ ਰਾਗ ਹੈ। ਰਾਗ ਮਾਲਾ ਵਿਚ ਇਸ ਨੂੰ ਮੇਘ ਰਾਗ ਦੀ ਰਾਗਣੀ ਕਿਹਾ ਗਿਆ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਕਾਫ਼ੀ ਠਾਟ ਦੀ ਖਾੜਵ ਰਾਗਣੀ ਹੈ ਅਤੇ ਇਸ ਦੇ ਗਾਣ ਦਾ ਸਮਾਂ ਦੁਪਹਿਰ ਹੈ।"[2]

ਇਸ ਵਿਚ ਦੰਪਤਿਕ ਜੀਵਨ ਤੋਂ ਅਨੇਕ ਉਪਮਾਨ ਹਨ ਜੋ ਗੁਰੂ ਜੀ ਨੇ ਪ੍ਰਭੂ ਰੂਪੀ ਪਤੀ ਦਾ ਸੰਜੋਗ ਪ੍ਰਾਪਤ ਕਰਨ ਲਈ ਕਲਪਨਾਵਾਂ ਕੀਤੀਆਂ ਹਨ ਜਿਵੇਂ:

> "ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ।"[3]

ਸੂਹੀ ਵਿਚ ਪਵਿਤ੍ਰ ਆਤਮਾ ਦੀ ਪ੍ਰਤੀਨਿਧਤਾ ਦੇਖ ਕੇ ਬ੍ਰਹਮ ਨਾਲ ਮਿਲਣ ਹੋ ਸਕਦਾ ਹੈ ਕਿਉਂਕਿ ਪਵਿੱਤਰ ਹਿਰਦੇ ਵਿਚ ਬ੍ਰਹਮ ਆਪ ਵਸਦਾ ਹੈ। ਨਿਵ੍ਰਿਤੀ ਨਹੀਂ ਸਗੋਂ ਪ੍ਰਵਿਰਤੀ ਮਾਰਗ ਤੇ ਚਲਦਿਆਂ ਗ੍ਰਿਹਸਤੀ ਜੀਵਨ ਰਾਹੀਂ ਪ੍ਰਭੂ ਮਿਲ ਸਕਦਾ ਹੈ। ਭਗਤ ਨੂੰ ਸੁਹੱਜੀ ਤੇ ਮਾਇਆ ਧਾਰਣੀ ਨੂੰ ਕੁਚੱਜੀ ਦਾ ਨਾਂ ਦਿੱਤਾ ਹੈ।

ਬਿਲਾਵਲ ਰਾਗੁ: ਰਾਗੁ ਬਿਲਾਵਲ ਪ੍ਰਸਿਧ ਰਾਗੁ ਹੈ। "ਇਸ ਰਾਗ ਵਿਚ ਸਾਰੇ ਸੁਰ ਸ਼ੁਧ ਪ੍ਰਯੋਗ ਹੁੰਦੇ ਹਨ ਅਤੇ ਵਾਦੀ ਸੰਵਾਦੀ ਕ੍ਰਮਵਾਰ ਧੈਵਤ ਤੇ ਗੰਧਾਰ ਹਨ। ਇਸ ਰਾਗੁ ਦੀ ਜਾਤੀ ਸੰਪੂਰਣ ਹੈ।"[4] ਬਸੰਤ ਰੁੱਤ ਵਿਚ ਅੰਮ੍ਰਿਤ ਵੇਲੇ ਗਾਉਣ ਯੋਗ ਇਹ ਰਾਗ ਮਿਲਨ ਤੋਂ ਉਤਪੰਨ ਹੋਈ ਤ੍ਰਿਪਤੀ ਤੇ ਜੀਵਨ ਵਿੱਚ ਸਫ਼ਲਤਾ ਦੀ ਆਸ਼ਾ ਦਾ ਸੂਚਕ ਹੈ। ਰਾਗਮਾਲਾ ਵਿੱਚ ਇਸਨੂੰ ਭੈਰਵ ਦਾ ਪੁੱਤਰ ਮੰਨਿਆ

---

1. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 759
2. ਮਹਾਨ ਕੋਸ਼, ਪੰਨਾ 167
3. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 803
4. ਤਾਰਾ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਰਾਗ ਵਿਧਾਨ, ਸੈਮੀਨਾਰ ਪੇਪਰ (ਡੀਪਾਰਟਮੈਂਟ ਆਫ਼ ਗੁਰੂ ਨਾਨਕ ਸਿੱਖ ਸਟੱਡੀਜ਼)

ਗਿਆ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਸੰਪੂਰਣ ਜਾਤਿ ਦਾ ਰਾਗ ਹੈ। ਇਸ ਦੇ ਗਾਣ ਦਾ ਸਮਾਂ ਦਿਨ ਦੇ ਦੂਜੇ ਪਹਿਰ ਦਾ ਸ਼ੁਰੂ ਹੈ। ਪਰੰਪਰਾ ਅਨੁਸਾਰ ਇਹ ਖੁਸ਼ੀ ਦੇ ਮੌਕੇ ਤੇ ਗਾਇਆ ਜਾਂਦਾ ਹੈ।"[1]

ਸੰਗੀਤ ਗ੍ਰੰਥਾਂ ਵਿਚ ਇਸ ਦਾ ਵਰਣਨ ਕੇਸਰ, ਚੰਦਨ, ਰਚੀਰਤ ਤੇ ਸਵੇਰ ਸ਼ਸਤਰਧਾਰੀ ਦੇ ਰੂਪ ਵਿਚ ਕੀਤਾ ਗਿਆ ਹੈ। ਇਸ ਰਾਗੁ ਵਿਚ ਰਚੀ ਗਈ ਗੁਰੂ ਨਾਨਕ ਬਾਣੀ ਵਿਚ ਜ਼ਿਆਦਾਤਰ ਪ੍ਰਭੂ ਦੀ ਪ੍ਰਸੰਸਾ, ਆਨੰਦ ਤੇ ਖੁਸ਼ੀਮਈ ਭਾਵ ਪ੍ਰਗਟਾਏ ਗਏ ਹਨ। ਰਾਗੁ ਦੇ ਆਰੰਭ ਵਿੱਚ ਹੀ ਉਸਦਾ ਪ੍ਰਧਾਨ ਸੁਰ ਬ੍ਰਹਮਾ ਵੱਲ ਰੁਚ ਸਪਸ਼ਟ ਹੋ ਜਾਂਦਾ ਹੈ। ਉਹ ਨਾ ਕੇਵਲ ਰਾਮ, ਅਗੋਚਰ, ਅਲਖ ਅਗਾਧ ਹੀ ਹੈ ਸਗੋਂ ਉਸਦੀ ਵਡਿਆਈ ਪ੍ਰਗਟ ਸ਼ਾਂਤੀ ਦੀ ਸੂਚਕ ਹੈ। ਜਿਵੇਂ: 'ਗੁਰਮਤਿ ਮਨ ਰਹਸੀ ਸੀਝਸਿ ਦੇਹੀ ਰਾਮ।।'

<u>ਰਾਮਕਲੀ ਰਾਗੁ:</u> ਇਹ ਵਿਸ਼ੇਸ਼ ਜੋਗੀਆਂ ਦਾ ਪ੍ਰਿਯ ਰਾਗ ਵੈਰਾਗ ਅਤੇ ਅੰਮ੍ਰਿਤ ਦਾ ਭਾਵ ਜਗਾਉਂਦਾ ਹੈ। ਬਸੰਤ ਰੁੱਤ ਵਿਚ ਪ੍ਰਾਤਾਕਾਲ ਸਮੇਂ ਗਾਇਆ ਜਾਣ ਵਾਲਾ ਰਾਗ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਭੈਰਵ ਥਾਟ ਦੀ ਔੜਵ ਸੰਪੂਰਨ ਰਾਗਣੀ ਹੈ।"[2]

ਇਸ ਦੇ ਗਾਏ ਜਾਣ ਦਾ ਸਮਾਂ ਸੂਰਜ ਨਿਕਲਣ ਤੋਂ ਛਿਪਣ ਤੱਕ ਦਾ ਹੈ, ਰਾਗਮਾਲਾ ਵਿੱਚ ਇਸਦਾ ਉਲੇਖ ਨਹੀਂ। ਪੰਜਾਬ ਦੇ ਨਾਥ ਜੋਗੀਆਂ ਨਾਲ ਇਸ ਰਾਗ ਦਾ ਵਿਸ਼ੇਸ਼ ਪ੍ਰਚਲਨ ਰਿਹਾ। ਉਨ੍ਹਾਂ ਆਪਣੀ ਸਿਧਾਂਤਕ ਅਤੇ ਭਾਵਾਤਮਕ ਵਿਚਾਰਧਾਰਾ ਨੂੰ ਇਸ ਰਾਗ ਰਾਹੀਂ ਬਿਆਨਿਆ ਹੈ। ਗੁਰੂ ਸਾਹਿਬ ਨੇ ਜੋ ਸਿੱਧਾਂ ਨਾਲ ਗੋਸ਼ਟੀਆਂ ਤੇ ਵਿਚਾਰ ਵਟਾਂਦਰੇ ਕੀਤੇ, ਉਨ੍ਹਾਂ ਦਾ ਉਲੇਖ ਜ਼ਿਆਦਾ ਕਰ ਇਸੇ ਰਾਗ ਵਿਚ ਕੀਤਾ ਹੈ। 'ਸਿਧ ਗੋਸਟਿ ਅਤੇ ਓਅੰਕਾਰ' ਬਾਣੀਆਂ ਇਸੇ ਰਾਗ ਵਿਚ ਹਨ। ਵਿਸ਼ਯ ਦੇ ਪੱਖ ਤੋਂ ਜੋਗੀਆਂ ਦੀਆਂ ਬਾਹਰਿਕ ਪ੍ਰਵਿਰਤੀਆਂ ਅਤੇ ਭੇਖ, ਜੋਗ ਸਾਧਨਾ ਦਾ ਖੰਡਨ

---

1. <u>ਮਹਾਨ ਕੋਸ਼</u>, ਪੰਨਾ 646
2. ਉਹੀ, ਪੰਨਾ 774

ਕਰਦੇ ਹੋਏ ਨਾਮ ਸਾਧਨਾ ਤੇ ਸੱਚ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਇਸ ਵਿੱਚ ਹੈ। ਨਾਮ ਦੀ ਵਡਿਆਈ ਦੱਸਦੇ ਹੋਏ ਕਿਹਾ ਹੈ:

"ਨਾਮੇ ਰਤੇ ਹਉਮੈ ਜਾਇ। ਨਾਮਿ ਰਤੇ ਸਚਿ ਰਹੇ ਸਮਾਇ
ਨਾਮਿ ਰਤੇ ਜੋਗ ਜੁਗਤਿ ਬੀਚਾਰੁ। ਨਾਮਿ ਰਤੇ ਪਾਵਹਿ ਮੋਖ ਦੁਆਰੁ।"[1]

ਮਾਰੂ ਰਾਗੁ: ਇਹ ਰਾਗੁ ਯੁਧ ਤੇ ਵੀਰ ਭਾਵ ਜਗਾਉਂਦਾ ਹੈ। ਸਰਦ ਰੁੱਤ ਵਿਚ ਦੁਪਹਿਰ ਮਗਰੋਂ ਗਾਇਆ ਜਾਣ ਵਾਲਾ ਰਾਗ ਹੈ। ਰਾਗਮਾਲਾ ਵਿਚ ਇਸ ਰਾਗ ਨੂੰ ਮਾਲਕੌਸ ਦਾ ਪੁੱਤਰ ਮੰਨਿਆ ਗਿਆ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

"ਇਹ ਖਾੜਵ ਜਾਤੀ ਦਾ ਰਾਗ ਹੈ ਅਤੇ ਦਿਨ ਦੇ ਤੀਜੇ ਪਹਿਰ ਵਿੱਚ ਸਾਧਾਰਣ ਢੰਗ ਨਾਲ ਗਾਇਆ ਜਾਂਦਾ ਹੈ।"[2]

ਇਹ ਆਮ ਤੌਰ ਤੇ ਯੁੱਧ ਸਮੇਂ ਤੇ ਖਾਸ ਤੌਰ ਤੇ ਮਿਰਤੂ ਦੇ ਸਮੇਂ ਗਾਇਆ ਜਾਂਦਾ ਹੈ, ਸਿੱਖ ਗੁਰੂਆਂ ਨੇ ਯੁੱਧ ਦਾ ਜ਼ਿਕਰ ਮਨ ਨਾਲ ਕੀਤਾ ਹੈ। ਇਸ ਰਾਗ ਵਿਚ ਮਨ ਨਾਲ ਜੂਝਣ ਦੀ ਪ੍ਰਧਾਨਤਾ ਹੈ। ਜਿਗਿਆਸੂ ਨੂੰ ਗੁਰੂ ਦੀ ਸਹਾਇਤਾ ਨਾਲ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਉਤਸ਼ਾਹ-ਮਈ ਪ੍ਰੇਰਨਾ ਮਨ ਨੂੰ ਦੇਣੀ ਚਾਹੀਦੀ ਹੈ। ਸਭ ਤੋਂ ਬਲਵਾਨ ਹਥਿਆਰ ਭਗਤੀ ਹੈ ਜਿਸ ਨਾਲ ਸਾਰੇ ਕਰਮ ਕਾਂਡ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਤੁਖਾਰੀ ਰਾਗੁ: ਤੁਖਾਰੀ ਰਾਗੁ ਦੁਖ ਭਾਵਨਾ, ਪ੍ਰਸੰਨਤਾ, ਵੈਰਾਗ ਭਾਵ ਜਗਾਉਣ ਵਾਲਾ ਰਾਗ ਹੈ ਜਿਸਨੂੰ ਸਰਦ ਰੁੱਤ ਵਿੱਚ ਪਰਾਤਾਕਾਲ ਸਮੇਂ ਗਾਇਆ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

"ਇਹ ਸੰਪੂਰਣ ਜਾਤਿ ਦੀ ਇਕ ਰਾਗਨੀ ਹੈ। ਇਸ ਦੇ ਗਾਣ ਦਾ ਸਮਾ ਚਾਰ ਘੜੀਆਂ ਦਿਨ ਬੀਤਣ ਹੈ।"[3]

---

1. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1005
2. ਮਹਾਨ ਕੋਸ਼, ਪੰਨਾ 724
3. ਉਹੀ, ਪੰਨਾ 446

ਇਹ ਆਮ ਤੌਰ ਤੇ ਭੈਰਵ, ਟੋਡੀ ਅਤੇ ਰਾਮਕਲੀ ਦੇ ਸੰਜੋਗ ਤੋਂ ਬਣਦਾ ਹੈ। ਰਾਗਮਾਲਾ ਵਿਚ ਇਸ ਦਾ ਉਲੇਖ ਨਹੀਂ ਹੈ। ਇਸ ਰਾਗ ਦੀ ਬਾਣੀ ਵਿਚ ਵਿਜੋਗ, ਵਿਰਹਾ ਤੋਂ ਉਤਪੰਨ ਹੋਈ ਵੇਦਨਾ ਦਾ ਕੁਦਰਤੀ ਦ੍ਰਿਸ਼ਾਂ ਨਾਲ ਵਿਸਤਾਰ ਹੈ। ਜਿਗਿਆਸੂਆਂ ਦੀ ਭਾਵਨਾ ਤੇ ਮਿਲਣ ਤੇ ਖੁਸ਼ ਹੋਈਆਂ ਭਾਵਨਾਵਾਂ ਦਾ ਜ਼ਿਕਰ ਹੈ। 'ਬਾਰਹਮਾਹ' ਇਸ ਰਾਗ ਦੀ ਪ੍ਰਸਿੱਧ ਰਚਨਾ ਹੈ ਜੋ ਵਿਜੋਗ ਤੇ ਸੰਜੋਗ ਦੀ ਉੱਤਮ ਕ੍ਰਿਤ ਹੈ। ਗੁਰੂ ਨਾਨਕ ਦੀ ਸਾਧਿਕਾ ਪ੍ਰਭੂ ਮਿਲਣ ਲਈ ਆਪਣੇ ਆਪ ਨੂੰ ਤਿਆਰ ਕਰਦੀ ਹੋਈ ਸ਼ੁਭ ਕਰਮਾਂ ਦੇ ਚੋਲਣ ਦੀ ਪ੍ਰੇਰਨਾ ਦਿੰਦੀ ਹੈ ਜਿਵੇਂ:

"ਮੁਧ ਨੈਣ ਰਤੋਲੀ ਗੁਣ ਸਨੇਹੀ ਕਿਉ ਪ੍ਰਭੂ ਮਿਲਾ ਪਿਆਰੇ"[1]

ਭੈਰਉ ਰਾਗੁ: ਇਹ ਰੁਹਾਨੀ ਭਾਵ ਸਮਪੂਰਣ ਜਾਤਾ ਰਾਗ ਹੈ। ਸਰਦ ਰੁੱਤ ਵਿਚ ਪ੍ਰਾਤਾਕਾਲ ਸਮੇਂ ਗਾਇਆ ਜਾਣ ਵਾਲਾ ਰਾਗ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਸੰਪੂਰਣ ਜਾਤਿ ਦਾ ਮਾਨਕੀ ਰਾਗ ਹੈ ਅਤੇ ਇਸ ਦੇ ਛੇ ਰਾਗਾਂ ਦੀ ਗਿਣਤੀ ਹੁੰਦੀ ਹੈ। ਇਸ ਦੇ ਅਲਾਪ ਦਾ ਸਮਾਂ ਸਵੇਰ ਵੇਲਾ ਹੈ।"[2]

ਰਾਗਮਾਲਾ ਵਿਚ ਇਸ ਰਾਗ ਨੂੰ ਪ੍ਰਥਮ ਸਥਾਨ ਦਿੱਤਿਆ ਹੈ। ਇਸ ਰਾਗ ਵਿਚ ਨਾਵਾਂ ਦੀ ਗਿਣਤਾ ਹੈ। ਨਾਮ ਸਿਮਰਨ, ਗੁਰੂ ਦੀ ਸੇਵਾ, ਹਉਮੈ ਦਾ ਨਾਸ਼ ਇਸ ਵਿਚ ਪ੍ਰਮੁੱਖ ਵਿਸ਼ਾ ਹਨ। ਹਉਮੈ ਤੇ ਮਾਇਆ ਤੋਂ ਛੁਟਕਾਰਾ ਪਾਉਣ ਲਈ ਨਾਮ ਸਾਧਨਾ ਜ਼ਰੂਰੀ ਹੈ।

ਬਸੰਤ ਰਾਗੁ: ਇਹ ਅਨੰਦ, ਖੁਸ਼ੀ ਤੇ ਸੰਗੀਤਕ ਭਾਵ ਸਮਪੂਰਣ ਜਾਤਾ ਰਾਗ ਹੈ। ਬਸੰਤ ਰੁੱਤ ਵਿਚ ਸਦਾ ਗਾਇਆ ਜਾਣ ਵਾਲਾ ਰਾਗ ਹੈ। ਭਾਈ ਕਾਨ੍ਹ ਸਿੰਘ ਨੇ "ਇਸ ਰਾਗ ਦਾ ਪੂਰਬੀ ਠਾਟ ਅਨੁਸਾਰ ਰਾਗ ਮੰਨਿਆ ਹੈ। ਇਸ ਦੇ ਗਾਉਣ ਦਾ ਸਮਾਂ ਬਸੰਤ ਰੁੱਤ ਜਾਂ ਰਾਤ ਹੈ।"[3]

ਰਾਗਮਾਲਾ ਅਨੁਸਾਰ ਇਹ ਹਿੰਡੋਲ ਦਾ ਪੁੱਤਰ ਹੈ। ਬਸੰਤ ਰੁੱਤ ਨਾਲ ਸੰਬੰਧਿਤ ਹੋਣ ਕਰਕੇ ਪ੍ਰਕ੍ਰਿਤੀ ਦਾ ਹੁਲਾਸ ਇਸ ਰਾਗ ਵਿਚ ਵਿਦਮਾਨ ਹੈ। ਬਸੰਤ ਮਿਲਣ ਦੀ ਪੂਰਨਤਾ ਦਾ ਸੂਚਕ ਹੈ। ਇਸ ਮਿਲਣ ਵਿਚ ਬਾਹਰੀ ਅਡੰਬਰ ਪੂਜਾ ਅਸਥਿਰ ਮਨ ਹਉਮੈ ਸੰਪਤੀ ਦਾ ਮੋਹ ਤੇ

---

1. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1265
2. ਮਹਾਨ ਕੋਸ਼, ਪੰਨਾ 692
3. ਉਹੀ, ਪੰਨਾ 618

ਅਗਿਆਨ ਆਦਿ ਬਾਧਕ ਹਨ। ਮਨ ਨੂੰ ਵਸ ਵਿਚ ਕਰਨਾ, ਗੁਰੂ ਤੇ ਵਿਸ਼ਵਾਸ਼ ਰਖਣਾ ਆਦਿ ਭਾਵ ਰਬ ਨੂੰ ਮਿਲਣ ਵਿੱਚ ਸਹਾਈ ਹੁੰਦੇ ਹਨ। ਇਸ ਰਾਗੁ ਦੀ ਭਾਸ਼ਾ ਵਧੇਰੇ ਅਲੰਕਾਰਕ ਤੇ ਰਸੀਲੀ ਹੈ।

ਸਾਰੰਗ ਰਾਗੁ: ਇਹ ਰਾਗ ਅਨੰਦ ਤੇ ਪ੍ਰਸੰਨਤਾ ਦਾ ਭਾਵ ਜਗਾਉਣ ਵਾਲਾ ਵਰਖਾ ਰੁੱਤ ਦਾ ਰਾਗ ਹੈ। ਇਹ ਦੁਪਹਿਰ ਵੇਲੇ ਗਾਇਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਕਾਫੀ ਠਾਟ ਦਾ ਔੜਵ ਖਾੜਵ ਹੈ ਇਸ ਦੇ ਗਾਣ ਦਾ ਵੇਲਾ ਦੁਪਹਿਰ ਵੇਲਾ ਹੈ।"[1]

ਰਾਗਮਾਲਾ ਵਿਚ ਇਹ ਸਿਰੀ ਰਾਗ ਦਾ ਪੁੱਤਰ ਮੰਨਿਆ ਗਿਆ ਹੈ। ਗੁਰੂ ਸਾਹਿਬ ਨੇ ਇਸ ਰਾਗ ਮੁਤਾਬਕ ਵਰਸ਼ਾ ਰੁੱਤ ਦਾ ਵਰਨਣ ਬਹੁਤ ਖੂਬਸੂਰਤ ਕੀਤਾ ਹੈ। ਬਰਖਾ ਤੋਂ ਪਿਆਰੇ ਸਾਰੰਗ ਦੀ ਉਦਾਹਰਣ ਦਿੱਤੀ ਹੈ, ਮੋਰ ਬੋਲਦੇ ਹਨ, ਕਾਲੀਆਂ ਘਟਾਵਾਂ ਛਾਈਆਂ ਹਨ, ਬੂੰਦ ਬੂੰਦ ਮੀਂਹ ਵਸ ਰਿਹਾ ਹੈ, ਆਤਮਾ ਪ੍ਰੀਤਮ ਦੇ ਦਰਸ਼ਨਾਂ ਨੂੰ ਤਾਂਘਦੀ ਹੈ। ਪ੍ਰੀਤਮ ਦੀ ਗੈਰਹਾਜ਼ਰੀ ਵਿਚ ਉਸਦਾ ਕੀ ਹਾਲ ਹੈ ਉਸ ਦਾ ਚਿੱਤਰ ਇਸ ਤਰ੍ਹਾਂ ਖਿੱਚਿਆ ਹੈ:

> "ਉਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ
> ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ।"[2]

ਮਲਾਰ ਰਾਗੁ: ਇਹ ਅਨੰਦ ਤੇ ਪ੍ਰਸੰਨਤਾ ਪੈਦਾ ਕਰਨ ਵਾਲਾ ਰਾਗ ਹੈ। ਵਰਖਾ ਰੁੱਤ ਦਾ ਅੱਧੀ ਰਾਤ ਦਾ ਰਾਗ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਖਮਾਜ ਠਾਟ ਦਾ ਔੜਵ ਰਾਗ ਹੈ ਅਤੇ ਇਸ ਨੂੰ ਗਾਣ ਦਾ ਸਮਾਂ ਵਰਸ਼ਾ ਰੁੱਤ ਅਤੇ ਰਾਤ ਹੈ।"[3]

---

1. ਮਹਾਨ ਕੋਸ਼, ਪੰਨਾ 140
2. ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1339
3. ਮਹਾਨ ਕੋਸ਼, ਪੰਨਾ 716

ਰਾਗਮਾਲਾ ਅਨੁਸਾਰ ਇਹ ਮੇਘ ਦੀ ਰਾਗਨੀ ਹੈ। ਇਹ ਮੇਘ, ਗੌਂਡ, ਸਾਰੰਗ ਦੇ ਮਿਸ਼੍ਰਣ ਨਾਲ ਬਣਦਾ ਹੈ, ਦੇਰ ਤਕ ਰਹਿਣ ਵਾਲੀ ਖੁਸ਼ੀ, ਪ੍ਰੇਮਾ-ਭਗਤੀ, ਮਿਲਣ ਦੀ ਅਵਸਥਾ ਸਿਰਫ਼ ਪ੍ਰੀਤਮ ਨਾਲ ਪ੍ਰੇਮ ਕਰਨ ਉਪਰੰਤ ਹੀ ਹਾਸਲ ਹੋ ਸਕਦੀ ਹੈ। ਵਰਸ਼ਾ ਰੁੱਤ ਨਾਲ ਇਸਦਾ ਸੁਮੇਲ ਹੈ ਜਦੋਂ ਕਿਹਾ ਹੈ:

> "ਖਸਮੁ ਘਣਾ ਮੇਰਾ ਪਿਰੁ ਘਰਿ ਆਇਆ
> ਬਲਿ ਜਾਵਾ ਗੁਰ ਅਪਣੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ। ਰਹਾਉ।"[1]

<u>ਪ੍ਰਭਾਤਿ ਰਾਗੁ</u>: ਇਹ ਸ਼ਾਂਤੀ ਤੇ ਪ੍ਰਸੰਨਤਾ ਦੇ ਭਾਵ ਜਗਾਉਣ ਵਾਲਾ ਰਾਗੁ ਹੈ। ਸਰਦ ਰੁੱਤ ਵਿੱਚ ਪ੍ਰਾਤਾਕਾਲ ਇਸ ਨੂੰ ਗਾਇਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ:

> "ਇਹ ਭੈਰਵ ਠਾਟ ਦੀ ਸੰਪੂਰਨ ਰਾਗਣੀ ਹੈ ਅਤੇ ਸਵੇਰ ਵੇਲੇ ਗਾਈ ਜਾਂਦੀ ਹੈ।"[2]

ਰਾਗਮਾਲਾ ਵਿੱਚ ਇਸ ਦਾ ਉਲੇਖ ਨਹੀਂ ਹੋਇਆ। ਇਹ ਰਾਗੁ ਆਸਾ ਅਤੇ ਭੈਰਵ ਦੇ ਸੰਯੋਗ ਤੋਂ ਬਣਦਾ ਹੈ। ਇਸ ਰਾਗ ਵਿਚ ਭਗਤੀ, ਗੁਰੂ ਤੇ ਨਾਮ ਨਾਲ ਸੰਬੰਧਿਤ ਭਾਵਾਂ ਦਾ ਚਿੱਤਰ ਹੈ।

> "ਇਹ ਉਸ ਊਸ਼ਾ ਦਾ ਰਾਗ ਹੈ ਜਿਸਦੀ ਪਹਿਲੀ ਕਿਰਣ ਸੰਸਾਰ ਨੂੰ ਪ੍ਰਕਾਸ਼ ਦਿੰਦੀ ਹੈ ਮਾਇਆ ਦੀ ਕਾਲੀ ਚਾਦਰ ਲਾਹਕੇ ਸਫ਼ੈਦ ਬਸਤਰ (ਭਗਤੀ) ਪਹਿਨਾ ਦਿੰਦੀ ਹੈ।"[3]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਰਾਗ-ਬੱਧ ਹੈ। ਜਿਸ ਰਾਹੀਂ ਮਨੁੱਖੀ ਮਨ ਉੱਤੇ ਪਰਮਾਤਮਾ ਦਾ ਪ੍ਰੇਮ ਪਾਉਣ ਦਾ ਸੁੰਦਰ ਤੇ ਆਕਰਸ਼ਕ ਤਰੀਕਾ ਹੈ। ਪ੍ਰੇਮਾ ਭਗਤੀ, ਨਾਮ ਸਾਧਨਾ ਦਾ ਪ੍ਰਗਟਾ ਸਮੇਂ ਤੇ ਰੁੱਤਾਂ ਦੀ ਪਾਬੰਦੀ, ਜਾਤਾਂ ਪ੍ਰਦੇਸ਼ਾਂ ਤੇ ਸੰਸਕ੍ਰਿਤੀਆਂ ਵਿਚਾਲੇ

---

1. <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 1387
2. <u>ਮਹਾਨ ਕੋਸ਼</u>, ਪੰਨਾ 600
3. ਉਹੀ

ਤਾਲ ਮੇਲ ਰਾਗਾਂ ਰਾਹੀਂ ਪੈਦਾ ਕੀਤਾ ਹੈ।[1]

ਉਪਰੋਕਤ ਤਿੰਨ ਵਰਗਾਂ ਤੋਂ ਇਲਾਵਾ ਵੀ ਵੱਖੋ ਵੱਖਰੇ ਮੌਕਿਆਂ ਜਾਂ ਹਾਲਾਤਾਂ ਉਤੇ ਉਚਾਰੇ ਗਏ ਬਹੁਤ ਅਜਿਹੇ ਸ਼ਬਦ ਵੀ ਹਨ ਜਿਨ੍ਹਾਂ ਨੂੰ ਸਮੁੱਚੇ ਤੌਰ ਤੇ ਚਉਪਦੇ, ਅਸ਼ਟਪਦੀਆਂ, ਛੰਤ, ਸੋਹਲੇ, ਸ਼ਲੋਕ, ਕਿਹਾ ਜਾਂਦਾ ਹੈ।

## ਸ਼ਲੋਕ

ਗੁਰੂ ਨਾਨਕ ਦੇਵ ਜੀ ਨੇ 260 ਸ਼ਲੋਕਾਂ ਦੇ ਕਰੀਬ ਰਚਨਾ ਕੀਤੀ ਹੈ। ਡਾਕਟਰ ਤਾਰਨ ਸਿੰਘ ਨੇ 258 ਦੱਸੀ ਹੈ। ਡਾ: ਤਾਰਨ ਸਿੰਘ ਨੇ ਸ਼ਲੋਕ ਭਾਵਾਂ ਅਨੁਸਾਰ ਇਉਂ ਵੰਡੇ ਹਨ:

1. "ਪ੍ਰਭੂ ਉਸਤਤ ਦੇ ਸ਼ਲੋਕ
2. ਸਮਾਜਿਕ, ਰਾਜਸੀ ਤੇ ਧਾਰਮਿਕ ਹਾਲਾਤ ਦੀ ਅਲੋਚਨਾ ਕਰਨ ਵਾਲੇ ਸ਼ਲੋਕ - ਇਸ ਪ੍ਰਕਾਰ ਦੇ ਸ਼ਲੋਕਾਂ ਦੀ ਗਿਣਤੀ ਵੱਧ ਹੈ ਤੇ ਆਮ ਕਰਕੇ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਧਰਮਾਂ ਵਿਰੁੱਧ ਅਸੰਤੁਸ਼ਟਤਾ ਦੇ ਭਾਵਾਂ ਨੂੰ ਸ਼ਲੋਕਾਂ ਵਿੱਚ ਦਰਸਾਇਆ ਹੈ।
3. ਪੁਰਾਤਨ ਰਸਮਾਂ ਤੇ ਕਰਮਕਾਂਡ ਦੀ ਅਲੋਚਨਾ ਦੇ ਸ਼ਲੋਕ
4. ਸਦਾਚਾਰ ਪਰਚਾਰ ਦੇ ਸ਼ਲੋਕ
5. ਫੁਟਕਲ ਸ਼ਲੋਕ ਜਿਨ੍ਹਾਂ ਵਿੱਚ ਆਪ ਦੇ ਪ੍ਰਭੂ ਪਿਆਰ, ਭਗਤੀ ਆਦਿ ਦੇ ਭਾਵ ਦਰਜ ਕੀਤੇ ਹਨ।"[2]

ਆਪ ਜੀ ਦੇ ਸ਼ਲੋਕਾਂ ਵਿੱਚ ਨਾ ਕੋਈ ਛੰਦ ਰੂਪ ਨਿਸ਼ਚਿਤ ਹੈ ਅਤੇ ਨਾ ਹੀ ਪੰਕਤੀਆਂ। ਅਨੇਕਾਂ ਛੰਦ ਰੂਪ ਜਿਵੇਂ ਦੋਹਰਾ, ਸਾਰ ਸਰਸੀ, ਹਾਕਲ, ਚੰਦ੍ਰਮਣੀ ਆਦਿ ਛੰਦ ਵਰਤੋਂ ਵਿਚ ਸ਼ਲੋਕ ਦੇ ਭਾਵ ਅਨੁਸਾਰ ਲਿਆਂਦੇ ਹਨ।

---

1. ਧਰਮਪਾਲ ਮੈਣੀ, ਸ੍ਰੀ ਗੁਰੂ ਗ੍ਰੰਥ ਇਕ ਪਰਿਚਯ, ਪੰਨਾ 90
2. ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 36

## ਛੰਤ

ਗੁਰੂ ਨਾਨਕ ਦੇਵ ਜੀ ਨੇ 24 ਛੰਤਾਂ ਦੀ ਰਚਨਾ ਕੀਤੀ ਹੈ:

| | |
|---|---|
| ਗਉੜੀ ਰਾਗ | 2 |
| ਰਾਗ ਆਸਾ | 5 |
| ਰਾਗ ਵਡਹੰਸ | 2 |
| ਰਾਗ ਧਨਾਸਰੀ | 3 |
| ਰਾਗ ਸੂਹੀ | 5 |
| ਰਾਗ ਬਿਲਾਵਲ | 2 |
| ਰਾਗ ਤੁਖਾਰੀ | 5 |

ਵਿਆਹ ਸ਼ਾਦੀ ਤੇ ਗਾਏ ਜਾਣ ਵਾਲੇ ਟੱਪੇ ਗੀਤ ਛੰਤ ਹੁੰਦੇ ਹਨ। ਇਸ ਵਿਚ ਲੋਕ ਕਾਵਿ ਰੂਪ ਨਾਲ ਅਧਿਆਤਮਕ ਚਿੰਤਨ ਦੀ ਸਮੌਂਥਲੀ ਪਾਈ ਗਈ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਨੇ ਲਿਖਾ ਹੈ:

> "ਪਰਮਾਤਮਾ ਦੀ ਉਸਤਤ ਸੰਬੰਧੀ ਪਵਿੱਤਰ ਕਾਵਿ ਨੂੰ ਛੰਤ ਦਾ ਨਾਂ ਦਿੱਤਾ ਜਾਂਦਾ ਹੈ।"[1]

## ਸੋਹਲੇ

ਸਿਰਫ਼ ਮਾਰੂ ਰਾਗ ਦੇ ਨਾਂ ਹੇਠ 22 ਸੋਹਲੇ ਗੁਰੂ ਨਾਨਕ ਦੁਆਰਾ ਰਚਿਤ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹਨ। 16 ਬੰਦਾਂ ਦੀ ਰਚਨਾ ਦਾ ਨਾਮ ਸੋਹਲੇ ਹਨ। ਕਈ ਸੋਹਲਿਆਂ ਵਿਚ ਬੰਦਾਂ ਦੀ ਗਿਣਤੀ 16 ਤੋਂ ਵੀ ਅਧਿਕ ਹੈ। ਸੋਹਲਿਆਂ ਦਾ ਵਿਸ਼ਾ ਬ੍ਰਹਮੰਡ ਦੀ ਉਤਪਤੀ ਤੇ ਵਿਕਾਸ, ਪ੍ਰਭੂ ਦੀ ਸਰਬ-ਵਿਆਪਕਤਾ ਹੈ। ਗੁਰੂ ਸਾਹਿਬ ਦੀ ਕਲਪਨਾ ਜੁਗਾਂ ਦੇ ਸਮੇ ਨੂੰ ਚੀਰਦੀ ਹੈ। ਪਾਤਾਲਾ ਪਾਤਾਲ ਲੱਖ ਆਗਾਸਾ ਆਗਾਸ ਨੂੰ ਗਾਹਦੀ ਹੈ। ਜੋ ਕੁਝ ਵੀ ਪਸਾਰਾ ਹੈ ਉਹ ਪਰਮਾਤਮਾ ਦਾ ਆਪਣਾ ਹੈ। ਉਸੇ ਦੀ ਹਸਤੀ ਵਿਚ ਲੀਨ ਹੋਣਾ ਮਨੁੱਖੀ ਆਦਰਸ਼ ਹੈ। ਇਨ੍ਹਾਂ ਦੀ ਭਾਸ਼ਾ ਬੜੀ ਸਰਲ ਪਰ ਵਸਤੂ ਸ਼ਕਤੀ ਦਾ ਪ੍ਰਭਾਵ ਕਰਾਉਣ ਵਾਲੀ ਹੈ।

---

1. ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ, ਪੰਨਾ 80

## ਅਸ਼ਟਪਦੀਆਂ

ਅੱਠਾਂ ਬੰਦਾਂ ਵਾਲੀ ਕਵਿਤਾ ਅਸ਼ਟਪਦੀ ਕਹਾਉਂਦੀ ਹੈ। "ਗੁਰੂ ਨਾਨਕ ਦੇਵ ਜੀ ਨੇ 121 ਅਸ਼ਟਪਦੀਆਂ ਲਿਖੀਆਂ ਹਨ, ਜਿਨ੍ਹਾਂ ਦੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਜ਼ਰੂਰੀ ਨਹੀਂ ਕਿ ਹਰ ਇਕ ਵਿੱਚ ਅੱਠ ਪਦੇ ਜਾਂ ਪਦੀਆਂ ਹੀ ਹੋਣ। ਇਹ ਗਿਣਤੀ ਵੱਧ ਵੀ ਹੋ ਸਕਦੀ ਹੈ। ਡਾਕਟਰ ਤਾਰਨ ਸਿੰਘ ਨੇ 102 ਅਸ਼ਟਪਦੀਆਂ ਦੱਸੀਆਂ ਹਨ"[1] ਜਿਨ੍ਹਾਂ ਦੀ ਗਿਣਤੀ ਵਿੱਚ ਫਰਕ ਹੈ। ਡਾ. ਜੱਗੀ ਨੇ ਕਿਹਾ ਹੈ:

> "4 ਸਪਤ-ਪਦੀਆਂ, 92 ਅਸ਼ਟਪਦੀਆਂ, 12 ਨੌ ਪਦੀਆਂ, 8 ਦਸ ਪਦੀਆਂ ਤੇ ਤਿੰਨ ਬਾਰਹ ਪਦੀਆਂ ਲਿਖੀਆਂ ਹਨ। ਇਸ ਤੋਂ ਇਲਾਵਾ ਰਾਮਕਲੀ ਰਾਗ ਦੀਆਂ ਅੰਤਿਮ ਅਸ਼ਟਪਦੀਆਂ 25 ਪਦੀਆਂ ਦੀਆਂ ਤੇ ਸਿਰੀ ਰਾਗ ਦੀ ਵਿੱਚ 24 ਪਦੀਆਂ ਤੇ ਤਿਲੰਗ ਰਾਗ ਵਿਚ 10 ਪਦੀਆਂ ਵਾਲੀਆਂ ਅਸ਼ਟਪਦੀਆਂ ਹਨ। ਕੁਲ 121 ਅਸ਼ਟਪਦੀਆਂ ਹਨ। ਅਸ਼ਟਪਦੀਆਂ ਦਾ ਵਿਸ਼ਾ ਧਾਰਮਿਕ, ਗੰਭੀਰ ਪੁਰਾਤਨ ਅਤੇ ਉਪਦੇਸ਼ਾਤਮਕ ਹੈ। ਜਿਵੇਂ ਗੁਰੂ ਦੀ ਸਹਾਇਤਾ ਨਾਲ ਪ੍ਰਭੂ ਤੱਕ ਪਹੁੰਚਿਆ ਜਾ ਸਕਦਾ ਹੈ। ਪ੍ਰੇਮ ਮਿਲਾਪ ਦਾ ਸਾਧਨ ਹੈ। ਜੀਵ ਇਸਤ੍ਰੀ ਨੂੰ ਪ੍ਰਭੂ ਪੀਤਮ ਲਈ ਮਾਇਆ ਦਾ ਨਹੀਂ ਪ੍ਰੇਮ ਦਾ ਮਿਲਾਪ ਕਰਨ ਦੀ ਲੋੜ ਹੈ। 'ਬਾਬਰ ਬਾਣੀ' ਦਾ ਜ਼ਿਕਰ ਹੈ। ਪ੍ਰਭੂ ਦਾ ਹੁਕਮ ਅਟੱਲ ਹੈ ਆਦਿ ਸਾਰੇ ਭਾਵ ਇਨ੍ਹਾਂ ਅਸ਼ਟਪਦੀਆਂ ਵਿਚ ਸਮਾਏ ਹੋਏ ਹਨ।"[2]

ਗੁਰੂ ਸਾਹਿਬ ਨੇ ਪਦ ਗਿਣਤੀ ਘਟਾ ਵਧਾ ਲਈ ਹੈ।

## ਪਦੇ

'ਪਦਾ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਬੰਦ ਵਾਸਤੇ ਵਰਤਿਆ ਗਿਆ ਹੈ। ਦੋ ਪਦੇ ਦੋ ਬੰਦਾਂ ਵਾਲੇ ਤਿਨ ਪਦੇ ਤਿੰਨ ਬੰਦਾਂ ਵਾਲੇ ਸ਼ਬਦ ਨੂੰ ਕਿਹਾ ਹੈ। ਗੁਰੂ ਨਾਨਕ ਦੇਵ ਨੇ 10 ਰਾਗਾਂ ਵਿਚ ਪਦੇ ਲਿਖੇ ਹਨ ਜਿਵੇਂ:

---

1. ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 88
2. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਚਾਰਧਾਰਾ, ਪੰਨਾ 77

| ਦੋ ਪਦੇ | ਤਿ-ਪਦੇ | ਚਉ-ਪਦੇ | ਪੰਜਪਦੇ | ਛਿ-ਪਦੇ |
|---|---|---|---|---|
| 3 | 9 | 163 | 24 | 5 |

ਇਨ੍ਹਾਂ ਨੂੰ ਵੱਖੋ ਵੱਖਰੇ ਰਾਗਾਂ ਵਿਚ ਸੰਕਲਿਤ ਕੀਤਾ ਹੈ। ਪਦਿਆਂ ਦਾ ਵਿਸ਼ਾ ਪ੍ਰਭੂ ਪ੍ਰਾਪਤੀ, ਦੇਸ਼ ਦੀ ਰਾਜਨੀਤਕ ਸਥਿਤੀ, ਪ੍ਰਭੂ ਪਿਆਰ, ਨਿਮਰਤਾ, ਸ਼ੁਭ ਕਰਨੀ, ਸੰਤੋਖ, ਨਿਡਰਤਾ, ਪ੍ਰਕਿਰਤੀ ਦਾ ਵਿਕਸਤ ਰੂਪ, ਵੈਰਾਗਮਈ ਗੀਤ ਆਦਿ ਰੂਪਾਂ ਵਿਚ ਹਨ।

ਇਸ ਤਰ੍ਹਾਂ ਗੁਰੂ ਨਾਨਕ ਦਾ ਬਾਣੀ ਜਿਓਹਾਂ ਗੁਰੂ ਗ੍ਰੰਥ ਸਾਹਿਬ ਦੇ ਆਧਾਰ ਤੇ ਉਪਰ ਦਿੱਤੇ ਅਨੁਸਾਰ ਹੈ ਜਿਸ ਵਿੱਚ ਵੱਡੇ ਅਕਾਰ, ਛੋਟੇ ਅਕਾਰ ਦੀਆਂ ਰਚਨਾਵਾਂ ਸ਼ਾਮਲ ਹਨ। ਇਹ ਮਾਨਵਜਾਤੀ ਲਈ ਰੌਸ਼ਨੀ ਹੈ।

****

## ਅਧਿਆਇ ਦੂਜਾ

*

*

### ਭਾਵਾਂ ਦਾ ਸਿਧਾਂਤਕ ਤੇ ਮਨੋਵਿਗਿਆਨਕ ਆਧਾਰ

(ੳ) ਭਾਵਾਂ ਦੀ ਪ੍ਰਕਾਰ ਵੰਡ

(ਅ) ਭਾਵ ਅਤੇ ਕਵਿਤਾ

## ਭਾਵਾਂ ਦਾ ਸਿਧਾਂਤਕ ਤੇ ਮਨੋਵਿਗਿਆਨਕ ਆਧਾਰ

"ਸੰਸਾਰ ਇੱਕ ਸਾਗਰ ਹੈ ਜਿਸ ਵਿੱਚ ਮਨੁੱਖ ਜਾਤੀ, ਗਿਆਨ, ਇੰਦਰੀਆਂ ਸਹਾਰੇ ਆਪਣੀ ਕਿਸ਼ਤੀ ਚਲਾ ਰਹੀ ਹੈ, ਇਸ ਸੰਸਾਰ ਦੀਆਂ ਤਰੰਗਾਂ ਤੇ ਲਹਿਰਾਂ ਨਾਲ ਹੀ ਮਨੁੱਖ ਦੀ ਕਲਪਨਾ ਦਾ ਨਿਰਮਾਣ ਹੋਇਆ ਹੈ। ਇਸ ਸੰਸਾਰ ਦੀਆਂ ਜੁੱਗ ਗਰਦੀਆਂ ਕਾਰਨ ਮਨੁੱਖ ਦੇ ਅੰਦਰ ਅਨੇਕ ਪ੍ਰਕਾਰ ਦੇ ਭਾਵਾਂ ਜਾਂ ਮਨੋਵਿਕਾਰਾਂ ਦਾ ਨਿਰਮਾਣ ਵਿਧਾਨ ਹੋਇਆ ਹੈ। ਸੁੰਦਰਤਾ, ਰਤੀ, ਦੁੱਖ, ਸੁੱਖ, ਕਰੂਰਤਾ ਅਤੇ ਅਨਿਆਇ ਆਦਿ ਦੀਆਂ ਭਾਵਨਾਵਾਂ ਬਾਹਰੀ ਰੂਪਾਂ ਅਤੇ ਕਾਰਜਾਂ ਨਾਲ ਹੀ ਉਤਪੰਨ ਹੋਈਆਂ।"[1] ਇਸੇ ਲਈ ਸਾਹਿਤ ਦਾ ਮੂਲ ਆਧਾਰ ਭਾਵ ਹਨ। ਭਾਵ ਨੂੰ ਵਿਅਕਤੀ ਦੀ ਅੰਤਰ ਆਤਮਾ ਦਾ ਵਿਸ਼ੇਸ਼ ਧਰਮ ਕਿਹਾ ਗਿਆ ਹੈ। ਸਮੇਂ ਦੀ ਪ੍ਰਗਤੀ ਨਾਲ ਭਾਵਾਂ ਦੇ ਸਿਧਾਂਤ ਤੇ ਮਨੋਵਿਗਿਆਨਕ ਅਧਾਰ ਵਿੱਚ ਵੀ ਫ਼ਰਕ ਪਿਆ ਹੈ। ਆਧੁਨਿਕ ਮਨੋਵਿਗਿਆਨੀਆਂ ਨੇ ਭਾਵ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਦੀ ਮਹੱਤਤਾ ਦਰਸਾਈ ਹੈ। ਪ੍ਰਸਿੱਧ ਵਿਦਵਾਨ ਆਰ.ਐਸ. ਵੁਡਵਰਥ ਦਾ ਖਿਆਲ ਹੈ:

> "ਵਿਅਕਤੀ ਦੀ ਉਤੇਜਨਾ ਪੂਰਣ ਅਵਸਥਾ ਹੀ ਭਾਵ ਹੈ। ਪ੍ਰਤੇਕ ਭਾਵ ਦਾ ਵਿਵੇਚਨ ਵੱਖੋ ਵਖਰੇ ਰੂਪਾਂ ਰਾਹੀਂ ਕੀਤਾ ਜਾ ਸਕਦਾ ਹੈ ਜਿਵੇਂ (1) ਭਾਵਾਂ ਨੂੰ ਪ੍ਰੇਰਿਤ ਕਰਨ ਵਾਲੇ ਵਿਅਕਤੀ ਜਾਂ ਪਦਾਰਥਾਂ ਦਾ ਸਮੂਹ (2) ਭਾਵਾਂ ਰਾਹੀਂ ਸਰੀਰਕ ਅੰਗ ਪ੍ਰਤੀਅੰਗਾਂ ਦੀ ਅਵਸਥਾ (3) ਬ੍ਰਹਮਾ ਪਰਸਥਿਤੀ ਜੋ ਭਾਵਾਂ ਨੂੰ ਉਤੇਜਿਤ ਕਰਦੀਆਂ ਹਨ।"[2]

ਇਨ੍ਹਾਂ ਰੂਪਾਂ ਰਾਹੀਂ ਭਾਵ, ਅਨੁਭਾਵ, ਅਲੰਬਨ, ਉਦੀਪਨ ਦਾ ਪੂਰਾ ਸਬੰਧ ਵਿਅਕਤੀ ਤੇ ਉਸ ਦੇ ਕਾਰਜਾਂ ਨਾਲ ਜੁੜਿਆ ਰਹਿੰਦਾ ਹੈ। ਡਾਕਟਰ ਰਾਕੇਸ਼ ਗੁਪਤ ਨੇ ਭਾਵ ਬਾਰੇ ਲਿਖਿਆ ਹੈ:

---

1. ਕਾਲਾ ਸਿੰਘ ਬੇਦੀ, ਗੁਰੂ ਨਾਨਕ ਕਾਵਿ ਕਲਾ, ਪੰਨਾ 162
2. ਗਣਪਤੀ ਚੰਦਰ ਗੁਪਤ, ਭਾਰਤੀਯ ਸਾਹਿਤ ਵਿੱਚ ਸ਼ਿੰਗਾਰ ਰਸ, ਪੰਨਾ 2

> "ਭਾਵ ਨਾ ਸਿਰਫ ਮਾਨਸਿਕ ਅਨੁਭਵ ਹੀ ਹੈ ਅਤੇ ਨਾ ਹੀ ਇਸ ਦਾ ਨਿਰਾ ਪ੍ਰਗਟਾ ਬਲਕਿ ਮਾਨਸਿਕ ਅਨੁਭਵ ਅਤੇ ਸਰੀਰਕ ਅਨੁਭਵ ਦਾ ਸਮਾਹਾਰ ਹੈ।"[1]

ਭਾਵ ਦਾ ਵਰਨਣ ਅਤੇ ਵਿਵੇਚਨ ਵਿਭਿੰਨ ਮਨੋਵਿਗਿਆਨੀਆਂ ਨੇ ਵਿਭਿੰਨ ਰੀਤੀਆਂ ਨਾਲ ਕੀਤਾ ਹੈ। ਇਸ ਨਾਲ ਸਾਰੇ ਸਹਿਮਤ ਹਨ ਕਿ:

> "ਇਹ ਜੈਵਿਕ ਵਿਧਾਨ ਦੀ ਇਕ ਅਵਸਥਾ ਹੈ ਜਿਸ ਨਾਲ ਸਰੀਰ ਵਿੱਚ ਅਨੇਕ ਪ੍ਰਕਾਰ ਦੇ ਵਿਕਾਰ ਪੈਦਾ ਹੋ ਜਾਂਦੇ ਹਨ ਜਿਸ ਤਰ੍ਹਾਂ ਕਿ ਸਾਹ ਕ੍ਰਿਆ ਵਿੱਚ ਨਾੜੀ ਵਿੱਚ ਗ੍ਰੰਥੀਆਂ ਦੀ ਰਸਾਇਣ ਕ੍ਰਿਆ ਵਿੱਚ, ਮਾਨਸਿਕ ਦ੍ਰਿਸ਼ਟੀ ਅਨੁਸਾਰ ਇਹ ਉਤੇਜਨਾ ਉਦਵੇਗ ਦੀ ਸਥਿਤੀ ਹੈ ਜਿਸ ਵਿੱਚ ਪ੍ਰਬਲ ਅਨੁਭੂਤੀ ਅਤੇ ਇਕ ਨਿਸ਼ਚਿਤ ਪ੍ਰਕਾਰ ਦੀ ਪ੍ਰਵਿਰਤੀ ਵਿਵਹਾਰ ਪ੍ਰਤੀ ਚਲਦੀ ਰਹਿੰਦੀ ਹੈ। ਜਦੋਂ ਭਾਵ ਤੀਬਰ ਹੁੰਦੇ ਹਨ ਬੁੱਧੀ ਰੂਪੀ ਕ੍ਰਿਆਵਾਂ ਵਿੱਚ ਵੀ ਤਬਦੀਲੀ ਆਉਂਦੀ ਹੈ। ਕੁਝ ਸੀਮਾਂ ਤੱਕ ਸਬੰਧ ਕ੍ਰਮ ਟੁੱਟ ਜਾਂਦਾ ਹੈ ਅਤੇ ਅਸਪਸ਼ਟ ਵਿਵਹਾਰ ਪ੍ਰਤੀ ਪਰਵਿਰਤੀ ਉਤਪੰਨ ਹੋ ਜਾਂਦੀ ਹੈ। ਇਸ ਤੋਂ ਅਗੇ ਕੁਝ ਕਹਿਣ ਦਾ ਅਰਥ ਹੈ ਵਿਵਾਦ ਦੇ ਖੇਤਰ ਵਿੱਚ ਪ੍ਰਵੇਸ਼ ਕਰਨਾ।"[2]

ਇਹ ਭਾਵਾਂ ਦਾ ਆਧੁਨਿਕ ਤੇ ਸਿਧਾਂਤਕ ਵਿਵੇਚਨ ਹੈ। ਇਸ ਦੇ ਨਾਲ ਹੀ ਭਾਵਾਂ ਨੂੰ ਸਥਿਤੀਆਂ, ਮਨੋਦਸ਼ਾਵਾਂ ਤੇ ਪ੍ਰਗਟਾਂ ਦਾ ਨਾਇਕ ਵੀ ਮੰਨਿਆ ਗਿਆ ਹੈ ਜਿਵੇਂ ਕਿ:

> "ਵਿਸ਼ੇਸ਼ ਘਟਨਾ ਸਥਿਤੀਆਂ ਦੇ ਸੰਵੇਦਨ ਅਤੇ ਕਲਪਨਾ ਦੇ ਸੁਤੰਤਰ ਪ੍ਰਗਟਾ, ਮਨੋਦਸ਼ਾ ਹੀ ਭਾਵ ਹੈ ਇਸ ਦੇ ਦੋ ਪ੍ਰਧਾਨ ਗੁਣ ਮੰਨੇ ਗਏ ਹਨ (1) ਅਨੁਭੂਤੀ (2) ਪ੍ਰਗਟਾ ਆਦਿ।"[3]

---

1. "Emotion consists neither merely in its mental experience nor merely in its expression. It is mental experience and physical change taken together."

   ਰਾਕੇਸ਼ ਗੁਪਤ, ਸਾਈਕੋਲੋਜੀਕਲ ਸਟੱਡੀ ਇਨ ਰਸਾ, ਪੰਨਾ 109

2. ਡ੍ਰੇਵਰ, ਦੀ ਡਿਕਸ਼ਨਰੀ ਆਫ ਸਾਈਕੋਲੋਜੀ, ਪੰਨਾ 80

3. ਮਰੇਨ ਅਤੇ ਹਰਮਾਡ, ਐਲੀਮੈਂਟ ਆਫ ਸਾਈਕੋਲੋਜੀ, ਪੰਨਾ 216

ਵਿਸ਼ੇਸ਼ ਪ੍ਰਸਥਿਤੀਆਂ ਅਨੁਕੂਲ ਭਾਵਾਂ ਦੇ ਮੂਲ ਰੂਪ ਵਿੱਚ ਪਰਿਵਰਤਨ ਆਉਂਦਾ ਹੈ ਜਿਵੇਂ ਕਰੁਣਾ ਸਾਨੂੰ ਭੈ, ਕ੍ਰੋਧ, ਘਿਰਣਾ ਆਦਿ ਪ੍ਰਦਾਨ ਕਰਦਾ ਹੈ। ਹਾਸਾ ਹਾਸ ਦੀਆਂ ਬੇਢੰਗੀਆਂ ਚਾਲਾਂ, ਭਾਵਾਂ, ਪਹਿਰਾਵੇ ਦੇ ਭੇਦਾਂ ਤੋਂ ਉਪਜਦਾ ਹੈ ਇਨ੍ਹਾਂ ਨਾਲ ਮਾਨਸਿਕ ਕ੍ਰਿਆਵਾਂ ਅਤੇ ਸਰੀਰਕ ਕ੍ਰਿਆਵਾਂ ਦਾ ਪਰਿਵਰਤਨ ਹੁੰਦਾ ਰਹਿੰਦਾ ਹੈ। ਇਨ੍ਹਾਂ ਮਾਨਸਿਕ ਅਤੇ ਸਰੀਰਕ ਰੂਪਾਂ ਦੇ ਅਤਿਰਿਕਤ ਭਾਵਾਂ ਲਈ ਕੁਝ ਸਥਿਤੀਆਂ ਬਹੁਤ ਜ਼ਰੂਰੀ ਹਨ ਜਿਵੇਂ:

1. "ਭਾਵ ਵਿੱਚ ਵਿਸ਼ਯ ਦੀ ਸੱਤਾ ਹੋਣੀ ਜ਼ਰੂਰੀ ਹੈ ਕਿਉਂਕਿ ਭਾਵ ਵਾਸਤਵ ਵਿੱਚ ਵਿਅਕਤੀ ਦੀ ਮਾਨਸਿਕ ਪ੍ਰਤੀ ਕ੍ਰਿਆ ਹੁੰਦੀ ਹੈ।
2. ਭਾਵ ਦਾ ਦੁਖਾਤਮਕ ਅਤੇ ਸੁਖਆਤਮਕ ਸਵਾਦ ਨਿਸ਼ਚੇ ਰੂਪ ਵਿੱਚ ਹੁੰਦਾ ਹੈ।
3. ਭਾਵ ਦੀ ਸਰੀਰਕ ਅਭਿਵਿਅਕਤੀ ਅਵਸ਼ਕ ਹੋਵੇਗੀ ਤੇ ਨਾਲ ਦੀ ਪ੍ਰੇਰਨੀਆਂ ਆਦਿ ਹੋਣ ਕਰਕੇ ਸਰੀਰ ਵਿੱਚ ਵਿਕਾਰ ਅਵੱਸ਼ਕ ਪੈਦਾ ਹੋਣਗੇ।
4. ਮਾਨਸਿਕ ਪ੍ਰਤੀਕ੍ਰਿਆ ਦੇ ਪਰਿਣਾਮ-ਸਰੂਪ ਕੁੱਝ ਪਰਿਵਰਤਨ ਭੀ ਜ਼ਰੂਰ ਹੋਣਗੇ।
5. ਕਿਸੇ ਇਕ ਭਾਵ ਦੀ ਸਥਿਤੀ ਨਿਰਪੇਕਸ਼ ਨਹੀਂ ਰਹਿ ਸਕੇਗੀ ਸਗੋਂ ਅਨੇਕ ਵਿਕਾਰ ਉਤਪੰਨ ਹੁੰਦੇ ਰਹਿਣਗੇ।"[1]

ਭਾਵਾਂ ਦੇ ਤਿੰਨ ਭੇਦ ਮੰਨੇ ਗਏ ਹਨ ਜਿਨ੍ਹਾਂ ਦਾ ਉਲੇਖ ਡਾ: ਨਗਿੰਦਰ ਨੇ ਆਪਣੀ ਪੁਸਤਕ ਵਿੱਚ ਇਸ ਤਰ੍ਹਾਂ ਕੀਤਾ ਹੈ:

| | |
|---|---|
| "1. ਮੌਲਿਕ ਮਨੋਵਿਕਾਰ (ਪ੍ਰਾਇਮਰੀ ਭਾਵ) | ਜੋ ਸਵਤੰਤਰ, ਅਖੰਡ ਹੁੰਦਾ ਹੈ ਜਿਵੇਂ ਭੈ। |
| 2. ਵਿਉਤਪਨ ਮਨੋਵਿਕਾਰ (ਡਰਾਇਵਡ ਭਾਵ) | ਜੋ ਸਵਤੰਤਰ ਨਾ ਹੋ ਕੇ ਕਿਸੇ ਹੋਰ ਮਨੋਵਿਕਾਰ ਤੇ ਸਥਿਤ ਹੈ ਜਿਵੇਂ ਸ਼ੰਕਾ। |
| 3. ਮਨੋਵਿਰਤੀ (ਸੈਂਟੀਮੈਂਟ) | ਮਨੋਵਿਕਾਰਾਂ ਦਾ ਮਿਸ਼ਰਣ, ਬੌਧਿਕ, ਮਾਨਸਿਕ, ਸਰੀਰਕ ਅਨੁਕੂਲ ਸਥਿਤੀਆਂ ਦੁਆਰਾ ਪੈਦਾ ਹੋਣ ਵਾਲਾ।"[2] |

---

1. ਰਸ ਸਿਧਾਂਤ, ਪੰਨਾ 218
2. ਵਿਲੀਅਮ ਮੈਕਡੂਗਲ, ਐਨ ਆਊਟਲਾਈਨ ਆਫ ਸਾਈਕੋਲੋਜੀ, ਪੰਨਾ 225

ਆਧੁਨਿਕ ਮਨੋਵਿਗਿਆਨੀਆਂ ਨੇ ਈਮੋਸ਼ਨ ਤੇ ਸੈਂਟੀਮੈਂਟ ਦੇ ਮੁੱਖ ਭੇਦ ਮੰਨੇ ਹਨ। ਸੈਂਟੀਮੈਂਟ ਦੀ ਪ੍ਰੇਰਣਾ ਸੈਂਡ ਨੇ ਕੀਤੀ ਹੈ ਜਿਸ ਬਾਰੇ ਮੈਕਡੂਗਲ ਨੇ ਲਿਖਿਆ ਹੈ:

> "ਸੈਂਟੀਮੈਂਟ ਨੂੰ ਕਦੇ ਵੀ ਈਮੋਸ਼ਨ ਨਾਲੋਂ ਨਖੇੜਿਆ ਨਹੀਂ ਗਿਆ ਸੀ ਸਿਰਫ਼ ਸੈਂਡ ਨੇ ਸਾਈਕੋਲੋਜੀ ਦੀ ਸੇਵਾ ਲਈ ਇਹ ਕੀਤਾ ਹੈ।"[1]

ਸੈਂਟੀਮੈਂਟ ਇਕ ਭਾਵਆਤਮਕ ਪ੍ਰਵਿਰਤੀ ਹੈ ਜੋ ਕਿਸੇ ਅਲੱਖਣ ਵਿਸ਼ੇਸ਼ਨ ਵਿੱਚ ਸਬੰਧ ਹੋ ਕੇ ਵਿਆਸਥਿਤ ਢੰਗ ਨਾਲ ਵਿਕਸਤ ਹੁੰਦੀ ਹੈ। ਈਮੋਸ਼ਨ ਅਤੇ ਸੈਂਟੀਮੈਂਟ ਦਾ ਰੂਪ ਦਰਸਾਉਂਦੇ ਹੋਏ ਡਾ. ਰਾਕੇਸ਼ ਗੁਪਤ ਨੇ ਇਸ ਤਰ੍ਹਾਂ ਕਿਹਾ ਹੈ:

> "ਸੈਂਟੀਮੈਂਟ ਨੂੰ ਇਕ ਮਾਨਸਿਕ ਪ੍ਰਵਿਰਤੀ ਮੰਨਿਆ ਹੈ ਭਾਵ ਦੀ ਦਸ਼ਾ ਨਹੀਂ। ਕਿਹਾ ਜਾਂਦਾ ਹੈ ਕਿ ਜਦੋਂ ਸੈਂਟੀਮੈਂਟ ਵਿਕਸਤ ਹੋ ਕੇ ਭਾਵ ਜਾਗਰਿਤ ਕਰਦਾ ਹੈ ਤਾਂ ਉਹ ਸੈਂਟੀਮੈਂਟ ਨਾ ਰਹਿ ਕੇ ਈਮੋਸ਼ਨ ਬਣ ਜਾਂਦਾ ਹੈ ਜਿਵੇਂ ਕਿ ਮਿਲਾਪ ਦੀ ਦਸ਼ਾ ਵਿੱਚ ਖੁਸ਼ੀ ਅਤੇ ਕਲੂਰਾ ਦੀ ਹਾਲਤ ਵਿੱਚ ਸੋਗ ਦੀ ਸਥਿਤੀ ਉਪਜਦੀ ਹੈ ਤਾਂ ਉਹ ਈਮੋਸ਼ਨ ਹਨ।"[2]

ਸੈਂਟੀਮੈਂਟ ਦੀ ਭਿੰਨਤਾ ਈਮੋਸ਼ਨ ਨਾਲ ਇਸ ਤਰ੍ਹਾਂ ਦੇਖੀ ਜਾ ਸਕਦੀ ਹੈ:

1. ਵਿਅਕਤੀਗਤ ਰੂਪ ਵਿੱਚ ਲੰਬੇ ਸਮੇਂ ਤੇ ਭਾਵਾਂ ਦੀ ਵਿਕਸਿਤ ਸਥਾਈ ਭਾਵ ਆਤਮਿਕ ਪ੍ਰਵਿਰਤੀ ਹੈ।
2. ਸੈਂਟੀਮੈਂਟ ਵਿੱਚ ਵਿਰੋਧੀ, ਅਵਰੋਧੀ ਸਾਰੀਆਂ ਤਰ੍ਹਾਂ ਦੇ ਈਮੋਸ਼ਨ ਦਾ ਸਮਾਹਾਰ ਹੋ ਜਾਂਦਾ ਹੈ।
3. ਪ੍ਰੇਮ ਤੇ ਘ੍ਰਿਣਾ ਦੀ ਉਦਾਹਰਣ ਸੈਂਟੀਮੈਂਟ ਹੈ।

---

1. "Sentiments never having been clearly distinguished from the emotions until Mr. Shand performed this great service to Psychology."

   ਮੈਕਡੂਗਲ, ਇਨਟਰੋਡਕਸ਼ਨ ਟੂ ਸੋਸ਼ਿਲ ਸਾਈਕੋਲੋਜੀ, ਪੰਨਾ 10C

2. ਰਾਕੇਸ਼ ਗੁਪਤ, ਸਾਈਕੋਲੋਜੀਕਲ ਸਟੱਡੀਜ਼ ਇਨ ਰਸ, ਪੰਨਾ 126

4. ਈਮੋਸ਼ਨ ਇਕ ਸੰਚਰਣਸ਼ੀਲ ਅਨੁਭਾਵ ਹੈ ਮਨੋਵਿਰਤੀ (ਸੈਂਟੀਮੈਂਟ) ਇਕ ਸਥਿਰ ਮਨੋਦਿਸ਼ਾ ਦੀ ਸਥਿਤੀ ਹੈ।

ਇਸ ਤਰ੍ਹਾਂ ਪ੍ਰਾਣੀਆਂ ਅੰਦਰ ਕਈ ਪ੍ਰਵਿਰਤੀਆਂ ਸਮੇਂ, ਕਾਲ, ਹਾਲਾਤ ਮੁਤਾਬਕ ਵੱਧਦੀਆਂ, ਘੱਟਦੀਆਂ, ਬਦਲਦੀਆਂ, ਚੱਲਦੀਆਂ ਰਹਿੰਦੀਆਂ ਹਨ। ਮਨੋਵਿਗਿਆਨਕ ਤੇ ਸਿਧਾਂਤਕ ਤੌਰ ਤੇ ਇਹ ਪ੍ਰਵਿਰਤੀਆਂ ਨਾ ਸਿਰਫ਼ ਪ੍ਰਾਣੀ ਤੱਕ ਹੀ ਸੀਮਿਤ ਹਨ ਸਗੋਂ ਪਸ਼ੂਆਂ ਵਿੱਚ ਵੀ ਤਬਦੀਲ ਹੁੰਦੀਆਂ ਰਹਿੰਦੀਆਂ ਹਨ, ਭਾਵਾਂ ਦੇ ਸਿਧਾਂਤਕ ਤੇ ਮਨੋਵਿਗਿਆਨਕ ਆਧਾਰ ਤੇ ਪੱਛਮੀ ਵਿਦਵਾਨਾਂ ਨੇ ਆਪਣੀਆਂ ਵਖੋ ਵਖਰੀਆਂ ਟਿੱਪਣੀਆਂ ਦਸੀਆਂ ਹਨ ਜਿਵੇਂ ਅਰਸਤੂ, ਮਿਲਟਨ, ਲੈਸਿੰਗ, ਡਰਾਈਡਨ, ਰੂਸੋ, ਮੈਨਨ ਤੇ ਨਿਟਸ਼ੇ, ਲੌਂਗਜਾਇਨਸ, ਫਰਾਇਡ, ਐਡਲਰ, ਯੁੰਗ, ਕਰੋਸੇ ਤੇ ਕਾਡਵਿਲ ਆਦਿ ਜਿਨ੍ਹਾਂ ਬਾਰੇ ਉਨ੍ਹਾਂ ਦੇ ਵਿਚਾਰ ਮੈਂ ਅੱਗੇ ਦੱਸੇ ਹਨ।

ਪ੍ਰਾਚੀਨ ਵਿਦਵਾਨਾਂ ਵਿਚੋਂ ਅਰਸਤੂ ਨੇ ਇਸ ਤੇ ਥੋੜ੍ਹਾ ਬਹੁਤ ਕੰਮ ਕੀਤਾ ਹੈ। ਆਪਣੇ ਕਾਵਯ ਸ਼ਾਸਤਰ ਗ੍ਰੰਥ ਵਿੱਚ ਤ੍ਰਾਸਦੀ ਦੇ ਤੱਤਾਂ ਦਾ ਵਰਨਣ ਕੀਤਾ ਹੈ। ਉਸ ਵਿੱਚ ਮਨੋਵੇਗ ਜਿਵੇਂ ਕ੍ਰੋਧ, ਸ਼ਾਂਤੀ, ਪ੍ਰੇਮ, ਵੈਰ, ਵਿਸ਼ਵਾਸ, ਲੱਜਾ, ਨਿਰਲੱਜਤਾ, ਕ੍ਰਿਪਾ, ਅਕ੍ਰਿਪਾ ਆਦਿ ਹਨ। ਇਸਦਾ ਆਧਾਰ ਮਨੋਵਿਗਿਆਨਕ ਹੈ ਕਿਉਂਕਿ ਹਰ ਇਕ ਭਾਵ ਦਾ ਉਲਟ ਜਿਵੇਂ ਕ੍ਰੋਧ ਦਾ ਸ਼ਾਂਤੀ, ਪ੍ਰੇਮ ਦਾ ਵੈਰ ਆਦਿ ਵੀ ਹਨ। ਮਨੁੱਖ ਵਿੱਚ ਇਹ ਭਾਵ ਸਮੇਂ ਤੇ ਸਥਿਤੀ ਦੇ ਅਨੁਕੂਲ ਆਉਂਦੇ ਹਨ।

"ਮਿਲਟਨ ਨੇ ਕਥਾਰਸਿਸ ਸ਼ਬਦ ਦਾ ਅਰਥ ਪਰਗੋਸ਼ਨ ਲਿਆ ਹੈ ਜਿਸ ਤਰ੍ਹਾਂ ਬਿਮਾਰ ਵਿਅਕਤੀ ਨੂੰ ਕੋਈ ਦੁਆਈ ਪਿਲਾਈ ਜਾਏ ਤਾਂ ਪਹਿਲਾਂ ਉਹ ਦਵਾਈ ਉਸ ਬਿਮਾਰੀ ਨੂੰ ਵਧਾਏ ਫਿਰ ਹੌਲੀ ਹੌਲੀ ਘਟਾਏ, ਇਸੇ ਤਰ੍ਹਾਂ ਕਵਿਤਾ ਵਿੱਚ ਵਿਭਿੰਨ ਕਿਰਿਆ ਦੁਆਰਾ ਪਹਿਲਾਂ ਮਨ ਵਿੱਚ ਉਤੇਜਨਾ ਪੈਦਾ ਹੁੰਦੀ ਹੈ ਫਿਰ ਹੌਲੀ ਹੌਲੀ ਅਨੰਦਮਈ ਅਵਸਥਾ ਹੋਣ ਲੱਗਦੀ ਹੈ। ਜਿਵੇਂ ਭੈਦਾਇਕ ਭਾਵਨਾਵਾਂ ਨਾਲ ਹਿਰਦੇ ਵਿੱਚ ਡਰ ਭਰ ਜਾਂਦਾ ਹੈ ਪਰ ਅੰਤ ਜਦੋਂ ਭਾਵਨਾਵਾਂ ਦਾ ਖ਼ਾਤਮਾ ਹੁੰਦਾ ਹੈ ਤਾਂ ਹਿਰਦੇ ਦਾ ਡਰ ਖ਼ਤਮ ਹੋ ਜਾਂਦਾ ਹੈ।"[1]

ਮਿਲਟਨ ਅਨੁਸਾਰ:

"ਦੁਖਾਂਤ ਘਟਨਾਵਾਂ ਮਨੁੱਖ ਨੂੰ ਧਾਰਮਿਕਤਾ ਤਥਾ ਅਨੰਦਮਈ ਪ੍ਰਵਿਰਤੀ ਵਲ

---

1. ਅਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਤੇ ਵਿਸ਼ਲੇਸ਼ਣ, ਪੰਨਾ 358

ਨਿਆਂਦੀਆਂ ਹਨ। ਇਹ ਘਟਨਾਵਾਂ ਸੁਖਾਂਤ ਦਾ ਕਾਰਨ ਬਣਕੇ ਹਿਰਦੇ ਵਿੱਚ ਪੈਦਾ ਹੋਏ ਭਾਵਾਂ ਦਾ ਨਿਅਲੀਕਰਣ ਕਰ ਦਿੰਦੀਆਂ ਹਨ।"[1]

ਲੈਸਿੰਗ ਨੇ ਲੋਕ-ਵਿਵਹਾਰ ਦੇ ਵਿਰੁੱਧ ਵਾਸ਼ਨਾਵਾਂ ਦੇ ਪ੍ਰਯੋਗ ਨਾਲ ਹਿਰਦੇ ਦੀ ਸੁਧੀ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਹਨ। ਡਰਾਈਡਨ ਨੇ "ਦੁੱਖ ਬਾਅਦ ਸੁੱਖ ਹੀ ਕਾਵਯ ਦਾ ਮਹੱਤਵ ਦੱਸਿਆ ਹੈ ਜਿਵੇਂ ਕਿ ਕਿਸੇ ਮਹਾਨ ਵਿਅਕਤੀ ਜੋ ਸਦਾਚਾਰੀ ਹੋਵੇ ਮੰਦਭਾਗੀ ਦੁੱਖ ਸਹਿੰਦੇ ਹੋਏ ਦੇਖ ਕੇ ਸਾਡੇ ਮਨ ਵਿੱਚ ਦਯਾ ਆਉਂਦੀ ਹੈ ਤੇ ਹਿਰਦੇ ਵਿੱਚ ਉਸ ਪ੍ਰਤੀ ਕੋਮਲਤਾ ਤੇ ਸਹਾਨੁਭੂਤੀ ਦਾ ਇਜ਼ਹਾਰ ਹੋਣ ਲਗਦਾ ਹੈ।"[2] ਇਥੇ ਜਿਥੇ ਭਾਵਾਂ ਦੀ ਕੋਮਲਤਾ ਦਾ ਜ਼ਿਕਰ ਉਸ ਦੀ ਵਿਧੂਰੀ ਦਾ ਮੁੱਖ ਅੰਗ ਹੈ।

ਲੌਂਗਜਾਈਨਸ ਦਾ ਉਦਾਤ ਪੂਰਣ ਸਿਧਾਂਤ, "ਮਾਨਵੀ ਕ੍ਰਿਆ, ਕਲਾਪ, ਆਚਰਣ ਚਿੰਤਨ ਅਤੇ ਭਾਵ ਤਥਾ ਪ੍ਰਕ੍ਰਿਤੀ ਸੁੰਦਰਤਾ ਦੇ ਐਸੇ ਰੂਪ ਨਾਲ ਹਨ ਜੋ ਮਨ ਨੂੰ ਅਤੀ ਸੂਰਤ ਕਰਦੇ ਹਨ ਮਹੱਤਵਪੂਰਨ ਵਿਵੇਚਨ ਉਦਾਤ ਦਾ ਨਾਇਕ ਦੇ ਸੰਦਰਭ ਵਿੱਚ ਹੋਇਆ ਹੈ।"[3] ਲੌਂਗਜਾਈਨਸ ਨੇ ਉਦਾਤ ਰਚਨਾ ਨੂੰ ਆਤਮਾ ਦੀ ਪ੍ਰਤੀਧੁਨੀ ਕਿਹਾ ਹੈ।

> "ਨਿਯਮ ਗਿਆਨ ਤੱਥਾਂ ਦੀ ਪ੍ਰਵਿਰਤੀ, ਪ੍ਰਕ੍ਰਿਤੀ ਦੇ ਸੰਦਰਭ, ਪ੍ਰਤਿਭਾਸ਼ਾਲੀ ਵਿਅਕਤੀ, ਨਵੇਂ ਮਾਨਦੰਡ ਕਵਿਤਾ ਦੇ ਰੂਪਾਂ ਵਿੱਚ ਉਦਾਤ ਰਚਨਾ ਦੇ ਚਿੰਨ੍ਹ ਹਨ। ਉਦਾਤ ਦੇ ਸੰਦਰਭ ਵਿੱਚ ਭਾਵਾਂ ਦੀ ਅਭਿਵਿਅਕਤੀ ਅਤੇ ਉਸ ਦੇ ਪ੍ਰਭਾਵ ਮਹੱਤਵਪੂਰਣ ਹਨ। ਪ੍ਰੇਮ, ਸ਼ਰਧਾ, ਕਰੁਣਾ, ਵਾਤਸਲਯ, ਦੇਸ਼ ਪ੍ਰੇਮ, ਵੀਰਤਾ ਆਦਿ ਵਿਵਧ ਭਾਵ ਹਰ ਇਕ ਦੇਸ਼ ਤਥਾ ਸੰਸਕ੍ਰਿਤੀ ਵਿੱਚ ਉਦਾਤ ਸਮਝੇ ਜਾਂਦੇ ਹਨ।"[4]

ਕਰੋਚੇ ਨੇ ਭਾਵਾਂ ਪ੍ਰਤੀ ਜੋ ਵਿਧੂਰੀ ਦਿੱਤੀ ਹੈ ਉਸਦੀ ਮਹਾਨਤਾ ਆਧੁਨਿਕ ਸਾਹਿਤ ਵਿੱਚ ਬਹੁਤ ਹੈ। "ਉਸਨੇ ਕਵਿਤਾ ਵਿੱਚ ਭਾਵਾਂ ਨੂੰ ਕਾਲਪਨਿਕ ਮੰਨ ਕੇ ਉਸਦੇ ਗਿਆਨਾਤਮਕ ਪੱਖ ਨੂੰ ਮਹੱਤਵ ਦਿੱਤਾ ਹੈ। ਕਲਪਨਾ ਦਾ ਰੂਪ ਵਿਧਾਨ ਅਜੇਹਾ ਹੈ ਕਿ ਜੋ ਨਿਸ਼ਚੇ ਹੀ ਸਾਡੇ ਭਾਵਾਂ ਨੂੰ ਉਤੇਜਿਤ ਕਰਦੀ ਹੈ। ਕਰੋਚੇ ਅਨੁਸਾਰ ਕਵਿਤਾ ਦਾ ਉਦੇਸ਼ ਹੈ ਨਾ ਬਿੰਬਚਿਤਰ ਸਗੋਂ ਸਾਡੇ ਖ੍ਰਿਆਲਾਂ ਪ੍ਰਤੀ ਰੂਪ ਹੈ। ਭਾਵ ਕੀ ਹੈ? ਹਿਰਦੇ ਤੇ ਜਿਹੜੀਆਂ ਪਰਸਥਿਤੀਆਂ ਦਾ ਪ੍ਰਭਾਵ ਪੈਂਦਾ ਹੈ ਉਸ ਦੀ ਗਹਿਰੀ ਅਨੁਭੂਤੀ ਪ੍ਰਭਾਵ ਹੈ ਸੰਦਰਭ ਭਾਵ ਦਾ ਸੰਬੰਧ ਸਿਧਾ ਸਾਡੇ ਅੰਤਹਕਰਣ ਨਾਲ ਹੈ

1. ਅਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਤੇ ਵਿਸ਼ਲੇਸ਼ਣ, ਪੰਨਾ 358
2. ਉਹੀ
3. ਲੌਂਗਜਾਈਨਸ, ਔਨ ਦਾ ਸਬਲਾਇਮ, ਪੰਨਾ 120
4. ਪ੍ਰੇਮ ਸਾਗਰ, ਆਧੁਨਿਕ ਸਾਹਿਤ ਵਿੱਚ ਉਦਾਤ ਭਾਵਨਾ, ਪੰਨਾ 5

ਜਿਵੇਂ ਆਤਮਾ ਦੀ ਆਪਣੀ ਸੁਤੰਤਰ ਕਲਪਨਾ ਸੌਂਦਰਯ ਰੂਪ ਹੈ।"[1] ਇਸ ਤੋਂ ਅੱਗੇ ਚਲ ਕੇ ਕਿਹਾ "ਸੁੰਦਰਤਾ ਜਿਸਮਾਨੀ ਤੱਤ ਨਹੀਂ, ਨਾ ਹੀ ਸੁੰਦਰਤਾ ਕਿਸੇ ਵਸਤੂ ਨਾਲ ਸਬੰਧਤ ਹੈ ਇਹ ਮਨੁੱਖੀ ਸੌਂਦਰਯ ਕਾਰਜ ਅਤੇ ਉਸ ਦੀ ਦਿਮਾਗੀ ਤੇ ਆਤਮਿਕ ਸ਼ਕਤੀ ਨਾਲ ਸੰਬੰਧਤ ਹੈ।"[2] ਇਸੇ ਲਈ ਆਤਮ ਗਿਆਨ ਨਾਲ ਭਾਵਮਈ ਤੇ ਰਸਮਈ ਮੰਨਿਆ ਗਿਆ ਹੈ। ਜੋ ਲੌਕਿਕ ਸ਼ਕਤੀ ਜਾਂ ਆਤਮ ਗਿਆਨ ਨਾਲ ਕਵਿਤਾ ਨੂੰ ਜੋੜਦੀ ਹੈ। ਕਾਵਯਗਤ ਸੌਂਦਰਯ ਅਨੁਭੂਤੀ ਭਾਵਮਈ ਹੈ। ਭਾਵ ਸੌਂਦਰਯ ਸਾਡੇ ਅੰਤਰ ਆਤਮਾ ਦਾ ਸੌਂਦਰਯ ਪ੍ਰਭਾਵ ਹੈ। ਭਾਵ ਸੌਂਦਰਯ ਅਧਿਆਤਮਕ ਤੇ ਭੌਤਿਕ ਨਹੀਂ। ਭਾਵਾਂ ਦਾ ਪ੍ਰਗਟਾ ਕਠੋਰ ਤੋਂ ਕਠੋਰ ਮਨ ਨੂੰ ਪੰਘਰਾ ਦਿੰਦਾ ਹੈ। ਜਿਸ ਤਰ੍ਹਾਂ ਪਿੰਘਲੀ ਹੋਈ ਵਸਤੂ ਨੂੰ ਜਿਸ ਸਾਂਚੇ ਵਿੱਚ ਮਰਜ਼ੀ ਢਾਲ ਲਓ ਉਹ ਉਸੇ ਰੂਪ ਵਿਚ ਹੀ ਬਣ ਜਾਏਗੀ। ਇਸੇ ਤਰ੍ਹਾਂ ਭਾਵਾਂ ਦੀ ਤੀਬਰਤਾ ਵੀ ਢਲ ਜਾਂਦੀ ਹੈ।

ਫਰਾਇਡ, ਯੁੰਗ ਤਥਾ ਐਡਲਰ ਇਨ੍ਹਾਂ ਦੁਆਰਾ ਚਲਾਈ ਗਈ ਸਮੀਖਿਆ ਸ਼ੈਲੀ ਨੂੰ ਅਸੀਂ ਮਨੋਵਿਸ਼ਲੇਸ਼ਣਵਾਦੀ ਪ੍ਰਵਿਰਤੀ ਕਹਿੰਦੇ ਹਾਂ ਇਹ ਪ੍ਰਣਾਲੀ ਸਮਾਜ ਪੱਖੀ ਰੂਪ ਵਿੱਚ ਕਵੀਆਂ ਦੇ ਅੰਦਰਲੇ ਭਾਵਾਂ ਨੂੰ ਪ੍ਰਗਟ ਕਰਦੀ ਹੈ। ਮਨੋਵਿਸ਼ਲੇਸ਼ਣਵਾਦੀ ਪ੍ਰਵਿਰਤੀ ਕਾਮਰੁਚੀਆਂ ਤੇ ਦਮਿਤ ਵਾਸ਼ਨਾਵਾਂ ਨਾਲ ਸੰਬੰਧ ਮੰਨਦੀ ਹੈ। ਜਦੋਂ ਉਨ੍ਹਾਂ ਨੂੰ ਦਬਾਇਆ ਜਾਵੇਗਾ ਤਾਂ ਮਨੁੱਖਤਾ ਵਿੱਚ ਪਤਨ ਆਵੇਗਾ।

ਯੁੰਗ ਨੇ ਜੀਵਨ ਇੱਛਾ ਨੂੰ ਹੀ ਪ੍ਰਧਾਨ ਮੰਨਿਆ ਹੈ। ਉਸ ਨੇ ਸੰਸਾਰਿਕ ਇੱਛਾ ਧੰਨ ਦੀ ਇੱਛਾ ਅਤੇ ਪੁੱਤਰ ਦੀ ਇੱਛਾ ਦੇ ਰੂਪ ਵਿਚ ਜੀਵਨ ਦੀ ਇੱਛਾ ਦਾ ਵਿਸਤਾਰ ਕੀਤਿਆ ਹੈ। ਮਨੁੱਖ ਆਪਣੇ ਤੋਂ ਬਾਅਦ ਵੀ ਆਪਣਾ ਨਾਮ ਛੱਡ ਜਾਣ ਲਈ ਇੱਛੁਕ ਹੁੰਦਾ ਹੈ ਅਤੇ ਇਸ ਨੂੰ ਪ੍ਰਾਪਤ ਕਰਨ ਦਾ ਪ੍ਰਯਤਨ ਕਰਦਾ ਹੈ। ਇਸ ਤਰ੍ਹਾਂ ਯੁੰਗ ਨੇ ਸਭ ਤੋਂ ਅੱਗੇ ਵੱਧ ਕੇ ਫਰਾਇਡ ਦੀ ਕਾਮ ਵਾਸ਼ਨਾ ਅਤੇ ਐਡਲਰ ਦੀ ਪਰਭੁਤਸ਼ਾਲੀ ਸ਼ਕਤੀ ਭਾਵਨਾ ਦੋਹਾਂ ਨੂੰ ਜੀਵਨ ਇੱਛਾ ਦੇ ਖੇਤਰ ਵਿੱਚ ਲੈ ਆਂਦਾ ਹੈ। ਇਸ ਦੇ ਦੋ ਪੱਖ ਦੱਸੇ ਗਏ ਹਨ। ਅੰਤਰਮੁਖੀ (Introvert) ਅਤੇ ਬਾਹਰਮੁਖੀ (Extrovert) ਯੁੰਗ ਨੇ ਆਧੁਨਿਕ ਵਿਅਕਤੀ ਦੇ ਮਨੋਵਿਸ਼ਲੇਸ਼ਣ ਵਿੱਚ ਬਹੁਤ ਸਾਰੇ ਗੁਪਤ ਰਹੱਸਾਂ ਦਾ ਅਨੁਵੇਸ਼ਣ ਕੀਤਾ ਹੈ।

---

1. ਕਰੋਸੇ, ਵਿਲਡਨ ਕੈਅਰ ਫਿਲਾਸਫੀ ਆਫ ਕਰੋਸੇ, ਪੰਨਾ 164

2. The beautiful is not a physical fact. Beauty does not belong to thing, it belongs to human aesthetic activity and this is a mental and spiritual fact.

ਕਰੋਸੇ, ਐਸਥੈਟਿਕਸ, ਪੰਨਾ 26

ਫਰਾਇਡ ਨਾਲ 1875 ਈ. ਵਿੱਚ ਮਨੋਵਿਗਿਆਨਕ ਉਪਲਬਧੀਆਂ ਦਾ ਦੌਰ ਸ਼ੁਰੂ ਹੁੰਦਾ ਹੈ। ਉਸ ਨੇ ਮਨੁੱਖੀ ਮਨ ਦੀਆਂ ਬਰੀਕੀਆਂ ਦਾ ਅਧਿਐਨ ਕਰਨ ਉਪਰੰਤ ਇਹ ਸਿੱਟਾ ਕੱਢਿਆ ਕਿ ਮਨ ਇਕ ਆਇਸਬਰਗ ਹੈ। "ਸਮਾਜਕ ਆਚਾਰ-ਵਿਹਾਰ ਦੇ ਰੂਪ ਸਾਨੂੰ ਮਨ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਦਿਖਾਈ ਦਿੰਦਾ ਹੈ ਬਾਕੀ ਦਾ ਬਹੁਤ ਹਿੱਸਾ ਅਰਧ-ਚੇਤਨ-ਮਨ ਤੇ ਅਚੇਤ ਮਨ ਵਿੱਚ ਵਿਅਕਤੀ ਦੀਆਂ ਅਦਮ-ਇਛਾਵਾਂ ਤੇ ਸੰਸਕਾਰ ਵਿਦਮਾਨ ਰਹਿੰਦੇ ਹਨ।"[1] "ਮਨੁੱਖ ਦੀ ਯੋਨ ਭਾਵਨਾ ਨੂੰ ਉਸ ਦੀਆਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਦਾ ਕੇਂਦਰ ਬਿੰਦੂ ਮੰਨਿਆ ਹੈ।"[2] ਇਹੀ ਕਾਰਣ ਹੈ ਕਿ ਕਿਸੇ ਵਿਅਕਤੀ ਨੂੰ ਸਮਝਣ ਲਈ ਉਸ ਦੀਆਂ ਕਾਮ ਭਾਵਨਾਵਾਂ ਦਾ ਗਿਆਨ ਅਤੀ ਜ਼ਰੂਰੀ ਹੈ। ਉਸ ਨੇ ਕਾਵਿ ਨੂੰ ਮਨੁੱਖ ਦੀਆਂ ਦਮਿਤ ਭਾਵਨਾਵਾਂ ਦਾ ਉਦਾਤੀਕਰਣ ਮੰਨਿਆ ਹੈ।[3] ਫਰਾਇਡ ਮੁਤਾਬਿਕ "ਕਾਮਤ੍ਰਿਪਤੀ ਤੇ ਆਪਣਾ ਵਿਖਾਵਾ ਮੁੱਖ ਬ੍ਰਿਤੀਆਂ ਮਨੁੱਖ ਅੰਦਰ ਕੰਮ ਕਰਦੀਆਂ ਹਨ।"[4] ਫਰਾਇਡ ਦੀ ਇਸ ਥਿਊਰੀ ਦਾ ਬਹੁਤ ਸਾਰੇ ਵਿਦਵਾਨਾਂ ਤੇ ਅਸਰ ਪਿਆ।

> "ਕ੍ਰਿਸਟਫਰ ਕਾਡਵਿਲ ਨੇ ਪ੍ਰਗਤੀਵਾਦ ਨੂੰ ਮੁੱਖ ਰਖਕੇ ਕਵਿਤਾ ਨਾਲ ਸਮੂਹਕ ਭਾਵਨਾਵਾਂ ਜਾਂ (Collective Emotions) ਨੂੰ ਜੋੜ ਦਿੱਤਾ ਹੈ। ਉਹ ਕਵਿਤਾ ਨੂੰ ਸਮੂਹਕ ਵਿਸ਼ੇਸ਼ ਦੇ ਵਿਚਾਰਾਂ ਦਾ ਪ੍ਰਕਾਸ਼ਨ ਕਰਦਾ ਮੰਨਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਕਵਿਤਾ ਮਨੁੱਖਾਂ ਲਈ ਅੰਦਰੂਨੀ ਤਥਾ ਆਤਮਾ ਚੇਤਨਾ ਹੈ ਪਰੰਤੂ ਵਿਅਕਤੀ ਰੂਪ ਵਿੱਚ ਨਹੀਂ ਸਗੋਂ ਸਮੂਹਕ ਰੂਪ ਵਿੱਚ ਹੈ। ਉਨ੍ਹਾਂ ਦਾ ਕਥਨ ਹੈ ਉਤਪਾਦਨ ਦੇ ਸਾਧਨ ਮਾਨਵ ਸਮਾਜ ਦੇ ਵਿਕਾਸ ਦੇ ਮੂਲ ਆਧਾਰ ਹਨ। ਇਕ ਆਰਥਿਕ ਹੁੰਦਾ ਹੈ ਜਦੋਂ ਕਿ ਸਾਹਿਤ ਦਾ ਆਧਾਰ ਵੀ ਆਰਥਿਕ ਹੁੰਦਾ ਹੈ। ਅਰਥ ਅਤੇ ਉਤਪਾਦਨ ਹਰ ਯੁੱਗ ਵਿੱਚ ਪਰਿਵਰਤਨ ਨੂੰ ਧਿਆਨ ਵਿੱਚ ਰੱਖ ਕੇ ਸਮਾਜ ਦੀ ਪਰਿਵਰਤਨਸ਼ੀਲਤਾ ਦੇ ਨਾਲ ਅੱਗੇ ਕਦਮ ਵਧਾਉਣ ਵਾਲੇ ਸਾਹਿਤ ਸਮੂਹਕ ਭਾਵਾਂ ਨੂੰ ਪ੍ਰਗਟ ਕਰਦਾ ਹੋਇਆ ਚਲਦਾ ਹੈ।"[5]

---

1. ਜੋਨ ਰਿਕਮੈਨ, ਏ ਜੇਨਰਲ ਸੀਲੈਕਸ਼ਨ ਫਰਾਮ ਦੀ ਵਰਕ ਆਫ ਸਿਗਮੰਡ ਫਰਾਇਡ, ਕੁਲੈਕਟਿਡ ਪੇਪਰਜ਼, ਵੌਲਿਅਮ ਇਕ, ਪੰਨੇ 89-91
2. ਉਹੀ
3. ਉਹੀ
4. ਉਹੀ, ਪੰਨਾ 91
5. ਭਗਵਾਨ ਦਾਸ, ਸਾਇੰਸ ਆਫ ਈਮੋਸ਼ਨਜ਼, ਪੰਨਾ 171

ਇਸ ਤਰ੍ਹਾਂ ਪੱਛਮੀ ਵਿਦਵਾਨਾਂ ਵਿੱਚ ਭਾਵਾਂ ਪ੍ਰਤੀ ਵਿਚਾਰਾਂ ਦੇ ਉਤਰਾਵਾਂ ਚੜ੍ਹਾਵਾਂ ਦਾ ਮਨੋਵਿਸ਼ਲੇਸ਼ਣ ਹੁੰਦਾ ਰਿਹਾ। ਆਧੁਨਿਕ ਸਾਹਿਤ ਵਿਚ ਵੀ ਪੱਛਮੀ ਸਾਹਿਤਕਾਰਾਂ ਦੀ ਤਰ੍ਹਾਂ ਨਵੇਂ ਵਿਚਾਰ ਵਿਦਮਾਨ ਹਨ ਜਿਵੇਂ "ਡਾਕਟਰ ਖਾਟਵੇ ਨੇ ਰਸ ਸਿਧਏ ਦੇ ਆਧੁਨਿਕ ਮਨੋਵਿਗਿਆਨ ਤਥਾ ਵਿਭਾਵ, ਅਨੁਭਾਵ, ਵਿਭਚਾਰੀ ਭਾਵ, ਸਥਾਈ, ਸੰਚਾਰੀ ਭਾਵਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਹੈ। ਕਵੀ ਦੁਆਰਾ ਕਵਿਤਾ ਦਾ ਵਿਭਾਵ, ਅਨੁਭਾਵ, ਵਿਭਚਾਰੀ, ਸੰਚਾਰੀ ਭਾਵਾਂ ਦਾ ਸੰਸਲਿਤ ਰੂਪ, ਸਮਾਜਿਕ, ਮਨ ਦਾ ਅੰਦ ਸਵਰੂਪ ਚਿਤਬ੍ਰਿਤੀਆਂ ਸ਼ਰੀਰ ਤੇ ਮਨ ਦਾ ਪਰਸਪਰ ਸੰਬੰਧ ਉਤਸ਼ਾਹ ਸਭ ਭਾਵਾਂ ਦਾ ਪ੍ਰਕਿਰਮ ਹੈ।"[1]

"ਆਧੁਨਿਕ ਮਨੋਵਿਗਿਆਨ ਦੇ ਅਨੁਸਾਰ 16 ਪ੍ਰਵਿਰਤੀਆਂ ਮੰਨੀਆਂ ਗਈਆਂ ਹਨ। ਪਹਿਲੀਆਂ 13 ਮੁੱਖ ਰੂਪ ਵਿਚ, ਤਿੰਨ ਗੌਣ ਰੂਪ ਵਿਚ ਮੰਨੀਆਂ ਗਈਆਂ ਹਨ।"[2]

1. "**Parental or Protective instinct:**

   ਇਸ ਅਧੀਨ ਪਿਆਰ ਤੇ ਕੁਰਬਾਨੀ ਵਾਲੀ ਪ੍ਰਵਿਰਤੀ ਨਾਲ ਸੰਬੰਧਿਤ ਮਨੋਵੇਗ ਹਨ।

2. **The instinct of combat:**

   ਸੰਘਰਸ਼ ਦੀ ਬਿਰਤੀ ਜਦੋਂ ਮਨੁੱਖ ਦੇ ਕਿਸੇ ਮਨਪਸੰਦ ਕਾਰਜ ਵਿੱਚ ਰੁਕਾਵਟ ਪਾਈ ਜਾਵੇ ਤਾਂ ਸੰਘਰਸ਼ ਵਿਰਤੀ ਕ੍ਰਿਆਸ਼ੀਲ ਹੋ ਜਾਂਦੀ ਹੈ। ਇਸ ਵਿਰਤੀ ਦਾ ਸਬੰਧ ਕ੍ਰੋਧ ਨਾਲ ਹੈ। ਇਸ ਤੋਂ ਗੁੱਸੇ (Anger) ਕ੍ਰੋਧ, (Rage) ਰੋਸ਼, ਰੋਸ਼ਾਨਾਦ (Fury) ਅਉਂਦੇ ਹਨ।

3. **The instinct of Curiosity:**

   ਜਗਿਆਸਾ, ਉਤਸੁਕਤਾ, ਕੌਤਸੁਕਤਾ ਤਥਾ ਵਿਸਮਾਦ ਇਸ ਬ੍ਰਿਤੀ ਦੇ ਮਨੋਵੇਗ ਹਨ। ਚਕਿਤ ਹੋਣਾ, ਖੋਜ ਕਰਨਾ, ਅੱਖਾਂ ਫਾੜ ਕੇ ਵੇਖਣਾ ਆਦਿ ਸਰੀਰਕ ਚਿਨ੍ਹ ਹਨ।

4. **The instinct of Food seeking:**

   ਭੋਜਨ ਖਾਣ ਦੀ ਬ੍ਰਿਤੀ - ਇਹ ਵਿਰਤੀ ਮਨੁੱਖ ਤੋਂ ਲੈ ਕੇ ਪਸ਼ੂ-ਪੰਛੀ, ਫੁੱਲ ਬੂਟੇ ਆਦਿ ਸਭ ਵਿਚ ਵਿਦਮਾਨ ਹੈ। ਇਸ ਬ੍ਰਿਤੀ ਦਾ ਮਨੋਵੇਗ ਭੁੱਖ (Appetite) ਹੈ ਜੋ ਜੜ੍ਹ ਚੇਤਨ ਸਭ ਵਿੱਚ ਪਾਈ ਜਾਂਦੀ ਹੈ।

---

1. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਤੇ ਵਿਸ਼ਲੇਸ਼ਣ, ਪੰਨਾ 365
2. ਰਾਮ ਸਵਾਰਥ ਚੌਧਰੀ, ਮਧੁਰ ਰਸ ਸਰੂਪ ਅਤੇ ਵਿਕਾਸ, ਪੰਨਾ 61

5. **The instinct of Repulsion:**

ਨਿਸ਼ੇਧ ਦੀ ਵਿਰਤੀ ਆਦਮੀ ਜਿਸ ਨੂੰ ਨਹੀਂ ਚਾਹੁੰਦਾ, ਜਿਸ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਹੈ ਇਥੋਂ ਤੱਕ ਕਿ ਉਸ ਨੂੰ ਦੇਖਣਾ ਵੀ ਪਸੰਦ ਨਹੀਂ ਕਰਦਾ। ਉਥੇ ਘ੍ਰਿਣਾ, ਜਗੁਸਾ (Hatred) ਭਾਵਨਾਵਾਂ ਹੁੰਦੀਆਂ ਹਨ।

6. **The instinct of escape:**

ਪਲਾਇਨ ਵਿਰਤੀ ਭੈ ਅਥਵਾ ਖਤਰੇ ਤੋਂ ਬਚ ਨਿਕਲਨ ਦੀ ਪ੍ਰਵ੍ਰਿਤੀ ਸਭ ਜੀਵਾਂ ਵਿੱਚ ਸਮਾਨ ਰੂਪ ਵਿੱਚ ਪਾਈ ਜਾਂਦੀ ਹੈ। ਪਰੰਤੂ ਦੁਬਲੇ ਪਤਲੇ ਪ੍ਰਾਣੀਆਂ ਵਿੱਚ ਇਹ ਪ੍ਰਵਿਰਤੀ ਵਧੇਰੇ ਕਾਇਮ ਹੈ। ਇਸ ਵਿਰਤੀ ਦਾ ਮਨੋਵੇਗ ਭੈ ਹੈ।

7. **The gregarious instinct:**

ਸਮਾਜਿਕ ਵਿਰਤੀ ਆਪਣੀ ਰੱਖਿਆ ਤਥਾ ਪ੍ਰਤੀਕੂਲ ਵਹਾਅ ਤੇ ਸਮੂਹਿਕ ਰੂਪ ਵਿਚ ਹਮਲਾ ਕਰਨਾ ਹੀ ਇਸ ਵਿਰਤੀ ਦਾ ਉਦੇਸ਼ ਹੈ। ਜੰਗਲ ਦੇ ਜੀਵ-ਜੰਤੂ ਵੀ ਝੁੰਡ ਬਣਾ ਕੇ ਰਹਿਣਾ ਪਸੰਦ ਕਰਦੇ ਹਨ। ਮਨੁੱਖ ਸਮਾਜਿਕ ਪ੍ਰਾਣੀ ਹੈ, ਉਸ ਵਿੱਚ ਸਮਾਜਿਕਤਾ ਦਾ ਭਾਵ ਅਧਿਕ ਤੀਬਰ ਰੂਪ ਵਿੱਚ ਰਹਿੰਦਾ ਹੈ। ਇਸ ਵਿਰਤੀ ਦਾ ਸਬੰਧ ਸਹਾਨੁਭੂਤੀ ਹੈ।

8. **The instinct of self-assertion:**

(ਆਤਮਾ ਪ੍ਰਤਿਸ਼ਟਾ ਦੀ ਵਿਰਤੀ): ਇਸ ਬ੍ਰਿਤੀ ਅਨੁਕੂਲ ਨਿੱਜੀ ਭਾਵਾਂ ਦੀ ਪ੍ਰਮੁੱਖਤਾ ਹੈ। ਇਹ ਵਿਰਤੀ ਮਾਨਵ ਸਮਾਜ ਵਿਚ ਵਧੇਰੇ ਮਹੱਤਵਪੂਰਣ ਹੈ। ਅੰਹਕਾਰ, ਗੌਰਵ, ਹਉਮੈ, ਮੈਂ ਇਸ ਦੇ ਸਬੰਧਤ ਮਨੋਵੇਗ ਹਨ।

9. **The instinct of surrender or submission:**

ਸਮਰਪਣ ਵਿਰਤੀ ਪ੍ਰਾਪਤ ਕਰਨ ਦੀ ਭਾਵਨਾ ਇਸ ਬ੍ਰਿਤੀ ਵਿੱਚ ਮੂਲ ਰੂਪ ਵਿੱਚ ਪਾਈ ਜਾਂਦੀ ਹੈ। ਸਨੇਹ ਉਤਸਰਗ, ਅਧੀਨਤਾ, ਦੀਨਤਾ ਇਸ ਵਿਰਤੀ ਦੇ ਮਨੋਵੇਗ ਹਨ।

10. **The Mating, pairing or the sex instinct:**

(ਪ੍ਰਜਨਨ ਵਿਰਤੀ): ਲਿੰਗ ਦੇ ਨਾਲ ਇਸ ਦਾ ਸੰਬੰਧ ਇਸ ਵਿਰਤੀ ਦਾ ਪ੍ਰਮੁੱਖ ਉਦੇਸ਼ ਹੈ। ਕਾਮਪੂਰਤੀ, ਵਿਸ਼ੇ-ਸੁਖ ਦੀ ਇੱਛਾ, ਮੈਥੁਨ ਦੀ ਅਭਿਲਾਸ਼ਾ ਇਸ

ਵਿਰਤੀ ਦੇ ਪਰਬਲ ਮਨੋਵੇਗ ਹਨ ਜੋ ਜੜ੍ਹ-ਚੇਤਨ ਸਭ ਵਿਚ ਸਮਾਨ ਰੂਪ ਵਿਚ ਵਿਦਮਾਨ ਹਨ। ਕਾਮਤ੍ਰਿਪਤੀ ਦੀ ਅਭਿਲਾਸ਼ਾ ਇਸ ਦਾ ਮਹੱਤਵਪੂਰਣ ਭਾਵ ਹੈ ਜੋ ਵਿਸ਼ਵ ਭਰ ਵਿਚ ਰੂਪਮਾਨ ਹੈ।

11. The acquisitive instinct:

(ਪਰੀਗ੍ਰਹਿ ਵਿਰਤੀ): ਇਸ ਵਿਰਤੀ ਦਾ ਉਦੇਸ਼ ਭਵਿਸ਼ ਲਈ ਆਤਮਰੱਖਿਆ ਦੀ ਵਿਵਸਥਾ ਕਰਨਾ ਹੈ। ਅਧਿਕਾਰ ਭਾਵਨਾ (ownership) ਇਸ ਦਾ ਮਨੋਵੇਗ ਹੈ।

12. The constructive instinct:

(ਨਿਰਮਾਣ ਵਿਰਤੀ): ਜੀਵਨ ਮਾਤਰ ਵਿਚ ਰਹਿਣ ਲਈ ਸੁਰਖਿਅਕ ਭਾਵਨਾ ਦੀ ਵਿਰਤੀ ਨਿਰੰਤਰ ਚਲਦੀ ਰਹਿੰਦੀ ਹੈ ਜੋ ਕੀੜੇ ਮਕੌੜੇ, ਪੰਛੀ, ਪਸ਼ੂਆਂ ਵਿੱਚ ਵੀ ਪਾਈ ਜਾਂਦੀ ਹੈ। ਸਿਰਜਨ ਦਾ ਅਨੰਦ, ਉਤਸ਼ਾਹ ਇਸਵਿਰਤੀ ਦੇ ਮਨੋਵੇਗ ਹਨ।

13. The instinct of Appeal:

(ਬੇਨਤੀ ਦੀ ਵਿਰਤੀ): ਗੁਰੂ ਜਨਾਂ ਤੋਂ ਸਹਾਇਤਾ, ਸੁਖ ਸੁਵਿਧਾ ਦੀ ਪ੍ਰਾਪਤੀ ਕਰਨਾ ਹੀ ਇਸ ਵਿਰਤੀ ਦਾ ਉਦੇਸ਼ ਹੈ। ਵਿਨਯ ਇਸ ਦਾ ਮਨੋਵੇਗ ਹੈ।

14. The instinct of play:

(ਖੇਡਣ ਦੀ ਵਿਰਤੀ): ਇਸ ਦਾ ਮਨੋਵੇਗ ਵਿਨੋਦ ਹੈ।

15. The instinct of imitation:

(ਅਨੁਕਰਣ ਦੀ ਵਿਰਤੀ): ਇਸ ਦਾ ਮਨੋਵੇਗ ਪ੍ਰਦਰਸ਼ਨ ਹੈ।

16. The instinct of Laughter:

(ਹਾਸਯ ਦੀ ਪ੍ਰਵਿਰਤੀ): ਇਸ ਦਾ ਮਨੋਵੇਗ ਹਾਸਯ ਹੈ।"[1]

ਇਨ੍ਹਾਂ ਉਪਰ ਦਿੱਤੀਆਂ 16 ਪ੍ਰਵਿਰਤੀਆਂ ਵਿਚ ਰਤੀ, ਹਾਸ, ਭੈ, ਘ੍ਰਿਣਾ, ਵਾਤਸਲਯ, ਅਹੰਕਾਰ, ਸਹਾਨੁਭੂਤੀ ਆਦਿ ਭਾਵਨਾਵਾਂ ਦਾ ਸਰੂਪ ਉਘੜ ਕੇ ਸਾਹਮਣੇ ਆਉਂਦਾ ਹੈ। ਭਾਵ ਸਾਡੇ

---

1. ਰਾਮ ਸਵਾਰਥ ਚੌਧਰੀ, ਮਧੁਰ ਰਸ ਸਵਰੂਪ ਅਤੇ ਵਿਕਾਸ, ਪੰਨੇ 61-62

ਮਾਨਸਿਕ ਜੀਵਨ ਦੇ ਅੰਗ ਸਵਰੂਪ ਹੋ ਕੇ ਇਸ ਵਿਚ ਸਮਾਏ ਰਹਿੰਦੇ ਹਨ। ਮਨ ਵਿੱਚ ਉਠਣ ਵਾਲੀਆਂ ਤਰੰਗਾਂ ਭਾਵ ਰਹਿਤ ਨਹੀਂ ਹੁੰਦੀਆਂ ਜੋ ਪ੍ਰਾਪਤੀਆਂ, ਹਾਲਤਾਂ ਸਮੇਂ ਦੇ ਅਨੁਸਾਰ ਦਰਜਾ ਬਦਰਜਾ ਉਠਦੀਆਂ, ਵਹਿੰਦੀਆਂ, ਬਣਦੀਆਂ ਖਤਮ ਹੁੰਦੀਆਂ ਰਹਿੰਦੀਆਂ ਹਨ, ਭਾਵਾਂ ਦੇ ਕਾਰਨ ਹੀ ਹੁੰਦੀਆਂ ਹਨ। ਕਵਿਤਾ ਭਾਵਾਂ ਦੀ ਪ੍ਰੇਰਨਾ ਹੁੰਦੀ ਹੈ ਚਾਹੇ ਉਹ ਸਰੀਰਕ, ਮਾਨਸਿਕ, ਬੌਧਿਕ ਭਾਵਾਂ ਨਾਲ ਸੰਬੰਧਤ ਕਿਉਂ ਨਾ ਹੋਣ। ਇਸ ਤਰ੍ਹਾਂ ਭਾਵਾਂ ਦੇ ਸਿਧਾਂਤਕ ਤੇ ਮਨੋਵਿਗਿਆਨਕ ਪੱਖ ਨੂੰ ਸਪੱਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ।

## ਭਾਵਾਂ ਦੀ ਪ੍ਰਕਾਰ ਵੰਡ

ਭਾਵ ਸ਼ਬਦ ਦਾ ਅਰਥ ਬਹੁਤ ਵਿਆਪਕ ਹੈ। "ਨਾਟਯ ਸ਼ਾਸਤਰ ਵਿੱਚ ਭਾਵ ਦੀ ਸੰਗਿਆ ਵਸਤੂਗਤ ਮੰਨੀ ਗਈ ਹੈ। ਭਰਤ ਨੇ ਭਾਵ ਦਾ ਅਰਥ ਹੋਰ ਸਪਸ਼ਟ ਕਰਦੇ ਹੋਏ ਕਿਹਾ ਹੈ 'ਭਾਵ ਜੋ ਰਸ ਦਾ ਭਾਵਨ ਕਰੇ'। ਭਾਵ ਰਸ ਸਮੱਗਰੀ ਦੀ ਵਿਅੰਜਨਾ ਹੈ। ਭਰਤ ਨੇ ਭਾਵਾਂ ਦੀ ਗਿਣਤੀ 49 ਮੰਨੀ ਹੈ। ਇਸ ਦੀ ਸਮੱਗਰੀ ਵਿਭਾਵ, ਅਨੁਭਾਵ, ਸਥਾਈ ਤੇ ਸੰਚਾਰੀ ਭਾਵਾਂ ਅਨੁਕੂਲ ਆਉਂਦੀ ਹੈ। ਭਾਵਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੀ ਗਈ ਹੈ:

1. ਸਥਾਈ ਭਾਵ - 8
2. ਸੰਚਾਰੀ ਭਾਵ -33
3. ਸਾਤਵਿਕ ਭਾਵ - 8 "[1]

ਇਨ੍ਹਾਂ ਭਾਵਾਂ ਦੀ ਸੂਚੀ, ਨਾਂ ਤੇ ਗਿਣਤੀ ਇਸ ਤਰ੍ਹਾਂ ਹੈ:

### ਸਥਾਈ ਭਾਵ:

"ਭਰਤਮੁਨੀ ਅਨੁਸਾਰ ਸਥਾਈ ਭਾਵ ਅੱਠ ਹਨ।"[2] ਕਾਵਯ ਪ੍ਰਕਾਸ਼ ਵਿੱਚ ਮੰਮਟ ਨੇ ਵੀ ਇਸ ਦੀ ਪ੍ਰੋੜਤਾ ਕੀਤੀ ਹੈ ਪਰ ਬਾਕੀ ਸਭ ਵਿਦਵਾਨਾਂ ਨੇ ਇਸ ਦੀ ਗਿਣਤੀ ਨੌਂ ਮੰਨੀ ਹੈ।

---

1. ਭਰਤਮੁਨੀ, ਨਾਟਯ ਸ਼ਾਸਤਰ, ਪੰਨਾ 104
2. ਉਹੀ

"ਭਰਤ ਮੁਨੀ ਅਨੁਸਾਰ ਸਥਾਈ ਭਾਵਾਂ ਦੀ ਗਿਣਤੀ ਇਉਂ ਹੈ:

| | | | |
|---|---|---|---|
| 1. ਰਤੀ | 2. ਹਾਸਾ | 3. ਸ਼ੋਕ | 4. ਕ੍ਰੋਧ |
| 5. ਉਤਸ਼ਾਹ | 6. ਘਿਰਣਾ | 7. ਵਿਸਮਾਦ ਹੈਰਾਨੀ | 8. ਭੈ"[1] |

ਵਤਸਲਤਾ ਅਤੇ ਉਪਸ਼ਾਮਤਾ ਵੀ ਸਥਾਈ ਭਾਵ ਮੰਨੇ ਗਏ ਹਨ।

## <u>ਸੰਚਾਰੀ ਭਾਵ</u>

| | | | |
|---|---|---|---|
| 1. ਗਿਲਾਨੀ | 2. ਮਦ | 3. ਥਕਾਵਟ | 4. ਆਲਸ |
| 5. ਸੁੰਨਤਾ | 6. ਮੋਹ | 7. ਮਿਰਗੀ | 8. ਨੀਂਦ |
| 9. ਸੁਪਨ ਅਵਸਥਾ | 10. ਸੁਜਾਗਤਾ | 11. ਉਨਮਾਦ | 12. ਮਨ-ਸੰਤਾਪ |
| 13. ਮ੍ਰਿਤੂ ਤੁਲਤਾ | 14. ਉਤਸੁਕਤਾ | 15. ਦੀਨਤਾ | 16. ਵਿਸ਼ਾਦ |
| 17. ਪ੍ਰਸੰਨਤਾ | 18. ਧੀਰਜ | 19. ਚਿੰਤਾ | 20. ਨਿਰਵੇਦ |
| 21. ਸ਼ੰਕਾ | 22. ਡਰ | 23. ਅਹੰਕਾਰ | 24. ਚਿੜ |
| 25. ਮਤੀ | 26. ਵਿਤਰਕ | 27. ਸਮ੍ਰਿਤੀ | 28. ਭਾਵ-ਸਾਂਝ |
| 29. ਲੱਜਾ | 30. ਅਸੂਯਾ | 31. ਚੰਚਲਤਾ | 32. ਉਤੇਜਨਾ |
| 33. ਆਵੇਗ [2] | | | |

## <u>ਸਾਤਵਿਕ ਭਾਵ</u>

"ਸਾਤਵਿਕ ਭਾਵਾਂ ਦੀ ਗਿਣਤੀ [illegible] ਨੇ ਇਉਂ ਕੀਤੀ ਹੈ:

| | |
|---|---|
| 1. ਸੰਤਭ | ਸੁੰਨ ਹੋਣਾ |
| 2. ਪ੍ਰਲੈ | ਪਸੀਨਾ |
| 3. ਰੋਮਾਂਚ | ਪ੍ਰੇਮ |

---

1. ਕੌਸ਼ਲਨ ਕੁਮਾਰ, <u>ਦਿਨਕਰ ਕੀ ਕਾਵਯ ਮੇਂ ਸ਼੍ਰਿੰਗਾਰ ਕਾਵਯ ਰੂਪ</u>, ਪੰਨੇ 1-4
2. ਕਟਪਲੀ ਚੰਦਰ ਗੁਪਤ, <u>ਭਾਰਤੀਯ ਸਾਹਿਤ ਮੇਂ ਸ਼ਿੰਗਾਰ ਰਸ</u>, ਪੰਨਾ 21

4. ਸਵੇਦ — ਸਰ ਭੰਗ
5. ਵੈਵਰਨਯ — ਕੰਬਣੀ
6. ਕ੍ਰੋਧ — ਰੰਗ ਬਦਲੀ
7. ਅਸ਼ਰੂ — ਹੰਝੂ
8. ਵੈਸਵਰਯ — ਸਾਹ ਦੀ ਰੋਕ"[1]

ਸਥਾਈ, ਸੰਚਾਰੀ ਤੇ ਸਾਤਵਿਕ ਭਾਵਾਂ ਦੀ ਸੂਚੀ ਤੋਂ ਇਹ ਪਤਾ ਲੱਗਦਾ ਹੈ ਕਿ ਇਨ੍ਹਾਂ ਭਾਵਾਂ ਤੋਂ ਬਿਨਾਂ ਕਵਿਤਾ ਦੀ ਉਪਜ ਨਹੀਂ ਹੋ ਸਕਦੀ। ਭਾਵ ਕਵਿਤਾ ਦਾ ਮਹੱਤਵਪੂਰਣ ਅੰਗ ਹੈ। ਕਿਉਂਕਿ ਭਾਵ ਦਾ ਅਰਥ ਵਿਆਪਕ ਹੈ ਇਸ ਕਰਕੇ ਇਸ ਵਿਚ ਵਿਭਾਵ, ਅਨੁਭਾਵ ਤਥਾ ਹਾਵ, ਸੰਚਾਰੀ ਭਾਵ ਅਤੇ ਸਥਾਈ ਭਾਵ ਆਉਂਦੇ ਹਨ।

## ਵਿਭਾਵ

"ਵਿਭਾਵ ਵਿਸ਼ੇਸ਼ ਗਿਆਨ ਦਾ ਅਰਥ ਰੱਖਦਾ ਹੈ। ਵਿਭਾਵ ਕਾਰਣ ਨਿਮਿਤ ਹੇਤੂ ਇਹ ਪਰਆਇਵਾਚੀ (synonymous) ਹਨ। ਅੰਗ, ਸੰਤ, ਅਭਿਨੈ ਇਸ ਰਾਹੀਂ ਖ਼ਾਸ ਤੌਰ ਤੇ ਜਾਗ੍ਰਿਤ ਹੁੰਦੇ ਹਨ।"[2] ਕਵਿਤਾ ਵਿੱਚ ਕਵੀ ਦੀ ਕਿਰਤ ਦੇ ਦੋ ਪੱਖ ਹੁੰਦੇ ਹਨ। ਵਿਭਾਵ ਪੱਖ ਅਤੇ ਭਾਵ ਪੱਖ। ਕਵੀ ਇਕ ਪਾਸੇ ਤਾਂ ਅਜਿਹੀਆਂ ਵਸਤੂਆਂ ਦਾ ਚਿਤਰਣ ਕਰਦਾ ਹੈ ਜਿਹੜੀਆਂ ਮਨ ਵਿੱਚ ਕੋਈ ਭਾਵ ਜਗਾਉਂਦੀਆਂ ਹਨ ਉਹ ਭਾਵ ਪੱਖ ਕਿਹਾ ਜਾਂਦਾ ਹੈ ਦੂਸਰੇ ਪਾਸੇ ਉਹਨਾਂ ਵਸਤੂਆਂ ਦੇ ਅਨੁਕੂਲ ਭਾਵਾਂ ਦੇ ਕਈ ਰੂਪ ਗੁਣਾਂ ਰਾਹੀਂ ਪ੍ਰਗਟ ਕਰਦਾ ਹੈ, ਉਸ ਨੂੰ ਵਿਭਾਵ ਪੱਖ ਕਿਹਾ ਜਾਂਦਾ ਹੈ।

"ਰਸ ਸ਼ਾਸਤਰ ਵਿੱਚ ਵਿਭਾਵ ਸ਼ਬਦ ਨੂੰ ਉੱਤਮ ਰੂਪ ਵਿੱਚ ਗ੍ਰਹਿਣ ਕੀਤਾ ਗਿਆ ਹੈ ਜਿਵੇਂ ਵਾਚਿਕ, ਆਂਗਿਕ ਤਥਾ ਸਾਤਵਿਕ ਆਦਿ।"[3] ਅਭਿਨੈ ਦੇ ਸਹਾਰੇ ਚਿਤਬ੍ਰਿਤੀਆਂ ਦਾ ਵਿਸ਼ੇਸ਼ ਰੂਪ ਵਿਚ ਵਿਭਾਵਨ ਕਰਾਉਣ ਵਾਲੇ ਹੇਤੂ ਅਥਵਾ ਕਾਰਣਾਂ ਨੂੰ ਵਿਭਾਵ ਕਹਿੰਦੇ ਹਨ। ਵਿਭਾਵ ਦੇ ਦੋ ਪੱਖ ਮੰਨੇ ਗਏ ਹਨ:

1. ਆਲੰਬਨ
2. ਉੱਦੀਪਨ

---

1. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਤੇ ਵਿਸ਼ਲੇਸ਼ਣ, ਪੰਨਾ 18
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 90
3. ਉਹੀ

<u>ਅਲੰਬਨ।</u> ਅਲੰਬਨ ਤੋਂ ਭਾਵ ਹੈ ਆਸਰਾ ਜਾਂ ਸਹਾਰਾ। ਜਿਸਦੇ ਆਧਾਰ ਤੇ ਕੋਈ ਮਾਨਸਿਕ ਭਾਵ ਪੈਦਾ ਹੁੰਦੇ ਹਨ ਉਸ ਨੂੰ ਅਲੰਬਨ ਕਿਹਾ ਗਿਆ ਹੈ। ਅਲੰਬਨ ਵਿਭਾਵ ਹੀ ਵਾਸਤਵਿਕ ਰਸ ਭੂਮੀ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਜਾਂ ਜਿਸ ਦਾ ਸਹਾਰਾ ਲੈ ਕੇ ਭਾਵ ਜਾਗ੍ਰਤ ਹੁੰਦੇ ਹਨ ਜਿਵੇਂ ਪ੍ਰੇਮਿਕਾ ਜਾਂ ਨਾਇਕਾ। ਸਮੁੱਚੇ ਕਵੀਆਂ ਨੇ ਕਿਸੇ ਨਾ ਕਿਸੇ ਸਹਾਰੇ, ਚਾਹੇ ਉਹ ਸਥਿਤੀਆਂ ਵਿਚੋਂ ਲਏ ਗਏ ਕਿਉਂ ਨਾ ਹੋਣ ਜਾਂ ਉਹ ਛੋਟੇ ਤੋਂ ਛੋਟੇ, ਸਥੂਲ ਤੋਂ ਸਥੂਲ, ਸੂਖਮ ਤੋਂ ਸੂਖਮ ਸੈ ਅਲੰਬਨ ਹੋ ਸਕਦੀ ਹੈ ਜਿਵੇਂ ਸੁੰਦਰ ਇਸਤਰੀ, ਲੜਾਈ, ਤਾਜ ਮਹੱਲ, ਪੰਛੀ, ਚੰਦ੍ਰ, ਸ਼ੇਰ ਆਦਿ। ਭਾਵ ਜਾਗ੍ਰਤ ਹੋਣ ਲਈ ਕਿਸੇ ਨਾ ਕਿਸੇ ਅਲੰਬਨ ਦਾ ਹੋਣਾ ਜ਼ਰੂਰੀ ਹੈ। ਅਲੰਬਨ ਤੋਂ ਬਿਨਾਂ ਭਾਵ ਜਾਗ੍ਰਤ ਨਹੀਂ ਹੋ ਸਕਦੇ। ਇਹ ਵੀ ਜ਼ਰੂਰੀ ਨਹੀਂ ਕਿ ਕਿਸੇ ਵਿਸ਼ੇਸ਼ ਤਰ੍ਹਾਂ ਦੇ ਅਲੰਬਨ ਤੋਂ ਇਕ ਹੀ ਤਰ੍ਹਾਂ ਦੇ ਭਾਵ ਜਾਗ੍ਰਤ ਹੋਣ। ਇਕ ਤਰ੍ਹਾਂ ਦੇ ਅਲੰਬਨ ਤੋਂ ਵੱਖ ਵੱਖ ਵਿਅਕਤੀਆਂ ਵਿੱਚ ਵੱਖ ਵੱਖ ਭਾਵ ਉਤੇਜਤ ਹੋ ਸਕਦੇ ਹਨ। ਕਈ ਵਾਰੀ ਇਕ ਹੀ ਵਿਅਕਤੀ ਵਿੱਚ ਇਕੋ ਤਰ੍ਹਾਂ ਦੇ ਅਲੰਬਨ ਤੋਂ ਵੱਖ ਵੱਖ ਮੌਕਿਆਂ ਤੇ ਵੱਖ ਵੱਖ ਭਾਵ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ ਤੇ ਉਹ ਭਿੰਨ ਭਿੰਨ ਪ੍ਰਕਾਰ ਦੀ ਮਨੋਸਥਿਤੀ ਅਨੁਸਾਰ ਭਾਵ ਅਨੁਭੂਤੀ ਕਰਦਾ ਹੈ। ਇਹ ਅਨੁਮਾਨ ਲਾਉਣਾ ਕਠਨ ਹੈ ਕਿ ਕੋਈ ਵਿਅਕਤੀ ਕਿਸੇ ਵਸਤੂ ਨੂੰ ਕਿਸ ਰੂਪ ਵਿਚ ਦੇਖਦਾ ਜਾਂ ਗ੍ਰਹਿਣ ਕਰਦਾ ਹੈ। ਇਸ ਲਈ ਕੋਈ ਅਲੰਬਨ ਕਿਸੇ ਵਿਅਕਤੀ ਵਿੱਚ ਕਿਸ ਤਰ੍ਹਾਂ ਦੇ ਭਾਵ ਪੈਦਾ ਕਰਦਾ ਹੈ ਇਹ ਵਿਅਕਤੀ ਦੇ ਸੁਭਾ ਤੇ ਨਿਰਭਰ ਹੈ।

ਸੰਸਕ੍ਰਿਤ ਸਾਹਿਤ ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, "ਭਾਵ ਚਿਤ ਬ੍ਰਿਤੀ ਦਾ ਵਿਸ਼ਾ ਹੀ ਅਲੰਬਨ ਹੈ।"[1] ਜੋ ਵਿਸ਼ੇਸ਼ ਭਾਵ ਦਾ ਕੋਈ ਵਿਸ਼ੇਸ਼ ਅਲੰਬਨ ਨਿਰਧਾਰਤ ਨਹੀਂ ਕੀਤਾ ਜਾ ਸਕਦਾ। ਫਿਰ ਵੀ ਇਹ ਜ਼ਰੂਰੀ ਹੈ ਕਿ ਲੋਕ ਵਿਹਾਰ ਵਿੱਚ ਭਿੰਨ ਭਿੰਨ ਵਸਤੂਆਂ ਦੇ ਪਦਾਰਥਾਂ (ਅਲੰਬਨ) ਲਈ ਉਨ੍ਹਾਂ ਦੀ ਵਿਸ਼ੇਸ਼ਤਾ ਦਾ ਪ੍ਰਯੋਗ ਹੁੰਦਾ ਹੈ ਜਿਵੇਂ ਭਿਆਨਕ, ਉਤੇਜਕ, ਅਦਭੁਤ, ਮਹਾਨ ਆਦਿ ਵਿਸ਼ੇਸ਼ਣ ਖੁਦ ਵਸਤੂਆਂ ਦੇ ਨਿਰਪੱਖ ਗੁਣਾਂ ਦੇ ਸੂਚਕ ਨਹੀਂ ਸਗੋਂ ਉਨ੍ਹਾਂ ਦੇ ਸਬੰਧ ਵਿੱਚ ਸਾਡੀ ਹੋਣ ਵਾਲੀ ਭਾਵਾਤਮਕ ਪ੍ਰਤਿਕਿਰਿਆਵਾਂ ਹਨ।

ਜਦੋਂ ਅਸੀਂ ਭਾਵ-ਅਨੁਭੂਤੀ ਬਾਰੇ ਵਿਚਾਰ ਕਰਦੇ ਹਾਂ ਤਾਂ ਉਸ ਸਮੇਂ ਕਿਸੇ ਵਿਸ਼ੇਸ਼ ਅਲੰਬਨ ਜਾਂ ਪ੍ਰਸਥਿਤੀ ਦੇ ਸੰਪਰਕ ਵਿੱਚ ਪ੍ਰਾਪਤ ਹੋਏ ਅਨੁਭਵ ਦਾ ਹੀ ਵਿਖਿਆਨ ਕਰਦੇ ਹਾਂ, ਇਸ

---

1. ਰਾਮ ਜਗਨ ਨਾਥ, <u>ਰਸ ਗੰਗਾਧਰ</u>, ਪੰਨਾ 33

ਦ੍ਰਿਸ਼ਟੀ ਤੋਂ ਆਲੰਬਨ ਭਾਵ-ਅਨੁਭੂਤੀ ਦਾ ਗੂੜ੍ਹਾ ਸਬੰਧ ਹੈ। ਡਾ। ਜਾਦੂ ਨਾਥ ਸਿਨਹਾ ਅਨੁਸਾਰ।

> "ਕੋਈ ਇਕੱਲੀ ਵਸਤੂ ਆਲੰਬਨ ਭਾਵ ਨੂੰ ਉਦੀਪਤ ਨਹੀਂ ਕਰ ਸਕਦੀ ਵਿਅਕਤੀ ਨਾਲ ਸੰਬੰਧਤ ਪ੍ਰਸਥਿਤੀ ਹੀ ਅਜਿਹਾ ਕਰ ਸਕਦੀ ਹੈ ਉਦਾਹਰਣ ਵਜੋਂ ਆਜ਼ਾਦ ਸ਼ੇਰ ਨੂੰ ਦੇਖਣਾ ਵਿਅਕਤੀ ਲਈ ਖਤਰਾ ਪੈਦਾ ਕਰ ਸਕਦਾ ਹੈ। ਤੇ ਉਸ ਦੇ ਅੰਦਰ ਭੈ ਉਤਪੰਨ ਨਹੀਂ ਹੁੰਦਾ।"[1]

ਭਾਵ ਉਦੀਪਤ ਲਈ ਕਿਸੇ ਪ੍ਰਸਥਿਤੀ ਦਾ ਪ੍ਰਮੁੱਖ ਰੂਪ ਵਿੱਚ ਹੋਣਾ ਭੀ ਜ਼ਰੂਰੀ ਨਹੀਂ ਹੈ ਸਗੋਂ ਸਿਮ੍ਰਤੀ (ਯਾਦ) ਕਲਪਣਾ ਜਾਂ ਚਿੰਤਨ ਵੀ ਅਜਿਹਾ ਕਰ ਸਕਦੀ ਹੈ।

ਕੋਈ ਪ੍ਰਸਿਥਤੀ ਕਿਸੇ ਵਿਅਕਤੀ ਦੇ ਭਾਵਾਂ ਨੂੰ ਉਤੇਜਿਤ ਕਰਨ ਵਿੱਚ ਕਿਥੋਂ ਤਕ ਸਹਾਇਕ ਹੁੰਦੀ ਹੈ। ਇਹ ਸਬੰਧ ਵਿਅਕਤੀ ਦੀਆਂ ਨਿੱਜੀ ਵਾਸ਼ਨਾਵਾਂ ਤੇ ਮਨ-ਸਥਿਤੀਆਂ ਤੇ ਨਿਰਭਰ ਹੈ। ਕਵੀ ਦਾ ਪ੍ਰਗਟਾ ਉਨ੍ਹਾਂ ਭਾਵਾਂ ਦੀ ਉਤੇਜਨਾ ਨੂੰ ਉਭਾਰ ਤੇ ਘਟਾ ਸਕਦਾ ਹੈ। ਉਦਾਹਰਣ ਵਜੋਂ ਇਕ ਚਿੜਚਿੜੇ ਸੁਭਾ ਦਾ ਆਦਮੀ ਜਿਸ ਬੁਰੀ ਗੱਲ ਤੇ ਕ੍ਰੋਧ ਵਿਚ ਆ ਸਕਦਾ ਹੈ ਦੂਜਾ ਵਿਅਕਤੀ ਉਸ ਨੂੰ ਹੱਸ ਕੇ ਮੁਸਕਰਾ ਕੇ, ਦੂਜੇ ਪਾਸੇ ਦੇਖ ਕੇ ਟਾਲ ਵੀ ਸਕਦਾ ਹੈ। ਪਰਸਥਿਤੀਆਂ ਵਿਅਕਤੀ ਦੀਆਂ ਵਾਸ਼ਨਾਵਾਂ ਜਾਂ ਸਹਿਜ ਪ੍ਰਵਿਰਤੀਆਂ ਨੂੰ ਪ੍ਰਭਾਵਿਤ ਕਰਕੇ ਜਾਗ੍ਰਤ ਕਰਦੀਆਂ ਹਨ। ਇਨ੍ਹਾਂ ਦਾ ਜਾਗ੍ਰਤ ਰੂਪ ਹੀ ਭਾਵ-ਅਨੁਭੂਤੀ ਤੇ ਆਲੰਬਨ ਹੈ। ਸੋ ਆਲੰਬਨ ਤੋਂ ਭਾਵ ਹੈ ਆਸਰਾ, ਸਹਾਰਾ ਜੋ ਕਵਿਤਾ ਵਿੱਚ ਭਾਵਾਂ ਨੂੰ ਪ੍ਰੇਰਣਾ ਲਿਆਉਣ ਵਿੱਚ ਸਹਾਈ ਹੁੰਦੇ ਹਨ। ਆਲੰਬਨ ਜਿਸ ਦੇ ਸਹਾਰੇ ਪ੍ਰੇਮ ਆਦਿਕ ਭਾਵ ਪੈਦਾ ਹੁੰਦੇ ਹਨ ਜਿਵੇਂ ਪ੍ਰੇਮਿਕਾ ਜਾਂ ਨਾਇਕਾ ਆਦਿ।

ਉਦੀਪਨ: ਜਿਨ੍ਹਾਂ ਕ੍ਰਿਆਵਾਂ ਨੂੰ ਦੇਖ ਕੇ ਭਾਵ ਹੋਰ ਤਿਖੇਰੇ ਜਾਂ ਜ਼ੋਰਦਾਰ ਹੋ ਨਿਬੜਦੇ ਹਨ ਉਹ ਉਦੀਪਨ ਵਿਭਾਵ ਹੁੰਦੇ ਹਨ। ਉਦੀਪਨ ਦਾ ਅਰਥ ਹੈ ਜਗੌਣ ਦਾ ਭਾਵ ਤੀਬਰ ਕਰਨਾ ਜਾਂ ਕ੍ਰਿਆ ਹੈ। "ਜਿਵੇਂ ਭੋਜਰਾਜ ਨੇ ਭਰਤਮੁਨੀ ਤੋਂ ਬਾਅਦ 5 ਵਰਗਾਂ ਵਿੱਚ ਇਸ ਨੂੰ ਵੰਡਿਆ ਹੈ: (1) ਰਿਤੂ (2) ਚੰਦ੍ਰਮਾ ਪ੍ਰਸਾਧਨ (3) ਪ੍ਰਕ੍ਰਿਤੀ ਦ੍ਰਿਸ਼ਯ (4) ਕਾਲਿ ਰਾਤਰੀ (5) 64 ਕਲਾਏ।"[2] ਜਿਵੇਂ ਸੁਹਾਵਣਾ ਮੌਸਮ, ਰੰਗ ਬਰੰਗੀ ਪ੍ਰਕ੍ਰਿਤੀ, ਚੰਦ ਚਾਂਦਨੀ ਰਾਤ ਪ੍ਰੇਮ

---

1. ਗਣਪਤੀ ਚੰਦਰ ਗੁਪਤ, ਰਸ ਸਿਧਾਂਤ ਦਾ ਪੁਨਰ ਵਿਵੇਚਨ, ਪੰਨਾ 265
2. ਗਣਪਤੀ ਚੰਦਰ ਗੁਪਤ, ਭਾਰਤੀਯ ਸਾਹਿਤ ਮੇਂ ਸ਼ਿੰਗਾਰ ਰਸ, ਪੰਨਾ 20

ਭਾਵਾਂ ਨੂੰ ਹੋਰ ਉਦੀਪਨ ਕਰਨ ਵਿੱਚ ਸਹਾਈ ਹੁੰਦੇ ਹਨ ਜਿਵੇਂ ਹਾਸ ਰਸ ਵਿਚ ਅਯੋਗ ਕਾਰਜ, ਉਲਟੀ ਨਕਲ, ਬੇਢੰਗੀਆਂ ਹਰਕਤਾਂ, ਕਰੁਣਾ ਰਸ ਵਿਚ ਪ੍ਰਿਯਾ ਦੀ ਯਾਦ, ਪ੍ਰੀਤਮ ਦੇ ਗੁਣ, ਉਸ ਦੇ ਦਰਸ਼ਕਾਂ ਦੀ ਇੱਛਾ ਆਦਿ ਸਮੇਂ ਸਥਿਤੀ, ਪਰਸਥਿਤੀ ਕਿਰਿਆ ਦੇ ਪ੍ਰਕਿਰਿਆਵਾਂ ਨਾਲ ਉਦੀਪਨ ਵਿਭਾਵ ਪੈਦਾ ਹੁੰਦੇ ਹਨ। ਇਨ੍ਹਾਂ ਦੀ ਗਿਣਤੀ ਗਿਣੀ ਨਹੀਂ ਜਾ ਸਕਦੀ ਇਹ ਦੇਸ਼ ਕਾਲ, ਸਮੇਂ ਅਨੁਸਾਰ ਪ੍ਰਭਾਵ ਪਾਉਂਦੇ ਹਨ।

ਅਨੁਭਾਵ ਤਥਾ ਹਾਵ: ਸਥਾਈ ਭਾਵਾਂ ਦੇ ਉਤੇਜਿਤ ਹੋਣ ਪਿਛੋਂ ਸਰੀਰ ਵਿੱਚ ਜੋ ਚੇਸ਼ਟਾਵਾਂ ਪੈਦਾ ਹੁੰਦੀਆਂ ਹਨ ਉਨ੍ਹਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ। 'ਅਨੁ' ਦਾ ਅਰਥ ਹੈ 'ਪਿਛੋਂ' ਇਸ ਲਈ ਭਾਵ ਉਦੀਪਤ ਹੋਣ ਤੋਂ ਮਗਰੋਂ ਪੈਦਾ ਹੋਣ ਕਾਰਨ ਇਨ੍ਹਾਂ ਨੂੰ ਅਨੁਭਵ ਸਥਾਈ ਭਾਵਾਂ ਦਾ ਅਨੁਭਵ ਕਰਾਉਂਦੇ ਹਨ। ਧਨੰਜਯ ਨੇ ਕਿਹਾ ਹੈ "ਭਾਵਾਂ ਦੇ ਸੂਚਕ ਵਿਕਾਰ ਅਨੁਭਵ ਕਰਾਉਂਦੇ ਹਨ। ਲੋਕ ਵਿਹਾਰ ਵਿੱਚ ਇਨ੍ਹਾਂ ਨੂੰ ਪ੍ਰਤਯਕਸ਼ ਰੂਪ ਵਿੱਚ ਦੇਖਿਆ ਜਾ ਸਕਦਾ ਹੈ।"[1] ਵਿਸ਼ਵਨਾਥ ਦ ਲਿਖਦੇ ਹਨ "ਉਦਬੁਧ (ਇਤਿਯਾਦਿ) ਨੂੰ ਪ੍ਰਕਾਸ਼ਿਤ ਕਰਨ ਵਾਲੇ ਲੋਕਾਂ ਵਿਚ ਕਾਰਜ ਕਹਲਾਉਂਦਾ ਹੈ ਉਹੀ ਕਵਿਤਾ ਅਤੇ ਨਾਟਕ ਵਿੱਚ ਅਨੁਭਾਵ ਹੈ।"[2]

ਕਾਣੇ ਨੇ ਲਿਖਿਆ ਹੈ:

> "ਇਹ ਸਰੀਰਕ ਪ੍ਰਗਟਾਵੇ, ਅੱਖਾਂ ਦੀ ਹਿਲਜੁਲ, ਝਾਤੀ ਮਾਰਨ ਆਦਿ ਪਿਆਰ ਦੇ ਭਾਵਾਂ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ ਏਸ ਲਈ ਇਨ੍ਹਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ।"[3]

ਰਾਮ ਦਹਿਨ ਮਿਸ਼ਰ ਨੇ ਕਿਹਾ ਹੈ "ਜਿਹੜੇ ਭਾਵ ਦੇ ਕਾਰਜ ਹਨ ਜਾਂ ਜਿਨ੍ਹਾਂ ਦੀ ਸਹਾਇਤਾ ਨਾਲ ਪ੍ਰੇਮ ਆਦਿ ਭਾਵਾਂ ਦਾ ਅਨੁਭਵ ਹੁੰਦਾ ਹੈ, ਉਸ ਨੂੰ ਅਨੁਭਾਵ ਕਹਿੰਦੇ ਹਨ।"[4] ਭਾਵਾਂ ਦਾ ਸਬੰਧ ਮਨ ਨਾਲ ਹੁੰਦਾ ਹੈ ਤੇ ਮਾਨਸਿਕ ਅਨੁਭਾਵ ਦੇ ਪ੍ਰਗਟਾ ਲਈ ਵਾਚਿਕ, ਆਂਗਿਕ ਤੇ ਸਾਤਵਿਕ,

---

1. ਗਣਪਤੀ ਚੰਦਰ ਗੁਪਤ, ਰਸ ਸਿਧਾਂਤ ਦਾ ਪੁਨਰ ਵਿਵੇਚਨ, ਪੰਨਾ 274
2. ਉਹੀ
3. Such external mainfestations as movements of the eye, glances etc. convey the working of the emotions of love and hence are called ਅਨੁਭਾਵ
   ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 93
4. ਰਾਮ ਦਹਿਨ ਮਿਸ਼ਰ, ਕਾਵਯ ਦਰਪਣ, ਪੰਨਾ 58

ਅਹਾਰਯ ਚੌਹੇਂ ਵੱਖਰੇ ਸਾਧਕ ਹਨ। ਉਦਾਹਰਣ ਲਈ ਜਦੋਂ ਰਤੀ ਆਦਿ ਸਥਾਈ ਭਾਵ ਜਾਗ ਪੈਂਦਾ ਹੈ ਤਾਂ ਅਜਿਹੇ ਮਨੋਭਾਵ ਕਾਰਣ ਨਾਇਕ ਤੇ ਨਾਇਕਾ ਦੇ ਅੰਗਾਂ ਵਿੱਚ ਹਾਵ ਭਾਵ ਜਾਂ ਹਰਕਤਾਂ ਪੈਦਾ ਹੁੰਦੀਆਂ ਹਨ। ਅਜਿਹੀਆਂ ਹਰਕਤਾਂ, ਅੰਗੜਾਈਆਂ, ਅੱਖ ਮਟੱਕਾ, ਚੁਟਕੀਆਂ ਆਦਿ ਹੀ ਅਨੁਭਾਵ ਨਾਂ ਨਾਲ ਸੱਦੀਆਂ ਜਾਂਦੀਆਂ ਹਨ। ਜੋ ਮਨ ਵਿੱਚ ਮਚਲਦੇ ਪਰ ਅਪ੍ਰਤੱਖ ਜਜ਼ਬਿਆਂ ਦੀ ਪ੍ਰਤੱਖ ਸੂਚਨਾ ਨੂੰ ਅਨੁਭਾਵ ਕਹਿੰਦੇ ਹਨ। ਇਸ ਲਈ ਅਨੁਭਾਵ ਕਾਰਜ ਹਨ ਅਤੇ ਵਿਭਾਵ ਕਾਰਣ ਹਨ। ਵਾਚਿਕ, ਆਂਗਿਕ, ਸਾਤਵਿਕ ਤੇ ਅਹਾਰਯ ਨੂੰ ਅਸੀਂ ਹੇਠ ਲਿਖੇ ਅਨੁਸਾਰ ਸਪਸ਼ਟ ਕਰ ਸਕਦੇ ਹਾਂ:

1. ਵਾਚਿਕ: ਭੇਦ ਭਰੇ ਲਹਿਜੇ ਵਿੱਚ ਬੋਲ ਕੇ ਜਾਂ ਸ਼ਬਦਾਂ ਰਾਹੀਂ ਪਿਆਰ ਗੁੱਸਾ, ਨਫ਼ਰਤ ਆਦਿ ਪ੍ਰਗਟ ਕਰਨਾ।
2. ਆਂਗਿਕ: ਸਰੀਰ ਦੇ ਅੰਗਾਂ ਦੀਆਂ ਹਰਕਤਾਂ ਜਾਂ ਚੇਸ਼ਟਾਵਾਂ ਰਾਹੀਂ ਭਾਵ ਪ੍ਰਗਟ ਕਰਨਾ।
3. ਸਾਤਵਿਕ: ਜੋ ਮਨ ਵਿੱਚ ਵਿਕਾਰਾਂ ਦੀ ਸੰਖਿਆ ਪੈਦਾ ਹੁੰਦੀ ਹੈ ਜਿਵੇਂ ਸੁੱਖ ਦੁੱਖ ਆਦਿ ਸਾਤਵਿਕ ਭਾਵ ਹਨ।
4. ਅਹਾਰਯ: ਵੱਖ ਵੱਖ ਤਰ੍ਹਾਂ ਦਾ ਲਿਬਾਸ ਪਹਿਨ ਕੇ ਭਾਵਾਂ ਨੂੰ ਪ੍ਰਗਟ ਕਰਨਾ। [1]

ਇਨ੍ਹਾਂ ਭਾਵ ਪ੍ਰਗਟਾਊ ਚੇਸ਼ਟਾਵਾਂ ਤੇ ਪਰਿਵਰਤਨਾਂ ਦੇ ਸਾਮੂਹਕ ਰੂਪ ਨੂੰ ਹੀ ਅਨੁਭਾਵ ਕਿਹਾ ਜਾਂਦਾ ਹੈ। ਕਵੀ ਜਦੋਂ ਇਨ੍ਹਾਂ ਦਾ ਚਿਤਰਣ ਆਪਣੀ ਕਵਿਤਾ ਵਿੱਚ ਕਰਦਾ ਹੈ ਤਾਂ ਪਾਠਕ ਨੂੰ ਰਸ ਪ੍ਰਾਪਤ ਹੁੰਦਾ ਹੈ।

## ਸੰਚਾਰੀ ਭਾਵ

ਅਸਥਿਰਮਨੋਵਿਕਾਰਾਂ ਜਾਂ ਚਿਤਵਿਰਤੀਆਂ ਨੂੰ ਸੰਚਾਰੀ-ਭਾਵ ਕਹਿੰਦੇ ਹਨ। ਵਿਭਚਾਰੀ ਭਾਵਾਂ ਦਾ ਦੂਸਰਾ ਨਾਂ ਸੰਚਾਰੀ ਭਾਵ ਹੈ। ਰਸ ਦੇ ਅਨੁਕੂਲ ਸੰਚਰਣ ਵਾਲੇ ਭਾਵਾਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ ਜਿਵੇਂ ਜੇ ਕੋਈ ਵਿਅਕਤੀ ਕਿਸੇ ਦਾ ਮੋਢਾ ਜਾਂ ਬਾਂਹ ਫੜ ਕੇ ਪਾਰ ਲੰਘਾਇਆ ਜਾ ਸਕਦਾ ਹੈ ਇਸ ਤਰ੍ਹਾਂ ਸੰਚਾਰੀ ਭਾਵ ਸਥਾਈ ਭਾਵ ਦਾ ਪ੍ਰਗਟਾ ਹੈ। ਭਰਤਮੁਨੀ ਨੇ ਨਾਟਯ

---

1. ਨਗਿੰਦਰ, <u>ਰਸ ਸਿਧਾਂਤ</u>, ਪੰਨਾ 100

ਸ਼ਾਸਤਰ ਵਿਚ ਕਿਹਾ ਹੈ:

> "ਵਾਰਤਾਲਾਪ, ਅੰਗ ਤੇ ਸਤੋਂਵ ਨਾਲ ਮਿਲੇ ਜੁਲੇ ਭਾਵਾਂ ਨੂੰ ਕਈ ਤਰ੍ਹਾਂ ਦੇ ਰਸ ਰੂਪ ਵਿਚ ਲੈ ਖੜਦੇ ਹਨ ਇਸ ਤਰ੍ਹਾਂ ਇਹ ਸੰਚਾਰੀ ਕਹੇ ਜਾਂਦੇ ਹਨ। ਵਿਭਚਾਰੀ ਭਾਵ ਸਥਾਈ ਭਾਵ ਤੱਕ ਪਹੁੰਚਣ ਦੀ ਮਦਦ ਕਰਦੇ ਹਨ ਅਥਿਰਤਾ ਉਸ ਦਾ ਵਿਸ਼ੇਸ਼ ਗੁਣ ਹੈ।"[1]

ਇਹ ਭਾਵ ਰਸ ਦੇ ਵਰਤਣਯੋਗ ਹੋਣ ਕਰਕੇ ਉਸ ਵਿੱਚ ਚਲਦੇ ਫਿਰਦੇ ਸੰਚਾਰ ਕਰਦੇ ਹਨ। ਇਸ ਲਈ ਇਨ੍ਹਾਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ। "ਕਾਵਯ ਪ੍ਰਕਾਸ਼ ਵਿੱਚ ਸੰਚਾਰੀ ਭਾਵਾਂ ਨੂੰ ਸਥਾਈ ਭਾਵਾਂ ਦਾ ਸਹਕਾਰੀ ਵੀ ਕਿਹਾ ਗਿਆ ਹੈ। ਸੰਚਾਰੀ ਭਾਵਾਂ ਨੂੰ ਸੰਚਾਲਕ, ਫਤੀਕਰਤਾ, ਰਸ ਦੀ ਉਤਪਤੀ ਕਰਤਾ ਮੰਨਿਆ ਗਿਆ ਹੈ।"[2] ਮੰਮਟ ਨੇ ਸੰਚਾਰੀ ਭਾਵਾਂ ਨੂੰ ਸਹਿਕਾਰੀ ਅਰਥਾਤ ਸਹਿਯੋਗੀ ਅੰਸ਼ ਦੱਸਿਆ ਹੈ। "ਸਥਾਈ ਭਾਵਾਂ ਦੇ ਜਾਗਣ ਦੇ ਫਲਸਰੂਪ ਕਾਂਬਾ, ਅੱਖ ਮਟਕਾਈ ਜਾਂ ਮੁਸਕਾਣ ਆਦਿ ਭਾਵ ਪੈਦਾ ਹੁੰਦੇ ਹਨ। ਅਤੇ ਨਾਲ ਹੀ ਕੁਝ ਅਜਿਹੀਆਂ ਹਰਕਤਾਂ ਤੇ ਹਾਲਤਾਂ ਆ ਵਾਪਰਦੀਆਂ ਹਨ ਜਿਹੜੀਆਂ ਉਸ ਭਾਵ ਨੂੰ ਪੁਸ਼ਟ ਕਰਦੀਆਂ ਹਨ ਜਿਵੇਂ ਸੁੱਧਬੁੱਧ ਦਾ ਵਿਸਰਨਾ ਫਿਰ, ਅਸਾਂਵਲਤਾ ਆਦਿ, ਇਹ ਹਾਲਤਾਂ ਸਥਿਰ ਨਹੀਂ ਬਲਕਿ ਅਸਥਿਰ ਜਾਂ ਅਸਥਾਈ ਹੁੰਦੀਆਂ ਹਨ। ਇਨ੍ਹਾਂ ਨੂੰ ਹੀ ਸੰਚਾਰੀ ਕਿਹਾ ਗਿਆ ਹੈ।"[3] ਜਿਸ ਤਰ੍ਹਾਂ ਰਤਨ ਹਾਰ ਦੇ ਇਕ ਸੂਤਰ ਵਿੱਚ ਅਨੇਕ ਸੂਤਰ ਪਰੋਏ ਹੁੰਦੇ ਹਨ ਉਸ ਤਰ੍ਹਾਂ ਸਥਾਈ ਭਾਵ ਉਹ ਪ੍ਰਸੂਨ ਸੂਤਰ ਹੈ ਜਿਸ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਸੰਚਾਰੀ ਭਾਵ ਰੂਪੀ ਚਿੰਨ੍ਹ ਪਰੋਏ ਰਹਿੰਦੇ ਹਨ। ਇਹ ਸਥਾਈ ਭਾਵਾਂ ਤੋਂ ਪੈਦਾ ਹੋ ਕੇ ਉਨ੍ਹਾਂ ਵਿਚ ਹੀ ਲੁਪਤ ਹੋ ਜਾਂਦੇ ਹਨ।

456248

## ਸਥਾਈ ਭਾਵ

ਹਿਰਦੇ ਵਿੱਚ ਵਾਸ਼ਨਾ ਰੂਪ ਨਾਲ ਸਥਾਪਤ, ਅਨੇਕ ਭਾਵਾਂ ਦੁਆਰਾ ਕਿਸੇ ਪ੍ਰਕਾਰ ਵੀ ਨਾ ਦਬਣ ਵਾਲੇ ਪ੍ਰਧਾਨ, ਵਿਰੋਧੀ, ਅਵਿਰੋਧੀ ਭਾਵਾਂ ਨੂੰ ਅੰਤਰਹਿਤ ਕਰਨੇ ਆਤਮ-ਭਾਵ

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 94
2. ਮੰਮਟ, ਕਾਵਯ ਪ੍ਰਕਾਸ਼, ਪੰਨਾ 43
3. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 94

ਪ੍ਰਾਪਤ ਕਰਵਾਉਣ ਵਾਲੇ, ਚਿਰਕਾਲ ਅਥਵਾ ਅਪ੍ਰਬੰਧ ਰਹਿਣ ਵਾਲੇ ਅਸਵਾਦ ਯੋਗ ਮਨੋਭਾਵਾਂ ਨੂੰ ਸਥਾਈ ਭਾਵ ਕਹਿੰਦੇ ਹਨ।

"ਭਰਤਮੁਨੀ ਨੇ ਨਾਟਯ ਸ਼ਾਸਤਰ ਵਿੱਚ ਇਸ ਦੀ ਪ੍ਰਧਾਨਤਾ ਨੂੰ ਪ੍ਰਗਟਾਇਆ ਹੈ, ਮੰਮਟ ਤੇ ਰਾਮ ਚੰਦਰ ਸ਼ੁਕਲ ਨੇ ਇਸ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ। ਸਰੀਰ ਤੇ ਮਨ ਦੀ ਸਾਂਝੀ ਹਾਲਤ ਦਾ ਨਾਂ ਭਾਵ ਹੈ ਜਿਹੜਾ ਆਲੇ-ਦੁਆਲੇ ਦੇ ਹਾਲਾਤ ਦੇ ਅਨੁਸਾਰ ਬਦਲਦਾ ਹੈ ਜਿਵੇਂ ਸ਼ੇਰ ਨੂੰ ਦੇਖਕੇ ਡਰ, ਬੇਢੰਗਪੁਣੇ ਨੂੰ ਵੇਖ ਕੇ ਹਾਸਾ, ਹੰਝੂਆਂ ਨੂੰ ਵੇਖ ਕੇ ਕਰੁਣਾ ਆਦਿ।"[1]

"ਸਥਾਈ ਭਾਵ ਉਸ ਨੂੰ ਕਹਿੰਦੇ ਹਨ ਜੋ ਸਦੀਵੀ ਰੂਪ ਵਿੱਚ ਸਾਡੇ ਅਚੇਤਨ ਮਨ ਵਿੱਚ ਟਿੱਕੇ ਰਹਿੰਦੇ ਹਨ।"[2]

ਵੱਖੋ ਵੱਖਰੇ ਵਿਦਵਾਨਾਂ ਨੇ ਇਸ ਦੀ ਮਹੱਤਤਾ ਤੇ ਵਿਸ਼ੇਸ਼ਤਾਵਾਂ ਨੂੰ ਇਉਂ ਪ੍ਰਗਟ ਕੀਤਾ ਹੈ।

1. ਸਥਾਈ ਭਾਵ ਦੀ ਪ੍ਰਧਾਨਤਾ ਦਾ ਕਾਰਨ ਇਹੀ ਹੈ ਕਿ ਇਹ ਆਪਣੇ ਵਿਰੋਧੀ, ਅਵਿਰੋਧੀ ਕਿਸੇ ਵੀ ਭਾਵ ਨਾਲ ਨਸ਼ਟ ਨਹੀਂ ਹੁੰਦੇ।
2. ਇਹ ਕਿਸੇ ਦੂਸਰੇ ਭਾਵ ਨੂੰ ਦਬਾ ਤਾਂ ਦਿੰਦਾ ਹੈ ਪਰ ਕਿਸੇ ਤੋਂ ਦਬਦਾ ਨਹੀਂ।
3. ਅਨੇਕ ਭਾਵ ਇਸ ਦੇ ਰੂਪ ਸਰੂਪ ਹੋ ਕੇ ਰਹਿ ਜਾਂਦੇ ਹਨ ਇਹ ਉਨ੍ਹਾਂ ਭਾਵਾਂ ਨੂੰ ਆਪਣੇ ਆਪ ਵਿਚ ਇਸ ਤਰ੍ਹਾਂ ਘੁਲਾ ਮਿਲਾ ਲੈਂਦੇ ਹਨ ਜਿਵੇਂ ਦਰਿਆ ਹੋਰ ਰਲਣ ਵਾਲੀਆਂ ਨਦੀਆਂ ਅਤੇ ਨਾਲਿਆਂ ਨੂੰ।
4. ਸਥਾਈ ਭਾਵ ਮਨ ਵਿੱਚ ਚਿਰ ਸਥਾਈ ਹੁੰਦੇ ਹਨ।
5. ਵਾਸਤਵ ਵਿੱਚ ਅਨੰਦ ਦੇ ਪਰਦਾਤਾ ਕਹੇ ਜਾਂਦੇ ਹਨ।
6. ਦੂਸਰੇ ਭਾਵਾਂ ਨਾਲ ਇਸ ਦਾ ਸਬੰਧ ਮਾਲਾ ਵਿੱਚ ਮਣਕਿਆਂ ਦੀ ਤਰ੍ਹਾਂ ਹੈ।
7. ਸਥਾਈ ਭਾਵ ਜਨਮ ਜਾਤ ਹਨ ਅਤੇ ਸਮਸਤ ਪ੍ਰਾਣੀਆਂ ਵਿੱਚ ਇਸ ਦਾ ਵਾਸ਼ਨਾਤਮਕ ਰੂਪ ਸਵੀਕਾਰ ਕੀਤਾ ਗਿਆ ਹੈ।

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 96
2. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਤੇ ਵਿਸ਼ਲੇਸ਼ਣ, ਪੰਨਾ 46

8. ਸਥਾਈ ਭਾਵ ਮਨੋਵਿਕਾਰ ਵਿੱਚ ਸਰਬ ਪ੍ਰਧਾਨ ਹੁੰਦੇ ਹਨ। ਇਹ ਦੂਸਰੇ ਭਾਵਾਂ ਨੂੰ ਆਪਣੇ ਅੰਦਰ ਸਮਾ ਲੈਂਦੇ ਹਨ।
9. ਇਹ ਚਿਰਕਾਲ ਤੇ ਅਨੰਦਾਈ ਹਨ।
10. ਰਸ ਦੇ ਮੂਲ ਭਾਵ ਸਥਾਈ ਭਾਵ ਹੀ ਹੁੰਦੇ ਹਨ।

<u>ਸਾਤਵਿਕ ਭਾਵ</u>

ਸਾਤਵਿਕ ਭਾਵ ਦੀ ਉਤਪਤੀ ਮਨ ਤੋਂ ਹੁੰਦੀ ਮੰਨੀ ਗਈ ਹੈ। ਕਈਆਂ ਵਿਦਵਾਨਾਂ ਨੇ ਸਾਤਵਿਕ ਭਾਵ ਨੂੰ ਅਨੁਭਾਵਾਂ ਦੇ ਅੰਤਰਗਤ ਹੀ ਰੱਖਿਆ ਹੈ ਜਿਵੇਂ ਭਰਤਮੁਨੀ ਨੇ 49 ਭਾਵਾਂ ਦੀ ਗਿਣਤੀ ਵਿਚੋਂ ਸੰਤਭ, ਰੋਮਾਂਚ, ਸਵਰਸਾਦ, ਅਥਵਾ ਸਵਰਭੰਗ, ਵੇਪਥੂ, ਵੈਵਰਣ, ਅਸ਼ਰੂ ਤਥਾ ਪਰਲੈ ਨਾਮਕ ਅੱਠ ਭਾਵਾਂ ਨੂੰ ਹੀ ਸਾਤਵਿਕ ਮੰਨਿਆ ਗਿਆ ਹੈ।"[1]

<u>ਸਥਾਈ ਭਾਵ ਤੇ ਸੰਚਾਰੀ ਭਾਵਾਂ ਦਾ ਭੇਦ</u>

1. ਸੰਚਾਰੀ ਭਾਵ ਸਥਾਈ ਭਾਵਾਂ ਨੂੰ ਉਦੀਪਤ ਕਰਦੇ ਹਨ ਰਸ ਦੇ ਉਪਕਾਰਕ ਹਨ।
2. ਸਥਾਈ ਭਾਵਾਂ ਨਾਲ ਇਸ ਦਾ ਸਬੰਧ ਪਾਣੀ ਤੇ ਤਰੰਗ, ਅੱਗ ਤੇ ਲੋਇਣ ਵਾਲਾ ਹੈ।
3. ਸਥਾਈ ਦਾ ਰਹਿ ਸਕਣਾ ਉਸ ਦਾ ਵਿਸ਼ੇਸ਼ ਗੁਣ ਹੈ।
4. ਸੰਚਾਰੀ ਭਾਵ ਪ੍ਰਕਾਸ਼ ਤੇ ਅਸਤ ਹੁੰਦੇ ਰਹਿੰਦੇ ਹਨ ਸਥਾਈ ਭਾਵ ਨਹੀਂ।
5. ਇਹ ਸਥਾਈ ਭਾਵ ਦੀ ਤਰ੍ਹਾਂ ਇਕ ਰੂਪ ਨਹੀਂ ਹੁੰਦੇ।
6. ਇਹ ਸਥਾਈ ਭਾਵ ਨੂੰ ਆਪਣੇ ਰੰਗ ਰੂਪ ਦੇ ਮਾਧਿਅਮ ਨਾਲ ਪ੍ਰਕਾਸ਼ਤ ਕਰਦੇ ਹਨ ਪਰ ਕਿਤੇ ਕਿਤੇ ਸੰਚਾਰੀ ਭਾਵ ਆਪਣੇ ਮੂਲ ਰੂਪ ਵਿੱਚ ਵੀ ਸਥਾਪਿਤ ਹੋ ਜਾਂਦਾ ਹੈ।

ਸਮੇਂ ਦੀ ਗਤੀ ਨਾਲ ਸੰਚਾਰੀ ਭਾਵਾਂ ਦੀ ਗਿਣਤੀ ਜੋ (33) ਤੇਤੀ ਮੰਨੀ ਗਈ ਹੈ ਇਸ ਵਿੱਚ ਪਰਿਵਰਤਨ ਆਉਂਦਾ ਹੈ। ਇਵੇਂ ਹੀ ਸਥਾਈ ਭਾਵਾਂ ਦੀ ਗਿਣਤੀ ਵਿੱਚ ਵੀ ਫਰਕ ਪੈਂਦਾ

---

1. ਨਗੇਂਦਰ, <u>ਰਸ ਸਿਧਾਂਤ</u>, ਪੰਨਾ 140

ਕਿਹਾ ਹੈ। ਪਰ ਆਧੁਨਿਕ ਕਾਲ ਵਿਚ ਆਚਾਰੀਆ ਰਾਮ ਚੰਦਰ ਸੁਕਲ ਨੇ ਸੰਚਾਰੀ ਭਾਵਾਂ ਦੀ ਭਾਗ ਵੰਡ ਇਉਂ ਕੀਤੀ ਹੈ:

| ਸੁਖਾਤਮਕ | ਦੁਖਾਤਮਕ | ਉਭਿਆਤਮਕ | ਉਦਾਸੀਨ |
|---|---|---|---|
| "ਗਰਵ, ਹਰਸ਼, ਮੋਦ, ਧ੍ਰਿਤਿ, ਚਪਲਤਾ, ਮਧੁਰਨਤਾ, ਧੀਰਜ ਔਤਸੁਕਯ | ਲੱਜਾ, ਅਸੂਯਾ, ਅਮਰਸ਼, ਤ੍ਰਾਸ, ਵਿਸ਼ਾਦ, ਦੁਖ ਸ਼ੰਕਾ, ਚਿੰਤਾ, ਨਿਰਾਸ਼ਾ ਉਗਰਤਾ, ਆਲਸ, ਉਨਮਾਦ, ਅਸ਼ਿਸ਼, ਗਿਲਾਨੀ, ਉਪਗਮਿਤਾ, ਨਿਰਵੇਦ | ਆਵੇਗ, ਜਾਗਰਤੀ ਦੈਨਯ, ਜੜ੍ਹਤਾ, ਸਪਨਾ, ਚਿੱਤ, ਚੰਚਲਤਾ | ਵਿਤਰਕ, ਸਮ੍ਰਿਤੀ ਮਤੀ, ਨਿਦਰਾ ਵਿਬੋਧ"[1] |

"ਕਾਵਯ ਪ੍ਰਕਾਸ਼ ਵਿੱਚ ਸੰਚਾਰੀ ਭਾਵਾਂ ਨੂੰ ਸਥਾਈ ਭਾਵਾਂ ਦਾ ਸਹਿਕਾਰੀ ਵੀ ਕਿਹਾ ਗਿਆ ਹੈ ਸੰਚਾਰੀ ਭਾਵਾਂ ਨੂੰ ਸੰਚਾਲਕ, ਤਰੀਕਰਤਾ, ਰਸ ਦੀ ਉਤਪਤੀ ਕਰਤਾ ਮੰਨਿਆ ਗਿਆ ਹੈ।"[2]

ਉਪਰ ਲਿਖੇ ਅਨੁਸਾਰ ਭਾਵ ਦੇ ਰੂਪਾਂ ਜਿਵੇਂ ਵਿਭਾਵ, ਅਨੁਭਾਵ, ਸੰਚਾਰੀ ਤੇ ਸਥਾਈ ਤੇ ਭਾਵਾਂ ਦਾ ਸਬੰਧ ਕਵਿਤਾ ਨਾਲ ਖੂਨ ਤੇ ਨਾੜੀਆਂ ਵਾਲਾ ਹੈ। ਭਾਵਮਈ ਕਵਿਤਾ ਹੀ ਪਾਠਕ ਨੂੰ ਪ੍ਰੇਰਦੀ ਹੈ। ਭਾਵ ਤੋਂ ਬਿਨਾਂ ਕਵਿਤਾ ਅਧੂਰੀ, ਨੀਰਸ ਤੇ ਬੇਰਸੀ ਹੈ। ਭਾਵਾਂ ਦੀ ਪ੍ਰਕਾਰ ਵੰਡ ਦਾ ਅਨਿਖੜਵਾਂ ਸੰਬੰਧ ਕਵਿਤਾ ਨਾਲ ਹੈ। ਕਿਉਂਕਿ ਕਵਿਤਾ ਦਾ ਮੂਲ ਆਧਾਰ ਤੇ ਸੋਮਾ ਭਾਵ ਹੁੰਦੇ ਹਨ। ਭਾਵ ਰਾਹੀਂ ਹੀ ਵਿਅਕਤੀ ਦੀ ਅੰਤਰ-ਆਤਮਾ ਦੀ ਪੁਕਾਰ ਕਵਿਤਾ ਵਿੱਚ ਸਮਾ ਜਾਂਦੀ ਹੈ।

ਭਾਵਾਂ ਨੂੰ ਵਧਾਣ ਘਟਾਣ ਦੇ ਯਤਨ ਵੀ ਹੁੰਦੇ ਰਹੇ ਹਨ। "ਭਰਤਮੁਨੀ ਨੇ ਤਿੰਨ ਭੇਦ ਮੰਨੇ ਹਨ: ਸਥਾਈ ਭਾਵ, ਸੰਚਾਰੀ ਭਾਵ, ਸਾਤਵਿਕ ਭਾਵ, ਤੇ ਸਥਾਈ ਭਾਵ ਦੇ ਅੱਠ ਰੂਪਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਰਤੀ, ਉਤਸਾਹ, ਕ੍ਰੋਧ, ਘ੍ਰਿਣਾ ਨੂੰ ਪ੍ਰਧਾਨ ਤਥਾ ਮੌਲਿਕ ਮੰਨਿਆ ਹੈ। ਸ਼ੋਕ, ਹਾਸ, ਭੈ, ਵਿਸਮਯ ਆਦਿ ਨੂੰ ਗੌਣ ਰੂਪ ਵਿੱਚ। ਭਰਤਮੁਨੀ ਅਨੁਸਾਰ ਰਤੀ ਤੋਂ ਹਾਸ,

---

1. ਰਾਮ ਚੰਦਰ ਸੁਕਲ, ਰਸ ਮੀਮਾਂਸਾ, ਪੰਨਾ 139
2. ਮੰਮਟ, ਕਾਵਯ ਪ੍ਰਕਾਸ਼, ਪੰਨਾ 43

ਉਤਸਾਹ ਤੋਂ ਵਿਸਮਯ, ਕਰੋਧ ਤੋਂ ਸੋਕ ਅਤੇ ਘਿਰਣਾ ਤੋਂ ਭੈ ਦੀ ਉਤਪਤੀ ਹੁੰਦੀ ਹੈ।"[1] ਬਾਅਦ ਵਿੱਚ ਇਸ ਮੱਤ ਵਿੱਚ ਪਰਿਵਰਤਨ ਸੁਰੂ ਹੋ ਗਿਆ ਹੈ। ਵਾਦ ਵਿਵਾਦ ਚਲਦਾ ਰਿਹਾ ਅਤੇ ਨਵੀਨ ਸਥਾਈ ਭਾਵਾਂ ਦੀ ਉਤਪਤੀ ਹੋਈ। "ਰੁਦ੍ਰਟ ਨੇ ਸਨੇਹ, ਭੋਜ ਨੇ ਮਤੀ (ਉਦਾਤ ਰਸ ਦਾ ਸਥਾਈ ਭਾਵ), ਗਰਵ (ਉਦਾਤਰਸ ਦਾ ਸਥਾਈ), ਹਰਸ਼ (ਅਨੰਦਰਸ ਦਾ ਸਥਾਈ), ਵਿਸ਼ਵਨਾਥ ਨੇ ਵਤਸਲ ਭਾਵ (ਵਾਤਸਲਯ ਰਸ ਦਾ ਸਥਾਈ) ਤਥਾ ਰੂਪਗੋ ਸਵਾਮੀ ਆਦਿ ਵੈਸ਼ਣਵ ਅਚਾਰੀਆਂ ਨੇ ਭਗਤੀ ਸਥਾਈ ਭਾਵ ਦੀ ਉਦਭਾਵਨਾ ਕੀਤੀ। ਅਭੀਨਵਗੁਪਤ ਨੇ ਲੌਲਯ ਰਸ ਦਾ ਸਥਾਈ ਭਾਵ ਦਾ ਉਲੇਖ ਕੀਤਾ, ਰਾਮ ਚੰਦਰ ਗੁਪਤ ਨੇ ਅਰਤਿ (ਦੁਖਰਸ) ਸੰਤੋਸ਼ (ਸੁਖਰਸ), ਡਾ: ਰਾਘਬਨ ਨੇ ਵਰੀਭਨਕ ਰਸ ਦਾ ਸਥਾਈ ਭਾਵ ਦਾ ਹੀ ਸੰਕੇਤ ਕੀਤਾ ਹੈ।"[2] ਇਸ ਤਰ੍ਹਾਂ ਸੰਸਕ੍ਰਿਤ ਵਿਦਵਾਨਾਂ ਵਿਚ ਸਥਾਈ ਭਾਵਾਂ ਦੀ ਸੰਖਿਆ ਬਾਰੇ ਮਤ ਭੇਦ ਚਲਦਾ ਰਿਹਾ। "ਪਰ ਕਾਵਯ ਸ਼ਾਸਤਰ ਵਿਚ ਨੌ ਰਸਾਂ ਦਾ ਉਲੇਖ ਮਿਲਦਾ ਹੈ ਜਿਵੇਂ नव नाट्य रस स्मृता।[2]

ਇਸੇ ਕਥਨ ਨੂੰ ਪ੍ਰਮਾਣਿਕਤਾ ਪ੍ਰਾਪਤ ਹੋਈ: ਰਤੀ, ਹਾਸ, ਸੋਕ, ਕ੍ਰੋਧ, ਭੈ, ਉਤਸਾਹ, ਘਿਰਣਾ, ਅਸਚਰਜ, ਨਿਰਵੇਦ ਆਦਿ ਭਾਵ ਮਹੱਤਵਪੂਰਣ ਹੋਏ।

ਆਧੁਨਿਕ ਵਿਦਵਾਨਾਂ ਨੇ ਸੰਚਾਰੀ ਭਾਵਾਂ ਦੀ ਗਿਣਤੀ 33 ਨਿਰਧਾਰਿਤ ਕੀਤੀ ਹੈ ਜਦੋਂ ਕਿ ਇਸ ਦੇ ਵਧਾਣ ਘਟਾਣ ਬਾਰੇ ਵੀ ਕਾਫੀ ਵਾਦ-ਵਿਵਾਦ ਹੁੰਦਾ ਰਿਹਾ। ਆਧੁਨਿਕ ਮਨੋਵਿਗਿਆਨਕ ਦੇ ਕਬੂਲ ਸਿਧਾਂਤਾਂ ਦੇ ਅਧਾਰ ਤੇ ਵਿਦਵਾਨਾਂ ਨੇ 33 ਸੰਚਾਰੀ ਭਾਵਾਂ ਵਿਚੋਂ ਕੇਵਲ:

(ੳ) 14 ਭਾਵ ਮਨੋ ਵਿਕਾਰ ਹਨ: ਨਿਰਵੇਦ, ਸੰਕਾ, ਹਰਸ਼, ਉਗਰਤਾ, ਚਿੰਤਾ, ਤਰਾਸ, ਅਸੂਯਾ, ਆਮਰਸ, ਵਰਗਾ, ਵਰੀੜਾ, ਆਵੇਗ, ਵਿਸਾਦ, ਔਤਸੁਕਯ

(ਅ) 4 ਮਨੋਵੇਗ ਨਾ ਹੋ ਕੇ ਗਿਆਨਾਤਮਕ ਅਨੁਭਵ ਹਨ ਜਿਵੇਂ: ਧਰਤੀ, ਮਤੀ, ਵਿਤਰਕ, ਅਵਹਿਤਯ

(ੲ) 5 ਸਰੀਰਕ ਸੰਵੇਦਨ ਹਨ: ਗਿਲਾਨੀ, ਸ਼ਮਾ, ਮਦ, ਮੋਹ, ਆਲਸਯ

(ਸ) 10 ਮਾਨਸਿਕ ਅਨੁਭਵ ਦੀ ਕੋਟੀ ਵਿੱਚ ਨਹੀਂ ਆਉਂਦੇ ਜਿਵੇਂ: ਸਮਰਤੀ, ਸੁਪਨਾ,

---

1. ਨਗਿੰਦਰ, ਰਸ ਸਿਧਾਂਤ, ਪੰਨਾ 227

2. ਉਹੀ, ਪੰਨਾ 228

ਨਿਦਰਾ, ਵਿਰੋਧ, ਜੜਤਾ, ਚਪਲਤਾ, ਅਪਸਮਾਰ, ਵਿਰਾਪ, ਉਨਮਾਦ, ਮਰਣ।"[1]

ਡਾਕਟਰ ਗੁਲਾਬ ਰਾਏ ਨੇ "ਇਸ ਪ੍ਰਸੰਗ ਤੋਂ ਕਈ ਸ਼ੰਕੇ ਉਠਾਏ ਹਨ ਜੋ ਮਾਨਸਿਕ ਅਨੁਭਵਾਂ ਦੀ ਗਿਣਤੀ ਉਪਰ ਦਿੱਤੀ ਗਈ ਹੈ ਉਨ੍ਹਾਂ ਦਾ ਮਨ ਨਾਲ ਕੋਈ ਸਬੰਧ ਨਹੀਂ ਪਰ ਜਿਨ੍ਹਾਂਦੀ ਭੌਤਿਕ ਸਥਿਤੀ ਅਵਸ਼ਕ ਹੈ। ਇਹ ਵੀ ਕਿਹਾ ਹੈ ਕਿ ਕੁਝ ਭਾਵ ਸਿਰਫ ਸਥਾਈ ਭਾਵਾਂ ਵਿੱਚ ਹੀ ਸਮਾ ਜਾਂਦੇ ਹਨ।"[2] ਪਰ ਡਾਕਟਰ ਰਾਕੇਸ਼ ਗੁਪਤ ਨੇ "ਰਸ ਗੰਗਾਧਰ" ਦੇ ਆਧਾਰ ਤੇ ਇਨ੍ਹਾਂ ਸ਼ੰਕਿਆਂ ਦਾ ਖੰਡਨ ਕਰਦੇ ਹੋਏ ਸੰਚਾਰੀ ਭਾਵਾਂ ਦੀ ਗਿਣਤੀ 33 ਹੀ ਮੰਨੀ।"[3] ਇਸ ਤਰ੍ਹਾਂ ਸੰਚਾਰੀ ਭਾਵਾਂ ਦੀ ਗਿਣਤੀ ਦੇ ਹੱਕ ਅਤੇ ਵਿਰੋਧ ਵਿੱਚ ਵਿਦਵਾਨਾਂ ਨੇ ਰਾਵਾਂ ਦਿੱਤੀਆਂ ਹਨ ਪਰ ਸਥਾਈ ਭਾਵ ਦੇ ਸੰਚਾਰੀ ਭਾਵਾਂ ਦੇ ਸਰੂਪ ਨੂੰ ਸਪਸ਼ਟ ਕਰਨ ਲਈ ਕੁਝ ਵਿਚਾਰ ਪੇਸ਼ ਕੀਤੇ ਗਏ ਹਨ ਜੋ ਇਸ ਤਰ੍ਹਾਂ ਹਨ।

1. ਸਥਾਈ ਭਾਵ ਮਨੁੱਖੀ ਵਾਸ਼ਨਾਵਾਂ ਦੇ ਰੂਪ ਵਿੱਚ ਹਰ ਵਿਅਕਤੀ ਵਿੱਚ ਸਦਾ ਵਿਦਿਆਮਾਨ ਰਹਿੰਦੇ ਹਨ ਪਰ ਸੰਚਾਰੀ ਭਾਵ ਇਸ ਤਰ੍ਹਾਂ ਦੀਆਂ ਚਿਤ ਬਿਰਤੀਆਂ ਹਨ ਜੋ ਮਨੁੱਖ ਵਿਚ ਸਦਾ ਵਿਦਿਆਮਾਨ ਨਹੀਂ ਰਹਿੰਦੀਆਂ ਹਨ।

2. ਸਥਾਈ ਭਾਵ ਵਿਭਾਵ ਦੀ ਅਨੁਪਸਥਿਤੀ ਵਿੱਚ ਵੀ ਸੰਸਕਾਰਾਂ ਦੇ ਰੂਪ ਵਿੱਚ ਵਿਦਮਾਨ ਰਹਿੰਦੇ ਹਨ ਪਰ ਸੰਚਾਰੀ ਭਾਵ ਵਿਭਾਵ ਤੋਂ ਵਿਮੁਕਤ ਹੋ ਜਾਣ ਤੇ ਨਸ਼ਟ ਹੋ ਜਾਂਦੇ ਹਨ।

3. ਸਥਾਈ ਭਾਵ ਸਥਿਰ ਰਹਿੰਦੇ ਹਨ ਪਰ ਸੰਚਾਰੀ ਭਾਵ ਉਦੀਪਤ ਤੇ ਲੋਪ ਹੁੰਦੇ ਰਹਿੰਦੇ ਹਨ।

4. ਸੰਚਾਰੀ ਭਾਵ ਸਥਾਈ ਭਾਵਾਂ ਨੂੰ ਪ੍ਰਭਾਵਿਤ ਨਹੀਂ ਕਰਦੇ ਬਲਕਿ ਉਨ੍ਹਾਂ ਤੇ ਆਧਾਰਤ ਰਹਿੰਦੇ ਹਨ।

---

1. ਰਾਕੇਸ਼ ਗੁਪਤ, ਸਾਈਕਾਲੋਜੀਕਲ ਸਟੱਡੀ ਇਨ ਰਸ, ਪੰਨਾ 145
2. ਗੁਲਾਬ ਰਾਏ, ਸਿਧਾਂਤ ਅਤੇ ਅਧਿਐਨ, ਪੰਨੇ 132-34
3. ਪ੍ਰੇਮ ਸਵਰੂਪ ਗੁਪਤ, ਰਸ ਗੰਗਾਧਰ ਦਾ ਸ਼ਾਸਤਰੀਯ ਅਧਿਐਨ, ਪੰਨੇ 236-37

5. ਸੰਚਾਰੀ ਭਾਵ ਸਥਾਈ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਇਕ ਹੁੰਦੇ ਹਨ।

6. ਸੰਚਾਰੀ ਭਾਵਾਂ ਦੀ ਸਥਾਈ ਭਾਵਾਂ ਤੋਂ ਬਿਨਾਂ ਕੋਈ ਹੋਂਦ ਨਹੀਂ ਬਲਕਿ ਇਹ ਉਨ੍ਹਾਂ ਤੋਂ ਹੀ ਪੈਦਾ ਹੁੰਦੇ ਹਨ।

7. ਸਥਾਈ ਭਾਵ ਨੂੰ ਰਸ ਦੀ ਦਸ਼ਾ ਪ੍ਰਾਪਤ ਹੁੰਦੀ ਹੈ ਸੰਚਾਰੀ ਨੂੰ ਨਹੀਂ ਕਿਉਂਕਿ ਹਰ ਇਕ ਸੁਹਿਰਦ ਚਿੱਤ ਵਿੱਚ ਵਾਸ਼ਨਾ ਰੂਪ ਨਾਲ ਵਿਦਮਾਨ ਰਹਿੰਣ ਕਾਰਨ ਸਥਾਈ ਦਾ ਹੀ ਸਧਾਰਣੀਕਰਣ ਸੰਭਵ ਹੁੰਦਾ ਹੈ।

8. ਸੰਚਾਰੀ ਭਾਵ ਸਥਾਈ ਭਾਵ ਨਹੀਂ ਹੋ ਸਕਦੇ ਸਾਹਿਤ ਵਿੱਚ ਐਸੀਆਂ ਉਦਾਹਰਣਾਂ ਅਨੇਕ ਹਨ।

ਇਨ੍ਹਾਂ ਵਿਚਾਰਾਂ ਤੋਂ ਇਲਾਵਾ ਇਹ ਕਿਹਾ ਜਾ ਸਕਦਾ ਹੈ ਕਿ ਸਥਾਈ ਤੇ ਸੰਚਾਰੀ ਭਾਵਾਂ ਦੋਹਾਂ ਦੀ ਮਹਾਨਤਾ, ਵਿਸ਼ੇਸ਼ਤਾ, ਅਲਪਤਾ ਆਪੋ ਆਪਣੀ ਹੈ, ਜੋ ਸਾਹਿਤ ਵਿੱਚ ਨਾੜੀਆਂ ਵਿਚਲੇ ਖੂਨ ਦਾ ਕੰਮ ਕਰਦੇ ਹਨ। ਸੰਚਾਰੀ ਭਾਵਾਂ ਦੀ ਆਪਣੀ ਮਹਾਨਤਾ ਹੈ। ਲਗਦਾ ਹੈ ਇਹ ਕਵਿਤਾ ਦੀ ਰੂਹ ਹਨ।

## ਕਵਿਤਾ ਤੇ ਭਾਵ

ਭਾਵ ਕਵਿਤਾ ਦੀ ਜਿੰਦ-ਜਾਨ ਅਤੇ ਪ੍ਰਾਣ ਮੰਨੇ ਗਏ ਹਨ। ਭਾਵਾਂ ਨਾਲ ਕਵਿਤਾ ਜਨਮਦੀ ਹੈ। ਮਨ ਤੇ ਜਿਹੜੀਆਂ ਪ੍ਰਸਥਿਤੀਆਂ ਦਾ ਪ੍ਰਭਾਵ ਪੈਂਦਾ ਹੈ ਉਸ ਦੀ ਗਹਿਰੀ ਅਨੁਭੂਤੀ ਦਾ ਨਾਮ ਹੀ ਭਾਵ ਹੈ। ਭਾਵ ਹੀ ਕਵਿਤਾ ਦੇ ਮੂਲ ਪਰਵਰਤਕ ਮੰਨੇ ਗਏ ਹਨ। ਸਾਹਿਤ ਵਿੱਚ ਭਾਵ ਨੂੰ ਵਿਅਕਤੀ ਦੀ ਅੰਤਰ-ਆਤਮਾ ਦਾ ਵਿਸ਼ੇਸ਼ ਧਰਮ ਕਿਹਾ ਗਿਆ ਹੈ, ਮਨੁੱਖ ਦੇ ਹਿਰਦੇ ਵਿੱਚ ਉਠਣ ਵਾਲੇ ਵਿਕਾਰਾਂ ਦਾ ਨਾਂ ਲਿਆ ਹੈ। ਸੰਸਕ੍ਰਿਤ ਸਾਹਿਤ ਵਿੱਚ ਭਾਵ ਦਾ ਅਰਥ 'ਸਥਿਤੀ' ਹੈ ਜਿਵੇਂ ਭਾਵ ਦਾ ਸਰਵ ਪ੍ਰਥਮ ਵਿਵੇਚਨ ਭਰਤ ਮੁਨੀ ਨੇ ਕੀਤਾ ਹੈ, "ਜੋ ਹੁੰਦੇ ਹਨ ਉਹ ਭਾਵ ਹਨ ਅਥਵਾ ਜੋ ਭਾਵਿਤ ਕਰਦੇ ਹਨ ਉਹ ਭਾਵ ਕਹਾਉਂਦੇ ਹਨ।"[1] ਇਸ ਪਰਿਭਾਸ਼ਾ ਦਾ

---

1. ਨਗਿੰਦਰ, ਰੀਤੀ ਕਾਵਯ ਕੀ ਭੂਮਿਕਾ, ਪੰਨਾ 51

भावाइति कस्मात। कि भवन्तीति भावा कि वा भावयन्तीति भावा।

ਸਪਸ਼ਟੀਕਰਣ ਭਰਤ ਨੇ ਤਿੰਨ ਸ਼ਲੋਕਾਂ ਵਿੱਚ ਕੀਤਾ ਹੈ ਜਿਸ ਅਨੁਸਾਰ ਭਾਵ ਦੇ ਤਿੰਨ ਅਰਥ ਸਾਹਮਣੇ ਆਉਂਦੇ ਹਨ।

(1) " ਜੋ ਵਿਭਾਵਾਂ ਦੁਆਰਾ ਨਿਰੂਪਿਤ ਹੁੰਦੇ ਹਨ ਉਹ ਭਾਵ ਹਨ ਜੋ ਵਾਚਿਕ, ਆਂਗਿਕ ਤਥਾ ਸਾਤਵਿਕ ਅਨੁਭਾਵਾਂ ਦੁਆਰਾ ਪ੍ਰਤੀਯੋਗ ਬਣਦੇ ਹਨ ਭਾਵ ਕਹਾਉਂਦੇ ਹਨ। ਇਥੇ ਭਾਵ ਦੇ ਅਰਥ ਕਾਵਯ ਅਰਥ ਦੇ ਰੂਪ ਵਿੱਚ ਆਉਂਦੇ ਹਨ।

(2) ਭਾਵ ਉਹ ਹੈ ਜੋ ਚਤੁਰਵਿਧ ਅਭੀਨੈ ਦੁਆਰਾ ਕਵੀ ਦੇ ਹਿਰਦੇਗਤ ਭਾਵ ਨੂੰ ਭਾਵਿਤ ਕਰਦਾ ਹੈ ਅਰਥਾਤ ਕਵੀ ਦੇ ਭਾਵਾਂ ਨੂੰ ਸੁਹਿਰਦ ਚਿੱਤ ਨਾਲ ਵਿਆਪਤ ਕਰਨ ਵਾਲਾ ਤੱਤ ਹੈ।

(3) ਅਨੇਕ ਅਭੀਨਾਵਾਂ ਨਾਲ ਸੰਬੰਧਿਤ ਰਸੀ-ਕਾਵਯ ਅਰਥ ਨੂੰ ਭਾਵਿਤ ਅਰਥਾਤ ਸੁਹਿਰਦ ਸਮਾਜ ਦੇ ਚਿੱਤ ਨੂੰ ਵਿਅਕਤ ਕਰਦੇ ਹਨ ਜਿਵੇਂ ਕਾਵਯ ਕਰਤਾ ਇਸ ਨੂੰ ਭਾਵ ਸੰਗਿਆ ਨਾਲ ਅਭੀਹਿਤ ਕਰਦੇ ਹਨ ਇਹੋ ਭਾਵਾਂ ਦਾ ਸੰਬੰਧ ਉਨ੍ਹਾਂ ਤੱਤਾਂ ਨਾਲ ਹੈ ਜੋ ਕਾਵਯ ਅਰਥ ਚਿਤ-ਅਨੰਦ ਕਰਦੇ ਹਨ।"[1]

ਬਹੁਤ ਸਾਰੇ ਹੋਰ ਵਿਦਵਾਨਾਂ ਨੇ ਵੀ ਭਾਵਾਂ ਨਾਲ ਭਰੀ ਕਵਿਤਾ ਦੀ ਪ੍ਰੋੜ੍ਹਤਾ ਕੀਤੀ ਹੈ ਜਿਵੇਂ ਅਚਾਰੀਆ ਰਾਮ ਚੰਦਰ ਸ਼ੁਕਲ ਨੇ ਕਿਹਾ ਹੈ, "ਪਰੋਤਿਆ ਬੋਧ, ਅਨੁਭੂਤੀ, ਵੇਗ ਯੁਕਤ ਪ੍ਰਵਿਰਤੀ ਦਾ ਨਾਂ ਭਾਵ ਹੈ।"[2] ਵਿਸ਼ਵਨਾਥ ਨੇ "ਰਸ ਦੇ ਵਾਕਾਂ ਨੂੰ ਕਵਿਤਾ ਕਿਹਾ ਹੈ।"[3] ਕੇਸ਼ਵ ਮਿਸ਼ਰ ਨੇ "ਸੁਖਦੇਣ ਵਾਲੀ ਰਸ ਪੂਰਣ ਰਚਨਾ ਨੂੰ ਕਵਿਤਾ ਕਿਹਾ ਹੈ।"[4] ਭੋਜ ਰਾਜ ਦਾ

1. ਭਰਤਮੁਨੀ, ਨਟਯ ਸ਼ਾਸਤਰ, ਪੰਨਾ 104

विभावैराहृतो योऽर्थो अनुभावैस्तु गम्यते: वागङ्ग सत्त्वाभिनय सा भाव इति
वागङ्ग मुखरागेण सत्वेनाभिनयेन च
कवेरन्तर्गतं भाव भावयन्भाव उच्यते
नानाभिनय सम्बद्धानवयन्ति रसा निमान
यस्मात्तस्मादमी भावा विज्ञेया नाट्ययोक्तृभि।

2. ਰਸ ਮੀਮਾਂਸਾ, ਪੰਨਾ 168

3. ਸਰੂਤੀ ਕਾਂਤ, ਸਾਹਿਤਯ ਵਿਮਰਸ਼, ਪੰਨੇ 34-35

4. ਉਹੀ

ਕਥਨ ਹੈ ਰਚਨਾ ਨਿਰਦੋਸ਼ ਹੈ, ਗੁਣਾਵਤੀ ਹੈ, ਅਲੰਕਾਰ ਯੁਕਤ, ਰਸ ਤੇ ਭਾਵਾਂ ਦੀ ਪਰੀਪੂਰਣ ਤਸਵੀਰ ਹੈ।"[1] ਰਾਮ ਚੰਦ ਸ਼ੁਕਲ ਨੇ ਕਿਹਾ ਹੈ ਕਵਿਤਾ ਉਹ ਸਾਧਨ ਹੈ ਜਿਸ ਦਵਾਰਾ ਸ਼ੇਸ਼ ਸਰਿਸ਼ਟ ਦੇ ਨਾਲ ਮਨੁੱਖ ਵਿੱਚ ਰਾਗਆਤਮਕ ਸਬੰਧਾਂ ਦੀ ਰੱਖਿਆ ਅਤੇ ਉਸ ਦਾ ਨਿਰਬਾਹ ਹੁੰਦਾ ਹੈ।"[2] ਮਹਾਂ ਦੇਵੀ ਵਰਮਾ ਨੇ "ਕਵਿਤਾ ਨੂੰ ਕਵੀ ਦੇ ਵਿਸ਼ੇਸ਼ ਭਾਵਾਂ ਦਾ ਚਿਤਰਣ ਕਿਹਾ ਹੈ।"[3]

ਇਨ੍ਹਾਂ ਉਪਰ ਦਿੱਤੇ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਕਵਿਤਾ ਤੇ ਭਾਵ ਇਕ ਦੂਜੇ ਦੀ ਆਤਮਾ ਹਨ। ਭਾਵਾਂ ਦੀ ਪ੍ਰਾਪਤੀ ਨਾਲ ਹੀ ਕਵਿਤਾ ਦਾ ਸੰਸਲੇਸ਼ ਹੁੰਦਾ ਹੈ ਜੋ ਅੰਤਰ ਆਤਮਾ ਤੋਂ ਲੈ ਕੇ ਬਾਹਰੀ ਤੱਥਾਂ ਦਾ ਗਿਆਨਮਈ, ਸੰਧਕਾਰਮਈ, ਸੋਹਜਮਈ ਤੇ ਰਾਗਮਈ ਰੂਪ ਦਾ ਨਿਰੂਪਣ ਕਰਦੀ ਹੈ। ਜਿਹੜੀ ਪ੍ਰਸਥਿਤੀ ਮਨ ਨੂੰ ਵਧੇਰੇ ਟੁੰਬਦੀ ਹੈ ਉਹ ਭਾਵ ਦਾ ਰੂਪ ਧਾਰ ਕੇ ਕਵਿਤਾ ਵਿੱਚ ਪ੍ਰਵੇਸ਼ ਹੁੰਦੀ ਹੈ ਇਸੇ ਲਈ ਵਿਦਵਾਨਾਂ ਨੇ ਭਾਵ ਨੂੰ ਕਵਿਤਾ ਦੀ ਜਿੰਦ ਜਾਨ ਕਿਹਾ ਹੈ ਤੇ ਭਾਵਾਂ ਨੂੰ ਕਵਿਤਾ ਦਾ ਆਧਾਰ ਤੇ ਮੂਲ ਸਰੋਤ ਮੰਨਿਆ ਹੈ। ਪੂਰਬੀ ਵਿਦਵਾਨਾਂ ਤੋਂ ਇਲਾਵਾ ਪੱਛਮੀ ਵਿਦਵਾਨਾਂ ਨੇ ਵੀ ਭਾਵਾਂ ਦਾ ਚਿਤਰਣ ਕੀਤਾ ਹੈ ਅਤੇ ਉਨ੍ਹਾਂ ਨੇ ਭਾਵ ਨੂੰ ਕਵਿਤਾ ਦੀ ਆਤਮਾ ਕਿਹਾ ਹੈ ਜਿਵੇਂ ਅਸੀਂ ਹੇਠਾਂ ਹੈਜ਼ਲਿਟ, ਰਸਕਨ, ਵਰਡਜ਼ਵਰਥ, ਮੈਥਿਊ ਆਰਨਲਡ ਤੇ ਸ਼ੈਲੇ ਦੇ ਉਦਾਹਰਣਾਂ ਦਿੰਦੇ ਹਾਂ। ਹੈਜ਼ਲਿਟ ਨੇ "ਕਵਿਤਾ ਨੂੰ ਕਲਪਨਾ ਤੇ ਭਾਵਾਂ ਦੀ ਪ੍ਰਧਾਨ ਜ਼ੁਬਾਨ ਕਿਹਾ ਹੈ।"[4] ਰਸਕਿਨ ਨੇ "ਕਵਿਤਾ ਕਲਪਨਾ ਦਵਾਰਾ ਉਦਾਤ ਮਨੋਵੇਗਾਂ ਲਈ ਸੁੰਦਰ ਖੇਤਰ ਪ੍ਰਸਤੁਤ ਕਰਦੀ ਕਿਹਾ ਹੈ।"[5] ਵਰਡਜ਼ਵਰਥ ਨੇ "ਸ਼ਾਂਤੀ ਦੇ ਸਮੇਂ ਵਿੱਚ ਸਮਰਪਣ ਕਰਦੇ ਗਏ ਸਬਲ ਭਾਵਾਂ ਦਾ ਸਬੰਧ ਪ੍ਰੀਵਰਤਿਤ ਪ੍ਰਵਾਹ ਹੀ ਕਵਿਤਾ ਹੈ।"[6] ਮੈਥਿਊ ਆਰਨਲਡ

---

1. ਸਰੂਤੀ ਕਾਂਤ, <u>ਸਾਹਿਤਕ ਵਿਮਰਸ਼</u>, ਪੰਨੇ 34-35
2. ਉਹੀ
3. ਉਹੀ
4. ਇੰਗਲਿਸ਼ ਪੋਇਟਰੀ ਐਂਡ ਕਰੀਟੀਸਿਜ਼ਮ, ਪੰਨੇ 10-11

   It is language of the Imagination and the passion.

   Poetry is the suggestion by imagination of noble grounds for the noble emotions

   Poetry is the spontaneous overflow of powerful feelings. it takes its origin for emotions recollected traquility.

ਨੇ "ਕਵਿਤਾ ਨੂੰ ਮੂਲ ਵਿੱਚ ਜੀਵਨ ਦੀ ਅਲੋਚਨਾ ਕਿਹਾ ਹੈ।"[1] ਸ਼ੈਲੇ ਨੇ ਸਾਧਾਰਨ ਅਰਥ ਵਿੱਚ "ਕਲਪਨਾ ਦੀ ਅਭਿਵਿਅਕਤੀ ਨੂੰ ਕਵਿਤਾ ਕਿਹਾ ਹੈ।"[2]

ਇਨ੍ਹਾਂ ਵਿਚਾਰਾਂ ਤੋਂ ਸਪਸ਼ਟ ਹੈ ਕਿ ਕਵਿਤਾ ਦੇ ਭਾਵ ਇਕ ਦੂਜੇ ਦੇ ਆਸਰੇ ਚਲਦੇ ਹਨ। ਭਾਵ ਤੋਂ ਬਿਨਾਂ ਕਵਿਤਾ ਉਪਜ ਨਹੀਂ ਸਕਦੀ ਇਸੇ ਲਈ ਭਾਵ ਨੂੰ ਕਵਿਤਾ ਦੀ ਰੂਹ ਅਰਥਾਤ ਅੰਤਰ ਆਤਮਾ ਮੰਨਿਆ ਗਿਆ ਹੈ।

---

1. Poetry is all the bottom awcriticism of Life.

2. Poetry in a general sense may be defined as the expression of imagination.

ਅਧਿਆਇ ਤੀਜਾ

*

*

## ਗੁਰੂ ਨਾਨਕ ਕਾਵਿ ਵਿਚੋਂ ਪ੍ਰਾਪਤ ਭਾਵਾਂ ਦਾ ਵੇਰਵਾ

(੧) ਭਾਵਾਂ ਦੀ ਸ਼੍ਰੇਣੀ-ਵੰਡ

(ਅ) ਭਾਵ ਅਤੇ ਰਸ

## <u>ਗੁਰੂ ਨਾਨਕ ਕਾਵਿ ਵਿਚੋਂ ਪ੍ਰਾਪਤ ਭਾਵਾਂ ਦਾ ਵੇਰਵਾ</u>

### (1) <u>ਭਾਵਾਂ ਦੀ ਸ਼੍ਰੇਣੀ-ਵੰਡ</u>

ਭਾਵ, ਵਿਭਾਵ, ਅਨੁਭਾਵ, ਸੰਚਾਰੀ, ਸਥਾਈ, ਸਾਤਵਿਕ, ਮਨੋਭਾਵ ਤੇ ਭਾਵ ਰਤੀ, ਹਾਸ, ਭੈ, ਘ੍ਰਿਣਾ, ਵਾਤਸਲਯ, ਅਹੰਕਾਰ, ਸਹਾਨੁਭੂਤੀ, ਨਿਰਵੇਦ, ਉਤਸਾਹ ਦੀ ਮੁਹਰ ਛਾਪ ਗੁਰੂ ਨਾਨਕ ਦੀ ਕਵਿਤਾ ਵਿਚ ਵਿਦਮਾਨ ਹੈ। ਸੇਵਾ, ਪ੍ਰੇਮ, ਦਰਸ਼ਨਾਂ ਦੀ ਤਾਂਘ, ਮਿਲਣ ਦੀ ਵਿਲਕਣੀ, ਵਿਜੋਗ ਸੰਜੋਗ ਦਾ ਨਿਰੂਪਣ, ਗੁਰੂ ਦੀ ਕਿਰਪਾ, ਪਰਮਾਤਮਾ ਦਾ ਸਰੂਪ, ਹੁਕਮ, ਸਮਕਾਲੀਨ ਰਾਜਸੀ, ਸਮਾਜਿਕ ਸਦਾਚਾਰਕ ਤੇ ਸਭਿਆਚਾਰਕ ਅਧੋਗਤੀ ਦਾ ਰੂਪ, ਭਾਵਮਈ ਕਾਵਿ ਸ਼ੈਲੀ ਵਿੱਚ ਰੂਪਮਾਨ ਕੀਤਾ ਮਿਲਦਾ ਹੈ। ਜਿਵੇਂ ਰਤੀ ਭਾਵ ਦਾ ਸਰੂਪ, ਉਸ ਦੇ ਚਿੰਨ੍ਹ ਤੇ ਰੂਪ ਰੇਖਾ ਦਾ ਸੁਝਾ ਉਨ੍ਹਾਂ ਦੀ ਰਚਨਾ ਵਿਚੋਂ ਮਿਲਦਾ ਹੈ। ਜਿਥੇ ਇਸਤਰੀ ਮਨ ਦੇ ਭਾਵਾਂ ਦਾ ਵਰਣਨ ਬੜੀ ਡੂੰਘੀ ਸੂਝ ਤੇ ਰਸਦਾਇਕ ਦਰਦਭਰੀ ਮਿੱਠੀ ਬੋਲੀ ਵਿਚ ਕੀਤਾ ਹੈ, ਉਥੇ ਰਤੀ ਦਾ ਭਾਵ ਉਜਾਗਰ ਹੈ। ਇਸੇ ਤਰ੍ਹਾਂ ਹੀ ਦੂਸਰੇ ਭਾਵਾਂ ਜਿਵੇਂ ਹਾਸ, ਕਰੁਣਾ, ਕਰੋਧ, ਉਤਸ਼ਾਹ, ਘ੍ਰਿਣਾ, ਅਸਚਰਜ, ਭੈ, ਨਿਰਵੇਦ ਆਦਿ ਦੇ ਸੰਚਾਰੀ, ਸਥਾਈ ਭਾਵਾਂ ਦਾ ਸਰੂਪ ਮਿਲਦਾ ਹੈ। ਗੁਰੂ ਨਾਨਕ ਦੀ ਕਵਿਤਾ ਵਿੱਚ ਸਥਾਈ ਭਾਵ ਤੋਂ ਬਿਨਾਂ ਸੰਚਾਰੀ ਭਾਵ, ਵਿਭਾਵ, ਅਨੁਭਾਵ, ਅਲੰਬਨ, ਉਦੀਪਨ ਦੀ ਵਿਲੱਖਣਤਾ ਵੀ ਦਿਖਾਈ ਦਿੰਦੀ ਹੈ, ਜਿਵੇਂ ਖੂਬਸੂਰਤ ਇਸਤਰੀ, ਹਾਰ ਸ਼ਿੰਗਾਰ, ਲੰਮੇ ਵਾਲ, ਤਿੱਖੇ ਨੱਕ, ਚੰਚਲ ਅੱਖਾਂ, ਇਸਤਰੀ ਪੁਰਸ਼ ਸੰਬੰਧ, ਇਸਤਰੀ ਦਾ ਪਤੀ ਨੂੰ ਰੀਝਾਣਾ ਆਦਿ ਭਾਵ ਰਤੀ ਭਾਵ ਨੂੰ ਉਜਾਗਰ ਕਰਨ ਵਿੱਚ ਸਹਾਈ ਹੁੰਦੇ ਹਨ, ਜਿਵੇਂ:

"ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ।"[1]

ਸੁੰਦਰ ਵਸਤੂ, ਸੁੰਦਰ ਰੂਪ, ਗੁਣਵੰਤੀ ਇਸਤਰੀ, ਨਾਇਕ, ਨਾਇਕਾ, ਪਰਮਾਤਮਾ ਸੰਤ ਧਰਮ ਸਭ ਅਲੰਬਨ ਵਿਭਾਵ ਹਨ। ਜਿਥੇ ਕੋਈ ਗੱਲ ਵਧੇਰੇ ਭਾਵ ਜਾਂ ਜਜ਼ਬੇ ਨਾਲ ਕਹਿਣੀ ਹੁੰਦੀ ਹੈ, ਉਥੇ ਗੁਰੂ ਨਾਨਕ ਦੇਵ ਨੇ ਸਾਧਨ, ਗਹਿਲੀ, ਮੁੰਧੇ, ਨਾਰੀ, ਇਸਤਰੀ ਨੂੰ ਸੰਬੋਧਨ ਕਰਕੇ

1. ਰਾਗੁ ਤੁਖਾਰੀ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 1257

ਕਹੀ ਹੈ। ਜਿਵੇਂ:

"ਆਪਣੇ ਕੰਤ ਪਿਆਰੀ ਸਾ ਸੋਹਾਗਣਿ।"[1]

ਸੁਹਾਵਣਾ ਮੌਸਮ, ਰੰਗ ਬਰੰਗੀ ਪ੍ਰਕ੍ਰਿਤੀ, ਚੰਦਰਮਾ, ਸੂਰਜ ਦੀ ਰੌਸ਼ਨੀ, ਕੋਇਲ ਦੀ ਪੁਕਾਰ, ਚਾਤ੍ਰਿਕ ਦਾ ਵਿਰਲਾਪ, ਸਰ ਦਾ ਕੰਢਾ ਆਦਿ ਉਦੀਪਨ ਵਿਭਾਵ ਹਨ, ਜੋ ਗੁਰੂ ਸਾਹਿਬ ਦੀ ਰਚਨਾ ਵਿਚ ਮਿਲਦੇ ਹਨ। ਅਨੇਕ ਸੰਚਾਰੀ ਭਾਵ ਜਿਵੇਂ ਹਰਸ਼, ਗਰਵ, ਆਵੇਗ, ਉਤਸੁਕਤਾ, ਪ੍ਰਸੰਨਤਾ, ਦੁਖ, ਚਪਲਤਾ ਆਦਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਿਦਮਾਨ ਹਨ। ਇਨ੍ਹਾਂ ਦਾ ਜ਼ਿਕਰ ਅੱਗੇ ਚਾਰਟਾਂ ਵਿੱਚ ਕੀਤਾ ਗਿਆ ਹੈ। ਇਸੇ ਤਰ੍ਹਾਂ ਬਾਕੀ ਸਾਰੇ ਭਾਵਾਂ ਨਾਲ ਸੰਬੰਧਤ ਵਿਭਾਵ, ਅਨੁਭਾਵ, ਸੰਚਾਰੀ ਭਾਵਾਂ ਦਾ ਵੇਰਵਾ ਭੀ ਚਾਰਟਾਂ ਵਿੱਚ ਹੈ। ਹਰ ਇਕ ਸਥਾਈ ਭਾਵ ਨਾਲ ਸੰਬੰਧਤ ਅਨੇਕ ਵਿਭਾਵ, ਅਨੁਭਾਵ, ਮਨੋਭਾਵ, ਪ੍ਰਵਿਰਤੀਆਂ, ਆਲੰਬਨ, ਉਦੀਪਨ ਦੀ ਵਿਲੱਖਣਤਾ ਗੁਰੂ ਸਾਹਿਬ ਦੀ ਰਚਨਾ ਵਿੱਚ ਰੂਪਮਾਨ ਹੈ। ਇਨ੍ਹਾਂ ਸਾਰਿਆਂ ਦੇ ਸੰਜੋਗ ਨਾਲ ਪਾਠਕਾਂ ਜਾਂ ਸਰੋਤਿਆਂ ਵਿੱਚ ਜੋ ਰਸ ਉਤਪੰਨ ਹੁੰਦਾ ਹੈ, ਉਹ ਆਤਮਿਕ ਸ਼ਾਂਤੀ ਦੀ ਪ੍ਰੇਰਣਾ ਦਿੰਦਾ ਹੈ। ਗੁਰੂ ਨਾਨਕ ਸਾਹਿਬ ਦੀ ਰਚਨਾ ਵਿੱਚ ਇਨ੍ਹਾਂ ਭਾਵਾਂ ਦੀ ਜਿਊਂਦੀ ਜਾਗਦੀ ਤਸਵੀਰ ਮਿਲਦੀ ਹੈ। ਇਨ੍ਹਾਂ ਦਾ ਵੇਰਵਾ ਭਾਵਾਂ ਦੀ ਸ਼੍ਰੇਣੀ ਭੇਦ ਦੇ ਅਨੁਕੂਲ ਚਾਰਟਾਂ ਵਿੱਚ ਵੀ ਦਿੱਤਾ ਗਿਆ ਹੈ:

1. ਤਾਰਨ ਸਿੰਘ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 760

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
| --- | --- | --- | --- | --- | --- |
| **ਸੰਜੋਗ ਅਵਸਥਾ**<br>ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ।<br>ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ।<br>ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।<br>ਰਾਗੁ ਤੁਖਾਰੀ ਪੰਨਾ 1257 | ਰਤੀ | **ਆਲੰਬਨ**<br>ਪਿਆਰੀ ਇਸਤ੍ਰੀ<br>ਪ੍ਰੀਤਮ, ਵਰੁ<br>**ਉਦੀਪਨ**<br>ਪਿਰ ਦਾ ਵਿਛੋੜਾ, ਸੁਹਾਵੀ ਸੇਜ, ਦੁਖ, ਭੁਖ ਨਾ ਲਗਣਾ ਆਦਿ | ਸੀਗਾਰ, ਸੇਜ ਸੁਹਾਵੀ, ਰੰਗ ਮਾਣਨਾ, ਪਿਰ ਨੂੰ ਰਾਉਣਾ ਕਰਤੇ ਦਾ ਸਭੋ ਕੁਝ ਜਾਨਣਾ ਅਨੁਭਾਵ ਹਨ | ੮, ਹਰਸ਼, ਰਵ, ਚਿੰਤਾ | ਸੰਜੋਗ ਵਿੱਚ, ਅਨੰਦ, ਖੁਸ਼ੀ ਦੀ ਪ੍ਰਾਪਤੀ ਦੀ ਇੱਛਾ |
| **ਵਿਜੋਗ ਅਵਸਥਾ**<br>ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।<br>ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।<br>ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।<br>ਰਾਗੁ ਤੁਖਾਰੀ ਪੰਨਾ 1249 | | | ਮਿਲਣ ਲਈ ਤੜਪਨਾ, ਭੁੱਖ ਨਾ ਲਗਣਾ, ਹਰੀ ਤੋਂ ਬਿਨਾਂ ਨੀਂਦ ਨਾ ਆਉਣੀ, ਕਪੜਾ ਤਨ ਤੇ ਨਾ ਇਕੱਲੀ ਸੇਜ ਵਿਜੋਗ ਅਵਸਥਾ ਦੇ ਅਨੁਭਾਵ ਹਨ | | ਪ੍ਰੀਤਮ ਦੇ ਮਿਲਾਪ ਦੀ ਇੱਛਾ |

ਰਤੀ ਸਥਾਈ ਭਾਵ ਹੈ। ਭਰਤਮੁਨੀ ਨੇ ਨਾਟਯ ਸ਼ਾਸਤਰ ਵਿੱਚ "ਸੁਖ ਪਰਦਾਨ ਕਰਨ ਵਾਲੇ ਇਸ਼ਟ ਪਦਾਰਥਾਂ ਨਾਲ ਯੁਕਤ ਰਿਤੂ ਮਾਲਾਦ ਨਾਲ ਸੇਵਿਤ ਇਸਤਰੀ ਪੁਰਸ਼ ਸੰਬੰਧ ਨਾਲ ਯੁਕਤ ਨੂੰ ਸ਼ਿੰਗਾਰ ਕਿਹਾ ਹੈ।"[1] ਧਨੰਜੈ ਨੇ ਦਸਰੂਪਕ ਵਿੱਚ ਪਰਸਪਰ ਅਨੁਰਕਤ ਯੁਵਾਂ ਨਾਇਕ ਨਾਇਕਾ ਦੇ ਹਿਰਦੇ ਵਿੱਚ ਕਾਲ, ਕਲਾ, ਵੇਸ, ਭੋਗ ਆਦਿ ਦੇ ਸੇਵਨ, ਪੂਰਾ ਆਤਮਾ ਦਾ ਪ੍ਰਸੰਨ ਹੋਣਾ ਸਥਾਈ ਭਾਵ ਰਤੀ ਹੈ। ਇਹ ਰਤੀ ਸਥਾਈ ਭਾਵ, ਨਾਇਕ ਨਾਇਕਾ ਦੇ ਅੰਗਾਂ ਦੀਆਂ ਮਧੁਰ ਚੇਸ਼ਟਾਵਾਂ ਦੁਆਰਾ ਇਕ ਦੂਜੇ ਦੇ ਹਿਰਦੇ ਵਿੱਚ ਪਰਪੁਸ਼ਟ ਹੁੰਦਾ ਹੈ।"[2] ਰਤੀ ਭਾਵ ਨੂੰ ਸਪਸ਼ਟ ਕਰਨ ਲਈ ਨਾਇਕ ਨਾਇਕਾ, ਵਿਭਾਵ, ਅਨੁਭਾਵ, ਆਲੰਬਨ ਉਦੀਪਨ ਤੇ ਸੰਚਾਰੀ ਭਾਵ ਸਹਾਇਕ ਹੁੰਦੇ ਹਨ। ਭਾਨੁਦਤ ਅਨੁਸਾਰ "ਨਾਇਕ ਨਾਇਕਾ ਦੇ ਪਰਸਪਰ ਅਨੁਕੂਲ ਦਰਸ਼ਨ, ਸਪਰਸ਼, ਗਲਵੱਕੜੀ, ਵਿਹਾਰ ਨੂੰ ਸੰਭੋਗ ਸ਼ਿੰਗਾਰ ਕਹਿੰਦੇ ਹਨ।"[3] ਰਤੀ ਭਾਵ ਨੂੰ ਉਜਾਗਰ ਕਰਨ ਲਈ ਇਹ ਭਾਵ ਅਤਿ ਜ਼ਰੂਰੀ ਮੰਨੇ ਗਏ ਹਨ। ਨਾਇਕ ਤੇ ਨਾਇਕਾ ਦੇ ਭੇਦਾਂ ਬਾਰੇ ਸਾਹਿਤ ਵਿੱਚ ਹੇਠਾਂ ਫੁਟਨੋਟ ਵਿੱਚ ਲਿਖੇ ਅਨੁਸਾਰ ਜ਼ਿਕਰ ਹੈ।

ਨਾਇਕ ਤੇ ਨਾਇਕਾ ਦੇ ਪਰਸਪਰ ਪ੍ਰੇਮ ਭਾਵ ਨੂੰ ਰਤੀ ਭਾਵ ਆਖਦੇ ਹਨ। ਜਿਸ ਵਿੱਚ ਸਰੀਰਕ ਮੌਜੂਦਗੀ ਜਾਂ (ਕਾਮਰਤੀ) ਜ਼ਰੂਰੀ ਹੈ ਜੋ ਨਾਇਕ ਤੇ ਨਾਇਕਾ ਦੇ ਭਾਵਾਂ ਨੂੰ ਉਜਾਗਰ, ਤੀਬਰ, ਤੀਖਣ ਤੇ ਤੇਜ਼ ਕਰਨ ਵਿੱਚ ਸਹਾਈ ਹੁੰਦੇ ਹੋਏ ਜਿਸਮਾਨੀ ਪ੍ਰੇਰਨਾ ਦਿੰਦੇ ਹਨ, ਜਿਨ੍ਹਾਂ ਦੇ ਕਾਰਨ ਤੋਂ ਭਾਵ ਉਪਜਦੇ ਹਨ। ਰੁੱਤਾਂ ਦਾ ਮੌਸਮ, ਰੰਗ ਬਰੰਗੇ ਫੁੱਲ, ਵਾਤਾਵਰਣ ਭਾਵ ਨੂੰ ਉਦੀਪਨ ਕਰਨ ਵਿੱਚ ਸਹਾਈ ਹੁੰਦੇ ਹਨ।

---

1. ਗਣਪਤੀ ਚੰਦਰ ਗੁਪਤ, ਭਾਰਤੀਯ ਸਾਹਿਤ ਮੇਂ ਸ਼ਿੰਗਾਰ ਰਸ, ਪੰਨਾ 16
2. ਉਹੀ
3. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨੇ 116-118

   "ਨਾਇਕਾ ਦੇ ਤਿੰਨ ਭੇਦ: ਸਕੀਯਾ, ਪਰਕੀਯਾ, ਸਮਾਨੀਯਾ ਮੰਨੇ ਜਾਂਦੇ ਹਨ। ਹਰ ਇੱਕ ਦੇ ਚਾਰ ਭੇਦ ਮੰਨੇ ਗਏ ਹਨ: ਅਨੁਕੂਲ (ਆਪਣੀ ਪਤਨੀ ਲਈ ਪ੍ਰੇਮ ਪਾਤਰ) ਦਕਸ਼ਿਣ (ਕਈ ਨਾਇਕਾਵਾਂ ਲਈ ਇਕੋ ਜਿਹਾ ਪਿਆਰ ਰਖਣ ਵਾਲਾ) ਧਿਸ਼ਟ (ਅਪਰਾਧੀ ਹੋਣ ਉਤੇ ਵੀ ਤਰਲੇ-ਮਿੰਨਤਾਂ ਕਰਨ ਵਾਲਾ), (ਸ਼ਠ ਅਪਰਾਧੀ ਚਤੁਰ ਨਾਇਕ)

ਪ੍ਰੇਮ ਭਾਵ ਨਾਇਕ ਵਲੋਂ ਸ਼ੁਰੂ ਹੋਇਆ ਜਾਂ ਨਾਇਕਾ ਵਲੋਂ, ਉਸਨੂੰ ਗੁਪਤ ਰੱਖਿਆ ਜਾਂ ਸਪੱਸ਼ਟ ਰੂਪ ਵਿੱਚ ਪ੍ਰਗਟ ਕੀਤਾ ਇਹ ਸਭ ਕਿਰਿਆਵਾਂ ਰਤੀ ਭਾਵ ਨੂੰ ਉਤੇਜਿਤ ਕਰਦੀਆਂ ਹਨ। ਸੰਜੋਗ ਤੇ ਵਿਜੋਗ ਅਵਸਥਾ ਵਿੱਚ ਵੀ ਭਾਵਾਂ ਨੂੰ ਉਤੇਜਨਾ ਮਿਲਦੀ ਹੈ। ਜਿਥੇ ਮਿਲਣ ਦੀ ਅਵਸਥਾ ਤੋਂ ਪਹਿਲਾਂ ਹੀ ਪ੍ਰੇਮ ਭਾਵ ਰਤੀ ਭਾਵ ਜਾਗ ਪੈਂਦੇ ਹਨ, ਉਹ ਪੂਰਵ ਅਨੁਰਾਗ ਹਨ, ਜਿਵੇਂ ਕਿਸੇ ਸੁੰਦਰ ਮੁਟਿਆਰ ਦਾ ਚਿੱਤਰ ਦੇਖ ਕੇ ਉਸਤੇ ਮੋਹਿਤ ਹੋ ਜਾਣਾ, ਕਿਸੇ ਸੁੰਦਰੀ ਦੀ ਪ੍ਰਸੰਸਾ ਸੁਣਕੇ ਉਸ ਪ੍ਰਤੀ ਅਨੁਰਾਗ ਪੈਦਾ ਹੋਣਾ ਜਾਂ ਸੁਪਨੇ ਵਿੱਚ ਵੇਖਣ ਤੋਂ ਪ੍ਰੇਮ ਪੈਦਾ ਹੋਣਾ ਆਦਿ, ਇਸੇ ਤਰ੍ਹਾਂ ਜਦੋਂ ਨਾਇਕ ਨਾਇਕਾ ਸੰਜੋਗ ਅਵਸਥਾ ਵਿੱਚ ਹੋਣ ਪਰ ਉਨ੍ਹਾਂ ਦੇ ਮਿਲਾਪ ਦੀ ਅਣਹੋਂਦ ਹੋਵੇ ਭਾਵ ਇਕੋ ਥਾਂ ਰਹਿੰਦੇ ਹੋਏ ਦੋਵੇਂ ਇਕ ਦੂਜੇ ਨੂੰ ਮਿਲਣ ਤੋਂ ਵੰਚਿਤ ਹੋਣ ਤਾਂ ਇਸ ਅਵਸਥਾ ਨੂੰ 'ਮਾਨ' ਅਵਸਥਾ ਕਹਿੰਦੇ ਹਨ। ਇਹ ਅਸਥਾਈ ਹੁੰਦਾ ਹੈ।

> "ਜਿਹੜਾ ਮਾਨ ਵਿਆਹਤ ਜੋੜੇ (ਦੰਪਤੀ) ਵਿਚੋਂ ਕਿਸੇ ਇਕ ਦੇ ਦੋਸ਼ ਜਾਂ ਅਪਰਾਧ ਕਰਕੇ ਹੁੰਦਾ ਹੈ ਉਸਨੂੰ 'ਈਰਸ਼ਯਾ ਮਾਨ' ਕਹਿੰਦੇ ਹਨ ਜਿਹੜਾ ਸੰਜੋਗ ਦੇ ਸੁਖ ਨੂੰ ਤੇਜ਼ੀ ਦੇਣ ਲਈ ਹੁੰਦਾ ਹੈ ਉਸ ਨੂੰ 'ਪ੍ਰਣਯ ਮਾਨ' ਆਖਦੇ ਹਨ।"[1]

> "ਕਰੁਣਾ ਵ੍ਰਿਲੰਭ ਵਿੱਚ ਪ੍ਰੀਤਮ ਦੇ ਮਿਲਣ ਦੀ ਉਮੀਦ ਬਣੀ ਰਹਿੰਦੀ ਹੈ। ਇਸ ਕਰੁਣ ਵਿੱਚ ਰਤੀ ਦਾ ਭਾਵ ਕਾਇਮ ਰਹਿੰਦਾ ਹੈ। ਮਾਨ ਦੀ ਅਵਸਥਾ ਬੜੀ ਬਿਹਬਲ, ਵਿਆਕੁਲ ਤੇ ਤਰਸਯੋਗ ਹੈ, ਇਸ ਅਵਸਥਾ ਨੂੰ ਮਰਨ ਬਰਾਬਰ ਕਿਹਾ ਜਾਵੇ ਤਾਂ ਅਨੁਚਿਤ ਨਹੀਂ ਹੋਵੇਗਾ। ਕਰੁਣ ਵ੍ਰਿਪਲੰਭ ਦਾ ਕਰੁਣ ਰਸ ਨਾਲੋਂ ਇਹ ਫਰਕ ਹੁੰਦਾ ਹੈ ਕਿ ਕਰੁਣਾ ਵਿੱਚ ਮੇਲ ਦੀ ਆਸ ਨਹੀਂ ਹੁੰਦੀ ਸਦਾ ਵਾਸਤੇ ਵਿਜੋਗ ਹੁੰਦਾ ਹੈ ਜਿਸ ਕਰਕੇ ਸ਼ੋਕ ਭਾਵ ਪ੍ਰਬਲ ਹੋ ਜਾਂਦੇ ਹਨ।"[2]

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 120
2. ਉਹੀ, ਪੰਨਾ 114

"ਰਤੀ ਨੂੰ ਰਬ ਪ੍ਰਭਾਵੀ ਮੰਨ ਕੇ ਜਿਵੇਂ ਪਿਆਰ ਹੀ ਭਗਵਾਨ ਹੈ ਅਤੇ ਭਗਵਾਨ ਹੀ ਪਿਆਰ ਹੈ ਪਿਆਰ ਨੂੰ ਭਗਵਾਨ ਦਾ ਪਰਿਆਇ ਪੱਛਮੀ ਅਚਾਰੀਆਂ ਨੇ ਵੀ ਬਣਾ ਦਿੱਤਾ ਹੈ।"[1]

ਰਤੀ ਭਾਵ ਵਿਚ ਸੰਜੋਗ, ਵਿਜੋਗ, ਮਿਲਾਪ, ਖੁਸ਼ੀ, ਅਨੰਦ, ਪਿਆਰ, ਤੜਪਨਾ, ਲੁਭਣਾ, ਪ੍ਰੇਮ, ਮਨ ਨੂੰ ਕਾਬੂ ਕਰਨਾ ਆਦਿ ਮਹਾਨਤਾ ਪੂਰਵਕ ਭਾਵ ਹਨ ਜਿਨ੍ਹਾਂ ਦੀ ਤਸਵੀਰ ਗੁਰੂ ਨਾਨਕ ਦੇਵ ਦੀ ਰਚਨਾ ਜੋ ਚਾਰਟ ਵਿੱਚ ਦਿੱਤੀ ਗਈ ਹੈ ਵਿਚੋਂ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦਾ ਨਾਇਕ ਪ੍ਰਭੂ ਪ੍ਰੀਤਮ ਹੈ, ਸੁਹਾਵੀ ਸੇਜ ਉਦੀਪਨ ਭਾਵ ਪੈਦਾ ਕਰਦੇ ਹਨ। ਉਸ ਦਾ ਵਿਛੋੜਾ ਚਿੰਤਾ ਅਲੰਬਨ ਵਿਭਾਵ ਹਨ, ਇਕੇਲੀ ਸੇਜ, ਡਰਨਾ, ਨੀਂਦ ਨਾ ਆਉਣੀ ਵਿਜੋਗ ਅਵਸਥਾ ਦੇ ਅਨੁਭਾਵ ਹਨ। ਤੜਪਨਾ, ਹੰਝੂ, ਚਿੰਤਾ ਆਦਿ ਸੰਚਾਰੀ ਭਾਵ ਹਨ। ਸੰਜੋਗ ਅਵਸਥਾ ਵਿਚ ਪਿਰ ਨੂੰ ਰਾਉਣਾ ਕਰਤੇ ਦਾ ਸਭੇ ਕੁਝ ਜਾਨਣਾ ਅਨੁਭਾਵ ਹਨ ਉਤਸੁਕਤਾ ਅਨੰਦ ਹਰਸ਼ ਸੰਚਾਰੀ ਭਾਵ ਹਨ। ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਦੀ ਤਸਵੀਰ ਰੂਹਾਨੀ ਹੈ, ਕਾਮਮਈ ਨਹੀਂ।

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 122

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਵਾਇਨਿ ਚੇਲੇ ਨਚਨਿ ਗੁਰ।<br>ਪੈਰ ਹਲਾਇਨਿ ਫੇਰਨਿ ਸਿਰ।<br>ਉਡਿ ਉਡਿ ਰਾਵਾ ਝਾਟੈ ਪਾਇ।<br>ਵੇਖੈ ਲੋਕੁ ਹਸੈ ਘਰਿ ਜਾਇ।<br><br>ਆਸਾ ਦੀ ਵਾਰ ਪੰਨਾ 559 | ਹਾਸ | <u>ਆਲੰਬਨ</u><br>ਚੇਲੇ, ਗੁਰੂ<br><br><u>ਉਦੀਪਨ</u><br>ਅਯੋਗ ਕਾਰਜ, ਪੈਰ ਹਿਲਾਇਨ, ਧੂੜ ਉਡ ਉਡ ਕੇ ਝਾਟੇ ਪੈਣੀ, ਲੋਕਾਂ ਦਾ ਹਸਣਾ ਆਦਿ ਉਦੀਪਨ ਵਿਭਾਵ ਹਨ | ਸਿਰ ਫੇਰਨਾ, ਪੈਰ ਹਿਲਾਇਨ, ਲੋਕਾਂ ਦਾ ਹਸਣਾ | ਚੰਚਲਤਾ, ਨਿਰਲਜਤਾ | ਵਿਅੰਗ, ਕਟਾਖਸ਼ ਰਾਹੀਂ ਖੁਸ਼ੀ ਦੇਣੀ |

ਅਚਾਰੀਆ ਭਰਤ ਨੇ 'ਰਤੀ' ਤੋਂ ਹਾਸ ਦੀ ਉਤਪਤੀ ਮੰਨੀ ਹੈ। 'ਭਾਵ ਪ੍ਰਕਾਸ਼' ਵਿਚ ਕਿਹਾ ਗਿਆ ਹੈ ਕਿ ਹਾਸ ਚਿੱਤ ਦਾ ਵਿਕਾਸ ਹੈ ਜਿਹੜਾ ਪ੍ਰੀਤ ਦਾ ਇਕ ਵਿਸ਼ੇਸ਼ ਰੂਪ ਹੈ। ਭਰਤ ਤੋਂ ਬਾਅਦ ਅਭੀਨਵ ਗੁਪਤ ਨੇ ਹਾਸ ਦਾ ਵਿਵੇਚਨ ਕੀਤਾ ਅਤੇ ਕਿਹਾ ਕਿ ਹਾਸ ਚਿੱਤ ਦਾ ਅਨੰਦ ਹੈ। ਭਾਰਤੀਯ ਮੱਤ ਅਨੁਸਾਰ ਹਾਸ ਪ੍ਰੇਮ ਦੀ ਸ਼ਕਤੀ ਦਾ ਹੀ ਪਰਵਰਤਿਤ ਰੂਪ ਹੈ ਜਿਸ ਨਾਲ ਅਨੋਖੇ ਮਨੋਭਾਵਾਂ ਦੀ ਸਿਰਜਨਾ ਹੁੰਦੀ ਹੈ। ਸਾਹਿਤਕ ਹਾਸੇ ਦਾ ਮਹੱਤਵ ਅਧਿੱਕ ਹੈ। ਹਾਸ ਨੂੰ ਸਥਾਈ ਭਾਵਾਂ ਵਿੱਚ ਥਾਂ ਦਿੱਤੀ ਗਈ ਹੈ ਜੋ ਅਸਚਰਜ ਮਤ ਹੋਣ ਤੇ ਦਰਸ਼ਕ ਜਾਂ ਸਰੋਤਿਆਂ ਦੀ ਰਸ ਰੂਪ ਵਿਚ ਅਨੁਭੂਤੀ ਕਰਦਾ ਹੈ। ਇਹੋ ਜਿਹਾ ਹਾਸਾ ਅਭਿਬਨ ਪ੍ਰਧਾਨ ਹੁੰਦਾ ਹੈ। ਆਮ ਖੁਲ੍ਹਾ ਡੁੱਲ੍ਹਾ ਹਾਸਾ ਭੌਤਿਕ ਹਾਸਾ ਹੁੰਦਾ ਹੈ। ਜਿੱਤ ਪ੍ਰਾਪਤ ਕਰਕੇ ਜੋ ਹਾਸਾ ਆਉਂਦਾ ਹੈ ਉਹ ਭਾਵ ਨਹੀਂ ਉਮੰਗ ਹੋ ਸਕਦੀ ਹੈ। ਉਸ ਦੇ ਪ੍ਰਦਰਸ਼ਕ ਨਾਲ ਸ੍ਰੋਤੇ ਜਾਂ ਦਰਸ਼ਕ ਦੇ ਮਨ ਵਿੱਚ ਰਸ ਦੀ ਅਨੁਭੂਤੀ ਨਹੀਂ ਹੋ ਸਕਦੀ ਜੇ 'ਅਸੀਂ ਸਮੁੱਚੇ ਜੀਵਨ ਵੱਲ ਧਿਆਨ ਮਾਰੀਏ ਤਾਂ ਵਿਵਹਾਰਿਕ, ਬੌਧਿਕ, ਮਾਨਸਿਕ, ਸਰੀਰਕ ਆਦਿ ਖੇਤਰਾਂ ਨੂੰ ਖੋਜੀਏ ਤਾਂ ਹਜ਼ਾਰਾਂ ਪ੍ਰਸਥਿਤੀਆਂ ਤੇ ਕਾਰਣ ਹੁੰਦੇ ਹਨ ਜੋ ਹਾਸੇ ਦੀ ਛਿੱਟਾ ਮਲਾਰਦੇ ਹਨ ਪਰ ਸਾਹਿਤਕ ਹਾਸਾ ਮਾਂਜਿਆਂ, ਸੰਵਾਰਿਆਂ, ਸੁਹਿਰਦਤਾ ਅਤੇ ਭਾਵਪੂਰਤ ਹੁੰਦਾ ਹੈ। ਗੁਰੂ ਨਾਨਕ ਦੇਵ ਦੀ ਰਚਨਾ ਵਿੱਚ ਇਹ ਕਿਤੇ ਕਿਤੇ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦਾ ਹਾਸੇ ਪੂਰਣ ਹਵੱਈਆਂ ਪਾਖੰਡ ਦੇ ਵਿਖਾਵੇ ਦਾ ਪਾਜ ਉਘਾੜਨਾ ਸੀ। ਅੰਦਰਲੀ ਤੇ ਬਾਹਰਲੀ ਅਵਸਥਾ ਵਿਚ ਇਕਸੁਰਤਾ ਨਾ ਹੋਣ ਕਰਕੇ ਵਿਅੰਗਾਤਮਕ ਭਾਸ਼ਾ ਸ਼ੈਲੀ ਰਾਹੀਂ ਉਨ੍ਹਾਂ ਦੀ ਅਵਸਥਾ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਰਚਨਾ ਦਾ ਹਾਸਾ ਵਿਅੰਗਾਤਮਕ ਤੇ ਘਟਨਾਵਾਂ ਜਾਂ ਸਥਿਤੀਆਂ ਤੋਂ ਉਪਜਿਆ ਹੋਇਆ ਅਰਥ ਭਰਪੂਰ ਹੈ।

> "ਭਰਤ ਨੇ ਨਟਯ ਸ਼ਾਸਤਰ ਵਿੱਚ ਹਾਸੇ ਦੇ ਦੋ ਭੇਦ ਮੰਨੇ ਹਨ -
> 1. ਆਤਮ ਸਥ॥ (ਨਿਜਵਿਆਪੀ) ਜਦੋਂ ਵਿਅਕਤੀ ਆਪ ਹੱਸਦਾ ਹੈ ਉਸ ਨੂੰ ਆਤਮ ਸਥ ਕਹਿੰਦੇ ਹਨ।
> 2. ਪਰਸਥ (ਪਰਵਿਆਪੀ) ਜਦੋਂ ਵਿਅਕਤੀ ਦੂਸਰਿਆਂ ਨੂੰ ਹਸਾਉਂਦਾ ਹੈ।"[1]

ਰਸ ਗੰਗਾਧਰ ਨੇ ਇਸ ਦੀ ਵਿਆਖਿਆ ਦੂਸਰੀ ਤਰ੍ਹਾਂ ਕੀਤੀ ਹੈ, ਜਿਵੇਂ "ਹਾਸੇ ਦੇ ਵਿਸ਼ਯ ਨੂੰ ਦੇਖ ਕੇ ਉਤਪੰਨ ਹਾਸਾ ਆਤਮਸਥ ਤੇ ਦੂਸਰੇ ਨੂੰ ਹਸਦਾ ਵੇਖਕੇ ਹਾਸਾ ਪਰਸਥ ਹੈ।"[2]

1. ਅਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਦਾ ਸਰੂਪ ਤੇ ਵਿਸ਼ਲੇਸ਼ਣ, ਪੰਨਾ 340
2. ਓਹੀ

ਇਸਦੀ ਪ੍ਰਸੂਟੀ ਬਾਰੇ ਹੋਰ ਵਿਦਵਾਨਾਂ ਨੇ ਵੀ ਵੱਖੋ ਵੱਖਰੀਆਂ ਰਾਵਾਂ ਪੇਸ਼ ਕੀਤੀਆਂ ਹਨ ਅਤੇ ਇਸ ਨੂੰ ਕਈ ਭਾਵਾਂ ਵਿੱਚ ਵੰਡਿਆ ਗਿਆ ਹੈ ਜਿਵੇਂ ਕੇਸ਼ਵ ਨੇ "ਮਦਹਾਸ, ਕੁਲਹਾਸ, ਅਤਿਆਸ, ਪਰਿਹਾਸ" ਚਾਰ ਭੇਦ ਦਿੱਤੇ ਹਨ। ਭਰਤਮੁਨੀ ਨੇ ਸਿਮਤ, ਹਸਿਤ, ਵਿਹਸਤ ਉਪਰਸਿਤ ਅਪਰਸਿਤ, ਹਸਿਤ ਆਦਿ।"[1]

ਇਸ ਦੇ ਨਾਲ ਹੀ ਮਨੁੱਖ ਨੂੰ ਪ੍ਰਕ੍ਰਿਤੀ ਦੇ ਵਿਚਾਰ ਤੋਂ ਉਤਮ ਮੱਧਮ ਅਤੇ ਅਧਮ ਤਿੰਨਾ ਹਿੱਸਿਆਂ ਵਿੱਚ ਵੰਡਿਆ ਹੈ:

ਉਤਮ: ਜੋ ਹਾਸਾ ਮੁਸਕਾਣ ਤਕ ਸੀਮਤ ਹੋਵੇ

ਮੱਧਮ: ਨਿੰਮਾ ਨਿੰਮਾ ਹਾਸਾ

ਅਧਮ: ਉੱਚਾ ਉੱਚਾ ਬਲਵਾਨ ਹਾਸਾ।[2]

ਪੱਛਮੀ ਵਿਦਵਾਨਾਂ ਨੇ ਵੀ ਸਰੀਰਕ, ਮਾਨਸਿਕ, ਬੌਧਿਕ ਤੇ ਗੁਣਾਤਮਕ ਨਾਲ ਸੰਬੰਧਤ ਹਜ਼ਾਰਾਂ ਮਨੋਭਾਵ ਦੱਸੇ ਹਨ ਜਿਵੇਂ ਮਸਕਰੀ (Joke) ਹਾਸਾ (Humour) ਵਿਅੰਗ (Irony) ਮਜ਼ਾਕ (Satire) ਹਾਸਾ ਵਿਲਾਸ (Wit) ਤਮਾਸ਼ਾ (Fun) ਛੇੜਛਾੜ (Jest) ਤਾਹਨਾ (Sarcasm) ਨਕਲ ਕਰਕੇ ਮਖੌਲ ਉਡਾਣਾ ਵਿਅੰਗ ਕਾਵਿ (Parody) ਮੁਸਕਣੀ (Smile)

> "ਪੱਛਮੀ ਵਿਦਵਾਨਾਂ ਵਿਚੋਂ ਸਪੈਂਸਰ ਨੇ ਕਿਹਾ ਕਿ ਜਦੋਂ ਗਿਆਨ ਤੰਤੂਆਂ ਦੀ ਸ਼ਕਤੀ ਨਿਕਲਦੀ ਹੈ ਤਾਂ ਹਾਸੇ ਦਾ ਜਨਮ ਹੁੰਦਾ ਹੈ। ਟਾਮਸ ਹਾਬਸ ਨੇ ਦੂਜੇ ਦੀ ਹੀਣ-ਦਸ਼ਾ ਨੂੰ ਹਾਸੇ ਦਾ ਕਾਰਣ ਸਵੀਕਾਰਿਆ ਹੈ। ਯੂਨਾਨੀ ਵਿਚਾਰਕ ਹਾਸੇ ਦਾ ਸੰਬੰਧ ਲੋਕਾਂ ਦੀਆਂ ਹੇਠਲੀਆਂ ਸ਼੍ਰੇਣੀਆਂ ਨਾਲ ਜੋੜਦੇ ਹਨ। ਮਨੋਵਿਗਿਆਨ ਦੇ ਖੇਤਰ ਵਿੱਚ ਵਿਅਕਤੀ ਦੀ ਅਯੋਗਤਾ ਨੂੰ ਵੇਖਦੇ ਹਾਂ ਤਾਂ ਸਾਨੂੰ ਹਾਸਾ ਆਉਂਦਾ ਹੈ, ਦਾ ਉਲੇਖ ਮਿਲਦਾ ਹੈ।"[3]

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 125
2. ਆਦਿ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਦਾ ਸਵਰੂਪ ਤੇ ਵਿਸ਼ਲੇਸ਼ਣ, ਪੰਨਾ 341
3. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨੇ 124-125

ਬਚਪਨ ਤੋਂ ਲੈ ਕੇ ਬਿਰਧ ਅਵਸਥਾ ਤੱਕ ਹਾਸੇ ਦੀਆਂ ਸਥਿਤੀਆਂ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ। ਬਾਅਦ ਵਿਚ ਉਸ ਦੀ ਯਾਦ ਵੀ ਹਾਸੇ ਦਾ ਕਾਰਣ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦਾ ਹਾਸਾ ਵਿਅੰਗਾਤਮਕ ਘਟਨਾਵਾਂ ਤੇ ਵਿਅਕਤੀ ਦੀਆਂ ਬੇਢੰਗੀਆਂ ਚਾਲਾਂ ਤੋਂ ਉਪਜਿਆ ਹੈ। ਬਾਕੀ ਆਲੰਬਨ ਉਦੀਪਨ ਵਿਭਾਵ ਅਨੁਭਾਵ ਤੇ ਸੰਚਾਰੀ ਭਾਵ ਬਾਰੇ ਚਾਰਟ ਵਿੱਚ ਦਿੱਤਾ ਗਿਆ ਹੈ।

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।<br>ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ।<br>ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ।<br><br>ਰਾਗ ਆਸਾ ਪੰਨਾ 485 | ਸ਼ੋਕ | <u>ਆਲੰਬਨ</u><br>ਅਪਮਾਨਤ ਇਸਤ੍ਰੀਆਂ ਦੀ ਦੁਰਦਸ਼ਾ<br><u>ਉਦੀਪਨ</u><br>ਪ੍ਰਿਯਾ ਵਸਤੂ ਦੀ ਦੁਰਗਤੀ | ਵਾਲਾਂ ਨੂੰ ਕੈਂਚੀ ਨਾਲ ਕੱਟਣਾ, ਗਲੇ ਵਿੱਚ ਧੂੜ ਪੈਣਾ, ਮਹਿਲਾਂ ਤੋਂ ਦੂਰ ਹੋਣਾ ਅਨੁਭਾਵ ਹਨ | ਚਿੰਤਾ, ਰਬ ਨੂੰ ਉਲਾਂਭਾ, ਵਿਸਮਾਦ ਸੰਚਾਰੀ ਭਾਵ ਹਨ | ਦੁੱਖ ਤੋਂ ਛੁਟਕਾਰਾ |

ਅਚਾਰੀਆਂ ਨੇ ਰਤੀ ਭਾਵ ਤੋਂ ਬਾਦ ਸ਼ੋਕ ਨੂੰ ਦੂਜਾ ਦਰਜਾ ਦਿੱਤਾ ਹੈ। ਕਈਆਂ ਵਿਦਵਾਨਾਂ ਨੇ ਸ਼ੋਕ ਨੂੰ ਪਹਿਲੇ ਨੰਬਰ ਤੇ ਰੱਖ ਕੇ ਸਰਬ ਪ੍ਰਥਮ ਮੰਨਿਆ ਹੈ। "ਭਵਭੂਤੀ ਨੇ ਤਾਂ ਇਥੋਂ ਤਕ ਕਿਹਾ ਹੈ 'ਏਕੋ ਰਸ: ਕਰੁਣ ਏਵ ਨਿਮਿਤ ਭੇਦਾਤ' ਭਾਵ ਇਕੋ ਹੀ ਕਰੁਣਾ ਰਸ ਮਹੱਤਵਪੂਰਣ ਹੈ।"[1]

ਭਾਵ ਪ੍ਰਕਾਸ਼ ਵਿਚ ਇਸ ਦੇ ਤਿੰਨ ਭੇਦ ਮੰਨੇ ਗਏ ਹਨ:

1. "ਮਾਨਸ: ਇਸ ਵਿਚ ਅਨਵਸਿਥਤ ਵਿਹਕਤ, ਹੋਸ਼ ਗੁਮਤਾ ਆਦਿ ਮੰਨੇ ਗਏ ਹਨ।
2. ਵਾਚਿਕ: ਇਸ ਵਿੱਚ ਧਾਹਮਾਰ ਕੇ ਰੋਣਾ, ਵਿਰਲਾਪ, ਦੁਖਦਾਈ ਵਿਚਾਰ ਆਦਿ
3. ਕਰਮ: ਇਸ ਵਿਚ ਕਰੁਣਾ ਸੰਬੰਧੀ ਅਨੇਕ ਅਨੁਭਾਵਾਂ ਦਾ ਜ਼ਿਕਰ ਹੈ (ਜੋ ਨਾਟਕ ਵਿੱਚ ਦਿੱਤੇ ਹਨ)[2]

ਸ਼ੋਕ ਕਈ ਭੇਦਾਂ ਵਿੱਚ ਪਰਗਟਾਇਆ ਗਿਆ ਹੈ:

1. ਅਤੀ ਸ਼ੋਕ
2. ਮਹਾਂ ਸ਼ੋਕ
3. ਲਘੂ ਸ਼ੋਕ
4. ਸੂੱਖ ਸ਼ੋਕ

"ਭਾਨੂੰਦਤ ਨੇ ਸਵਨਿਸ਼੍ਠ ਤਥਾ ਪਰਨਿਸ਼੍ਠ ਨਾਮੀ ਦੋ ਭੇਦਾਂ ਬਾਰੇ ਜ਼ਿਕਰ ਵੀ ਕੀਤਾ ਹੈ ਪਰ ਭਰਤਮੁਨੀ ਨੇ ਧਰਮ, ਅਰਥ ਤੇ ਸ਼ੋਕ ਤਿੰਨ ਹੀ ਭੇਦ ਪ੍ਰਗਟਾਏ ਹਨ।"[3]

ਸ਼ੋਕ ਭਾਵ ਵਿਅਕਤੀ ਦੇ ਮਨ ਤੇ ਪ੍ਰਭਾਵ ਵਧੇਰੇ ਛੱਡਦਾ ਹੈ, ਜਿਵੇਂ ਸ਼ੋਕ ਭਾਵ ਅਜਿਹਾ ਹੈ ਜੋ ਕਿ ਕਈ ਵਾਰੀ ਸੰਤਾਪ ਦੇ ਰੂਪ ਵਿੱਚ ਕਿਸੇ ਵਿਅਕਤੀ ਦੇ ਮਨ ਵਿੱਚ ਲਗਾਤਾਰ

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 128
2. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ, ਸਵਰੂਪ ਤੇ ਵਿਸ਼ਲੇਸ਼ਣ, ਪੰਨਾ 354
3. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 133

ਬਣਿਆ ਰਹਿੰਦਾ ਹੈ। ਉਹ ਕਿਸੇ ਮਰ ਚੁੱਕੇ ਸੰਬੰਧੀ ਜਾਂ ਨਸ਼ਟ ਹੋ ਚੁੱਕੀ ਪ੍ਰਿਆ ਵਸਤੂ ਦੇ ਸੰਬੰਧ ਵਿੱਚ ਕਈ ਵਾਰੀ ਦੁੱਖ ਦੀ ਇਸ ਹਾਲਤ ਤਕ ਪਹੁੰਚ ਜਾਂਦਾ ਹੈ ਕਿ ਉਸ ਲਈ ਹੌਕੇ ਭਰਦਾ, ਹੰਝੂ ਵਹਾਉਂਦਾ ਤੇ ਕੀਰਨੇ ਪਾਉਂਦਾ ਹੈ। ਉਸ ਦੇ ਮਨ ਦੀ ਹਾਲਤ ਹੋਰ ਗੰਭੀਰ ਹੋ ਜਾਂਦੀ ਹੈ। ਇਸ ਪੱਖੋਂ ਇਹ ਰਤੀ ਭਾਵ ਦੀ ਵਿਯੋਗ ਅਵਸਥਾ ਨਾਲ ਕਾਫ਼ੀ ਮੇਲ ਖਾਂਦਾ ਹੈ ਕਿਉਂਕਿ ਰਤੀ ਵਿਚ ਵਿਜੋਗ ਦੀ ਅਵਸਥਾ ਤੇ ਉਸ ਤੋਂ ਵੀ ਵੱਧ ਸ਼ੋਕ ਪ੍ਰਭਾਵਸ਼ਾਲੀ ਹੁੰਦਾ ਹੈ ਕਿਉਂਕਿ ਇਹਨਾਂ ਵਿੱਚ ਤਰਤੀਬਵਾਰ ਮਨ ਹੱਦ ਤੋਂ ਵੱਧ ਪਿਘਲਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਰਤੀ ਵਿਚ ਮਿਲਾਪ ਦੀ ਆਸ ਹੁੰਦੀ ਹੈ ਸ਼ੋਕ ਵਿੱਚ ਨਹੀਂ। ਉਦਾਹਰਣ ਵੇਖੋ,

ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਿਣ ਨ ਮਿਲਨਿ ਹਦੂਰਿ
ਆਦੇਸੁ ਬਾਬਾ ਆਦੇਸੁ ।[1]

ਇਹਨਾਂ ਪੰਕਤੀਆਂ ਵਿਚ ਅਪਮਾਨਤ ਇਸਤ੍ਰੀਆਂ ਆਲੰਬਨ ਵਿਭਾਵ ਹਨ, ਜਿਨ੍ਹਾਂ ਦੀ ਦੁਰਦਸ਼ਾ ਤੋਂ ਸ਼ੋਕ ਭਾਵ ਉਤੇਜਿਤ ਹੁੰਦੇ ਹਨ। ਵਾਲਾਂ ਦਾ ਕੈਂਚੀ ਨਾਲ ਕੱਟਣਾ, ਗਲ ਵਿੱਚ ਧੂੜ ਪੈਣਾ, ਮਹਿਲਾਂ ਤੋਂ ਦੂਰ ਹੋਣਾ ਆਦਿ ਅਨੁਭਾਵ ਹਨ, ਗਲਾਨੀ, ਚਿੰਤਾ, ਰਬ ਨੂੰ ਉਲਾਂਭਾ, ਵਿਸ਼ਾਦ, ਮਰਣ, ਮਿਰਗੀ ਆਦਿ ਸੰਚਾਰੀ ਭਾਵ ਹਨ ਇਹੋ ਸ਼ੋਕ ਪ੍ਰਗਟ ਹੋ ਕੇ ਕਰੁਣਾ ਦਾ ਰੂਪ ਧਾਰਦਾ ਹੈ।

ਬਾਬਰ ਦੇ ਹਮਲੇ ਸਮੇਂ ਹੋਈ ਦੁਰਦਸ਼ਾ ਨੇ ਜਦੋਂ ਗੁਰੂ ਨਾਨਕ ਦੇ ਭਾਵਾਂ ਨੂੰ ਟੁੰਬਿਆ ਤਾਂ ਉਨ੍ਹਾਂ ਨੇ ਕਰੁਣਾ ਵਿੱਚ ਓਤਪੋਤ ਹੋ ਕੇ ਪਰਮਾਤਮਾ ਦੇ ਦਰ ਤੇ ਇਕ ਸ਼ਿਕਵੇ ਭਰੀ ਲਿਲਕੜੀ ਲਈ।

"ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦੁ ਨ ਆਇਆ।"[2]

ਗੁਰੂ ਨਾਨਕ ਦੇਵ ਜੀ ਦੀ ਇਸੇ ਅਮਰ ਪੰਕਤੀ ਵਿੱਚ ਕਰੁਣਾ ਰਸ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ ਤੇ ਪੜ੍ਹਨ ਸੁਣਨ ਵਾਲੇ ਇਸ ਵਿੱਚ ਵਹਿ ਤੁਰਦੇ ਹਨ।

ਜਿਥੇ ਭਾਰਤੀ ਆਚਾਰੀਆਂ ਨੇ ਕਰੁਣਾ ਦੀ ਵਿਆਖਿਆ ਆਤਮਿਕ ਦ੍ਰਿਸ਼ਟੀ ਤੋਂ ਕੀਤੀ ਹੈ ਉਥੇ ਯੂਰਪੀ ਵਿਦਵਾਨ, ਭੌਤਿਕ ਦ੍ਰਿਸ਼ਟੀ ਤੋਂ ਸੁਖਾਤਮਕ ਕਰੁਣਾ ਦੀ ਵਿਆਖਿਆ ਵੀ ਕਰਦੇ ਹਨ।

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 485
2. ਉਹੀ, ਪੰਨਾ 452

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।<br>ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।<br>ਰਾਗੁ ਤਿਲੰਗ ਪੰਨਾ 762<br>ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।<br>ਰਾਗੁ ਆਸਾ ਪੰਨਾ 452 | ਕ੍ਰੋਧ | <u>ਅਲੰਬਨ</u><br>ਅਕ੍ਰਿਤਘਣ ਵੈਰੀ ਜਾਂ ਦੁਸ਼ਮਨ, ਸਮੇਂ ਸਿਰ ਸਹਾਇਤਾ ਨਾ ਕਰਨ ਵਾਲਾ ਬਾਬਰ ਜਿਸ ਨੂੰ ਪਾਪ ਦੀ ਜੰਞ ਲੈ ਕੇ ਆਇਆ ਕਿਹਾ ਹੈ ਅਲੰਬਨ ਵਿਭਾਵ ਹੈ।<br><u>ਉਦੀਪਨ</u><br>ਸ਼ਰਮ ਧਰਮ ਦਾ ਨਾਸ਼ ਉਦੀਪਨ ਵਿਭਾਵ ਹੈ। | ਕੂੜ ਦਾ ਪ੍ਰਧਾਨ ਹੋਣਾ, ਸ਼ਰਮ ਧਰਮ ਖ਼ਤਮ ਹੋਣਾ ਨਿਹੋਰਾ ਦੇਣਾ, ਮੇਹਣਾ ਮਾਰਨਾ ਅਨੁਭਾਵ ਹੈ | ਅਹੰਕਾਰ, ਆਵੇਗ ਸੰਚਾਰੀ ਭਾਵ ਹਨ | ਵੈਰੀ ਦਾ ਨਾਸ਼ ਕਰਨਾ, ਵਿਅਕਤੀ ਨੂੰ ਸਮਝਾਉਣਾ ਆਦਿ |

> "ਭਰਤਮੁਨੀ ਤਥਾ ਸਰਦਾਤਨਯ ਨੇ ਕ੍ਰੋਧ ਦੇ ਤਿੰਨ ਭਾਗ ਮੰਨੇ ਹਨ।
> (1) ਅੰਗ (2) ਨੈਪਥਯ (3) ਵਾਕ। ਭਿੱਜੀ ਦੇਹ ਜਾਂ ਲਹੂ ਲੁਹਾਨ ਸਰੀਰ ਜਾਂ ਸਿਰ ਤਥਾ ਹੱਥ ਆਦਿ ਰੌਦਰ ਦੇ ਲੱਛਣ ਮੰਨੇ ਜਾਂਦੇ ਹਨ ਭਰਤ ਨੇ ਨੈਪਥਯ ਸ਼ਬਦ ਪ੍ਰਯੋਗ ਪਹਿਰਾਵਾ, ਵੇਸ਼ ਭੂਸ਼ਾ ਆਦਿ ਲਈ ਕੀਤਾ ਹੈ। ਜਿਥੇ ਸਰੀਰ, ਮੂੰਹ, ਸਿਰ ਤਥਾ ਲਹੂ ਲੁਹਾਨ ਹੋਣ ਜਾਂ ਭਿੰਨ ਭਿੰਨ ਸ਼ਾਸਤਰਾਂ ਨਾਲ ਸੁੱਜੀ ਸਥੂਲ ਦੇਹ ਹੋਵੇ ਉਸ ਨੂੰ ਅੰਗ ਰੌਦਰ ਕਿਹਾ, ਮਾਰੋ ਕੁੱਟੋ, ਲੜੋ, ਫੜੋ, ਖੂਨ ਪੀ ਜਾਊਂਗਾ, ਕੁਚਲ ਦੇਊਂਗਾ, ਖਾ ਜਾਊਂਗਾ, ਟੁਕੜੇ ਕਰੂੰਗਾ ਆਦਿ ਵਚਨ ਰੌਦਰ ਭਾਵ ਨੂੰ ਪ੍ਰਗਟਾਉਂਦੇ ਹਨ।"[1]

ਕ੍ਰੋਧ ਭਾਵ ਆਮ ਤੌਰ ਤੇ ਰਾਕਸ਼ਾਂ, ਦੈਤਾਂ ਤੇ ਕ੍ਰੋਧੀ ਮਨੁੱਖਾਂ ਵਿੱਚ ਵਧੇਰੇ ਹੁੰਦਾ ਹੈ। ਕ੍ਰੋਧੀ ਸੁਭਾ ਵਾਲਾ ਵਿਅਕਤੀ ਚਿੜਚਿੜਾ ਤੇ ਖੂਨੀ ਹੁੰਦਾ ਹੈ ਉਸ ਦੀ ਤ੍ਰਿਪਤੀ ਸਿਰਫ ਲੋਕਾਂ ਨਾਲ ਲੜ ਕੇ ਹੀ ਹੁੰਦੀ ਹੈ। ਲੋਕ ਅਜਿਹੇ ਵਿਅਕਤੀ ਨੂੰ ਮਨਹੂਸ ਸਮਝ ਕੇ ਉਸ ਤੋਂ ਦੂਰ ਰਹਿਣਾ ਹੀ ਮੁਨਾਸਿਬ ਸਮਝਦੇ ਹਨ।

"ਕ੍ਰੋਧ ਦੀ ਵਿਅੰਜਨਾ ਸ਼ਤਰੂ ਆਦਿ ਪੂਰਵ ਕਥਿਤ ਵਿਭਾਵਾਂ, ਅਥਵਾ ਮਿਤ੍ਰ, ਪ੍ਰਿਆ ਅਤੇ ਗੁਰੂਜਨਾਂ ਪ੍ਰਤੀ ਵੀ ਹੋ ਸਕਦੀ ਹੈ, ਪਰੰਤੂ ਪ੍ਰਬਲ ਵਿਅੰਜਨਾ, ਕੇਵਲ ਦੁਸ਼ਮਨ ਪ੍ਰਤੀ ਹੀ ਸੰਭਵ ਹੋਣ ਕਰਕੇ ਅਨੇਕ ਪ੍ਰਤੀ ਪਰਦਰਸ਼ਿਤ ਕ੍ਰੋਧ ਜਾਂ ਰੋਸ ਦਾ ਉਪਕਾਰਕ ਨਹੀਂ ਦਸਿਆ ਗਿਆ। ਪ੍ਰੇਮੀ ਤੇ ਗੁਰੂ ਜਨਾਂ ਪ੍ਰਤੀ ਕ੍ਰੋਧ ਤਾਂ ਹੋ ਸਕਦਾ ਹੈ ਪਰ ਉਸ ਵਿੱਚ ਰੌਦਰ ਭਾਵ ਦੀ ਸਿੱਧੀ ਸੰਭਵ ਨਹੀਂ ਮੰਨੀ ਜਾ ਸਕਦੀ।[2]

ਰਤੀ ਵਿਚ ਪ੍ਰੇਮੀ ਨੂੰ ਪ੍ਰੀਤਮ ਕੋਲ ਰਹਿ ਕੇ ਖੁਸ਼ੀ, ਦੂਰ ਰਹਿ ਕੇ ਵਿਸ਼ਾਦ ਅਤੇ ਉਸ ਦੀ ਹਾਨੀ ਉਤੇ ਦੁੱਖ ਹੁੰਦਾ ਹੈ ਪਰ ਇਸ ਦੇ ਉਲਟ ਕ੍ਰੋਧ ਵਿੱਚ ਵੈਰੀ ਦੇ ਦੂਰ ਹੋਣ ਤੇ ਜਾਂ ਉਸ ਦੀ ਹਾਨੀ ਹੋਣ ਤੇ ਖੁਸ਼ੀ ਤੇ ਉਸ ਦੀ ਸਫਲਤਾ ਉਤੇ ਦੁੱਖ ਹੁੰਦਾ ਹੈ। ਜਿਹੜਾ ਕ੍ਰੋਧ ਕਿਸੇ ਪਿਆਰੇ ਦੀ ਗਲਤੀ (ਜਿਸ ਤੋਂ ਆਪਣਾ ਹੀ ਨੁਕਸਾਨ ਹੋਣ ਕਾਰਣ ਉਸ ਉਤੇ ਆਉਂਦਾ ਹੈ, ਉਸ ਕ੍ਰੋਧ ਨੂੰ ਰੌਦਰ ਰਸ ਨਹੀਂ ਪੈਦਾ ਕਰ ਸਕਦਾ) ਤੋਂ ਪੈਦਾ ਹੋਏ, ਕ੍ਰੋਧ ਭਾਵ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਕ੍ਰੋਧ ਉਦੋਂ ਆਉਂਦਾ ਹੈ ਜਦੋਂ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕਰਕੇ ਨਿਹੱਥੇ ਹਿੰਦੁਸਤਾਨੀਆਂ ਨੂੰ ਕੁਚਲ ਦਿੱਤਾ ਹੈ। ਰੱਬ ਨੂੰ ਨਿਹੋਰੇ ਵਜੋਂ ਕਿਹਾ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ।' ਇਹ ਇਕ ਨਿਹੋਰਾ

---

1. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ: ਸਰੂਪ ਤੇ ਵਿਸ਼ਲੇਸ਼ਣ, ਪੰਨਾ 351
2. ਉਹੀ, ਪੰਨਾ 350

ਹੈ ਰੱਬ ਨੂੰ। ਗੁੱਸੇ ਦਾ ਪ੍ਰਗਟਾ ਹੈ। ਕ੍ਰੋਧ ਭਾਵ ਦੀ ਇਕ ਹੋਰ ਉਦਾਹਰਣ ਦੇਖੋ:

"ਆਕਿਲ ਤੁਬਕ ਵਜੂਈਆਂ ਨਰ ਵਜੂਨ ਸੰਭਾਲੀ
ਉਹਨੂੰ ਵਾਂਙ ਅਲੰਬੇ ਆਤਸ਼ੇ, ਮੁੱਖ ਨੈਣ ਜਾਲੀ
ਉਹਦਾ ਕੜਕ ਪਿਆਲਾ ਉਠਿਆ, ਭੜਕ ਗਈ ਹੈ ਨਾਲੀ
ਉਸ ਦੂਰੋਂ ਡਿੱਠਾ ਆਂਵਦਾ ਫਿਰ ਸ਼ਾਹ ਗਿਦੜਾਲੀ
ਉਸ ਲਲਕਾਰੀ ਬੱਬਰ ਬੋਲਿਆ ਵਿਜੇ ਕੈੜੀ ਖਾਲੀ
ਜਿਵੇਂ ਲਾਟੂ ਟੁੱਟਾ ਡੋਰ ਤੋਂ ਖਾ ਗਿਰਦ ਭੰਵਾਲੀ
ਅਜੀ ਕੈੜੀ ਕੈੜੀ ਸੁਣਕਰੀ ਸ਼ੇਰ ਆਕਿਲ ਬਾਲੀ।"[1]

ਇਥੇ ਕ੍ਰੋਧ ਸਥਾਈ ਭਾਵ ਹੈ ਜੋ ਗਿਦੜਾਲੀ ਆਲੰਬਨ ਤੋਂ ਪੈਦਾ ਹੋਇਆ ਹੈ। ਗਿਦੜਾਲੀ ਦਾ ਕੌੜੇ ਆਉਂਦਾ ਦਿਸਣਾ ਉਦੀਪਨ ਵਿਭਾਵ ਹੈ। ਆਕਿਲ ਵਲੋਂ ਤੁਬਕ ਦਾ ਭੜਕੇ ਸੰਭਾਲਣਾ ਬੱਬਰ ਵਾਂਗ ਬੋਲਣਾ ਆਦਿ ਅਨੁਭਾਵ ਹਨ। ਹਥਿਆਰ ਸੰਭਾਲਣ ਵਿੱਚ ਉਗਰਤਾ ਹੋਰ ਉਤਸੁਕਤਾ ਆਦਿ ਸੰਚਾਰੀ ਭਾਵ ਹਨ। ਇਸ ਉਦਾਹਰਣ ਤੋਂ ਉਪਰੰਤ ਭਾਰਤ ਵਿੱਚ ਗੁਰੂ ਨਾਨਕ ਦੀ ਰਚਨਾ ਵਿਚੋਂ ਪੈਦਾ ਹੋਏ ਕ੍ਰੋਧ ਭਾਵ, ਵਿਭਾਵ, ਆਲੰਬਨ, ਉਦੀਪਨ ਤੇ ਸੰਚਾਰੀ ਭਾਵ ਨੂੰ ਪ੍ਰਗਟਾਇਆ ਗਿਆ ਹੈ।

---

1. ਪ੍ਰੇਮ ਪ੍ਰਕਾਸ਼ ਸਿੰਘ, ਦੂਜੀ ਝਾਕੀਆਂ,

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਗੁਰਮੁਖਿ ਬਾਧਿਓ ਸੇਤੁ ਬਿਧਾਤੈ।<br>ਲੰਕਾ ਲੂਟੀ ਦੈਤ ਸੰਤਾਪੈ।<br>ਰਾਮਚੰਦਿ ਮਾਰਿਓ ਅਹਿ ਰਾਵਣੁ।<br>ਭੇਦੁ ਬਭੀਖਣ ਗੁਰਮੁਖਿ ਪਰਚਾਇਣੁ।<br>ਗੁਰਮੁਖਿ ਸਾਇਰਿ ਪਾਹਣ ਤਾਰੇ।<br>ਗੁਰਮੁਖਿ ਕੋਟਿ ਤੇਤੀਸ ਉਧਾਰੇ।<br>ਰਾਗੁ ਰਾਮਕਲੀ ਪੰਨਾ 1010 | ਉਤਸਾਹ | ਗੁਰਮੁਖ, ਸੁਕ੍ਰਤੀ, ਨੀਤੀ, ਨਿਸਚਾ ਆਦਿ ਆਲੰਬਨ ਵਿਭਾਵ ਹੈ।<br><br>ਉਦੀਪਨ<br>ਲੰਕਾ ਦਾ ਲੁਟਣਾ, ਰਾਵਣ ਦਾ ਮਾਰਣਾ | ਰਾਮਚੰਦਰ, ਰਾਵਣ ਦਾ ਮਾਰਣਾ | ਅਹੰਕਾਰ, ਦਯਾ, ਉਲਾਸ ਆਦਿ | ਆਪਣੇ ਕਾਰਜ ਨੂੰ ਪੂਰਾ ਕਰਨ ਦੀ ਇੱਛਾ |

ਵੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੈ। ਉਤਸ਼ਾਹ ਦਾ ਅਰਥ ਹੈ ਹੌਸਲਾ ਜਾਂ ਸਾਹਸ।

"ਭਾਨੁਦੱਤ ਦੇ ਵਿਚਾਰ ਅਨੁਸਾਰ ਪੂਰਣਤਾ ਪਰਿਸਫੁਟ ਉਤਸ਼ਾਹ ਜਾਂ ਸੰਪੂਰਨ ਇੰਦ੍ਰੀਆਂ ਦਾ ਪਰਹਰਸ਼ ਹੀ ਬੀਰ ਭਾਵ ਹੈ।"[1]

"ਭਾਵ ਪ੍ਰਕਾਸ਼ ਵਿਚ ਲਿਖਿਆ ਹੈ ਕਿਸੇ ਕਾਰਜ ਨੂੰ ਸੰਪੂਰਣ ਕਰਨ ਵਾਸਤੇ ਸਾਡੇ ਮਨਾਂ ਵਿੱਚ ਜਿਹੜੀ ਇਕ ਖ਼ਾਸ ਕਿਸਮ ਦੀ ਹੌਸਲਾ ਭਰਪੂਰ ਕ੍ਰਿਆਹੀ ਉਤਸ਼ਾਹ ਹੈ।"[2] ਜਿਥੇ ਯੁਧ ਦਾਨ, ਧਰਮ, ਬਹਾਦਰੀ, ਸੂਰਬੀਰਤਾ ਤੇ ਦਲੇਰੀ ਦੀ ਪੁਸ਼ਟੀ ਹੋਵੇ ਉਥੇ ਵੀਰ ਭਾਵ ਪ੍ਰਧਾਨ ਹੁੰਦਾ ਹੈ। ਬਹੁਤ ਸਾਰੇ ਵਿਦਵਾਨਾਂ ਨੇ (1) ਸਹਜ (2) ਅਹਾਰਯ ਦੋ ਭੇਦ ਮੰਨੇ ਹਨ। ਸ਼੍ਰਿੰਗ-ਭੂਪਾਲ ਨੇ ਦੋ ਦੀ ਥਾਂ ਤਿੰਨ ਜਿਵੇਂ ਸ਼ੁਕਤੀ, ਧੀਰਜ ਅਤੇ ਸਹਾਯ ਤਿੰਨ ਭੇਦ ਕੀਤੇ ਹਨ। ਉਤਸ਼ਾਹ ਦੇ ਭੇਦਾਂ ਨੂੰ ਨਿਮਨ ਲਿਖਤ ਰੂਪ ਵਿੱਚ ਪ੍ਰਗਟਾਇਆ ਜਾ ਸਕਦਾ ਹੈ:

ਉਤਸਾਹ

| | | | | | |
|---|---|---|---|---|---|
| "ਸਹਜ | | | ਅਹਾਰਯ | | |
| ਸ਼ੁਕਤੀ | ਧੀਰਜ | ਸਹਾਯ | ਸ਼ੁਕਤੀ | ਧਰਯ | ਸਹਾਯ |
| ਸਹਜ | ਸਹਜ | ਸਹਜ | ਅਹਾਰਯ | ਅਹਾਰਯ | ਅਹਾਰਯ"[3] |

ਕੁਝ ਆਧੁਨਿਕ ਵਿਦਵਾਨਾਂ ਨੇ ਸਾਹਸ ਨੂੰ ਵੀ ਇਸ ਦਾ ਸਥਾਈ ਭਾਵ ਮੰਨਿਆ ਹੈ। ਇਹ ਕਥਨ ਬਹੁਤਾ ਪ੍ਰਮਾਣਿਤ ਨਹੀਂ ਹੋਇਆ। ਅਚਾਰੀਆਂ ਸ਼ੁਕਲ ਨੇ ਉਤਸ਼ਾਹ ਦੀ ਪਰਿਭਾਸ਼ਾ ਨੂੰ ਨਵੀਨਤਮ ਰੂਪ ਦਿੱਤਾ ਹੈ, "ਉਤਸ਼ਾਹ ਵਿੱਚ ਹਾਨੀ ਸਹਿਣ ਦੀ ਦ੍ਰਿੜ੍ਹਤਾ ਦੇ ਨਾਲ ਨਾਲ ਕਰਮ ਵਿਚ ਪਰਿਵਰਤਨ ਹੋਣ ਦਾ ਅਨੰਦ ਵੀ ਰਹਿੰਦਾ ਹੈ।"[4]

1. ਸ੍ਰੀਮਦ ਚਯਤਰਾਏ, ਸਾਹਿਤਯ ਸਾਰਮ, ਪੰਨਾ 4
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 136
3. ਅਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਤੇ ਵਿਸ਼ਲੇਸ਼ਣ, ਪੰਨਾ 360
4. ਰਾਮ ਚੰਦਰ ਸ਼ੁਕਲ, ਰਸ ਮੀਮਾਂਸਾ, ਪੰਨਾ 272

"ਭਰਤਮੁਨੀ ਨੇ ਸ਼ਿੰਗਾਰ, ਰੌਦਰ ਤੇ ਬੀਭਤਸ ਦੇ ਨਾਲ ਨਾਲ ਵੀਰ ਭਾਵ ਨੂੰ ਉਨੀ ਹੀ ਮਹਾਨਤਾ ਦਿੱਤੀ ਹੈ ਇਸ ਵਿਚੋਂ ਅਦਭੁੱਤ ਰਸ ਦੀ ਉਤਪਤੀ ਹੁੰਦੀ ਕਿਹਾ ਹੈ। ਭਰਤ ਨੇ ਯੁੱਧ, ਦਾਨ ਤਥਾ ਧਰਮਵੀਰ ਤਿੰਨਾਂ ਭੇਦਾਂ ਦਾ ਵਰਣਨ ਕੀਤਾ ਹੈ। ਵਿਸ਼ਵਨਾਥ ਨੇ ਇਹ ਸੰਖਿਆ ਚਾਰ ਕਰ ਦਿੱਤੀ ਹੈ ਜਿਵੇਂ "ਯੁਧਵੀਰ, ਦਾਨਵੀਰ, ਧਰਮਵੀਰ ਤੇ ਦਯਾਵੀਰ ਆਦਿ।"[1]

ਉਤਸ਼ਾਹ ਹੀ ਸਾਰੇ ਕਾਰਜਾਂ ਦਾ ਮੂਲ ਭਾਵ ਮੰਨਦੇ ਕੁਝ ਲੇਖਕਾਂ ਨੇ ਵੀਰ ਦੇ ਅਨੇਕਾਂ ਭੇਦ ਪੇਸ਼ ਕੀਤੇ ਹਨ ਜਿਵੇਂ ਮਹਾਂ ਭਾਰਤ ਅਨੁਸਾਰ:

"ਬੁਧੀਸੂਰ, ਦਾਨਸੂਰ, ਖਿਮਾ ਸੂਰ, ਯੋਗਸੂਰ, ਨਿਯਮਸੂਰ, ਤਿਆਗਸੂਰ, ਦਮਸੂਰ, ਮਤਯਸੂਰ, ਅਧਿਆਪਨ ਸੂਰ ਆਦਿ ਦਾ ਵਰਣਨ ਹੈ।"[2]

ਨਵੀਨ ਵਿਚਾਰਕਾਂ ਨੇ ਬਿਰਹਵੀਰ, ਸਤਿਆਵੀਰ, ਦਾਰਸ਼ਨਿਕ ਵੀਰ, ਲੇਖਕ ਵੀਰ, ਸੇਵਾ ਵੀਰ ਆਦਿ ਨਾਂ ਦਿੱਤੇ ਹਨ ਜੋ ਭਾਵ ਵਧੇਰੇ ਪ੍ਰਭਾਵਸ਼ਾਲੀ ਨਹੀਂ ਮੰਨੇ ਗਏ। ਉਪਰ ਦਿੱਤੇ ਸਾਰੇ ਭੇਦਾਂ ਦਾ ਸਥਾਈ ਭਾਵ ਉਤਸ਼ਾਹ ਹੀ ਮੰਨਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਉਤਸ਼ਾਹ ਭਰੇ ਭਾਵ, ਵਿਭਾਵ, ਅਲੰਬਨ ਵਿਭਾਵ ਉਦੀਪਨ, ਵਿਭਾਵਤੇ ਸੰਚਾਰੀ ਭਾਵ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ: ਜਿਵੇਂ ਗੁਰਮੁਖ ਦਾ ਉਤਸ਼ਾਹ ਸਥਾਈ ਭਾਵ ਹੈ, ਲੋਕਾਂ ਦਾ ਲੁਟਣਾ, ਦੁਸ਼ਮਨ ਦੀਆਂ ਹਰਕਤਾਂ, ਉਦੀਪਨ ਵਿਭਾਵ ਹਨ, ਗੁਰਮੁਖ ਅਲੰਬਨ ਵਿਭਾਵ ਹੈ। ਰਾਮਚੰਦਰ, ਰਾਵਣ ਦਾ ਮਰਨਾ, ਮਾਨਸਿਕ ਭੈ, ਸਰੀਰਕ ਭਰੇ ਹਾਵਭਾਵ ਆਦਿ ਅਨੁਭਾਵ ਹਨ। ਗਰਵ, ਮਤੀ, ਦਯਾ ਸੰਚਾਰੀ ਭਾਵ ਹਨ।

---

1. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਤੇ ਵਿਸ਼ਲੇਸ਼ਣ, ਪੰਨਾ 360
2. ਡੀ.ਜੀ. ਰਾਘਵਨ, ਦੀ ਨੰਬਰ ਆਫ਼ ਰਸਜ਼, ਪੰਨੇ 76-77

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਮਨਮੁਖ ਸਦਾ ਕੂੜਿਆਰ ਭਰਮਿ ਭੁਲਾਇਆ।<br>ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ।<br>ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ।<br>ਨਾਨਕ ਪਾਰਖੁ ਆਖਿ ਜਿਨਿ ਖੋਟਾ ਖਰਾ ਪਛਾਣਿਆ।<br><br>ਮਾਝ ਦੀ ਵਾਰ ਪੰਨਾ 261 | ਘਿਰਣਾ | ਆਲੰਬਨ<br>ਮਨਮੁਖ, ਕੂੜਿਆਰ, ਕਿਸੇ ਵਸਤੂ ਨੂੰ ਦੇਖ ਘਿਰਣਾ ਹੋਣੀ ਆਲੰਬਨ ਵਿਭਾਵ ਹੈ।<br><br>ਉਦੀਪਨ<br>ਸਰੀਰਕ ਤੇ ਮਾਨਸਿਕ ਕਰੂਪਤਾ , ਸੁਆਦ ਨਾ ਜਾਨਣਾ, ਖੋਟੇ ਖਰੇ ਦੀ ਪਛਾਣ ਨਾ ਹੋਣੀ ਉਦੀਪਨ ਵਿਭਾਵ ਹੈ। | ਮਨਮੁਖ ਦਾ ਅਭਾਵ,ਭਰਮਾ ਦਾ ਭੁਲਿਆ, ਵਿਸ਼ਟਾ ਅੰਦਰ ਰਹਿਣਾ। ਖੋਟੇ ਖਰੇ ਦੀ ਪਛਾਣ ਨਾ ਹੋਣੀ | ਚਿੰਤਾ, ਭੈ ਗਿਲਾਨੀ ਆਦਿ | ਘਿਰਣਾ ਵਾਲੀਆਂ ਵਸਤੂਆਂ ਤੋਂ ਦੂਰ ਹਟਣਾ |

ਬੀਭਤਸ ਰਸ ਦਾ ਸਥਾਈ ਭਾਵ ਘਿਰਣਾ ਮੰਨਿਆ ਗਿਆ ਹੈ।

"ਭਰਤ ਤਥਾ ਧਨਜੰਯ ਨੇ ਤਿੰਨ ਭੇਦ ਕਸ਼ੋਭਜ, ਸ਼ੁਧ ਤੇ ਉਦਵੇਗੀ ਮੰਨੇ ਹਨ।"[1]

"ਭਾਰਤੀ ਕਾਵਿ ਸ਼ਾਸਤਰ ਵਿੱਚ ਤਿੰਨ ਭੇਦਾਂ ਬਾਰੇ ਇਵੇਂ ਕਿਹਾ ਹੈ।"[2]

"ਕਸ਼ੋਭਜ-ਵਿਖੇਪ ਤੋਂ ਪੈਦਾ ਹੋਇਆ ਸ਼ੁਧ ਅਤੇ ਉਦਵੇਗੀ-ਮਾਨਸਿਕਤਾਪਨੀ ਨਾਲ ਨਾਲ ਸੰਬੰਧਤ ਤਿੰਨ ਭੇਦ ਮੰਨੇ ਹਨ।"[3]

ਸ਼ਾਰਦਾ ਤਨਯ ਨੇ ਸ਼ੁਧ ਭੇਦ ਨੂੰ ਤਿਆਗ ਕੇ ਦੋਹਾਂ ਭੇਦਾਂ ਦਾ ਉਲੇਖ ਕੀਤਾ ਹੈ ਪਰ ਭਾਨੁਦਤ ਨੇ 'ਸਵਨਿਸ਼ਠ' ਤੇ ਪਰਨਿਸ਼ਠ' ਨਾਮੀ ਦੋ ਭੇਦ ਮੰਨੇ ਹਨ। ਭਰਤ ਤੇ ਧੰਨਜਯ ਨੇ ਸ਼ੁਧ ਬੀਭਤਸ ਦਾ ਜ਼ਿਕਰ ਵੀ ਕੀਤਾ ਹੈ ਜਿਸ ਤੋਂ ਬਿਨਾਂ ਘਨੌਣੇ ਦਾਹਿਸ ਜਿਵੇਂ ਕਿਸੇ ਸਰੀਰਕ ਮਾਨਸਿਕ ਵੈਗਾਰ ਪ੍ਰਧਾਨ ਘਟਨਾ ਦਾ ਜ਼ਿਕਰ ਵੀ ਅਸੰਭਵ ਹੋਵੇ।

ਕਿਸੇ ਘ੍ਰਿਣਤ ਸ਼ੈ ਨੂੰ ਵੇਖਣ ਜਾਂ ਸੁਣਨ ਨਾਲ ਬੀਭਤਸ ਰਸ ਪ੍ਰਗਟ ਹੁੰਦਾ ਹੈ ਪਰੰਤੂ ਘਿਰਣਾ ਕਰਕੇ ਵੈਰਾਗ ਪ੍ਰਧਾਨ ਹੋ ਜਾਵੇ ਉਥੇ ਸੰਸਾਰਿਕ ਉਪੇਖਿਆ ਦੇ ਕਾਰਣ ਸ਼ਾਸਤਰ ਦੀ ਸਾਮਗਰੀ ਆ ਜਾਂਦੀ ਹੈ ਉਥੇ ਘਿਰਣਾ ਸਿਰਫ ਸਥਾਈ ਭਾਵ ਬਣ ਕੇ ਹੀ ਰਹਿ ਜਾਂਦਾ ਹੈ।

ਬੀਭਤਸ ਦਾ ਦੂਜਿਆਂ ਨਾਲ ਸੰਬੰਧ ਰਹਿੰਦਾ ਹੈ ਜਿਵੇਂ ਬੀਭਤਸ ਭਿਆਨਕ ਦੀ ਸਹਾਇਤਾ ਕਰਦਾ ਹੈ। ਕਰੁਣਾ ਵਿਚ ਤੀਬਰਤਾ ਲਿਆਉਂਦਾ ਹੈ ਤੇ ਬੀਭਤਸ ਵਾਲੀ ਸਮੱਗਰੀ ਵੇਖ ਕੇ ਵੀਰ ਨੂੰ ਹੋਰ ਉਤੇਜਨਾ ਮਿਲ ਜਾਂਦੀ ਹੈ। ਇਸੇ ਲਈ ਕਈ ਵਾਰੀ ਵੱਖ ਵੱਖ ਪ੍ਰਸਥਿਤੀਆਂ ਤੋਂ ਘਿਰਣਾ, ਭੈ, ਕਰੋਧ, ਸ਼ੋਕ ਆਦਿ ਪੈਦਾ ਹੁੰਦੇ ਹਨ। ਉਦਾਹਰਣ ਲਈ

ਮਦ ਵਿਚ ਰਿਧਾ ਪਾਇਕੇ ਕੁੱਤੇ ਦਾ ਮਾਸ
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ

---

1. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਤੇ ਵਿਸ਼ਲੇਸ਼ਣ, ਪੰਨਾ 372

2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 140-41

3. It is of three types; which agitates the mind which troubles the mind or makes it shrink and which is pure.

ਰਤੁ ਭਰਿਆ ਕਪੜਾ ਕਰ ਕਜਣੁ ਤਾਸ
ਚੌਂਕ ਨੈ ਚਲ ਚੂਹੜੀ ਕਰ ਭੋਗ ਵਿਲਾਸ
ਆਖਿ ਸੁਣਾਏ ਪੁਛਿਆ ਲਾਹੇ ਵਿਸੁਵਾਸੁ
ਨਦਰੀ ਪਵੈ ਅਕਿਤਘਣ ਮਤ ਹੋਇ ਵਿਕਾਸ (ਭਾਈ ਗੁਰਦਾਸ)[1]

ਇਥੇ ਘਿਰਣਾ ਸਥਾਈ ਭਾਵ ਹੈ ਜੋ ਚੂਹੜੀ ਤੋਂ ਆਲੰਬਨ ਭਾਵ ਪੈਦਾ ਹੁੰਦਾ ਹੈ ਤਾਂ ਕੁੱਤੇ ਦਾ ਮਾਸ, ਮੰਦੀ ਵਾਸ, ਰਤੁ ਭਰਿਆ ਕਪੜਾ ਉਦੀਪਨ ਵਿਭਾਵ ਹਨ। ਅਨੁਭਾਵ ਇਥੇ ਪ੍ਰਗਟ ਨਹੀਂ ਵਿਅੰਜਤ ਹਨ ਜਿਵੇਂ ਇਹ ਸਭ ਕੁਝ ਵੇਖ ਕੇ ਮੂੰਹ ਨੱਕ ਬੰਦ ਕਰਨਾ, ਮੂੰਹ ਫੇਰਨਾ, ਗਿਲਾਨੀ, ਆਵੇਗ, ਚਿੰਤਾ ਸੰਚਾਰੀ ਭਾਵ ਹਨ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਪ੍ਰਾਪਤ ਇਹਨਾਂ ਭਾਵਾਂ ਦੀ ਵਿਆਖਿਆ ਚਾਰਟ ਵਿੱਚ ਕੀਤੀ ਗਈ ਹੈ।

1. ਬਿਸ਼ਨ ਸਿੰਘ ਟੀਕਾਕਾਰ, ਵਾਰਾਂ ਭਾਈ ਗੁਰਦਾਸੁ, ਪੰਨਾ 557

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਵਿਸਮਾਦੁ ਨਾਦ ਵਿਸਮਾਦੁ ਵੇਦ।<br>ਵਿਸਮਾਦੁ ਜੀਅ ਵਿਸਮਾਦੁ ਭੇਦ।<br>ਵਿਸਮਾਦੁ ਰੂਪ ਵਿਸਮਾਦੁ ਰੰਗ।<br>ਵਿਸਮਾਦੁ ਨਾਗੇ ਫਿਰਹਿ ਜੰਤ।<br>— — —<br>ਵੇਖਿ ਵਿਡਾਣੁ ਰਹਿਆ ਵਿਸਮਾਦੁ।<br>ਨਾਨਕ ਬੁਝਣੁ ਪੂਰੈ ਭਾਗਿ।<br>ਆਸਾ ਦੀ ਵਾਰ ਪੰਨਾ 551 | ਅਸਚਰਜ | <u>ਆਲੰਬਨ</u><br>ਵਚਿੱਤਰ ਵਸਤੂਆਂ,<br>ਨਾਦ, ਵੇਦ, ਜੀਅ,<br>ਰੂਪ, ਰੰਗ, ਨਾਗੇ<br>ਆਲੰਬਨ ਵਿਭਾਵ ਹੈ<br><u>ਉਦੀਪਨ</u><br>ਹੈਰਾਨੀ ਕਾਰਕ<br>ਵਸਤੂਆਂ | ਹੈਰਾਨੀ, ਅਸਚਰਜਤਾ<br>ਰੂਪ, ਰੰਗ, ਜੀਆ<br>ਜੰਤ ਆਦਿ | ਹਰਸ਼,<br>ਅਸਚਰਜਤਾ | ਅਸਚਰਜਤਾ<br>ਤੋਂ<br>ਛੁਟਕਾਰਾ |

ਅਨੋਖੀ ਤੇ ਵਿਚਿੱਤਰ ਘਟਨਾ ਅਥਵਾ ਵਸਤੂ ਨੂੰ ਵੇਖਣ ਤੇ ਸੁਣਨ ਤੋਂ ਜਦੋਂ ਅਸਚਰਜ ਭਾਵਾਂ ਦੀ ਪੁਸ਼ਟੀ ਹੋਵੇ ਉਥੇ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ। ਭਰਤਮੁਨੀ ਨੇ ਦਿਵਯ ਤਥਾ ਅਨੰਦਮਈ ਕੇਵਲ ਦੋ ਤਰ੍ਹਾਂ ਦੇ ਭਾਵਾਂ ਨੂੰ ਹੀ ਛਿਆਣਿਆ ਹੈ। ਪਰੰਤੂ ਇਸ ਵਿਭਾਜਨ ਨੂੰ ਬਹੁਤੀ ਮਾਨਤਾ ਪ੍ਰਾਪਤ ਨਹੀਂ ਹੋਈ। ਸ਼ਾਰਦਾਤਨਯ ਨੇ ਅਨੇਕ ਰਸਾਂ ਦੀ ਤਰ੍ਹਾਂ ਅਦਭੁਤ ਨੂੰ (1) ਵਾਚਿਕ(2) ਆਂਗਿਕ (3) ਮਾਨਸ ਨਾਮੀ ਤਿੰਨ ਭੇਦਾਂ ਵਿੱਚ ਵੰਡਿਆ ਹੈ।

1. ਵਾਚਿਕ (ਹਾਹਾਕਾਰ, ਸਾਧੂਵਾਦ, ਉਚਾ ਹਸਣਾ, ਹਾਸ੍ਯ, ਉਚੇ ਬਚਨ ਆਦਿ)
2. ਆਂਗਿਕ (ਇਸ ਵਿੱਚ ਅਲੋਕਾਰ ਘਟਨਾ, ਉਠ ਉਠ ਜਾਣ, ਵਲਗਣ, ਨਟਣਾ, ਚੌਥ ਪੈਰ ਮਾਰਨੇ ਆਦਿ)
3. ਮਾਨਸ (ਇਸ ਵਿੱਚ ਪ੍ਰਸਾਦਪੂਰਣ ਸੁਖ, ਰੋਮਾਂਸ, ਨਵੇਂ ਵਿਸਥਾਰ ਆਨੰਦ ਆਦਿ ਸ਼ਾਮਲ ਹਨ)

ਬਾਬੂ ਗੁਲਾਬ ਰਾਏ ਨੇ ਇਸ ਬਾਰੇ ਲਿਖਿਆ ਹੈ ਕਿ "ਇਸ ਵਿੱਚ ਸੁਰਤ ਸਕੀਰਤ ਤਥਾ ਅਨੁਮਿਤ ਭਾਵਾਂ ਦਾ ਉਲੇਖ ਕੀਤਾ ਗਿਆ ਹੈ। ...त सकीर्तित तथा अनुमित भावों का उल्लेख किया है।"[1]

ਅਭੀਨਵ ਗੁਪਤ ਨੇ ਕਿਹਾ ਹੈ "ਅਦਭੁਤ ਦਾ ਮੂਲ ਭਾਵ ਵਿਸਮੈ ਹੈ ਜਿਸ ਦੀ ਉਪਜ ਅਲੌਕਿਕ ਘਟਨਾਵਾਂ ਦੇ ਕਾਰਣ ਹੁੰਦੀ ਹੈ।" "ਵਿਸ਼ਵਨਾਥ ਨੇ ਇਸ ਦਾ ਲੱਛਣ ਲੋਕ ਪ੍ਰਸਿੱਧ ਰੰਗ ਰੂਪ ਤਿਆਗ ਕੇ ਜਦੋਂ ਪਦਾਰਥਾਂ ਵਿਚ ਵਿਚਿਤ੍ਰਤਾ ਪੈਦਾ ਹੁੰਦੀ ਹੈ ਤਾਂ ਉਸ ਨਾਲ ਚਿੱਤ ਦਾ ਵਿਸਤਾਰ ਹੁੰਦਾ ਹੈ।[2]

ਅਸਚਰਜ ਇਕ ਅਜਿਹਾ ਚਮਤਕਾਰ ਹੈ ਜੋ ਮਨ ਨੂੰ ਖਿੱਚ ਕੇ ਰੌਚਕਤਾ ਪੈਦਾ ਕਰਦਾ ਹੈ ਇਸ ਤੋਂ ਅਦਭੁਤ ਰਸ ਪੈਦਾ ਹੁੰਦਾ ਹੈ। ਸਾਹਿਤ ਵਿਚ ਕਈ ਤਰ੍ਹਾਂ ਨਾਲ ਅਦਭੁਤ ਦੀ ਵਿਅੰਜਨਾ ਹੋਈ ਹੈ। ਕਬੀਰ ਦੀਆਂ ਉਲਟ ਬਾਸੀਆਂ, ਸੂਰਦਾਸ ਜੀ ਦੇ ਕੂਟਪਦ ਅਦਭੁਤ ਰਸ

---

1. ਬਾਬੂ ਗੁਲਾਬ ਰਾਏ, ਨਵਰਸ, ਪੰਨਾ 65
2. ਨਗਿੰਦਰ, ਰਸ ਸਿਧਾਂਤ, ਪੰਨਾ 362

ਦੇ ਅਟੁੱਟ ਭੰਡਾਰ ਹਨ। ਗੁਰਬਾਣੀ ਤੇ ਭਾਈ ਗੁਰਦਾਸ ਦੀ ਰਚਨਾ ਵਿਚੋਂ ਵੀ ਅਜਿਹੇ ਪ੍ਰਸੰਗ ਉਪਲਬਧ ਹੁੰਦੇ ਹਨ। ਉਦਾਹਰਣ ਵਜੋਂ।

"ਇਹ ਸੁਣਿ ਬਚਨ ਜੋਗੀਸੁਰਾਂ, ਮਾਰ ਕਿਲਕ ਬਹੁ ਰੂਘ ਉਠਾਈ।
ਖਟ ਦਰਸ਼ਨ ਕੋ ਖੇਦਿਆ, ਕਲਿਜੁਗ ਨਾਨਕ ਬੇਦੀ ਆਈ
ਸਿਧਿ ਬੋਲਨਿ ਸਭ ਅਉਖਧੀਆਂ, ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ
ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁੰ ਚਲਿਤ ਦਿਖਾਈ
ਇਕ ਪਰਿ ਕਰਿ ਕੇ ਉਡਰਨਿ ਪੰਖੀ ਜਿਵੈ ਰਹੇ ਲਿਲਾਈ
ਇਕ ਨਾਗ ਹੋਇਪਵਣ ਛੋੜਿ ਇਕਨਾ ਵਰਖ ਅਗਨਿ ਵਸਾਈ
ਤਾਰੇ ਤੋੜੇ ਭੰਗਰਨਾਥ ਇਕ ਚੜਿ ਮਿਰਗਾਨੀ ਜਲ ਤਰ ਜਾਈ
ਸਿਧਾਂ ਅਗਨਿ ਨਾ ਬੁਝੈ ਬੁਝਾਇ।" [1]

ਇਨ੍ਹਾਂ ਪੰਕਤੀਆਂ ਵਿੱਚ ਸਿਧ ਜੋਗੀ ਅਲੰਬਨ ਵਿਭਾਵ ਹਨ। ਉਹਨਾਂ ਦਾ ਬਦਲਿਆ ਹੋਇਆ ਭੇਸ ਤੇ ਹੈਰਾਨੀ ਜਨਕ ਕਰਾਮਾਤਾਂ ਉਦੀਪਨ ਵਿਭਾਵ ਹਨ। ਅਕਾਸ਼ ਵਿੱਚ ਉਡਣਾ, ਤਾਰੇ ਤੋੜਨਾ, ਛੁੰਕਾਰੇ ਮਾਰਨੇ ਆਦਿ ਕਿਰਿਆਵਾਂ ਅਨੁਭਾਵ ਹਨ, ਆਵੇਗ, ਚਪਲਤਾ, ਉਤਸੁਕਤਾ ਆਦਿ ਸੰਚਾਰੀ ਭਾਵ ਇਸ ਤਰ੍ਹਾਂ ਸਾਰੀ ਸਮੱਗਰੀ ਤੋਂ ਅਦਭੁਤ ਭਾਵ ਪੈਦਾ ਹੁੰਦਾ ਹੈ।

1. ਗਿਆਨੀ ਬਿਸ਼ਨ ਸਿੰਘ, ਵਾਰਾਂ ਭਾਈ ਗੁਰਦਾਸ, ਪੰਨਾ 31

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਅੰਤਰਿ ਚੋਰੁ ਮੁਹੈ ਘਰੁ ਮੰਦਰੁ<br>ਇਨਿ ਸਾਕਤਿ ਦੂਤੁ ਨ ਜਾਤਾ ਹੈ।<br>ਦੂੰਦਰ ਦੂਤੁ ਭੂਤ ਭੀਹਾਲੇ।<br>ਖਿੰਚੋਤਾਣਿ ਕਰਹਿ ਬੇਤਾਲੇ।<br>ਸਬਦਿ ਸੁਰਤਿ ਬਿਨੁ ਆਵੈ ਜਾਵੈ<br>ਪਤਿ ਖੋਈ ਆਵਤ ਜਾਤਾ ਹੈ।<br>ਕੂੜੁ ਕਲਰੁ ਤਨੁ ਭਸਮੈ ਢੇਰੀ।<br>ਬਿਨੁ ਨਾਵੈ ਕੈਸੀ ਪਤਿ ਤੇਰੀ।<br>ਬਾਧੇ ਮੁਕਤਿ ਨਾਹੀ ਜੁਗ ਚਾਰੇ<br>ਜਮ ਕੰਕਰਿ ਕਾਲਿ ਪਰਾਤਾ ਹੈ।<br>ਮਾਰੂ ਸੋਹਲੇ ਪੰਨਾ 1167 | ਭੈ | ਆਲੰਬਨ<br>ਅੰਤਰ ਦਾ ਚੋਰ, ਮਨਮੁਖ, ਕੂੜ ਦੂਤ, ਬੇਤਾਲੇ ਲੋਕ, ਮਨ ਦਾ ਡਰ ਆਲੰਬਨ ਵਿਭਾਵ ਹਨ।<br>ਉਦੀਪਨ<br>ਤਨ ਭਸਮ ਦੀ ਢੇਰੀ, ਪਤਿ ਖੋਈ, ਕੂੜ, ਕਲਰ, ਸੁਆਹ ਖਿਚੋਤਾਣਿ, ਡਰਾਉਣੀਆਂ ਹਰਕਤਾਂ | ਡਰਨਾ, ਭੈ, ਪਤਿ ਖੋਈ ਜਾਣੀ, ਸਹਿਮ ਜਾਣਾ ਅਨੁਭਾਵ ਹਨ | ਸ਼ੰਕਾ, ਚਪਲਤਾ, ਦੀਨਤਾ, ਤ੍ਰਾਸ ਸੰਚਾਰੀ ਭਾਵ ਹਨ | ਭੈ ਦੂਰ ਕਰਨ, ਜਾਨ ਬਚਾਣ, ਤਾਮਾਦਿਕ, ਮਾਇਆ ਤੋਂ ਛੁਟਕਾਰੇ ਦੀ ਇੱਛਾ |

ਭਿਆਨਕ ਰਸ ਦਾ ਜਨਮ ਬੀਭਤਸ ਰਸ ਵਿਚੋਂ ਮੰਨਿਆ ਗਿਆ ਹੈ ਪਰ ਬੀਭਤਸ ਰਸ ਵਿਚ ਭੈ ਉਤਪਨ ਨਹੀਂ ਹੁੰਦਾ। ਭਿਆਨਕ ਰਸ ਦਾ ਸਥਾਈ ਭਾਵ ਭੈ ਹੈ। ਭੈ ਵੀ ਘਿਰਣਾ ਸਾਧਨ ਇਕ ਅਧਮ ਬ੍ਰਿਤੀ ਜ਼ਰੂਰ ਹੈ।

ਭਰਤ ਮੁਨੀ ਨੇ ਤਿੰਨ ਤਰ੍ਹਾਂ ਦਾ ਭਿਆਨਕ ਭੈ ਦਸਿਆ ਹੈ।

| | | |
|---|---|---|
| 1. "ਵਯਾਜਜਨਯ | ਭਰਮ ਜਨਿਤ | (ਹਨੇਰੇ ਵਿੱਚ ਰੱਸੀ ਨੂੰ ਸੱਪ ਸਮਝਣ ਵਾਲਾ ਹੈ) |
| 2. ਅਪਰਾਧ | ਕਲਪਨਿਕ | (ਰਾਜਾ ਗੁਰੂ ਵਲੋਂ ਸਜਾ ਮਿਲਣ ਵਾਲਾ ਹੈ) |
| 3. ਵ੍ਰਿਤਾਸਿਤਕ | ਵਾਸਤਵਿਕ | (ਕਲਪਨਾ ਵਿਚ ਕਿਸੇ ਭੈ ਦਾ ਰੂਪਮਾਨ ਹੋਣਾ)" [1] |

ਭਾਵ ਪ੍ਰਕਾਸ਼ ਵਿਚ ਅੰਗਿਕ ਤਥਾ ਮਾਨਸ ਦੋ ਭੇਦ ਕੀਤੇ ਹੋਏ ਮਿਲਦੇ ਹਨ। ਅੰਗਿਕ ਤੋਂ ਭਾਵ ਹੈ ਕਿ ਹੱਥ, ਪੈਰ ਕੰਬਣੇ, ਭੌਰ ਭੌਰ ਹੋ ਕੇ ਵੇਖਣਾ, ਉਂਗਲਾਂ ਟੁਕਣਾ, ਦੰਦ ਦਿਖਾਣੇ ਆਦਿ। ਮਾਨਸ ਤੋਂ ਭਾਵ ਹੈ ਹੋਠ ਸੁਕਣੇ। ਅੱਖਾਂ ਅਤੇ ਪੁਤਲੀਆਂ ਨੂੰ ਜ਼ੋਰ ਨਾਲ ਫੇਰਨਾ ਵਿਸ਼ਯ ਪ੍ਰਤੀ ਅਗਿਆਨਤਾ ਆਦਿ।[2]

ਗੁਰੂ ਨਾਨਕ ਦੇਵ ਜੀ ਦੀ ਚਾਰਟ ਵਿੱਚ ਦਿੱਤੀ ਉਦਾਹਰਣ ਦਾ ਸਥਾਈ ਭਾਵ ਭੈ ਜੋ ਮਨ ਅੰਦਰ ਤੋਂ ਪੈਦਾ ਹੁੰਦਾ ਹੈ। ਜਮ, ਭੂਤ ਚੋਰ ਬੇਗਾਨੇ ਲੋਕ, ਮਨ ਦਾ ਡਰ ਆਲੰਬਨ ਵਿਭਾਵ ਹੈ। ਕੂੜ ਕਲਰ, ਸੁਆਹ, ਖਿਚੋਤਾਣ, ਭੈਦਾਇਕ ਹਰਕਤਾਂ ਉਦੀਪਨ ਵਿਭਾਵ ਹਨ । ਪਤ ਖੋਣਾ, ਤਨ ਭਸਮ ਹੋਣਾ, ਸਹਿਮ ਜਾਣਾ ਆਦਿ ਅਨੁਭਾਵ ਹਨ। ਦੀਨਤਾ, ਭੌਰ ਭੌਰ ਹੋਣਾ, ਚਪਲਤਾ, ਤਰਾਸ ਆਦਿ ਸੰਚਾਰੀ ਭਾਵ ਇਸ ਉਦਾਹਰਣ ਵਿਚ ਹਨ।

ਚਿਤ ਦੀ ਵਿਆਕੁਲਤਾ ਤੋਂ ਪੈਦਾ ਹੋਈ ਭਾਵਾਂ ਭੈਨ ਅਵਸਥਾ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਇਸ ਵਿੱਚ ਕੀਤਾ ਹੈ ਜੋ ਭੈ ਦੀ ਹੀ ਅਵਸਥਾ ਹੈ।

1. ਭਰਤਮੁਨੀ, ਨਟਯ ਸ਼ਾਸਤਰ, ਪੰਨਾ 76
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 139

| ਉਦਾਹਰਣ | ਸਥਾਈ ਭਾਵ | ਵਿਭਾਵ | ਅਨੁਭਾਵ | ਸੰਚਾਰੀ ਭਾਵ | ਇੱਛਾ |
|---|---|---|---|---|---|
| ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ<br>ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ<br>ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ<br>ਸਿਰੀ ਰਾਗੁ ਪੰਨਾ 93 | ਨਿਰਵੇਦ,<br>ਸ਼ਮ | ਆਲੰਬਨ<br>ਪਰਮਾਤਮਾ,<br>ਸੰਸਾਰਿਕ,<br>ਅਸਥਿਰਤਾ<br>ਆਦਿ।<br>ਉਦੀਪਨ<br>ਨਾਮ, ਸਚੁ<br>ਆਦਿ | ਨਾਮ ਲੇਵਾ ਹੋਣਾ,<br>ਸੱਚ ਦਾ ਅਨੁਭਵ<br>ਹੋਣਾ ਆਦਿ। | ਆਵੇਸ਼,<br>ਪਰਪੱਕ ਆਦਿ | ਸ਼ਾਂਤੀ ਦੀ<br>ਪ੍ਰਾਪਤੀ |

"ਸ਼ਾਂਤ ਰਸ ਦੇ ਸਥਾਈ ਭਾਵ ਬਾਰੇ ਵਾਦ ਵਿਵਾਦ ਹੈ ਜਿਵੇਂ ਕਈਆਂ ਨੇ ਨਿਰਵੇਦ ਨੂੰ ਸਥਾਈ ਭਾਵ ਮੰਨਿਆ ਹੈ। ਰੁਦਰਟ ਅਤੇ ਕੇਸ਼ਵ ਮਿਸ਼ਰ ਨੇ ਸਮਸ਼ਾਂਤੀ ਜਾਂ ਗਿਆਨ ਨੂੰ ਸ਼ਾਂਤ ਰਸ ਦਾ ਸਥਾਈ ਭਾਵ ਮੰਨਿਆ ਹੈ।"[1] "ਭੋਜ ਨੇ ਧਰਿਤ ਨੂੰ ਸਥਾਈ ਭਾਵ ਮੰਨਿਆ ਜਿਸ ਤੋਂ ਭਾਵ ਹੈ ਸੰਤੋਸ਼, ਪ੍ਰਸੰਨਤਾ, ਆਦਿ। ਨਾਲ ਹੀ ਉਸ ਨੇ ਸ਼ਿੰਗਾਰ ਪ੍ਰਕਾਸ਼ ਵਿਚ ਸ਼ਾਂਤ ਨੂੰ ਸਥਾਈ ਭਾਵ ਸਵੀਕਾਰ ਕੀਤਾ ਹੈ ਜਿਵੇਂ:

ਸਮਹੀ ਸ਼ਾਂਤੀ ਦਾ ਸਥਾਈ ਭਾਵ ਹੈ। " अन्न च शम प्रकृति शान्त"
ਭਾਵ ਸ਼ਮ ਹੀ ਸ਼ਾਂਤ ਦਾ ਸਥਾਈ ਭਾਵ ਹੈ।"[2]

ਕਈਆਂ ਵਿਦਵਾਨਾਂ ਨੇ ਸ਼ਾਂਤ ਦਾ ਸਥਾਈ ਭਾਵ, ਉਤਸ਼ਾਹ, ਘਿਰਣਾ, ਰਤੀ, ਪ੍ਰੇਮ ਆਦਿ ਨੂੰ ਮੰਨਿਆ ਹੈ। ਸ਼ਾਂਤ ਦਾ ਲਕਸ਼ ਆਤਮ-ਅਨਾਤਮ ਗਿਆਨ ਮੰਨ ਕੇ ਕੁਝ ਵਿਦਵਾਨਾਂ ਨੇ ਰਤੀ ਸਥਾਈ ਭਾਵ ਦੀ ਕਲਪਨਾ ਕੀਤੀ ਹੈ। ਆਤਮ ਅਨਾਤਮ ਜਗਤ ਵਿਚ ਦਵੈਤ ਦੇ ਭੇਦ ਨੂੰ ਆਤਮਾ ਦੇ ਰਹਸਯ ਨੂੰ ਜਾਣ ਲੈਣਾ ਹੀ ਜੀਵਨ ਦਾ ਉਦੇਸ਼ ਕਿਹਾ ਹੈ। ਇਸ ਪ੍ਰਕਾਰ ਦੇ ਵਿਦਵਾਨਾਂ ਨੇ ਆਤਮ ਰਤੀ ਦਾ ਜ਼ਿਕਰ ਕੀਤਾ ਹੈ। ਕਈਆਂ ਨੇ ਐਸੇ ਹੀ ਸਥਾਈ ਭਾਵ ਇਸ ਨਾਲ ਸੰਬੰਧਤ ਮੰਨੇ ਹਨ। ਇਹ ਮੱਤ ਬਹੁਤਾ ਪ੍ਰਚਲਤ ਨਹੀਂ ਹੋਇਆ। ਬਹੁਤ ਵਿਦਵਾਨਾਂ ਨੇ ਨਿਰਵੇਦ ਨੂੰ ਹੀ ਸਥਾਈ ਭਾਵ ਮੰਨਿਆ ਹੈ। ਨਿਰਵੇਦ ਤੇ ਆਤਮ ਰਤੀ ਦੋਹਾਂ ਦਾ ਪਰਸਪਰ ਸੰਬੰਧ ਇਸ ਲਈ ਹੈ ਕਿ ਦੋਵੇਂ ਸ਼ਾਂਤੀ ਦੇ ਪ੍ਰਤੀਕ ਹਨ ਅਧਿਆਤਮਕਤਾ ਦੇ ਚਿੰਨ੍ਹ ਹਨ। ਦੋਹਾਂ ਦਾ ਸਰੂਪ ਪ੍ਰਭੂ ਹੈ। "ਸੰਸਾਰ ਦੀ ਅਸਥਿਰਤਾ ਤੇ ਤੱਤ ਗਿਆਨ ਦੀ ਪ੍ਰਾਪਤੀ ਕਾਰਣ ਜੋ ਵੈਰਾਗ ਪੈਦਾ ਹੁੰਦਾ ਹੈ ਉਥੇ ਸ਼ਾਂਤ ਦੀ ਅਵਸਥਾ ਹੁੰਦੀ ਹੈ।"[3] ਇਹ ਹੀ ਸ਼ਾਂਤ ਭਾਵ ਦਾ ਮੂਲ ਮੰਨਿਆ ਗਿਆ ਹੈ ਜਿਵੇਂ ਉਦਾਹਰਣ ਵਜੋਂ:

"ਮਨ ਮੰਦਰਿ ਤਨੁ ਵੇਸ ਕਲੰਦਰ ਘਟਿ ਹੀ ਤੀਰਥਿ ਨਾਵਾ
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਹੁਰਿ ਜਨਮਿ ਨਾ ਆਵਾ

---

1. ਰਾਘਵਨ, ਦੀ ਨੰਬਰ ਆਫ ਰਸਜ਼, ਪੰਨੇ 78-80
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 145
3. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਵਿਸ਼ਲੇਸ਼ਣ, ਪੰਨੇ 272-73

ਮਨ ਬੇਧਿਆ ਦਇਆਲ ਸੇਤੀ ਮੇਰੀ ਮਾਈ
ਕਉਣ ਜਾਣੈ ਪੀਰ ਪਰਾਈ
ਹਮ ਨਾਹੀ ਚਿੰਤ ਪਰਾਈ (ਰਹਾਉ)

ਇਨ੍ਹਾਂ ਪੰਕਤੀਆਂ ਵਿਚ ਪਰਮਾਤਮਾ ਆਲੰਬਨ ਵਿਭਾਵ ਹੈ। ਪਰਮਾਤਮਾ ਦਾ ਸ਼ਬਦ ਜਾਂ ਨਾਮ ਉਦੀਪਨ ਵਿਭਾਵ ਹੈ। ਮਨ ਨੂੰ ਮੰਦਰ ਬਨਾਉਣਾ, ਤਨ ਨੂੰ ਕਲੰਦਰਾਂ ਵਾਲੇ ਕਪੜੇ ਭਾਉਣਾ, ਆਪਣੇ ਅੰਦਰ ਹੀ ਤੀਰਥ ਉਤੇ ਇਸ਼ਨਾਨ ਕਰਨ, ਹਰੀ ਦੇ ਨਾਮ ਵਿੱਚ ਮਨ ਵਿਦਿਆ ਜਾਣਾ, ਹਰੀ ਤੋਂ ਬਿਨਾਂ ਕਿਸੇ ਦੀ ਚਿੰਤਾ ਨਾ ਹੋਣੀ ਅਨੁਭਾਵ ਹਨ। ਗਿਲਾਨੀ, ਮਤੀ ਆਦਿ ਸੰਚਾਰੀ ਭਾਵ ਹਨ।

ਇਨ੍ਹਾਂ ਭਾਵਾਂ ਤੋਂ ਇਲਾਵਾ, ਭਗਤੀ ਭਾਵ ਵੀ ਮੰਨਿਆ ਗਿਆ ਹੈ। ਵਤਸਲ ਰਸ ਵਿੱਚ ਪੁੱਤਰ ਦੇ ਪ੍ਰਤੀ ਮਾਤਾ ਪਿਤਾ ਦਾ ਸਨੇਹ ਇਹ ਅਵਸਥਾ ਉਤਪੰਨ ਕਰਦਾ ਹੈ। ਜਿਸ ਨੂੰ ਵਿਦਵਾਨਾਂ ਨੇ ਵਤਸਲ ਰਸ ਕਿਹਾ ਹੈ। ਮਾਤਾ ਦੇਗਰਭ ਸਮੇਂ ਤੋਂ ਹੀ ਬੱਚੇ ਪ੍ਰਤੀ ਜੋ ਮਾਂ ਦਾ ਸਨੇਹ ਬੜਾ ਪ੍ਰਬਲ ਹੁੰਦਾ ਹੈ, ਜਿਸ ਵਿੱਚ ਪ੍ਰਭਾਵ, ਸ਼ੀਲਤਾ, ਵਿਆਪਕਤਾ ਤੇ ਸੁਭਾਵਿਕਤਾ ਸਾਰੀਆਂ ਦਿਸ਼ਾਵਾਂ ਹੁੰਦੀਆਂ ਹਨ। ਇਸ ਦ੍ਰਿਸ਼ਟੀ ਨੂੰ ਮੁੱਖ ਰੱਖਕੇ ਇਸ ਭਾਵ ਦੀ ਉਤਪਤੀ ਹੋਈ ਲਗਦੀ ਹੈ। ਭਗਤੀ ਭਾਵ ਪ੍ਰਭੂ ਦੀ ਭਗਤੀ ਪ੍ਰੇਮ ਸਨੇਹ ਨਾਲ ਸੰਬੰਧਤ ਉਪਜੇ ਭਾਵਾਂ ਨੂੰ ਭਗਤੀ ਭਾਵ ਕਿਹਾ ਗਿਆ ਹੈ।

"ਸੋਮੇਸ਼੍ਵਰ ਨੇ ਕਿਹਾ ਹੈ ਕਿ 'ਸਨੇਹ, ਭਗਤੀ, ਵਾਤਸਲਯ ਰਤੀ ਦੇ ਹੀ ਵਿਸ਼ੇਸ਼ ਰੂਪ ਹਨ। ਉਤਮ ਵਿਚ ਅਨੁਤਮ ਦੀ ਰਤੀ ਦਾ ਨਾਮ ਭਗਤੀ ਅਤੇ ਅਨੁਤਮ ਵਿਚ ਉਤਮ ਹੀ ਰਤੀ ਦਾ ਨਾਮ ਵਤਸਲ ਹੈ।"[1] ਇਸ ਤਰ੍ਹਾਂ ਭਾਵਾਂ ਨੂੰ ਇਕਦੂਜੇ ਨਾਲ ਜੋੜ ਕੇ ਰਾਵਾਂ ਪ੍ਰਗਟ ਕੀਤੀਆਂ ਗਈਆਂ ਹਨ ਜੋ ਸਿਰਫ ਵਾਦ ਵਿਵਾਦ ਬਣਕੇ ਹੀ ਰਹਿ ਗਈਆਂ ਹਨ। ਇਸ ਤੋਂ ਇਲਾਵਾ ਦੁੱਖ ਸੁੱਖ, ਉਦਾਤ ਉਧਰ, ਲੌਲਯ, ਮ੍ਰਿਗਯ ਵਰੀਤਨਕ, ਬ੍ਰਹਮਾ, ਮਾਯਾ, ਕ੍ਰਾਂਤੀ ਆਦਿ ਭਾਵਾਂ ਦੀ ਉਤਪਤੀ ਵੀ ਮੰਨੀ ਗਈ ਹੈ। ਬਹੁਤਿਆਂ ਨੇ ਇਨ੍ਹਾਂ ਦੇ ਸਥਾਈ ਭਾਵ ਰਤੀ ਨੂੰ ਹੀ ਮੰਨਿਆ ਹੈ।

### (ਅ) ਭਾਵ ਅਤੇ ਰਸ

ਸਾਹਿਤ ਵਿੱਚਰਸ ਉਹ ਆਨੰਦਾਤਮਕ ਚਿਤ-ਬ੍ਰਿਤੀ ਨੂੰ ਕਿਹਾ ਜਾਂਦਾ ਹੈ ਜਿਹੜਾ ਵਿਭਾਵਾਂ,

---

1. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਵਰੂਪ ਵਿਸ਼ਲੇਸ਼ਣ, ਪੰਨਾ 282

ਅਨੁਭਾਵਾਂ ਤੇ ਸੰਚਾਰੀ ਭਾਵਾਂ ਦੁਆਰਾ ਕਿਸੇ ਸਥਾਈ ਭਾਵ ਨੂੰ ਵਿਅੰਜਤ ਅਥਵਾ ਸਥਾਈ ਕਰਨ ਸਮੇਂ ਉਤਪੰਨ ਹੁੰਦਾ ਹੈ। ਭਾਵ ਦਾ ਮਤਲਬ ਸਾਹਿਤਵਿੱਚ ਖਾਲੀ ਗਿਆਨ ਮਾਤਰ ਨਹੀਂ ਹੈ ਬਲਕਿ ਜੋਸ਼ ਵਾਲੀ ਤੇ ਵੇਗ ਵਾਲੀ ਖਾਸ ਹਾਲਤ ਹੈ ਜਿਸ ਵਿੱਚ ਸਰੀਰ ਤੇ ਬ੍ਰਿਤੀ ਤੇ ਮਨੋਬ੍ਰਿਤੀ ਦੋਹਾਂ ਦਾ ਸੰਜੋਗ ਹੋ ਸਕਦਾ ਹੈ।

> "ਰਾਮ ਚੰਦਰ ਸ਼ੁਕਲ ਨੇ ਸਰੀਰ ਤੇ ਮਨ ਦੀ ਇਕ ਖ਼ਾਸ ਸਾਂਝੀ ਹਾਲਤ ਨੂੰ ਭਾਵ ਦਾ ਨਾਂ ਦਿੱਤਾ ਹੈ ਕਿ ਇਹ ਆਲੇ ਦੁਆਲੇ ਦੀ ਸਾਮੱਗਰੀ ਤੋਂ ਬਣਦਾ ਹੈ ਤੇ ਬਦਲਦਾ ਰਹਿੰਦਾ ਹੈ। ਜਿਵੇਂ ਕਿਸੇ ਅਦਭੁਤ ਚੀਜ਼ ਨੂੰ ਵੇਖ ਕੇ ਹੈਰਾਨੀ, ਸ਼ੇਰ ਜਾਂ ਡਰਾਉਣੀ ਵਸਤੂ ਨੂੰ ਵੇਖ ਕੇ ਭੈ, ਬੇਢੰਗੇਪਣੇ ਨੂੰ ਵੇਖ ਕੇ ਹਾਸਾ, ਆਦਿ।"[1]

ਜਦੋਂ ਭਾਵਾਂ ਅਨੁਭਾਵਾਂ ਸੰਚਾਰੀ ਭਾਵਾਂ ਦਾ ਸੁਮੇਲ ਹੁੰਦਾ ਹੈ ਤਾਂ ਰਸ ਦੀ ਨਿਸ਼ਪੱਤੀ ਹੁੰਦੀ ਹੈ।

"ਭਰਤਮੁਨੀ ਅਨੁਸਾਰ ਰਸਾਂ ਦਾ ਆਧਾਰ ਭਾਵ ਹੈ ਤੇ ਕਵਿਤਾ ਕਾਵਿ ਮਈ ਅਨੁਭਵ ਦਾ ਪ੍ਰਕਾਸ਼ ਹੈ।"[2] ਭਾਵ ਮਨੁੱਖ ਨੇ ਜਦੋਂ ਉਸਨੂੰ ਪ੍ਰਗਟਾਇਆ ਜਾਂ ਸਿਰਜਿਆ ਉਹ ਕਾਵਿ ਮਈ ਵਿਚਾਰ ਬਣੀ। ਜਦ ਮਨੁੱਖ ਕਿਸੇ ਭਾਵਕ ਮੰਡਲ ਵਿੱਚ ਮੁਗਧ ਹੋ ਕੇ ਕੁਝ ਉਚਾਰਦਾ ਹੈ ਤਾਂ ਉਚਰਣ ਵਿੱਚ ਕੋਈ ਵੀ ਸਰੂਪ ਜਾਂ ਰਸ ਸਾਹਮਣੇ ਆਉਂਦਾ ਹੈ ਤਾਂ ਉਸਨੂੰ ਭਾਵਕਰੀ ਰਸ ਮਈ ਕਵਿਤਾ ਦਾ ਨਾਂ ਦਿੱਤਾ ਜਾਂਦਾ ਹੈ। ਮੰਡਲ ਕਾਵਿ ਦੀ ਇਸ ਅਵਸਥਾ ਨੂੰ ਪ੍ਰਗਟ ਕਰਦਾ ਹੋਇਆ ਕਵੀ ਵਰਡਜ਼ਵਰਥ ਕਵਿਤਾ ਨੂੰ ਸ਼ਕਤੀਸ਼ਾਲੀ ਜਜ਼ਬਾਤਾਂ ਦਾ ਆਪ-ਮੁਹਾਰਾ ਵਹਾਓ ਦੱਸਦਾ ਹੈ। ਰੋਮਾਂਟਿਕ ਕਵਿਤਾ ਵਿੱਚ ਭਾਵ ਉਹ ਕਾਵਿ-ਮਈ ਭਾਵ ਹਨ ਜੋ ਲੈ ਅਤੇ ਤੁਕ ਧਰਕੇ ਕਵੀ ਮਨ ਵਿੱਚ ਉਠਦੇ ਅਤੇ ਆਪ-ਮੁਹਾਰੇ ਹੀ ਕਿਸੇ ਤਰਤੀਬ ਵਿੱਚ ਬੱਝ ਜਾਂਦੇ ਦੱਸਦਾ ਹੈ। ਪਰ ਕਵਿਤਾ ਵਿੱਚ ਭਾਵ ਦਾ ਅਰਥ ਰਸ ਸਮੱਗਰੀ ਤੋਂ ਲਿਆ ਜਾਂਦਾ ਹੈ ਜਿਸ ਵਿੱਚ ਸਥਾਈ, ਸੰਚਾਰੀ ਦੇ ਨਾਲ ਨਾਲ ਵਿਭਾਵ, ਅਨੁਭਾਵ, ਉਦੀਪਨ, ਅਲੰਬਨ ਵੀ ਆ ਜਾਂਦੇ ਹਨ। ਭਰਤਮੁਨੀ ਨੇ ਰਸ ਸੰਦਰਭ ਵਿੱਚ ਭਾਵ ਨੂੰ ਇਕ ਪਾਸੇ ਤਾਂ ਕਵਿਤਾ ਵਿਚਲੇ ਮਨੋਭਾਵਾਂ ਨਾਲ ਸੰਬੰਧਿਤ ਮੰਨਿਆ ਹੈ ਦੂਸਰੇ ਪਾਸੇ ਰਸ ਦਾ ਆਧਾਰ ਕਿਹਾ ਹੈ। ਸੰਸਕ੍ਰਿਤ ਅਚਾਰੀਆਂ ਨੇ ਭਾਵ ਦੇ ਸਵਰੂਪ ਨੂੰ ਸਪਸ਼ਟ ਕਰਦਿਆਂ ਹੋਇਆਂ ਇਸਨੂੰ ਦੁੱਖ ਸੁੱਖ ਦੀ ਅਨੁਭੂਤੀ, ਵਿਸ਼ੇਸ਼ ਚਿੱਤ ਬਿਰਤੀ, ਮਨੋਭਾਵ ਆਦਿ ਦੇ

---

1. ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤਰ,</u> ਪੰਨਾ 96
2. ਨਗਿੰਦਰ, <u>ਰਸ ਸਿਧਾਂਤ,</u> ਪੰਨਾ 216

ਅਰਥਾਂ ਵਿੱਚ ਗ੍ਰਹਿਣ ਕੀਤਾ ਹੈ। ਭਾਵ ਨੂੰ ਅੰਗ੍ਰੇਜ਼ੀ ਵਿੱਚ 'ਈਮੋਸ਼ਨ' ਕਹਿੰਦੇ ਹਨ। ਡਾ: ਰਾਕੇਸ਼ ਗੁਪਤ ਨੇ ਭਾਵ ਬਾਰੇ ਲਿਖਿਆ ਹੈ:

> "ਭਾਵ ਨਾ ਸਿਰਫ ਮਾਨਸਿਕ ਭਾਵ ਹੀ ਹੈ ਤੇ ਨਾ ਹੀ ਇਸਦਾ ਨਿਰਾ ਪ੍ਰਗਟਾ ਇਹ ਮਾਨਸਿਕ ਤੇ ਸਰੀਰਕ ਅਨੁਭਵ ਦਾ ਸਮਗਰ ਹੈ।"[1]

"ਭਾਵ ਬਾਰੇ ਡਾ: ਗਣਪਤੀ ਚੰਦਰ ਗੁਪਤ ਨੇ ਆਪਣੀ ਪੁਸਤਕ ਰਸ ਸਿਧਾਂਤ ਦਾ ਪੁਨਰ ਵਿਵੇਚਨ ਦੇ ਪੰਨਾ 211 ਤੇ ਵੁਡਵਰਥ ਦੀ ਉਦਾਹਰਣ ਇਸ ਤਰ੍ਹਾਂ ਦਿੱਤੀ ਹੈ 'ਭਾਵ ਲੈਟਿਨ ਦੇ 'ਟ' ਬਾਹਰ ਮੂਵਰੀ (ਚਲਣਾ) ਤੋਂ ਹੋਈ ਜਿਸ ਸ਼ਬਦ ਦਾ ਅਰਥ ਇਕ ਸਥਾਨ ਤੋਂ ਦੂਜੇ ਸਥਾਨ ਤੇ ਜਾਣਾ ਸੀ। ਹੌਲੀ ਹੌਲੀ ਇਸ ਦਾ ਪ੍ਰਯੋਗ ਚਲਣਾ, ਉਤੇਜਨਾ, ਵਿਯਾਕੁਲਤਾ ਆਦਿ ਦੇ ਅਰਥ ਵਿੱਚ ਭੌਤਿਕ ਸਤਰ ਤੇ ਹੋਇਆ।"[2] ਇਸ ਉਦਾਹਰਣ ਤੋਂ ਸਪਸ਼ਟ ਹੁੰਦਾ ਹੈ ਕਿ 'ਈਮੋਸ਼ਨ' ਦਾ ਪ੍ਰਚਲਤ ਅਰਥ ਵਿਅਕਤੀ ਦੀ ਉਦੀਪਤ ਮਾਨਸਿਕ ਅਵਸਥਾ ਦਾ ਸੂਚਕ ਹੈ। "ਆਧੁਨਿਕ ਮਨੋਵਿਗਿਆਨੀ ਵੁਡਵਰਥ ਤੇ ਯੰਗ ਦੇ ਵਿਚਾਰ ਇਸ ਨਾਲ ਕਾਫ਼ੀ ਮੇਲ ਖਾਂਦੇ ਹਨ ਜਿਵੇਂ ਭਾਵ ਅਨੁਭੂਤੀ ਦੀ ਉਤੇਜਿਤ ਅਵਸਥਾ ਹੈ।"[3]

ਭਾਵ ਵਿਅਕਤੀ ਦੀ ਮਾਨਸਿਕ ਅਵਸਥਾ ਹੈ।

ਇਸ ਤਰ੍ਹਾਂ ਭਾਵ ਸ਼ਬਦ ਦੀ ਪਰਿਭਾਸ਼ਾ, ਸਾਹਿਤਕ, ਸਾਮਾਜਿਕ, ਮਨੋਵਿਗਿਆਨਕ, ਮਾਨਸਿਕ, ਭੌਤਿਕ, ਸਤਰ ਤੇ ਕੀਤੀ ਜਾਂਦੀ ਹੈ। ਰਸ ਸ਼ਬਦ ਦੇ ਵੀ ਵਿਭਿੰਨ ਅਰਥ ਹਨ।

---

1. ਰਾਕੇਸ਼ ਗੁਪਤ, ਸਾਈਕੋਲੋਜੀਕਲ ਸਟੱਡੀ ਇਨ ਰਸਾਂ, ਪੰਨਾ 109

   "Emotions consists neither merely in its mental experience nor merely in its expression. It is mental experience and physical change taken together."

2. ਵੁਡਵਰਥ, ਸਾਈਕੋਲੋਜੀ, ਪੰਨਾ 308

   "The word emotion is derived from the Latin Out one place into other the sense of imagination. The word came to mean a moving, stirring, agitation, perturbation & was so used in a strictly physical sense. Finally the word came to be used to designate any agitaied vehement or excited mental state of the individual."

3. ਪੀ.ਟੀ. ਯੰਗ, ਈਮੋਸ਼ਨ ਇਨ ਮੈਨ ਐਂਡ ਐਨੀਮਲ, ਪੰਨਾ 151

   "Emotion is moved or stirred up state . . of feelings."

"ਹਿੰਦੀ ਸਾਹਿਤਯ ਕੋਸ਼ ਵਿਚ ਸਵਾਦ, ਵਿਸ਼, ਰਾਗ, ਸ਼ਿੰਗਾਰ, ਵੀਰਯ ਆਦਿ ਸਭ ਲਈ ਰਸ ਸ਼ਬਦ ਦਾ ਪ੍ਰਯੋਗ ਹੀ ਕੀਤਾ ਗਿਆ ਹੈ। ਰਿਗ ਵੇਦ ਵਿੱਚ ਗਾਂ ਦਾ ਦੁੱਧ ਅਤੇ ਸੋਮ ਰਸ ਲਈ ਰਸ ਸ਼ਬਦ ਵਰਤਿਆ ਗਿਆ। ਅਥਰਵੇਦ ਵਿਚ ਇਸ ਦਾ ਪ੍ਰਯੋਗ, ਵੀਰਯ, ਸ਼ਕਤੀ, ਰਸਾਇਨ ਅਤੇ ਕਾਮਸੂਤਰ ਵਿਚ ਰਤੀ ਜਾਂ ਪ੍ਰੇਮ ਲਈ ਵਰਤਿਆ ਗਿਆ ਹੈ।"[1] ਡਾਕਟਰ ਨਗਿੰਦਰ ਨੇ ਚਾਰ ਅਰਥਾਂ ਵਿਚ ਇਸ ਦਾ ਪ੍ਰਯੋਗ ਦੱਸਿਆ ਹੈ:

| | | |
|---|---|---|
| 1. | ਪਦਾਰਥਾਂ ਦਾ ਰਸ | (ਮੀਂਹ, ਰੰਗ, ਦਵਾਈਆਂ ਦਾ ਰਸ) |
| 2. | ਆਯੁਰਵੇਦ ਦਾ ਰਸ | (ਸ਼ਕਤੀ ਪ੍ਰਧਾਨ ਰਸ) |
| 3. | ਸਾਹਿਤਯ ਰਸ | (ਕਾਵਯ ਸੌਂਦਰਯ ਕਾਵਿ ਸੁੰਦਰਤਾ ਤਥਾ ਕਾਵਿ ਅਨੰਦ) |
| 4. | ਭਗਤੀ ਅਥਵਾ ਮੋਕਸ਼ ਰਸ | (ਆਤਮ ਰਸ) |

ਰਸ ਦਾ ਅਧਿਆਤਮਕ ਅਰਥ ਉਪਨਿਸ਼ਦ ਵਿੱਚ ਇਉਂ ਹੈ। (ਤੈਰੈਤੀਯ ਉਪਨਿਸ਼ਦ 2.7)

> "ਇਸਦਾ ਸੰਸਕ੍ਰਿਤ ਰੂਪ ਫੁਟ ਨੋਟ ਵਿਚ ਹੈ ਜਿਸ ਦਾ ਭਾਵ ਹੈ ਅਰਥਾਤ ਰਸ ਜਿਥੇ ਵੀ ਮਿਲਦਾ ਹੈ ਉਸਨੂੰ ਪ੍ਰਾਪਤ ਕਰਕੇ ਮਨੁੱਖ ਅਨੰਦ ਮਗਨ ਹੋ ਜਾਂਦਾ ਹੈ।"[2]

ਸੰਸਕ੍ਰਿਤ ਵਿਆਕਰਣ ਅਨੁਸਾਰ ਰਸ ਸ਼ਬਦ ਦਾ ਵਿਕਾਸ ਰਸਯ ਤੇ ਆਸਾਵਯ ਤੇ 'ਅਸੋ ਇਤੀ ਰਸ' ਭਾਵ ਜਿਸ ਤੋਂ ਕੋਈ ਸੁਆਦ ਪ੍ਰਾਪਤ ਹੋਵੇ, ਉਹ ਰਸ ਹੈ। ਵੈਦਿਕ ਸੰਹਿਤਾਵਾਂ ਵਿਚ ਰਸ ਦਾ ਅਰਥ ਪਾਣੀ ਹੈ। ਰਸਧਾਨ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਰਸ ਉਹ ਅਲੌਕਿਕ ਅਲੰਕਾਰ ਚਮਤਕਾਰੀ, ਖਾਸ ਅਨੰਦ, ਸੁਆਦ ਨੂੰ ਜਤਾਉਂਦਾ ਹੈ ਜਿਸਦਾ ਅਹਿਸਾਸ ਰਸਿਕ ਦਿਲਾਂ ਨੂੰ ਪਿਘਲਾਉਣ, ਮਨ ਨੂੰ ਠੀਕ ਕਰਨ, ਸਰੀਰ ਨੂੰ ਰੋਮਾਂਚਿਤ ਕਰਨਾ ਹੈ। ਬੋਲਾਂ ਨੂੰ ਗਦਗਦ ਕਰਨ ਦੀ ਸਮਰਥਾ ਰਖਦਾ ਹੈ। ਐੱਫ਼ੀ ਚੌਲਕੇ ਮੀਮਟ ਨੇ ਕੁਝ ਇਹੋ ਜਿਹਾ ਭਾਵ ਇਉਂ ਪ੍ਰਗਟਾਇਆ ਹੈ:

1. ਧੀਰਇੰਦਰ ਵਰਮਾ, <u>ਹਿੰਦੀ ਸਾਹਿਤਯ ਕੋਸ਼</u>, ਪੰਨਾ 615
2. ਨਗਿੰਦਰ, ਰਸ ਸਿਧਾਂਤ, ਪੰਨਾ 308
रसो वै सः: ~~[illegible]~~ ध्वा नन्दी भवति।

"ਰਸ ਜਿਉਂ ਹੀ ਫੁੱਟ ਨਿਕਲਦਾ ਹੈ ਸਾਡੇ ਧੁਰ ਅੰਦਰ ਨੂੰ ਜਾ ਹਿਲੋਰਦਾ ਹੈ। ਇਹ ਜਿਵੇਂ ਸਾਨੂੰ ਚੁਤਰਫਿਓਂ ਆਪਣੇ ਪਿਆਰ ਦੀ ਗਲਵਕੜੀ ਵਿੱਚ ਕਸ ਲੈਂਦਾ ਹੈ ਉਦੋਂ ਜਿਵੇਂ ਸਾਰੇ ਸੰਕਲਪ, ਵਿਕਲਪ, ਤਰਕ, ਵਿਤਰਕ, ਹਰਖ ਦਵੈਖ ਲਾਂਭੇ ਹੋ ਜਾਂਦੇ ਹਨ।"[1]

ਹੌਲੀ ਹੌਲੀ ਰਸ ਸ਼ਬਦ ਦਾ ਅਰਥ ਬਹੁਤ ਵਿਸ਼ਾਲ ਹੋ ਗਿਆ। ਰਸ ਦੀ ਅਨੁਭੂਤੀ ਲਈ ਸਥਾਈ ਭਾਵ, ਵਿਭਾਵ, ਅਨੁਭਾਵ, ਸੰਚਾਰੀ ਭਾਵਾਂ ਦਾ ਸੰਜੋਗ, ਕਲਾਤਮਕ ਚਿਤ੍ਰਣ ਸ਼ੈਲੀ ਦਾ ਹੋਣਾ ਜ਼ਰੂਰੀ ਹੈ। ਰਸ ਬਹੁਤ ਸਾਰੀਆਂ ਮਨੋਬ੍ਰਿਤੀਆਂ ਭਾਵਾਂ ਦੀ ਪੈਦਾਇਸ਼ ਹੈ ਅਨੇਕ ਪ੍ਰਕਾਰ ਦੇ ਵਾਚਿਕ, ਆਂਗਿਕ, ਸਾਤਵਿਕ ਤਥਾ ਮਾਨਸਿਕ, ਸਰੀਰਕ, ਘਟਨਾਵਾਂ ਨਾਲ ਸਥਾਈ ਭਾਵ ਪੈਦਾ ਹੁੰਦਾ ਹੈ ਅਤੇ ਭਾਵਾਂ ਦੀ ਸਪਸ਼ਟਤਾ ਲਈ ਕਈ ਵਿਚਾਰ ਸਾਡੇ ਸਾਹਮਣੇ ਆਉਂਦੇ ਹਨ:

1. ਅਨੇਕ ਕਿਸਮ ਦੇ ਭਾਵਾਂ ਦੇ ਸਮੂਹ ਮਿਲਕੇ ਰਸ ਦੀ ਵਿਅੰਜਨਾ ਕਰਦੇ ਹਨ।
2. ਰਸ ਅਨੁਭੂਤੀ ਦਾ ਵਿਸ਼ਯ ਹੈ, ਜਿਸ ਦੀ ਨਿਸ਼ਪਤੀ ਵਿਸ਼ਯਗਤ ਹੈ।
3. ਸਥਾਈ ਭਾਵ ਰਸ ਨਹੀਂ ਪਰ ਰਸ ਦਾ ਆਧਾਰ ਜ਼ਰੂਰ ਹਨ ਜਿਵੇਂ ਰਤੀ ਭਾਵ ਆਪਣੇ ਮੂਲ ਰੂਪ ਵਿਚ ਸ਼ਿੰਗਾਰ ਰਸ ਨਹੀਂ ਪਰੰਤੂ ਨਾਇਕ, ਨਾਇਕਾ, ਕਟਾਖਸ਼ ਹਰਸ਼ ਪ੍ਰੇਮ ਆਦਿ ਵਿਭਿੰਧਗ ਰੂਪ ਵਿਚ ਪ੍ਰਗਟਾਇਆ ਜਾਂਦਾ ਹੈ ਤਾਂ ਰਸ ਬਣਦਾ ਹੈ।
4. ਰਸ ਇਕੋ ਨਹੀਂ ਸਗੋਂ ਵਿਭਿੰਨ ਸਥਾਈ ਭਾਵਾਂ ਨਾਲ ਵਖੋ ਵਖਰੇ ਰੂਪ ਵਿੱਚ ਸਾਹਮਣੇ ਆਉਂਦਾ ਹੈ।
5. ਰਸ ਦੀ ਸਥਾਈ ਹੋਂਦ ਹੈ ਪਰ ਭਾਵ ਵਖੋ ਵਖਰੇ ਹਨ ਜੋ ਸਥਿਤੀ ਅਨੁਕੂਲ ਉਪਜਦੇ ਤੇ ਮਿਟਦੇ ਜਾਂਦੇ ਹਨ ਪਰ ਰਸ ਦਾ ਅਸਰ ਖਤਮ ਨਹੀਂ ਹੁੰਦਾ।
6. ਰਸ ਕਲਾ ਦਾ ਸਵਾਦ ਨਹੀਂ ਸਗੋਂ ਕਲਾਤਮਕ ਸਥਿਤੀ ਹੈ ਜੋ ਆਸਵਾਦ ਦਾ ਵਿਸ਼ਯ ਹੈ।
7. ਰਸ ਸ਼ਬਦ ਦਾ ਪ੍ਰਯੋਗ ਸਾਹਿਤ ਵਿਚ ਬਰਾਬਰ ਹੁੰਦਾ ਹੈ ਇਹ ਰਾਗਾਤਮਕ ਅਹਿਲਾਦ ਹੈ।

1. ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤਰ</u>, ਪੰਨਾ [illegible]6

ਇਸ ਲਈ ਇਸ ਦੇ ਤਿੰਨ ਅਰਥ ਮੰਨੇ ਜਾਂਦੇ ਹਨ:

1. ਭਾਵ ਮੂਲ ਕਾਵਯ (ਭਾਵ ਦੀ ਕਲਾਤਮਕ ਅਭੀਵਿਅੰਜਨਾ)
2. ਭਾਵ ਮੂਲਕ (ਕਾਵਯ ਸੌਂਦਰਯ ਦੀ ਅਨੁਭੂਤੀ)
3. ਸਮਾਨਯ ਕਾਵਯ ਸੌਂਦਰਯ

ਉਪਰ ਦਿੱਤੇ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਰਸ ਦੀ ਆਪਣੀ ਹੋਂਦ ਹੈ ਤੇ ਭਾਵ ਇਸ ਦੇ ਸਹਾਇਕ ਹਨ।

ਰਸ ਇਕ ਪ੍ਰਕਾਰ ਦੀ ਭਾਵਮੂਲਕ ਸਥਿਤੀ ਹੈ ਜੋ ਕਵੀ ਆਪਣੀ ਰਚਨਾ ਵਿਚ ਭਰਦਾ ਹੈ। ਰਸ ਦੇ ਸਰੂਪ ਬਾਰੇ ਡਾਕਟਰ ਨਗਿੰਦਰ ਨੇ ਇਉਂ ਕਿਹਾ ਹੈ:

1. "ਰਸ ਅਸਵਾਦ ਦਾ ਵਿਸ਼ਯ ਹੈ।
2. ਰਸ ਅਖੰਡ ਹੈ।
3. ਅਨੇਕ ਗਿਆਨਾਂ ਤੋਂ ਰਹਿਤ ਹੈ।
4. ਸਵੈਪ੍ਰਕਾਸ਼ ਨੰਦ ਹੈ।
5. ਬ੍ਰਹਮਾ ਸੁਆਦ ਦੇ ਸਮਾਨ ਹੈ।"[1]

ਰਸ ਭਾਵਾਂ ਤੇ ਨਿਰਭਰ ਹੈ। ਭਾਵਾਂ ਦੀ ਹੋਂਦ ਵੀ ਰਸ ਤੋਂ ਬਿਨਾਂ ਨਿਰਜਿੰਦ ਹੈ। ਭਾਵ ਦੀ ਭੂਮਿਕਾ ਰਸ ਦੀ ਸਥਿਤੀ ਤੋਂ ਬਿਨਾਂ ਸੰਭਵ ਨਹੀਂ। ਭਾਵ ਦੇ ਸਪਰਸ਼ ਤੋਂ ਰਹਿਤ ਸ਼ਬਦਾਰਥ ਦਾ ਚਮਤਕਾਰ ਰਸ ਨਹੀਂ ਹੈ। ਰਸ ਤੇ ਭਾਵ ਦਾ ਅਨਿਖੜਵਾਂ ਸੰਬੰਧ ਹੈ ਜਿਵੇਂ "ਨਾਟਯ ਸ਼ਾਸਤਰ ਵਿਚ ਭਰਤਮੁਨੀ ਨੇ ਕਿਹਾ ਹੈ ਵਿਭਾਵ, ਅਨੁਭਾਵ, ਵਿਭਚਾਰੀ ਭਾਵਾਂ ਨਾਲ ਸੰਯੁਕਤ ਵਾਚਿਕ, ਆਂਗਿਕ ਤਥਾ ਸਾਤਵਿਕ ਅਭੀਨੈ ਨਾਲ ਵਿਅੰਜਤ ਸਥਾਈ ਰਸ ਹੀ ਰਸ ਹੈ।"[2]

"ਨਾਟਯ ਸ਼ਾਸਤਰ ਵਿਚ ਭਾਵ ਬਾਰੇ ਇਹ ਵੀ ਕਿਹਾ ਗਿਆ ਹੈ: ਜਿਸ ਦਾ ਸੰਸਕ੍ਰਿਤ ਰੂਪ ਫੁੱਟ ਨੋਟ ਵਿੱਚ ਹੈ।"

---

1. ਨਗਿੰਦਰ, ਰਸ ਸਿਧਾਂਤ, ਪੰਨਾ 98
2. न भावहीनोऽस्ति रसो न भावोरसवर्जित।

ਅਰਥਾਤ - ਭਾਵਹੀਨ ਰਸ ਨਹੀਂ ਹੋ ਸਕਦਾ।"[1]

ਰਸ ਬਿਨਾਂ ਭਾਵ ਨਹੀਂ ਜਿਉਂਦਾ ਰਹਿ ਸਕਦਾ। ਰਸ ਤੇ ਭਾਵ ਦਾ ਸੰਬੰਧ ਸਰੀਰ ਤੇ ਸੁਆਹਰਗ ਦਾ ਹੈ। ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਰਸ, ਭਾਵ ਜਿਵੇਂ ਭਾਵਾਂ ਦਾ ਸੁਮੇਲ ਆਤਮਿਕ ਰੰਗ ਵਿਚ ਰੰਗਿਆ ਹੋਇਆ ਦਿਖਾਈ ਦਿੰਦਾ ਹੈ। ਭਾਵਾਂ ਦੀ ਕੋਮਲਤਾ, ਵਿਲੱਖਣਤਾ, ਰਸ ਦੀ ਅਨੰਦਦਾਇਕ ਚਿਤਬ੍ਰਿਤੀ ਦਾ ਉਲੇਖ ਗੁਰੂ ਸਾਹਿਬ ਦੀ ਰਚਨਾ ਵਿਚ ਵਿਦਮਾਨ ਹੈ। ਜਿਵੇਂ:

ਬਾਬੀਹਾ ਪ੍ਰਿਉ ਬੋਲੇ, ਕੋਕਿਲ ਬਾਣੀਆ
ਸਾਧਨ ਸਭ ਰਸ ਚੋਲੈ, ਅੰਕਿ ਸਮਾਣੀਆ

(ਬਾਰਾਮਾਹ ਰਾਗ ਤੁਖਾਰੀ)

ਇਸ ਅਵਸਥਾ ਵਿਚ ਭਾਵ ਪ੍ਰਧਾਨ ਵਿਅਕਤੀ ਹੀ ਪਹੁੰਚ ਸਕਦਾ ਹੈ। ਬੁੱਧੀ ਪ੍ਰਧਾਨ ਅਜਿਹਾ ਅਨੰਦ ਨਹੀਂ ਮਾਣ ਸਕਦਾ।

ਕਾਵਿ ਜਾਂ ਕਿਸੇ ਵੀ ਕਲਾ ਦੇ ਸੁਹਜ ਨੂੰ ਸਧਾਰਣੀਕਰਣ ਦੀ ਇਸ ਹਾਲਤ ਵਿੱਚ ਮਾਨਸਿਕ ਤੌਰ ਤੇ ਮਾਨਣਾ ਰਸ ਅਸਵਾਦਿ ਹੈ। ਰਸ ਤਕ ਪਹੁੰਚਣ ਲਈ ਕਵੀ ਜਾਂ ਕਲਾਕਾਰ ਨੂੰ ਵੀ ਕਈ ਪੜਾ ਲੰਘਣੇ ਪੈਂਦੇ ਹਨ ਜਿਵੇਂ ਪਹਿਲਾਂ ਕਵੀ ਦਾ ਵਿਸ਼ਾ (ਆਲੰਬਨ, ਉਦੀਪਨ ਵਿਭਾਵ, ਅਨੁਭਾਵ, ਸਹਿਕਾਰੀ, ਕਾਰਣ ਪਾਠਕ ਦਰਸ਼ਨ ਜਾਂ ਸਰੋਤਿਆਂ ਦੁਆਰਾ ਕਲਾ ਨੂੰ ਜਾਨਣ ਦੀ ਸ਼ਕਤੀ) ਆਦਿ।

ਭਾਵ ਸ਼ਕਤੀ ਥੋੜ੍ਹੀ ਬਹੁਤ ਸਾਰਿਆਂ ਵਿਚ ਹੁੰਦੀ ਹੈ। ਇਸ ਲਈ ਸਧਾਰਣੀਕਰਣ ਦੀ ਸ਼ਕਤੀ ਵੀ ਥੋੜ੍ਹੀ ਬਹੁਤ ਸਾਰਿਆਂ ਵਿਚ ਹੁੰਦੀ ਹੈ, ਪਰੰਤੂ ਸਧਾਰਣੀਕਰਣ ਦੀ ਵਿਸ਼ੇਸ਼ ਸ਼ਕਤੀ ਉਸ ਵਿਅਕਤੀ ਵਿਚ ਹੋਵੇਗੀ ਜਿਸ ਵਿੱਚ ਭਾਵ ਸ਼ਕਤੀ ਵਿਸ਼ੇਸ਼ ਰੂਪ ਵਿੱਚ ਪ੍ਰਜਵਲਤ ਹੋਵੇਗੀ। ਐਸਾ ਹੀ ਵਿਅਕਤੀ ਭਾਸ਼ਾ ਦੇ ਵਿਸ਼ੇ ਦਾ ਭਾਵਮਈ ਪ੍ਰਯੋਗ ਕਰ ਸਕਦਾ ਹੈ ਅਰਥਾਤ ਆਪਣੇ ਭਾਵਾਂ ਦੀ ਸ਼ਕਤੀ ਦੇ ਜ਼ੋਰ ਨਾਲ ਦੂਸਰਿਆਂ ਦੇ ਮਨ ਵਿਚੋਂ ਵੀ ਉਸੇ ਤਰ੍ਹਾਂ ਦੇ ਸਮਾਨ ਭਾਵ ਜਗਾ ਸਕੇ। ਸਧਾਰਣੀਕਰਣ ਦਾ

1. ਨਗਿੰਦਰ, ਰਸ ਸਿਧਾਂਤ, ਪੰਨਾ 88

ਆਧਾਰ ਭਾਵਮਈ ਭਾਸ਼ਾ ਦਾ ਪ੍ਰਯੋਗ ਹੈ।

"ਪਰ ਭਾਰਤੀ ਕਾਵਯ ਸ਼ਾਸਤਰ ਦੀ ਰਸ ਵਿਸ਼ਯ ਧਰਾਵਾਂ ਦਾ ਸਾਰ-ਅੰਸ਼ ਇਉਂ ਮੰਨਿਆ ਜਾਂਦਾ ਹੈ:

| | ਅਚਾਰੀਆ | ਰਸ ਦਾ ਸਰੂਪ | ਰਸ ਦਾ ਸਥਾਨ | ਸੁਹਿਰਦਯ ਦਾ ਅਨੁਭਵ |
|---|---|---|---|---|
| 1. | ਭਰਤ | ਭਾਵ ਸੌਂਦਰਯ (ਨਾਟਕ) | ਨਾਟਕ | ਹਰਸ਼, ਵਿਸਮੇ ਆਦਿ |
| 2. | ਦੰਡੀ | ਭਾਵ ਸੌਂਦਰਯ (ਕਾਵਯਗਤ) | ਕਾਵਯ | ਖੁਸ਼ੀ |
| 3. | ਲੋਲਟ | ਮੂਲ ਪਾਤਰਾਂ ਦਾ ਪਾਵਸਵਾਦ (ਅਰਥਾਤ ਕਾਵਯ ਵਸਤੂਗਤ ਭਾਵ ਸੌਂਦਰਯ) | ਕਾਵਯ ਵਸਤੂ | ਚਮਤਕਾਰ |
| 4. | ਸ਼ੁਸ਼ਕ | ਅਭਿਨੈਤ ਭਾਵ ਸੌਂਦਰਯ | ਨਟ-ਅਭਿਨੈ | ਰਸ ਦਾ ਅਨੁਮਾਨ |
| 5. | ਭਟਨਾਯਕ | ਸਹਿਰਦੇਯ ਦੁਆਰਾ (ਭਾਵ ਸੌਂਦਰਯ ਦੀ ਅਨੁਭੂਤੀ) | ਸਹਿਰਦੇ ਦਾ ਰਸ | ਰਸ ਅਤੇ ਰਸ ਦਾ ਭੋਗ |
| 6. | ਅਭਿਨਵ | ਭਾਵ ਸੌਂਦਰਯ ਦੀ ਅਨੁਭੂਤੀ | ਸਹਿਰਦੇ ਦਾ ਚਿਤ | ਰਸ-ਅਨੰਦ"[1] |

ਉਪਰ ਦਿੱਤੇ ਕਾਵਯ ਸ਼ਾਸਤਰੀਆਂ ਦੇ ਵਿਚਾਰਾਂ ਤੋਂ ਸਪਸ਼ਟ ਹੈ ਕਿ ਰਸ ਭਾਵ ਅਨੰਦ, ਖੁਸ਼ੀ ਹੀ ਰਸ ਦਾ ਸਰੂਪ ਹੈ, ਰਸ ਦੀ ਪ੍ਰਾਪਤੀ ਵੀ ਅਸੀਂ ਦੋ ਤਰ੍ਹਾਂ ਕਰਦੇ ਹਾਂ:

ਪ੍ਰਤੱਖ ਅਨੁਭੂਤੀ

ਕਲਾ ਅਨੁਭੂਤੀ।

---

1. ਨਗਿੰਦਰ, <u>ਰਸ ਸਿਧਾਂਤ</u>, ਪੰਨਾ 196

ਪ੍ਰਤੱਖ ਅਨੁਭੂਤੀ ਵਾਸਤਵਿਕਤਾ ਤੇ ਆਧਾਰਤ ਹੈ ਜਦਕਿ ਕਲਾ ਅਨੁਭੂਤੀ ਦਾ ਸੰਬੰਧ ਕਲਪਨਾ ਨਾਲ ਹੈ। ਪ੍ਰਤੱਖ ਅਨੁਭੂਤੀ ਇੰਦਰੀਆਂ ਰਾਹੀਂ ਪ੍ਰਾਪਤ ਹੁੰਦੀ ਹੈ ਜਦੋਂ ਕਿ ਕਾਵਿ ਜਾਂ ਕਲਾ ਅਨੁਭੂਤੀ ਭਾਵਾਂ ਰਾਹੀਂ। ਦੂਜਾ ਅੰਤਰ ਇਹ ਹੈ ਕਿ ਪ੍ਰਤੱਖ ਅਨੁਭੂਤੀ ਵਿਚ ਸਾਡੀ ਮੰਤਵਤਾ ਦਾ ਭਾਵਾਂ ਤੇ ਨਿਯੰਤਰਣ ਰਹਿੰਦਾ ਹੈ ਜਦਕਿ ਕਾਵਿ ਅਨੁਭੂਤੀ ਵਿਚ ਅਜਿਹਾ ਨਹੀਂ ਹੁੰਦਾ।

ਰਤੀ ਹਾਸਾ ਅਸਚਰਜ ਉਤਸ਼ਾਹ ਤੇ ਸ਼ਾਂਤ ਭਾਵਾਂ ਵਿਚੋਂ ਅਸੀਂ ਅਨੰਦ ਸਰੂਪ ਅਨੁਭੂਤੀ ਪ੍ਰਾਪਤ ਕਰਦੇ ਹਾਂ। ਕ੍ਰੋਧ ਭੈ ਘਿਰਣਾ ਸ਼ੋਕ ਆਦਿ ਭਾਵਾਂ ਦਾ ਵੀ ਇਜ਼ਹਾਰ ਹੈ। ਰਸ ਨੂੰ ਅਨੰਦ ਸਰੂਪ ਕਿਹਾ ਹੈ ਪਰ ਅਜਿਹੀ ਅਵਸਥਾ ਵੀ ਕਈ ਵਾਰੀ ਅਨੰਦਮਈ ਹੁੰਦੀ ਹੈ ਜਿਵੇਂ ਲੋਕ ਪੀੜਕ ਜਾਂ ਕਿਸੇ ਕੁਕਰਮ ਅਤਿਆਚਾਰੀ ਵਿਅਕਤੀ ਨੂੰ ਦੇਖ ਕੇ ਕ੍ਰੋਧ ਵਿਚ ਆਉਂਦੇ ਹਾਂ ਤਾਂ ਉਹ ਕ੍ਰੋਧ ਦਾ ਕਲਾਤਮਕ ਪ੍ਰਗਟਾ ਪੈਦਾ ਕਰਦਾ ਹੋਵੇਗਾ। ਜਿੰਨੇ ਵੀ ਭਾਵ ਵਿਅਕਤੀ ਦੇ ਮਨ ਵਿਚ ਪੈਦਾ ਹੁੰਦੇ ਹਨ ਉਹ ਦਰਜਾ ਬਦਰਜਾ ਰਸ ਦੀ ਹੀ ਦੇਣ ਹੁੰਦੇ ਹਨ।

ਰਸ ਇਕ ਅਲੌਕਿਕ ਮਾਨਸਿਕ ਅਨੁਭਵ ਹੈ ਸਾਰਿਆਂ ਭਾਵਾਂ ਨੂੰ ਵਿਭਾਵ ਸੰਚਾਰੀ ਤੇ ਸਥਾਈ ਰੂਪ ਵਿੱਚ ਪ੍ਰਗਟਾਉਣ ਨੂੰ ਰਸ ਕਹਿੰਦੇ ਹਨ। ਰਸ ਪਾਠਕ ਦੇ ਮਨ ਵਿਚੋਂ ਹੀ ਪੈਦਾ ਹੁੰਦਾ ਹੈ ਤੇ ਪਾਠਕ ਹੀ ਉਸ ਨੂੰ ਮਾਣਦਾ ਹੈ।

ਰਸ ਨੂੰ ਮਾਣਨ ਦੀ ਪ੍ਰਕਿਰਿਆ ਬਾਰੇ ਸੰਸਕ੍ਰਿਤ ਕਾਵਿ ਸ਼ਾਸਤਰ ਵਿਚ ਬਹੁਤ ਸਾਰੇ ਮੱਤ ਵਿਦਮਾਨ ਹਨ ਜਿਵੇਂ ਭਟਲੋਲਟ ਦਾ ਉਤਪਤੀ ਵਾਦ ਸੁਕਕ ਦਾ ਅਨੁਮਾਨ ਵਾਦ, ਭਟਨਾਇਕ ਦਾ ਭੋਗਵਾਦ , ਅਭਿਨਵ ਗੁਪਤ ਦਾ ਵਿਅਕਤੀਵਾਦ ਤੇ ਨਵੀਨ ਵਿਆਖਿਆ ਪੰਡਤ ਜਗਨ ਨਾਥ ਅਭੀਵਿਅਕਤੀਵਾਦ ਦੀ ਕੀਤੀ ਹੈ। ਇਹਨਾਂ ਸਾਰਿਆਂ ਦੇ ਵਿਚਾਰਾਂ ਨੂੰ ਗਹੁ ਨਾਲ ਵੇਖੀਏ ਤਾਂ ਰਸ ਪ੍ਰੀਕ੍ਰਿਆ ਦਾ ਸੰਬੰਧ ਵਿਅਕਤੀਤਵ ਦੇ ਭਾਵਾਂ ਨਾਲ, ਰਸ ਦੀ ਨਿਸ਼ਕਰਸ਼ਤਾ ਨਾਲ ਅਤੇ ਮਾਨਸਿਕ ਸਰੀਰਕ ਅਭੀਵਿਅੰਜਨ ਨਾਲ ਹੈ।

## ਅਧਿਆਇ ਚੌਥਾ

*

*

# ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿੱਚ ਰਤੀ ਦਾ ਸੁਭਾ

## ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿੱਚ ਰਤੀ ਦਾ ਸੁਭਾ

ਰਤੀ ਭਾਵ ਜ਼ਿੰਦਗੀ ਦਾ ਧੁਰਾ, ਬੁਨਿਆਦੀ ਲੋੜ ਅਤੇ ਜੀਵਨ ਆਧਾਰ ਹੈ। ਇਸ ਤੋਂ ਬਿਨਾਂ ਜੀਵਨ ਜਿਉਣਾ ਅਸੰਭਵ ਹੈ ਕਿਉਂਕਿ ਰਤੀ ਜੀਵਨ ਦੀ ਸਾਧਨਾ, ਮੂਲ ਤੇ ਸਰੋਤ ਹੈ। "ਰਤੀ ਅਨੁਰਾਗ ਅਥਵਾ ਪ੍ਰੇਮ ਦੀ ਸੂਚਕ ਹੈ ਪ੍ਰਕ੍ਰਿਤੀਵਾਦ ਵਿੱਚ ਰਤੀ ਦਾ ਅਰਥ ਅਨੁਰਾਗ, ਰਮਣ, ਸੰਤੋਸ਼, ਸਮਰਪ੍ਰਿਯਾ ਆਸਕਤੀ ਅਥਵਾ ਕਾਮਪਤਨੀ ਮੰਨਿਆ ਗਿਆ ਹੈ।"[1] "ਨਾਟਯ ਸ਼ਾਸਤਰ ਵਿੱਚ ਰਤੀ ਦੀ ਪਰਿਭਾਸ਼ਾ ਇਉਂ ਕੀਤੀ ਗਈ ਹੈ ਕਿ ਰਤੀ ਨੂੰ ਆਮੋਦਾਤਮਕ ਭਾਵ ਕਿਹਾ ਹੈ।"[2] ਦਸ਼ਰੂਪਕਾਰ ਨੇ ਰਤੀ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਨੂੰ "ਪ੍ਰਮੋਦਾਤਮਕ ਭਾਵ ਮੰਨਿਆ ਹੈ।"[3] ਪੰਡਿਤ ਜਗਨ ਨਾਥ ਨੇ ਰਤੀ ਬਾਰੇ ਇਉਂ ਕਿਹਾ ਹੈ ਕਿ ਇਸਤਰੀ ਪੁਰਸ਼ ਸੰਬੰਧ ਤੇ ਪ੍ਰੇਮਚਿਤ ਬ੍ਰਿਤੀ ਨੂੰ ਹੀ ਰਤੀ ਸਥਾਈ ਭਾਵ ਮੰਨਿਆ ਹੈ।"[4] ਸਾਹਿਤਯ ਦਰਪਨ ਵਿੱਚ ਰਤੀ ਦੀ ਪਰਿਭਾਸ਼ਾ ਇੰਜ ਹੈ "ਰਤੀ ਭਾਵ ਕੁਲ ਮਨੁੱਖਾਂ ਦੀ ਪ੍ਰਵਿਰਤੀ ਦਾ ਆਧਾਰ ਹੈ।"[5] ਇਨ੍ਹਾਂ ਪਰਿਭਾਸ਼ਾਵਾਂ ਤੋਂ ਪਤਾ ਚਲਦਾ ਹੈ ਕਿ ਰਤੀ ਆਮੋਦਾਤਮਕ, ਪਰਮੋਦਾਤਮਕ ਇਸਤਰੀ ਪੁਰਸ਼ ਸੰਬੰਧ, ਪ੍ਰੇਮਚਿਤਬ੍ਰਿਤੀ ਤੇ ਜੀਵਨ ਪ੍ਰਵਿਰਤੀ ਦਾ ਸੋਮਾ ਹੈ। ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਆਚਾਰੀਆਂ ਨੇ ਮੁੱਖ ਰੂਪ ਵਿੱਚ ਦੋ ਲੱਛਣ ਸਵੀਕਾਰ ਕੀਤੇ ਹਨ ਜਿਵੇਂ ਇਸਤਰੀ ਪੁਰਸ਼ ਪਰਸਪਰ ਸੰਬੰਧ ਅਤੇ ਦੂਸਰਾ ਪ੍ਰਸੰਨਤਾ ਪ੍ਰਦਾਨ ਕਰਨ ਵਾਲਾ ਭਾਵ ਰਤੀ ਹੈ। ਇਸ ਦਾ

1. ਧੀਰਇੰਦਰ ਵਰਮਾ, ਹਿੰਦੀ ਸਾਹਿਤਯ ਕੋਸ਼, ਪੰਨਾ 613
2. ਭਰਤ ਮੁਨੀ, ਨਾਟਯ ਸ਼ਾਸਤਰ, ਪੰਨੇ 7-8

   तत्र रतिर्नाम आमोदात्मको भाव

3. ਦਸ਼ਰੂਪਕਾਰ, ਸ਼ਿੰਗਾਰ ਪ੍ਰਕਾਸ਼, ਪੰਨਾ 48

   प्रमोदात्मा रतिः सैव यूनोरन्योन्य रक्तयो

4. ਪੰਡਿਤ ਜਗਨਨਾਥ, ਰਸ ਗੰਗਾਧਰ, ਪੰਨਾ 130

   स्त्रीपुंसयोरन्योन्यालम्बनः प्रेमाख्यश्चित्तवृत्ति विशेषो रतिःस्थायीभाव

5. ਵਿਸ਼ਵ ਨਾਥ, ਸਾਹਿਤਯ ਦਰਪਨ, ਪੰਨਾ 185

   रतिर्मनो कूले र्थे मनसः प्रवणायितम्।

ਖੇਤਰ ਵਿਆਪਕ ਤੇ ਵਿਸ਼ਾਲ ਹੈ। ਸਾਰੇ ਸੰਸਾਰ ਦਾ ਕਾਰਜ ਆਧਾਰ ਰਤੀ ਹੈ। ਇਹ ਸਰਵ ਵਿਆਪੀ ਤੇ ਜੀਵਿਤਤਮ ਰੂਪ ਕਰਕੇ ਹੀ ਜੀਵ ਜੰਤੂ, ਪਸ਼ੂ ਪੰਛੀ, ਨਰ ਨਾਰੀ, ਸਭ ਨੂੰ ਟੁੰਬਦਾ ਹੈ। ਪ੍ਰੇਮ ਦੀ ਇਹ ਰੁਚੀ ਸਾਧਕ ਦੇ ਮਨ ਵਿੱਚ ਸਨੇਹ, ਮਾਨ, ਰਾਗ, ਅਨੁਰਾਗ, ਭਾਵ, ਅਨੁਭਾਵ ਦੁਆਰਾ ਪ੍ਰਤੀਬਿੰਬਤ ਹੁੰਦੀ ਹੈ ਜੋ ਰਤੀ ਦਾ ਰੂਪ ਹੈ। ਜਿਸ ਤਰ੍ਹਾਂ ਬੀਜ ਤੋਂ ਗੰਨਾ ਪੈਦਾ ਹੁੰਦਾ ਹੈ ਫਿਰ ਰਸ ਤੋਂ ਗੁੜ, ਗੁੜ ਤੋਂ ਖੰਡ, ਤੇ ਖੰਡ ਤੋਂ ਮਿਸਰੀ ਬਣ ਜਾਂਦੀ ਹੈ ਇਸੇ ਤਰ੍ਹਾਂ ਲਗਾਓ ਤੋਂ ਸਾਧਨਾ, ਸਾਧਨਾ ਤੋਂ ਭਗਤੀ, ਭਗਤੀ ਤੋਂ ਅਨੰਦ, ਅਨੰਦ ਤੋਂ ਬ੍ਰਹਮ ਰਤੀ ਜਾਂ ਮਧੁਰ ਰਤੀ ਦੀ ਉਤਪਤੀ ਹੁੰਦੀ ਹੈ ਜੋ ਰਤੀ ਭਾਵ ਨਾਲ ਸਾਧਕ ਦਾ ਹਿਰਦਾ ਨਿਰਛੱਲ, ਨਿਰਕਪਟ, ਨਿਰਅੰਹਕਾਰ ਕਰਦੀ ਹੈ। "ਰਤੀ ਨੂੰ ਪ੍ਰਿਯਾ ਵਸਤੂ ਵਿੱਚ ਮਨ ਦੀ ਪ੍ਰੇਮ ਪੂਰਣ ਉਨਮੁਖਤਾ ਅਤੇ ਈਸ਼ਵਰ ਦੇ ਪ੍ਰਤੀ ਪਰਾਨੁਰਕਿਤ ਅਰਥਾਤ ਭਗਤੀ ਵੀ ਕਿਹਾ ਹੈ।"[1] ਇਹ ਰੂਪ ਵੈਦਿਕ ਸਾਹਿਤ ਤੋਂ ਚਲਿਆ ਆ ਰਿਹਾ ਹੈ। ਮੰਮਟ ਦਾ ਕਥਨ ਹੈ "ਦੇਵਤਾ ਆਦਿ ਦੇ ਵਿਸ਼ਯ ਵਿੱਚ ਉਤਪੰਨ ਹੋਣ ਵਾਲੀ ਰਤੀ ਅਤੇ ਅੰਜਿਤ ਵਿਭਚਾਰੀਆਂ ਇਸ ਨੂੰ ਭਾਵ ਨਾਮ ਨਾਲ ਪੁਕਾਰਦੇ ਹਨ।"[2] ਜਿਸ ਤਰ੍ਹਾਂ ਸੰਸਾਰ ਵਿੱਚ ਨਰ ਨਾਰੀ, ਪਸ਼ੂ, ਪੰਛੀ, ਜੀਵ ਜੰਤ ਸਭ ਦਾ ਆਧਾਰ ਰਤੀ ਹੈ ਤਿਵੇਂ ਹੀ ਆਤਮਾ ਨੂੰ ਭੀ ਪਰਮਾਤਮਾ ਦੀ ਸੁਧੀ, ਅਰਥਾਤ ਰੂਪ ਪ੍ਰਾਪਤ ਕਰਨ ਲਈ ਰਤੀ ਨੂੰ ਨਿਰਧਾਰਨ ਕਰਨਾ ਪੈਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਤਮਾ ਪਰਮਾਤਮਾ ਦੀ ਪ੍ਰੀਤ ਦੇ ਵਰਣਨ ਲਈ ਰਤੀ ਦਾ ਸੁਭਾ ਦੁਨਿਆਵੀ ਪ੍ਰੀਤ ਨਾਲੋਂ ਵਖਰਾ ਰੱਖਿਆ ਹੈ। ਉਨ੍ਹਾਂ ਨੇ ਆਤਮਾ ਨੂੰ ਪਰਮ ਆਤਮਾ ਦੇ ਮੇਲ ਲਈ ਇਸ ਤਰ੍ਹਾਂ ਤਿਆਰ ਕੀਤਾ ਹੈ ਜਿਸ ਨਾਲ ਸ਼ੁਧ, ਉਜਵਲ, ਮਧੁਰ, ਰੂਹਾਨੀ, ਪ੍ਰੀਤ ਤੇ ਅਲੌਕਿਕ ਰਤੀ ਦਾ ਸੁਭਾ ਉਘੜ ਕੇ ਸਾਹਮਣੇ ਆਉਂਦਾ ਹੈ। ਪਰਮਾਤਮਾ ਦੀ ਪ੍ਰੀਤ ਨੂੰ ਦੁਨਿਆਵੀ ਚਿੰਨ੍ਹਾਂ (ਪਤੀ ਪਤਨੀ) ਰਾਹੀਂ ਵਰਣਨ ਕੀਤਾ ਹੈ ਪਰ ਦੁਨਿਆਵੀ ਪ੍ਰੇਮ ਵਾਲਾ ਵਾਤਾਵਰਣ ਪੈਦਾ ਕਰਨ ਤੋਂ ਨਿਰਲੇਪ ਅਜਿਹਾ ਚਿੱਤ ਸਰੂਪ, ਗਮਤੀਲਾ, ਅਲੌਕਿਕ ਪ੍ਰੀਤ ਦਾ ਵਾਤਾਵਰਣ ਪੈਦਾ ਕਰਦੇ ਹਨ ਕਿ ਅਜਿਹੇ ਰਸ ਅਤੇ ਅਨੰਦ ਵਿੱਚ ਆਤਮਾ ਝੂਮ ਉਠਦੀ ਹੈ। ਗੁਰੂ ਨਾਨਕ ਦੇਵ ਜੀ ਨੇ ਪਾਠਕ ਦੇ ਮਨ ਵਿੱਚ ਜੋ ਰਤੀ ਭਾਵ ਪੈਦਾ ਕੀਤੇ ਹਨ ਉਨ੍ਹਾਂ ਦਾ ਰੂਪ ਰੂਹਾਨੀ ਹੈ, ਜੋ ਰਤੀ ਅਨੁਭਵ ਕਰਦੀ ਹੈ। ਅਨੰਦ ਦਾਇਕ ਹੈ। ਪ੍ਰੇਮ ਦੀ ਕ੍ਰਿਆਵਾਂ ਤੇ ਮਨੋਭਾਵ ਮਨ ਨੂੰ ਤ੍ਰਿਪਤੀ ਦਿੰਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਰਤੀ ਸ਼ਬਦ ਦਾ ਜ਼ਿਕਰ ਇਉਂ ਮਿਲਦਾ ਹੈ।

---

1. ਰਾਮਸਵਾਰਥ ਚੌਧਰੀ, ਮਧੁਰ ਰਸ ਸਰੂਪ ਔਰ ਵਿਕਾਸ, ਪੰਨਾ 63
2. ਧੀਰੇਂਦਰ ਵਰਮਾ, ਹਿੰਦੀ ਸਾਹਿਤਯ ਕੋਸ਼, ਪੰਨਾ 614

"ਤਨਿ ਸੋਹੈ, ਮਨੁ ਮੋਹਿਆ, ਰਤੀ ਰੰਗਿ ਨਿਹਾਲਿ।[1]"

"ਸਬਦਿ ਰਤੀ ਮਨੁ ਵੇਧਿਆ।"[2]

"ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।"[3]

"ਭਾਗਾ ਜੈ ਘਰਿ ਕਰਤੇ ਕੀਰਤਿ ਹੋਇ।"[4]

"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।"[5]

"ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ।" [6]

ਇਥੇ ਰਤੀ ਸ਼ਬਦ ਪ੍ਰੇਮ ਦੀ ਵਿਆਪਕਤਾ ਪ੍ਰਭੂ ਪ੍ਰੇਮ, ਸਾਧਨਾ, ਮਨ ਦੀ ਰਤੀ ਕਰਣਹਾਰ ਦੀ ਰਤੀ, ਕੰਤ ਨਾਲ ਰੱਤੀ ਹੋਈ ਰਤੀ, ਸੱਚ ਦੀ ਰਤੀ ਨਾਲ ਸੰਬੰਧਤ ਹੈ। ਗੁਰੂ ਸਾਹਿਬ ਨੇ ਇੱਥੇ ਦੁਨਿਆਵੀ ਰਤੀ ਦੇ ਮਾਧਿਅਮ ਰਾਹੀਂ ਆਤਮਕ ਅਨੰਦ ਮਨਮੁੱਖੀ ਮਨ ਨੂੰ ਸਚਿਆਰ ਪਦ ਦੀ ਪ੍ਰਾਪਤੀ ਦੀ ਪ੍ਰੇਰਨਾ ਦਿੰਦਾ ਹੈ। ਇਹ ਆਤਮਕ ਅਨੰਦ ਰਤੀ ਦੁਆਰਾ ਹੀ ਸੰਭਵ ਹੈ।

ਰਤੀ ਵਿੱਚ ਨਾਇਕ ਨਾਇਕਾ ਭਾਵ, ਵਿਭਾਵ, ਅਨੁਭਾਵ, ਆਲੰਬਨ ਉਦੀਪਨ ਸੰਚਾਰੀ ਭਾਵ, ਆਦਿ ਦਾ ਸੁਮੇਲ ਹੈ। ਗੁਰੂ ਨਾਨਕ ਦੀ ਰਚਨਾ ਵਿਚ ਇਆਨੀ ਰਤੀ ਦੀ ਵਿਲੱਖਣਤਾ ਬੁਨਿਆਦੀ ਤੱਤਾਂ ਕਰਕੇ, ਭਾਵਨਾ, ਮੰਤਵ ਤੇ ਮਕਸਦ ਕਰਕੇ ਹੈ। ਜਿਸ ਦਾ ਉਲੇਖ ਅੱਗੇ ਹੈ।

---

1. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 155
2. ਉਹੀ , ਪੰਨਾ 145
3. ਉਹੀ
4. ਉਹੀ, ਪੰਨਾ 72
5. ਉਹੀ, ਪੰਨਾ 71
6. ਰਾਗੁ ਸੂਹੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 826

## ਰਤੀ ਦੇ ਗੁਣਾਂ ਤੇ ਚਿਨ

ਰਤੀ ਵਿੱਚ ਨਾਇਕ ਤੇ ਨਾਇਕਾ ਦਾ ਸਵਰੂਪ ਆਲੰਬਨ ਰੂਪ ਵਿਚ ਹੈ। "ਭਰਤਮੁਨੀ ਨੇ ਨਾਇਕ ਦੇ ਸੱਤ ਗੁਣ ਜਿਵੇਂ ਸ਼ੋਭਾ, ਬਿਲਾਸ, ਮਧੁਰਜ, ਸਥੈਰਥ, ਗੰਭੀਰ, ਲਲਿਤ, ਤੇਜ਼ ਅਤੇ ਔਦਾਰਜ ਮੰਨੇ ਹਨ।"[1] "ਪ੍ਰਕ੍ਰਿਤੀ ਦੀ ਦ੍ਰਿਸ਼ਟੀ ਤੋਂ ਨਾਇਕ ਦੇ ਪੰਜ ਭੇਦ ਚਤੁਰ, ਜੇਸ਼ਠ, ਮਧਮ, ਅਧਮ, ਸਪ੍ਰਬੁਧ ਦਿੱਤੇ ਗਏ ਹਨ।"[2] ਭੋਜ ਨੇ ਨਾਇਕ ਦੇ ਗੁਣਾਂ ਨੂੰ ਸਭ ਤੋਂ ਅਧਿਕ ਵਿਸਤਾਰ ਤੇ ਸਮੁੱਚੇ ਰੂਪ ਵਿਚ ਪ੍ਰੀਗ੍ਰਹਿ ਦੇ ਆਧਾਰ ਤੇ ਪਰਿਭਾਸ਼ਾ ਦਿੱਤੀ ਹੈ ਜਿਵੇਂ:

"ਗੁਣਾਂ ਅਨੁਸਾਰ ਤਿੰਨ ਭੇਦ: ਉੱਤਮ, ਮਧਮ ਅਤੇ ਅਧਮ
ਪ੍ਰਕਿਰਤੀ ਅਨੁਸਾਰ ਤਿੰਨ ਭੇਦ: ਸਾਤਵਿਕ, ਰਾਜਸ ਅਤੇ ਤਾਮਸ
ਪ੍ਰਵਿਰਤੀ ਅਨੁਸਾਰ ਚਾਰ ਭੇਦ: ਅਨੁਕੂਲ, ਦਕਸ਼ਣ, ਸ਼ਠ ਅਤੇ ਧ੍ਰਿਸ਼ਟ
ਪ੍ਰੇਮੀਆਂ ਦੀ ਸੰਖਿਆ ਅਨੁਸਾਰ: ਇਕ ਪਤਨੀ ਨੂੰ ਪ੍ਰੇਮ ਕਰਨਵਾਲਾ,
ਇਕ ਤੋਂ ਅਧਿਕ ਪਤਨੀਆਂ ਨੂੰ ਪ੍ਰੇਮ ਕਰਨ ਵਾਲਾ।"[3]

ਗੁਰੂ ਨਾਨਕ ਦੇਵ ਦਾ ਨਾਇਕ ਇਨਾਂ ਭੇਦਾਂ ਤੋਂ ਅਲੱਗ, ਸੱਚਾ, ਸੁੱਚਾ ਸਰਬ ਵਿਆਪੀ, ਨਿਰਭਉ, ਨਿਰਵੈਰ, ਅਕਾਲਮੂਰਤਿ, ਸੁੰਦਰ, ਅਜੀਤ, ਅਲੌਕਿਕ, ਅਨੂਪ, ਅਤੁੱਲ, ਨਿਰਮਲ, ਅਰੂਪ, ਅਜਾਤਿ, ਅਗਾਧ, ਅਪਾਰ ਤੇ ਅਨੇਕ ਆਦਿ ਗੁਣਾਂ ਦਾ ਧਾਰਨੀ ਪਰਮਾਤਮਾ ਹੈ ਜਿਵੇਂ ਜਪੁਜੀ ਸਾਹਿਬ ਦੇ ਆਰੰਭ ਵਿੱਚ ਨਾਇਕ ਦਾ ਸਰੂਪ ਵਰਣਨ ਹੈ:

ੴ ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰ
ਅਕਾਲ ਮੂਰਤਿ, ਅਜੂਨੀ ਸੈਭੰ ।

---

1. ਭਰਤਮੁਨੀ, ਨਾਟਯ ਸ਼ਾਸਤਰ, ਪੰਨੇ 31-38
2. ਉਹੀ
3. ਜਗਪਤੀ ਚੰਦਰ ਗੁਪਤ, ਭਾਰਤੀਯ ਸਾਹਿਤਯ ਮੇਂ ਸ਼ਿੰਗਾਰ ਰਸ, ਪੰਨਾ 19

"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ। ਰਹਾਉ।
ਆਪੇ ਮਾਛੀ, ਮਛੁਲੀ ਆਪੇ ਪਾਣੀ ਜਾਲੁ।
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ।
ਆਪੇ ਬਹੁ-ਬਿਧਿ ਰੰਗੁਲਾ ਸਖੀਏ ਮੇਰਾ ਲਾਲੁ।
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ।
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰ ਤੂ ਹੰਸੁ।
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਾਸੁ।"[1]

ਗੁਰੂ ਨਾਨਕ ਦਾ ਪਰਮਾਤਮਾ ਰਸ, ਰਸੀਆ, ਚੋਲਾ, ਇਸਤਰੀ, ਸੇਜ, ਪਤੀ, ਮਾਛੀ, ਪਾਣੀ, ਜਾਲ ਤੇ ਕਮਲ ਦਾ ਫੁੱਲ ਆਪ ਹੀ ਹੈ। ਗੁਰੂ ਨਾਨਕ ਦਾ ਨਾਇਕ, ਜੋਗੀ, ਭੋਗੀ, ਸੁਰਗ, ਮਾਤ, ਪਾਤਾਲ ਵਿੱਚ ਇਕੋ ਜਿਹਾ ਹੈ। ਕਿਸੇ ਨੂੰ ਉਸਦਾ ਅੰਤ ਨਹੀਂ ਲੱਭਾ ਹੈ। ਉਹ ਪਸਾਰੇ ਵਿੱਚ ਪ੍ਰਤੱਖ ਦਿਸਦਾ ਹੈ ਜਿਵੇਂ:

"ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ।
ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ। ਰਹਾਉ।
ਤੁਧੁ ਸੰਸਾਰੁ ਉਪਾਇਆ, ਸਿਰੇ ਸਿਰਿ ਧੰਧੇ ਲਾਇਆ
ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ
ਪਰਗਟਿ ਪਾਹਾਰੈ ਜਾਪਦਾ ਸਭੁ ਨਾਵੈ ਨੋ ਪਰਤਾਪਦਾ
ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ।"[2]

ਗੁਰੂ ਨਾਨਕ ਦਾ ਨਾਇਕ ਉਪਰ ਲਿਖੇ ਅਨੁਸਾਰ ਹੈ।

---

1. ਸਿਰੀ ਰਾਗੁ (ਪਦੇ), ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 125
2. ਉਹੀ, ਪੰਨੇ 196-197

ਜਿਵੇਂ ਨਾਇਕ ਦੇ ਸੰਕਲਪ ਦੀ ਭਿੰਨਤਾ ਹੈ ਇਸੇ ਤਰ੍ਹਾਂ ਨਾਇਕਾ ਦੇ ਵੀ ਰੂਪ ਦਾ ਪ੍ਰਗਟਾ ਵੱਖਰਾ ਹੈ। "ਨਟਯ ਸ਼ਾਸਤਰ ਵਿੱਚ ਨਾਇਕਾ ਭੇਦ ਕਈ ਦ੍ਰਿਸ਼ਟੀਕੋਣਾਂ ਤੋਂ ਕੀਤੇ ਗਏ ਹਨ ਜਿਵੇਂ:

(ੳ) ਪ੍ਰਕ੍ਰਿਤੀ ਅਨੁਸਾਰ ਤਿੰਨ ਭੇਦ: ਉੱਤਮ, ਮੱਧਮ, ਅੱਧਮ

(ਅ) ਯੌਬਨਾ ਅਨੁਸਾਰ ਚਾਰ ਭੇਦ: ਪਹਿਲਾ, ਦੂਜਾ, ਤੀਜਾ, ਚੌਥਾ

(ੲ) ਸਮਾਜਿਕ ਦ੍ਰਿਸ਼ਟੀ ਅਨੁਸਾਰ ਤਿੰਨ ਭੇਦ: ਵੇਸਵਾ, ਕੁਲਜਾ, ਪ੍ਰੇਸ਼ਯਾ

(ਸ) ਸ਼ੀਲ ਦ੍ਰਿਸ਼ਟੀ ਅਨੁਸਾਰ 21 ਭੇਦ ਮੰਨੇ ਗਏ ਹਨ

(ਹ) ਅਵਸਥਾ ਅਨੁਸਾਰ 7 ਭੇਦਾਂ ਦਾ ਜ਼ਿਕਰ ਹੈ

(ਕ) ਸਵਕੀਯਾ, ਪਰਕੀਯਾ, ਸਮਾਨਯਾ ਨਾਇਕਾ ਰੂਪਾਂ ਦਾ ਜ਼ਿਕਰ ਹੈ।"[1]

ਨਾਇਕਾ ਚਿਤਰਣ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਭਿੰਨ ਹੈ। ਉਨ੍ਹਾਂ ਦੀ ਨਾਇਕਾ ਆਤਮਾ ਦੀ ਸੁਧੀ ਨਾਲ ਸਬੰਧਤ ਦੁਨਿਆਵੀ ਨਾਵਾਂ ਨਾਲ ਪੁਕਾਰੀ ਬਹੁਪੱਖੀ ਤੇ ਬਹੁਰੂਪੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਨਾਰੀ, ਧਨ, ਸਾਧਨ, ਸਹੇਲੀ, ਸੁਹਾਗਣ, ਦੁਹਾਗਣ ਮਹਿਲੀ, ਕਾਮਣਿ, ਮੋਹਣੀ, ਜੋਰੂ, ਸਜਨੀ, ਨਾਰਿ ਆਦਿ ਨਾਵਾਂ ਨਾਲ ਸੰਬੋਧਨ ਕੀਤਾ ਹੈ। ਇਹ ਸਾਰੇ ਰੂਪ ਪ੍ਰਕੀਯਾ ਰੂਪ ਹਨ ਭਾਵੇਂ ਸ਼ਬਦ ਨਾਇਕਾ ਵਾਲੇ ਵਰਤੇ ਹਨ ਪਰ ਸਪਸ਼ਟ ਹੈ ਇਨ੍ਹਾਂ ਸ਼ਬਦਾਂ ਦੇ ਅਰਥ ਉਹ ਨਹੀਂ ਹੋਏ ਇਨ੍ਹਾਂ ਰਾਹੀਂ ਨਾਇਕਾ ਦਾ ਪਰੰਪਰਾਗਤ ਸੰਕਲਪ ਹੈ। ਗੁਰੂ ਸਾਹਿਬ ਦੀ ਨਾਇਕਾ ਆਤਮਾ ਹੈ ਜੋ ਹਰ ਸਮੇਂ ਪਰਮਾਤਮਾ ਦੀ ਅਭੇਦਤਾ ਲਈ ਲੋਚਦੀ ਹੈ। ਇਨ੍ਹਾਂ ਰੂਪਾਂ ਰਾਹੀਂ ਪ੍ਰਭੂ ਦੇ ਮਿਲਾਪ ਲਈ ਆਤਮਾ ਨੂੰ ਤਿਆਰ ਕੀਤਾ ਗਿਆ ਹੈ। ਡਾ: ਤਾਰਨ ਸਿੰਘ ਨੇ ਵੀ ਕਿਹਾ ਹੈ:

> "ਭਗਤ ਨਾਨਕ ਨੇ ਜਿਸ ਸਬੰਧ ਵਿੱਚ ਪ੍ਰਭੂ ਨੂੰ ਸਭ ਤੋਂ ਵੱਧ ਅਨੁਭਵ ਕੀਤਾ ਹੈ ਉਹ ਹੈ ਪਤੀ ਪਤਨੀ ਧਨ ਪਿਰ, ਸੁਹੁ ਧਨ, ਮੁੰਧ ਪਿਰ, ਸੁਹਾਗਣ ਸੁਹਾਗ, ਕੰਤ ਸਹੇਲੀ ਦਾ ਸਬੰਧ ਹੈ।"[2]

1. ਭਰਤ ਮੁਨੀ, ਨਾਟਯ ਸ਼ਾਸਤਰ, ਅਧਿਆਏ 24
2. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 188

ਗੁਰੂ ਨਾਨਕ ਦਾ ਪ੍ਰੀਤਮ ਦੁਨਿਆਵੀ ਰਿੰਨ੍ਹਾਂ ਨਾਲ ਪੁਕਾਰਿਆ ਵੀ ਅਧਿਆਤਮਕ ਹੈ। ਦੁਨਿਆਵੀ ਰਤੀ ਵਿਚ ਨਾਇਕ ਦਾ ਨਾਇਕਾ ਨਾਲ ਸਰੀਰਕ ਚੇਸ਼ਟਾਵਾਂ, ਸਰੀਰਕ ਮੇਲ, ਚੁੰਬਨ, ਗਲਵਕੜੀ, ਕਾਮ ਨਾਲ ਜੁੜਿਆ ਸਬੰਧ ਹੁੰਦਾ ਹੈ ਪਰ ਗੁਰੂ ਨਾਨਕ ਦਾ ਪ੍ਰੀਤਮ ਇਨ੍ਹਾਂ ਤੋਂ ਨਿਰਲੇਪ ਸ਼ੁਧ ਅਤੇ ਉਜਵਲ, ਰੂਹਾਨੀ ਰੂਪ ਵਿੱਚ ਸਾਹਮਣੇ ਆਉਂਦਾ ਹੈ। ਦੁਨਿਆਵੀ ਰਤੀ ਵਿੱਚ ਜਿਥੇ ਪ੍ਰੀਤਮ ਦੀ ਜਿਸਮਾਨੀ ਰੂਹ ਤੇ ਸੁੰਦਰਤਾ ਟੁੰਬਦੀ ਹੈ ਉਥੇ ਅਧਿਆਤਮਕ ਰਤੀ ਰੂਹ ਦੀ ਖੁਰਾਕ ਹੈ, ਆਤਮਾ ਦੀ ਆਵਾਜ਼ ਹੈ। ਇਥੇ ਪ੍ਰੀਤਮ ਪਿਆਰਾ ਵੀ ਹੈ ਰੂਹ ਨੂੰ ਸਰੂਰਦਾ ਵੀ ਹੈ। ਦੁਨਿਆਵੀ ਪ੍ਰੀਤਮ ਦੀ ਮਿਸਾਲ ਦੇ ਕੇ ਇਸ ਨੂੰ ਹੋਰ ਸਪਸ਼ਟ ਕਰ ਸਕਦੇ ਹਾਂ ਜਿਵੇਂ ਵਾਰਸ ਸ਼ਾਹ ਨੇ ਆਪਣੀ ਰਚਨਾ ਵਿਚ ਹੀਰ ਰਾਂਝੇ ਜਾਂ ਫ਼ਜ਼ਲ ਸ਼ਾਹ ਨੇ ਸੋਹਣੀ ਮਹੀਂਵਾਲ ਆਦਿ ਵਿਚ ਜਿਸਮਾਨੀ ਅਤੇ ਦੁਨਿਆਵੀ ਖੂਬਸੂਰਤੀ ਦਾ ਜ਼ਿਕਰ ਇਉਂ ਕੀਤਾ ਹੈ।

"ਕੈਂਠੇ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜ਼ੁਲਫ਼ ਮੁੱਖੜੇ ਤੇ ਪਰੇਸ਼ਾਨ ਹੋਈ
ਛਿੰਨੇ ਵਾਲ ਚੁਨੇ ਮੱਥੇ ਚੰਦ ਰਾਂਝਾ, ਨੈਣੀ ਕਜਲੇ ਦੀ ਘਸਮਾਣ ਹੋਈ
ਰੂਪ ਜੱਟ ਦਾ ਵੇਖ ਕੇ ਚਾਣ ਲੱਗੀ, ਹੀਰ ਘੋਲ ਘਤੀ ਸਰਗਰਦਾਨ ਹੋਈ
ਖੁਸ਼ੀ ਨਾਲ ਉਹਦਾ ਜੁੱਸਾ ਫੁਲ ਗਿਆ, ਜਿਵੇਂ ਫੁਲ ਨੇ ਤੇ ਵੜੀ ਠਾਣ ਹੋਈ।"[1]

ਇਥੇ ਅਸੀਂ ਦੁਨਿਆਵੀ ਰਤੀ ਦੇ ਭਾਵ ਸਪਸ਼ਟ ਵੇਖ ਸਕਦੇ ਹਾਂ। ਜਿਵੇਂ ਰਾਂਝੇ ਦੀ ਪ੍ਰੀਤ ਜਿਸਮਾਨੀ ਤੇ ਸੁੰਦਰਤਾਮਈ ਹੈ। ਦੁਨਿਆਵੀ ਪ੍ਰੀਤਮ ਆਲੰਬਨ ਵਿਭਾਵ ਹੈ ਉਸ ਦੇ ਕੰਨਾਂ ਦੇ ਵਾਲੇ, ਮੁਖੜੇ ਦੀ ਜ਼ੁਲਫ਼, ਕੈਂਠੇ ਵੰਝਲੀ, ਚੰਦ ਵਰਗਾ ਮੱਥਾ ਆਦਿ ਉਦੀਪਨ ਵਿਭਾਵ ਹਨ ਜੋ ਹੀਰ ਅੰਦਰਲੀ ਰਤੀ ਨੂੰ ਉਦੀਪਨ ਕਰਦੇ ਹਨ ਅਤੇ ਉਹ ਇਸ ਰਤੀ ਵਿਚੋਂ ਅਨੰਦ ਮਾਣਦੀ ਹੈ। ਰਾਂਝੇ ਦੀ ਸੁੰਦਰਤਾ ਨਸ਼ਟ ਹੋਣ ਤੇ ਜਾਂ ਉਸਦੀ ਬੇਵਫ਼ਾਈ ਕਾਰਨ ਇਹ ਰਤੀ ਖ਼ਤਮ ਹੋ ਸਕਦੀ ਹੈ ਤੇ ਨਫ਼ਰਤ ਵਿੱਚ ਬਦਲ ਸਕਦੀ ਹੈ। ਦੂਜਾ ਇਥੇ ਪ੍ਰੀਤਵਾਨ ਦੀ ਇਹ ਤੀਬਰ ਇੱਛਾ ਹੁੰਦੀ ਹੈ ਕਿ ਉਸਦਾ ਪ੍ਰੀਤਮ ਵੀ ਉਸ ਨੂੰ ਪਿਆਰ ਕਰੇ ਪਰ ਅਜੇਹਾ ਪਿਆਰ ਨਾ ਮਿਲਣ ਕਾਰਨ ਇਹ ਰਤੀ ਅਨੰਦਦਾਇਕ ਹੋਣ ਦੀ ਬਜਾਏ ਦੁਖਾਤਮਕ ਵੀ ਹੋ ਸਕਦੀ ਹੈ। ਤੀਜਾ ਇਸ ਪ੍ਰੀਤ ਵਿਚ ਜਿਸਮਾਨੀ ਮਿਲਾਪ ਦੀ ਚੇਸ਼ਟਾ ਬਣੀ ਰਹਿੰਦੀ ਹੈ। ਇਸ ਦੇ ਉਲਟ ਰਬੀ ਪ੍ਰੀਤ ਵਿਚ ਪ੍ਰੀਤਵਾਨ ਨੂੰ ਆਪਣੀ ਪ੍ਰੀਤ ਵਿਚੋਂ ਵੀ ਪ੍ਰੀਤਮ ਦਾ ਪਿਆਰ ਨਜ਼ਰ ਆਉਂਦਾ ਹੈ ਜੋ ਉਸ ਦੇ ਅਨੰਦ ਨੂੰ ਕਾਇਮ ਰੱਖਦਾ ਹੈ।

1. <u>ਹੀਰ ਵਾਰਿਸ</u>, ਪੰਨਾ 18

ਰੱਬੀ ਪ੍ਰੀਤ ਖਤਮ ਹੋਣ ਵਾਲੀ ਨਹੀਂ ਹੁੰਦੀ ਨਾ ਉਸ ਵਿੱਚ ਬੇਵਫਾਈ ਦਾ ਡਰ ਹੁੰਦਾ ਹੈ ਸਗੋਂ ਸਾਧਕ ਆਪਣੇ ਵਿੱਚ ਹੋਰ ਰੱਬੀ ਗੁਣ ਭਰਦਾ ਹੈ ਤਾਂ ਜੋ ਉਹ ਪਰਮਾਤਮਾ ਦੇ ਦਰ ਤੇ ਕਬੂਲ ਹੋ ਸਕੇ। ਸਾਧਕ ਦੁੱਖ ਤੇ ਸੁੱਖ ਤੋਂ ਅਤੀਤ ਰਹਿੰਦਾ ਹੈ। ਦੈਵੀ ਸੁੰਦਰਤਾ, ਸਦੀਵੀ, ਅਸੀਮ, ਅਮਿਟ, ਅਮਰ, ਅਕੱਥ ਤੇ ਸਰਵ ਵਿਆਪੀ ਹੁੰਦੀ ਹੈ ਜੋ ਹਰ ਸ਼ੈ, ਹਰ ਜ਼ੱਰੇ, ਹਰ ਸਮੇਂ ਮੌਜੂਦ ਹੈ, ਜੋ ਜਾਗਰਤ ਹੋ ਚੁੱਕੀ ਰਤੀ ਨੂੰ ਤੀਬਰ ਕਰਦੇ ਹਨ। ਪ੍ਰੀਤਵਾਨ ਖੁਦ ਆਪਣੇ ਪ੍ਰੀਤਮ ਨੂੰ ਪਿਆਰ ਕਰਕੇ ਅਨੰਦ ਮਾਣਦਾ ਹੈ। ਦੈਵੀ ਪ੍ਰੀਤਮ ਨੂੰ ਪਿਆਰ ਕਰਕੇ ਜੀਵ ਆਤਮਾ ਪਿਆਰ ਵਿੱਚ ਮੁਗਧ ਹੋ ਜਾਂਦੀ ਹੈ ਤੇ ਮਨ ਨੂੰ ਅਨੰਦਮਈ ਅਵਸਥਾ ਅਨੁਭਵਾਂ ਰਾਹੀਂ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

"ਆਪੇ ਬਹੁਬਿਧਿ ਰੰਗੁਲਾ ਸਖੀਏ ਮੇਰਾ ਲਾਲੁ
ਨਿਤ ਰਵੈ ਸੁਹਾਗਣੀ ਦੇਖੁ ਹਮਾਰਾ ਹਾਲੁ।"[1]

ਇਥੇ ਗੁਰੂ ਨਾਨਕ ਦਾ ਪ੍ਰੀਤਮ ਆਲੰਬਨ ਵਿਭਾਵ ਪਰਮਾਤਮਾ ਹੈ। ਸੁਧ ਆਤਮਾ ਨਾਇਕਾ ਹੈ। ਰਤੀ ਦਾ ਸੁਭਾ ਆਤਮਕ ਪਰਪੱਕਤਾ, ਸਦੀਵੀ, ਅਮਰ ਤੇ ਅਮਿਟ ਹੈ। ਸੰਚਾਰੀ ਭਾਵ ਆਤਮਿਕ ਅਨੰਦ ਦੀ ਪਰਪਾਤੀ ਵਲ ਮਨੁੱਖ ਨੂੰ ਲੈ ਜਾਂਦੇ ਹਨ। ਹੇਠਲੇ ਚਾਰਟ ਤੋਂ ਸਪਸ਼ਟ ਹੈ:

<u>ਗੁਰੂ ਨਾਨਕ ਦੀ ਕਵਿਤਾ ਅਨੁਸਾਰ ਰਤੀ ਦਾ ਸੁਭਾ</u>

| | | | | |
|---|---|---|---|---|
| ਅਧਿਆਤਮਕ ਰਤੀ | ਉਜਲ ਭਾਵ ਰਤੀ | ਆਲੰਬਨ ਵਿਭਾਵ ਦੈਵੀ ਪ੍ਰੀਤਮ (ਨਾਇਕ) ਸੁਧ ਆਤਮਾ (ਨਾਇਕਾ) | ਉਦੀਪਨ ਵਿਭਾਵ ਦੈਵੀ, ਸਦੀਵਤਾ, ਅਮਰਤਾ, ਅਕੱਥਤਾ ਅਗੰਮਤਾ | ਸੰਚਾਰੀ ਭਾਵ ਗਰਵ, ਹਰਸ਼ ਨਿਰਵੇਦ, ਮੋਹ, ਵਿਸ਼ਾਦ, ਆਵੇਗ |
| ਦੁਨਿਆਵੀ ਰਤੀ | ਭਾਵ ਰਤੀ ਕਾਮ ਰਤੀ ਸਿੰਗਾਰ ਰਤੀ | ਆਲੰਬਨ ਵਿਭਾਵ ਨਾਇਕ (ਰਾਂਝਾ) ਨਾਇਕਾ (ਹੀਰ) | ਉਦੀਪਨ ਵਿਭਾਵ ਨੈਣਾਂ ਦੇ ਵਾਣ, ਮੁਖੜੇ ਦੀ ਜ਼ੁਲਫ, ਨੈਣੋਂ [illegible], ਚੰਦ [illegible] ਮੁੱਖ | ਸੰਚਾਰੀ ਭਾਵ ਵਿਰੋਧ, ਉਗਰਤਾ ਤਰਾਸ, ਜੜ੍ਹਤਾਨ, ਗਰਵ, ਹਰਸ਼, ਨਿਰਵੇਦ ਮੋਹ, ਵਿਸ਼ਾਦ ਆਵੇਗ |

1. ਸਿਰੀ ਰਾਗੁ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 125

ਇਸ ਚਾਰਟ ਤੋਂ ਅਧਿਆਤਮਕ ਰਤੀ ਤੇ ਦੁਨਿਆਵੀ ਰਤੀ ਦਾ ਫ਼ਰਕ ਪਤਾ ਲੱਗਦਾ ਹੈ। ਦੁਨਿਆਵੀ ਤੇ ਗੁਰੂ ਸਾਹਿਬ ਦੁਆਰਾ ਵਰਨਿਤ ਰਤੀ ਦੀ ਬੁਨਿਆਦ ਤੇ ਮਕਸਦ ਵਿੱਚ ਫ਼ਰਕ ਸਪੱਸ਼ਟ ਹੈ। ਗੁਰੂ ਨਾਨਕ ਦੀ ਰਤੀ ਦਾ ਸੁਭਾ ਰੂਹਾਨੀ ਹੈ। ਗੁਰੂ ਨਾਨਕ ਦੇਵ ਜੀ ਕੀ ਕਵਿਤਾ ਵਿੱਚ ਨਾਇਕ ਤੇ ਨਾਇਕਾ ਦਾ ਸਰੂਪ ਪ੍ਰੇਮ ਪ੍ਰਤੀ ਕਰਮ ਰਤੀ ਦਾ ਸੁਭਾ ਹੈ। ਇਸਤ੍ਰੀ ਪੁਰਸ਼ ਦੇ ਪ੍ਰਤੀਕ ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿੱਚ ਰੂਪਮਾਨ ਹਨ ਜਿਵੇਂ:

ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ। ਰਹਾਉ।"[1]

ਭਾਵ ਮੇਰਾ ਪ੍ਰਭੂ ਪਤੀ ਬਣ ਕੇ ਆਪ ਮੇਰੇ ਹਿਰਦੇ ਵਿਚ ਆ ਵਿਰਾਜਿਆ ਹੈ।

ਜਾਂ

" ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾ

ਸਹੁ ਮਿਲਿਆ ਤਾਂ ਜਾਨਿਆ।"[2]

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚਲੀ ਰਤੀ ਅਨੁਸਾਰ ਉਨ੍ਹਾਂ ਭਾਵਾਂ ਦੀ ਤਸਵੀਰ ਰੂਪਮਾਨ ਹੈ ਜੋ ਲਿੰਗਾਤਮਿਕ ਹੁੰਦੇ ਹੋਏ ਵੀ ਅਧਿਆਤਮਕ ਹਨ ਜਿਵੇਂ ਨਰ ਨਾਰੀ ਚਿਤਰਣ, ਪਤੀ ਪਤਨੀ ਸਬੰਧ, ਸਰੀਰਕ ਸੁੰਦਰਤਾ, ਚੰਚਲਤਾ, ਮੋਹ, ਦ੍ਰਿਸ਼ਟੀ, ਪ੍ਰਭੂ ਨੂੰ ਦੀਦਾਰ ਦੇ ਮਾਰਗ ਸ਼ਾਮਲ ਹਨ ਜੋ ਆਤਮਾ ਦੀ ਇਕਸੁਰਤਾ, ਅਭੇਦਤਾ, ਇਕਮਿਕਤਾ ਜਾਂ ਮਨੁੱਖੀ ਦ੍ਰਿਸ਼ਟੀ ਨੂੰ ਸੁਧਾਰਨ ਦੇ ਸੂਚਕ ਹਨ ਜਿਨ੍ਹਾਂ ਦਾ ਬਾਹਰੀ ਰੂਪ ਦੁਨਿਆਵੀ ਹੁੰਦੇ ਹੋਏ ਵੀ ਅਧਿਆਤਮਕ ਹੈ ਜਿਵੇਂ:

"ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ।"[3]

---

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 406
2. ਉਹੀ
3. ਉਹੀ

ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿੱਚ ਜੋ ਵੱਖ ਵੱਖ ਰਤੀ ਦੇ ਸੁਭਾ ਮਿਲਦੇ ਹਨ ਉਨ੍ਹਾਂ ਦੀ ਪ੍ਰਕਾਰ ਵੰਡ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ। ਇਨ੍ਹਾਂ ਸਾਰਿਆਂ ਦਾ ਸੋਮਾ ਪਰਮਾਤਮਾ ਹੈ। ਉਦਾਹਰਣ ਦੁਨਿਆਵੀ, ਜਿਸਮਾਨੀ, ਸਿੰਗਾਰਮਈ ਭਾਵੇਂ ਹਨ ਪਰ ਉਨ੍ਹਾਂ ਦੀ ਜੜ੍ਹ ਪ੍ਰਭੂ ਦੀ ਰਤੀ ਹੈ ਜਿਵੇਂ ਡਾਕਟਰ ਰਾਮ ਸਵਾਰਥ ਚੌਧਰੀ ਨੇ ਕਿਹਾ ਹੈ "ਇਹ ਨਿਸਚਤ ਹੈ ਕਿ ਈਸ਼੍ਵਰੀ ਰਤੀ ਜਾਂ ਭਗਤੀ ਸਬੰਧੀ ਜੋ ਕਾਵਿ ਰਚਿਆ ਗਿਆ ਹੈ ਉਸ ਤੋਂ ਭਗਤ ਪਾਠਕਾਂ ਦੇ ਹਿਰਦੇ ਅਵੱਸ਼ ਰਸ-ਮਗਨ ਹੁੰਦੇ ਹਨ। ਉਜਵਲ ਰਸ ਤੇ ਮਧੁਰ ਰਸ ਭਗਤੀ ਭਾਵ ਤੋਂ ਪ੍ਰਗਟ ਹੁੰਦੇ ਹਨ ਰਤੀ ਉਸ ਵਿੱਚ ਸਥਾਈ ਹੁੰਦੀ ਹੈ।"[1] ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿਚੋਂ ਹੇਠ ਲਿਖੇ ਰਤੀ ਦੇ ਸੁਭਾ ਪ੍ਰਗਟ ਹੁੰਦੇ ਹਨ।

1. ਉਜਵਲ ਜਾਂ ਸੁਧ ਰਤੀ
2. ਸੁਧ ਅਦਵੈਤ ਰਤੀ
3. ਸ਼ਾਂਤ ਜਾਂ ਮਧੁਰ ਰਤੀ
4. ਗੰਭੀਰ ਰਤੀ
5. ਅਲੌਕਿਕ ਰਤੀ
6. ਰੂਹਾਨੀ ਰਤੀ

ਰਤੀ ਦਾ ਸ਼ੁਧ ਜਾਂ ਉਜਵਲ ਰੂਪ ਪ੍ਰਭੂ ਪਰਮਾਤਮਾ ਦੀ ਗਹਿਰੀ ਸੁੱਚੀ ਪ੍ਰੀਤ, ਉਸ ਦੀ ਪ੍ਰਾਪਤੀ, ਉਸ ਦਾ ਨੇਹ, ਮੋਹ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਮੌਜੂਦ ਹਨ ਜਿਵੇਂ:

"ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ।
ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੂ ਕਿਰਪਾ ਕਰੇ।
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ।"[2]

---

1. ਰਾਮ ਸਵਾਰਥ ਚੌਧਰੀ, *ਮਧੁਰ ਰਸ ਸਰੂਪ ਔਰ ਵਿਕਾਸ*, ਪੰਨਾ 295
2. ਰਾਗੁ ਆਸਾ ਛੰਤ ਮ: ੧, *ਗੁਰੂ ਨਾਨਕ ਬਾਣੀ ਪ੍ਰਕਾਸ਼*, ਪੰਨਾ 528

ਸ਼ੁੱਧ ਅਦ੍ਵੈਤ ਰਤੀ ਵਿੱਚ ਮਸਤ ਇਸਤਰੀ ਨੂੰ ਆਪਣੇ ਆਪ ਹਰੀ ਪ੍ਰੇਮ ਦਾ ਰਸ ਮਾਣਦੇ ਹੋਏ ਭੈ ਦਾ ਸੁਰਮਾ ਅਤੇ ਪ੍ਰੇਮ ਦਾ ਸ਼ਿੰਗਾਰ ਕਰਨ ਨੂੰ ਕਿਹਾ ਹੈ। ਰਤੀ ਪ੍ਰਗਟਾਉਣ ਲਈ ਸ਼ਿੰਗਾਰ ਦਾ ਸ਼ੁਧ ਰੂਪ ਹੇਠਲੀ ਉਦਾਹਰਣ ਵਿਚੋਂ ਸਪਸ਼ਟ ਪ੍ਰਗਟ ਹੈ। ਲੋਭ, ਮੋਹ, ਹੰਕਾਰ ਵਿੱਚ ਮਸਤ ਮਾਇਆ ਵਿੱਚ ਫਸੀ ਇਸਤਰੀ ਨੂੰ ਸੁਨੇਹਾ ਰਤੀ ਦੇ ਰੂਪ ਵਿੱਚ ਇਉਂ ਦਿੱਤਾ ਹੈ।

"ਇਆਨੜੀਏ ਮਾਨੜਾ ਕਾਇ ਕਰੇਹਿ
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।

— — —

— — —

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।"[1]

ਅਲੌਕਿਕ ਰਤੀ ਵਿੱਚ ਜੀਵ ਇਸਤਰੀ ਮਾਇਆ ਦੇ ਮੋਹ ਵਿੱਚ ਫਸੀ ਪ੍ਰਭੂ ਦੀ ਕਦਰ ਨਹੀਂ ਜਾਣ ਸਕੀ। ਜੋ ਜੀਵ ਇਸਤਰੀ ਸੰਸਾਰਕ ਮੋਹ ਤੋਂ ਨਿਕਲ ਕੇ ਪ੍ਰਭੂ ਨਾਲ ਜੁੜ ਕੇ ਸੱਚ ਨੂੰ ਪਛਾਣ ਲੈਂਦੀ ਹੈ ਉਹ ਪ੍ਰਭੂ ਪਤੀ ਨੂੰ ਚੰਗੀ ਲੱਗਣ ਲੱਗ ਪੈਂਦੀ ਹੈ। ਜਿਹੜੀ ਜੀਵ ਇਸਤਰੀ ਪਰਮਾਤਮਾ ਦੇ ਘਰ ਤੇ ਪ੍ਰੇਮ ਦਾ ਸ਼ਿੰਗਾਰ ਕਰਦੀ ਹੈ ਉਸਦੀ ਹਿਰਦੇ ਸੇਜਾ ਤੇ ਪ੍ਰਭੂ ਪਤੀ ਉਸ ਨੂੰ ਮਾਣਦਾ ਹੈ।

"ਪੇਵਕੜੈ ਧਨ ਖਰੀ ਇਆਣੀ।
ਤਿਸੁ ਸਹ ਕੀ ਮੈ ਸਾਰ ਨ ਜਾਣੀ।
ਸਹੁ ਮੇਰਾ ਏਕੁ ਦੂਜਾ ਨਹੀ ਕੋਈ।
ਨਦਰਿ ਕਰੇ ਮੇਲਾਵਾ ਹੋਈ। ਰਹਾਉ।
ਸਾਹੁਰੜੈ ਧਨ ਸਾਚੁ ਪਛਾਣਿਆ।

---

1. ਤਾਰਨ ਸਿੰਘ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 759-60

ਸਹਜਿ ਸੁਭਾਇ ਅਪਣਾ ਪਿਰੁ ਜਾਣਿਆ।

— — —

ਤਾਂ ਕਾਮਣਿ ਕੰਤੈ ਮਨਿ ਭਾਵੈ।

— — —

ਸਦ ਹੀ ਸੇਜੈ ਰਵੈ ਭਤਾਰੁ।"[1]

ਅਲੌਕਿਕ ਰਤੀ ਰਾਹੀਂ ਜੀਵ ਇਸਤਰੀ ਨੂੰ ਭੈ ਤੇ ਭਾਵ ਦਾ ਸ਼ਿੰਗਾਰ ਇਕਸੁਰਤਾ ਪ੍ਰਭੂ ਨਾਲ ਜੁੜਨ ਦੀ ਪ੍ਰੇਰਨਾ ਤੇ ਪਰਮਾਤਮਾ ਦੇ ਘਰ ਵਿਚ ਪ੍ਰੇਮ ਦਾ ਸ਼ਿੰਗਾਰ ਕਰਨ ਦੀ ਸਿਖਿਆ ਦਿੱਤੀ ਹੈ ਜੋ ਅਲੌਕਿਕ ਰਤੀ ਦੇ ਰੂਪ ਨੂੰ ਪ੍ਰਗਟਾਉਂਦੀ ਹੈ।

ਗੰਭੀਰ ਤੇ ਸ਼ਾਂਤ ਰਤੀ ਮਨੁੱਖੀ ਭਾਵਾਂ ਨੂੰ ਸ਼ਾਂਤ, ਅਡੋਲ, ਅਚਿਲ ਤੇ ਵਿਆਪਕ ਬਣਾਉਂਦੀ ਹੋਈ ਸ਼ਾਂਤੀ ਤੇ ਸਹਿਜ ਦਾ ਗਿਆਨ ਦਵਾਉਂਦੀ ਹੈ। ਪ੍ਰਭੂ ਦਾ ਪਿਆਰ ਸ਼ਾਂਤੀ ਦਾ ਪ੍ਰਤੀਕ ਹੈ। ਜੀਵ ਇਸਤਰੀ ਨੂੰ ਉਸਦੇ ਪ੍ਰੇਮ ਵਿਚ ਗੜੂੰਦ ਹੋਣ ਲਈ ਕਿਹਾ ਹੈ ਕਿਉਂਕਿ ਉਹ ਕਰਨ ਕਰਾਵਨ ਹਾਰ ਹੈ:

"ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ
ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ
ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ।"[2]

ਪ੍ਰੋ: ਕੁਲਵੰਤ ਸਿੰਘ ਅਨੁਸਾਰ:

"ਨਾਨਕ ਬਾਣੀ ਵਿੱਚ ਜੋ ਰਹੱਸਵਾਦੀ ਅਨੁਭਵ ਦਰਜ ਹੈ ਉਸ ਦਾ ਸਾਰ ਗਤੀਸ਼ੀਲ ਅਤੇ ਸਰੂਪ ਸ਼ਕਤੀਮਾਨ ਹੈ, ਜਿਸ ਦੀ ਪ੍ਰੇਰਣਾ ਅਤੇ ਪ੍ਰਭਾਵ ਨੇ ਇਨਸਾਨੀ ਸੁਸਾਇਟੀ ਵਿੱਚ ਇਨਕਲਾਬੀ ਤਬਦੀਲੀ, ਨਵੀਨ ਵਿਸਤਾਰ ਤੇ

---

1. ਰਾਗੁ ਆਸਾ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 437
2. ਰਾਗੁ ਆਸਾ ਛੰਤ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 531

ਡੂੰਘਾਈ ਪੈਦਾ ਕੀਤੀ। ਦਰਖ਼ਤ ਆਪਣੇ ਫਲ ਤੋਂ ਪਛਾਣਿਆ ਜਾਂਦਾ ਹੈ।"[1]

ਇਸੇ ਤਰ੍ਹਾਂ ਪ੍ਰੇਮ ਦੀ ਵਿਆਪਕ ਭਾਵਨਾ ਰਤੀ ਹੈ। ਸਾਹਿਤ ਦੇ ਸਾਰੇ ਰਸਾਂ ਵਿਚੋਂ ਉਤਮ ਭਾਵ ਰਤੀ ਹੈ, ਜਿਵੇਂ ਰਤੀ ਬਾਰੇ ਕਿਹਾ ਗਿਆ ਹੈ:

> "ਸਾਹਿਤਯ ਵਿੱਚ ਰਸ ਉਹ ਅਨੰਦਾਤਮਕ ਚਿਤ ਵਿਰਤੀ ਅਥਵਾ ਮਨੋ ਅਨੁਭਵ ਨੂੰ ਕਿਹਾ ਜਾਂਦਾ ਹੈ ਜਿਹੜਾ ਵਿਭਾਵ, ਅਨੁਭਾਵ ਅਥਵਾ ਸੰਚਾਰੀ ਭਾਵਾਂ ਦੁਆਰਾ ਕਿਸੇ ਸਥਾਈ ਭਾਵ ਨੂੰ ਵਿਅੰਜਨ ਅਥਵਾ ਸਥਾਈ ਕਰਨ ਸਮੇਂ ਉਤਪੰਨ ਹੁੰਦਾ ਹੈ ਰਸ ਸਾਰੀਆਂ ਲਲਿਤ ਕਲਾਵਾਂ ਦੀ ਜਿੰਦ ਹੈ।"[2]

ਰਤੀ ਭਾਵ ਦੀ ਮਹਾਨਤਾ ਹੀ ਸ਼ਿੰਗਾਰ ਰਸ ਨੂੰ ਰਸਰਾਜ ਬਣਾਉਂਦੀ ਹੈ। ਰਤੀ ਦੀ ਇਹ ਵਿਆਪਕਤਾ ਗੁਰੂ ਨਾਨਕ ਦੇਵ ਜੀ ਦੀ ਪ੍ਰਭੂ ਪ੍ਰੀਤ ਵਿੱਚ ਦੇਖੀ ਜਾ ਸਕਦੀ ਹੈ, ਜਿਵੇਂ:

> "ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ"[3]

> "ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ<br>ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ।"[4]

> "ਸਖਾ ਸੈਨੁ ਪਿਆਰੁ ਪ੍ਰੀਤਮ।"[5]

> "ਸਖਾ ਸੈਨੁ ਪ੍ਰੇਮੁ ਗੋਬਿੰਦ।"[6]

---

1. ਗੁਲਜ਼ਾਰ ਸਿੰਘ, ਕਿਨ ਬੇਜ ਪੱਤਰ, ਪੰਨਾ 91
2. ਧੀਰੇਂਦਰ ਵਰਮਾ, ਹਿੰਦੀ ਸਾਹਿਤਯ ਕੋਸ਼, ਪੰਨਾ 613
3. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 174
4. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1243
5. ਰਾਗੁ ਗਉੜੀ ਛੰਤ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1271
6. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 408

"ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ"[1]

"ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ॥"[2]

"ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ।"[3]

ਰਤੀ ਤੋਂ ਭਾਵ ਮੋਹ ਹੈ:

"ਮੋਹੁ ਕੁਟੰਬੁ ਮੋਹੁ ਸਭ ਕਾਰ
— —
ਮੋਹੁ ਤੁਮ ਤਜਹੁ ਸਗਲ ਵੇਕਾਰ
ਮੋਹੁ ਅਰੁ ਭਰਮੁ ਤਜਹੁ ਤੁਮ ਬੀਰ
ਸਾਚੁ ਨਾਮੁ ਰਿਦੇ ਰਵੈ ਸਰੀਰ (ਰਹਾਉ)"[4]

ਦੁਨਿਆਵੀ ਮੋਹ ਤੋਂ ਨਿਰਲੇਪ ਹੋ ਕੇ ਰੂਹਾਨੀ ਪ੍ਰੇਮ ਰਾਹੀਂ ਹੀ ਸ਼ਾਂਤ ਰਤੀ ਦੀ ਉਪਜ ਹੋ ਸਕਦੀ ਹੈ। ਰਤੀ ਨਰ ਨਾਰੀ ਦੇ ਪਰਸਪਰ ਝੁਕਾ ਤੇ ਸਰੀਰਕ ਖਿੱਚ ਨੂੰ ਵੀ ਕਹਿੰਦੇ ਹਨ। ਪਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਇਸਤਰੀ ਪੁਰਸ਼ ਪਿਆਰ ਜੀਵ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਦਾ ਰਾਹ ਹੈ ਜਿਵੇਂ:

"ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ
ਸੋਹਨਿ ਮਸਤੀ ਪਾਸਿ ਹੁਕਮਿ ਸਿਗਾਰੀਆ
ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ।"[5]

1. ਰਾਗੁ ਆਸਾ ਛੰਤ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 518
2. ਰਾਗੁ ਗੂਜਰੀ ਅਸ਼ਟਪਦੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 634
3. ਰਾਗੁ ਆਸਾ ਮ.੧, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 436
4. ਉਹੀ, ਪੰਨਾ 431
5. ਵਾਰ ਮਾਝ ਕੀ ਪਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 282

ਗੁਰੂ ਨਾਨਕ ਸਾਹਿਬ ਨੇ ਚੂੜਾ, ਮਾਂਗ, ਸੰਧੂਰ, ਕਜਲ, ਹਾਰ ਸਿੰਗਾਰ, ਵਟਣਾ, ਚੂੜੀਆਂ, ਪਟੀਆਂ, ਫੁੱਲਮਾਲਾ, ਸੁਰਮਾ, ਮੁੰਦਰੀ, ਕੰਗਨ, ਕੰਚਨ ਕਾਇਆ, ਸੁਹਾਵੀ ਸੇਜ, ਪਲੰਘ, ਮੋਤੀ, ਹੀਰੇ ਜਵਾਹਰਾਤ ਦਾ ਜ਼ਿਕਰ ਜ਼ਰੂਰ ਕੀਤਾ ਹੈ ਪਰ ਉਸਦਾ ਦੁਨਿਆਵੀ ਸਿੰਗਾਰ ਚਿੰਨ ਰੂਪੀ ਹੈ ਅਸਲ ਵਿਚ ਇਸ ਚਿੱਤ ਦਾ ਸਾਖਸ਼ੀ ਪ੍ਰਭੂ ਲਈ ਸ਼ੁਭ ਅਮਲ, ਚੰਗੇ ਕਰਮ, ਨਾਮ ਦੀ ਸੋਭਾ, ਉਸਦੀ ਵਡਿਆਈ, ਬੁਰਾਈਆਂ ਦਾ ਨਾਸ਼ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਛੁਟਕਾਰਾ ਹੈ ਜਿਵੇਂ ਕਿ:

"ਨੈਨ ਸਲੋਨੀ ਸੁੰਦਰ ਨਾਰੀ
ਖੋੜ ਸੀਗਾਰ ਕਰੈ ਅਤਿ ਪਿਆਰੀ

— —

ਦਰ ਘਰ ਮਹਲਾ ਸੇਜ ਸੁਖਾਲੀ
ਅਹਿਨਿਸਿ ਫੂਲ ਬਿਛਾਵੈ ਮਾਲੀ।"[1]

ਪ੍ਰਸਤੁਤ ਰਤੀ ਦਾ ਸੁਭਾ ਦੁਨਿਆਵੀ ਹੈ, ਨਾਲ ਹੀ ਰਤੀ ਦਾ ਸੁਭਾ ਚੰਚਲ ਹੈ, ਪਰ ਗੁਰੂ ਨਾਨਕ ਦੇਵ ਜੀ ਦੀ ਸਹਿਜ ਪ੍ਰਤਿਭਾ ਰਾਹੀਂ ਸਮੁੱਚੀ ਰਚਨਾ ਵਿਚ ਰਤੀ ਦਾ ਸੁਭਾ ਸਦੀਵੀ ਭਾਵ ਦਾ ਸੂਚਕ ਹੈ, ਜਿਵੇਂ ਕਿ,

"ਹਰਿ ਵਰੁ ਜਿਨਿ ਪਾਇਆ ਧਨ ਨਾਰੀ।"[2]

ਰਤੀ ਦੇ ਉਦੀਪਨ ਹੋਣ ਨਾਲ ਪ੍ਰੇਮੀ ਅਤੇ ਪ੍ਰੇਮਿਕਾ ਦੀਆਂ ਅੰਤਰਿਕ ਪ੍ਰੇਮ ਕਿਰਿਆਵਾਂ ਦੇ ਹਾਵ ਭਾਵ ਵਿਅਕਤ ਹੁੰਦੇ ਹਨ, ਜਿਵੇਂ ਹਰਸ਼, ਲੱਜਾ, ਲਾਡ, ਮਨੋਵੇਗ ਆਦਿ। ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿੱਚ ਇਹੋ ਜਿਹੇ ਹਾਵ-ਭਾਵ ਵਿਅਕਤ ਹਨ ਪਰ ਉਨ੍ਹਾਂ ਦਾ ਸੁਭਾ ਸ਼ਾਂਤ ਅਤੇ ਉਜਵਲ ਹੈ:

"ਤਪੈ ਹਿਆਉ ਜੀਅੜਾ ਬਿਲਲਾਇ"[3]

1. ਗਉੜੀ ਗੁਆਰੇਰੀ ਮ. ੧, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 359
2. ਰਾਗੁ ਆਸਾ ਮ. ੧, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 414
3. ਰਾਗੁ ਧਨਾਸਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 722

"ਕੰਠ ਲਾਇ ਕੇ ਰਖਿਓਨੁ ਲਗੀ ਨ ਤਤੀ ਵਾਉ ਜੀਉ।"[1]

ਗੁਰੂ ਨਾਨਕ ਦੇਵ ਦੀ ਸਮੁੱਚੀ ਬਾਣੀ ਵਿੱਚ ਇਸਤਰੀ ਪੁਰਸ਼ ਸਬੰਧ ਆਤਮਾ ਪਰਮਾਤਮਾ ਤੇ ਮਧੁਰ ਰਤੀ ਦੇ ਰੂਪ ਵਿੱਚ ਉਘੜਦੇ ਹਨ ਜੋ ਕਾਮ ਰਤੀ ਦੀ ਬਿਨਸਪਤ ਸ਼ੁਧ, ਉਜਵਲ, ਰੂਹਾਨੀ ਤੇ ਮਧੁਰ ਰਤੀ ਦੇ ਸੁਭਾ ਨੂੰ ਪ੍ਰਗਟਾਉਂਦੇ ਹਨ।

ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਨੇ ਪਰਮਾਤਮਾ ਦੀ ਖ਼ੂਬਸੂਰਤੀ ਤੇ ਉਸਦਾ ਸਾਕਾਰ ਰੂਪ ਉਸ ਢੰਗ ਨਾਲ ਬਿਆਨਿਆ ਹੈ ਜਿਵੇਂ ਦੁਨਿਆਵੀ ਪ੍ਰੀਤਮ ਆਪਣੀ ਮਹਿਬੂਬਾ ਦੇ ਹੁਸਨ ਨੂੰ ਬਿਆਨਦਾ ਹੈ। ਉਸਦਾ ਪ੍ਰੀਤਮ ਸੰਸਾਰ ਦੀਆਂ ਸਭ ਵਸਤੂਆਂ ਤੋਂ ਸੁੰਦਰ ਅਤੇ ਉਤਮ ਹੈ। ਪਿਆਰ ਦੀ ਲੋਰ ਵਿੱਚ ਉਹ ਕਹਿ ਉਠਦੇ ਹਨ।

"ਤੇਰੇ ਬੰਕੇ ਲੋਇਣ ਦੰਤ ਰੀਸਾਲਾ
ਸੋਹਣੇ ਨਕ ਜਿਨ ਲੰਮੜੇ ਵਾਲਾ
ਕੰਚਨ ਕਾਇਆ ਸੁਇਨੇ ਕੀ ਢਾਲਾ
— —
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ
ਕੁਹਕਨਿ ਕੋਕਿਲਾ ਤਰਲ ਜੁਆਣੀ।"[2]

ਇਸ ਵਿੱਚ ਹਰੀ ਨੂੰ ਸੁੰਦਰਤਾ ਦਾ ਮੁਜੱਸਮਾ ਦੱਸਿਆ ਹੈ। ਉਸਦੀ ਸੁੰਦਰਤਾ ਜਿਵੇਂ ਖ਼ੂਬਸੂਰਤ ਅੱਖਾਂ, ਦੰਦ, ਸੋਹਣਾ ਨੱਕ, ਲੰਬੇ ਵਾਲ, ਕੰਚਨ ਕਾਇਆ, ਮਿੱਠੇ ਬੋਲ, ਸੋਹਣੀ ਚਾਲ ਦਾ ਆਧਾਰ, ਇਸ ਜਗਤ ਵਿੱਚ ਦਿਸਦੀ ਸੁੰਦਰਤਾ ਦੀ ਇਸਤਲਾਹ ਵਿੱਚ ਜਿੰਨੀ ਕੁ ਬਿਆਨ ਕੀਤੀ ਜਾ ਸਕਦੀ ਹੈ, ਕੀਤੀ ਹੈ। ਭਾਵ ਦੱਸਣ ਦਾ ਇਹੋ ਹੈ ਜਿਵੇਂ ਸੱਚ, ਗਿਆਨ ਆਦਿ ਦਾ ਸੋਮਾ ਉਹ ਪ੍ਰਭੂ ਹੈ ਤਿਵੇਂ ਸੁੰਦਰਤਾ ਦਾ ਸੋਮਾ ਵੀ ਉਹੀ ਹੈ। ਜਿਵੇਂ ਉਸ ਨੂੰ ਸੱਚ ਕਰਕੇ ਸਿਮਰਿਆ ਜਾਂਦਾ ਹੈ ਤਿਵੇਂ ਸੁੰਦਰਤਾ ਦਾ ਸੋਮਾ ਵੀ ਉਹੀ ਹੋਣ ਕਰਕੇ। "ਸੋਹਿ ਸੁਹਾਵੀ ਸਦਾ ਮਨਿ ਚਾਉ" ਜੁ ਹੋਇਆ। ਇਸਦੇ ਮੁਕਾਬਲੇ ਤੇ ਦੁਨਿਆਵੀ ਪ੍ਰੀਤ ਵਿਚ ਮਹਿਬੂਬ ਦੀ ਸੁੰਦਰਤਾ ਦਾ ਬਿਆਨ

---

1. ਸਿਹੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 198
2. ਰਾਗੁ ਵਡਹੰਸ ਮ. ੧, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 654-55

ਵਾਰਸ ਨੇ ਇਸ ਤਰ੍ਹਾਂ ਕੀਤਾ ਹੈ:

"ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸੇਉ ਵਿਲਾਇਤੀ ਸਾਰ ਵਿਚੋਂ
ਨੱਕ ਅਲਫ਼ ਹੁਸੈਨੀ ਦਾ ਪਿਪਲਾ ਈ, ਜ਼ੁਲਫ਼ ਨਾਗ ਖ਼ਜ਼ਾਨੇ ਦੀ ਬਾਰ ਵਿੱਚੋਂ
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿੱਚੋਂ
ਬਾਹਾਂ ਵੇਲਣੇ ਵੇਲੀਆਂ ਗੁੰਨ੍ਹ ਮੱਖਣ, ਛਾਤੀ ਸੰਗਮਰਮਰ ਸੰਗ ਯਾਰ ਵਿੱਚੋਂ
ਸੁਰਖੀ ਹੋਠਾਂ ਦੀ ਲੋਹੜ ਦੰਦਾਸੜੇ ਦਾ, ਖੋਜੇ ਖਤਰੀ ਕਤਲ ਬਜ਼ਾਰ ਵਿਚੋਂ।"[1]

ਦੋਹਾਂ ਅਵਸਥਾਵਾਂ ਵਿੱਚ ਸੁੰਦਰਤਾ ਰਤੀ ਨੂੰ ਉਤੇਜਿਤ ਕਰਦੀ ਹੈ। ਪਹਿਲੀ ਅਵਸਥਾ ਵਿੱਚ ਬੰਕੇ ਲੋਇਣ, ਦੰਤ ਰਸੀਲਾ, ਸੁਹਣਾ ਨੱਕ, ਲੰਬੇ ਵਾਲ, ਸੋਹਣੀ ਚਾਲ, ਮਧੁਰ ਬਾਣੀ ਉਦੀਪਨ ਵਿਭਾਵ ਹਨ ਜੋ ਰਤੀ ਨੂੰ ਪ੍ਰਬਲ ਕਰਕੇ ਸ਼ਾਂਤ ਜਾਂ ਮਧੁਰ ਅਵਸਥਾ ਪ੍ਰਦਾਨ ਕਰਦੇ ਹਨ ਅਤੇ ਅਨੰਦਮਈ ਰਸ ਭਰਪੂਰ ਗੰਭੀਰ ਵਾਤਾਵਰਣ ਉਸਾਰਦੇ ਹਨ ਦੂਜੇ ਪਾਸੇ ਹੀਰ ਦੀ ਸੁੰਦਰਤਾ ਜਿਵੇਂ ਸੁਰਖ ਹੋਠ, ਵਿਲਾਇਤੀ ਸੇਬ ਵਰਗੀ ਠੋਡੀ, ਮੋਤੀਆਂ ਵਰਗੇ ਦੰਦ, ਵੇਲਣੇ ਵਰਗੀਆਂ ਬਾਹਾਂ, ਸੰਗਮਰਮਰੀ ਛਾਤੀਆਂ, ਉਦੀਪਨ ਵਿਭਾਵ ਰਤੀ ਨੂੰ ਤੀਬਰ ਕਰਦੇ ਹਨ। ਇਹ ਪ੍ਰਭਾਵ ਸ਼ਾਂਤ ਅਵਸਥਾ ਨਹੀਂ ਸਗੋਂ ਸ਼ਿੱਦਤ ਭਰੀ ਅਵਸਥਾ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਇਥੇ ਰਤੀ ਦਾ ਸੁਭਾ ਰਹੱਸਵਾਦੀ ਪ੍ਰੀਤ ਵਿਚ ਅਸੀਮ ਹੈ ਤੇ ਦੁਨਿਆਵੀ ਪ੍ਰੀਤ ਵਿਚ ਕਾਮਰਤੀ ਨਾਲ ਬੱਧਾ ਹੈ। ਗੁਰੂ ਨਾਨਕ ਦਾ ਪ੍ਰੀਤਮ ਪਰਮ ਸੱਤ ਤੇ ਮਹਾਨ ਹੈ। ਉਸਦੀ ਜੋਤ ਹਰ ਥਾਂ ਵਿਆਪਕ ਹੈ ਜਿਵੇਂ:

"ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ
ਨਾ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੈ ਸਬਦਿ ਨੀਸਾਣੁ (ਰਹਾਉ)
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।"[2]

1. ਹੀਰ ਵਾਰਿਸ, ਪੰਨਾ 16

2. ਰਾਗੁ ਸੋਰਠ ਚਉਪਦੇ ਮ. ੧, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 688

ਰਤੀ ਵਿੱਚ ਬਿਰਹਾ, ਵਿਯੋਗ, ਪ੍ਰੀਤਮ ਲਈ ਤੜਪ, ਪਿਆਰੇ ਦੀ ਸਿੱਕ, ਤੜਪ, ਚਿੰਤਾ, ਤਰਲੇ, ਮਿਲਣ ਦੀ ਇੱਛਾ ਬੜੀ ਬਲਵਾਨ ਹੁੰਦੀ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿੱਚ ਬਿਰਹੋਂ ਦੀਆਂ ਕਸਕਾਂ, ਪੀੜਾਂ, ਦਰਦ, ਧਰਤ ਤੇ ਆਕਾਰ ਨੂੰ ਕੰਬਾਉਣ ਵਾਲੇ ਹਨ। ਪਤੀ ਦੇ ਬਿਰਹਾ ਵਿੱਚ ਲੁਛਦੀ ਆਤਮਾ, ਆਪ ਮੁਹਾਰੇ ਕਹਿ ਉਠਦੀ ਹੈ:

"ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।"[1]

ਬਿਰਹਾ ਵਿਚ ਤੜਪ ਰਹੇ ਨੂੰ ਨੀਂਦ, ਭੁੱਖ, ਸੁੱਖ, ਕਪੜੇ, ਸੇਜ ਕੁਝ ਵੀ ਚੰਗਾ ਨਹੀਂ ਲਗਦਾ। ਗੁਰੂ ਨਾਨਕ ਦੇਵ ਜੀ ਦੀ ਕਵਿਤਾ, ਬਿਰਹਾ, ਵੇਦਨ, ਪੀੜਾਂ, ਕਸਕਾਂ ਦੀ ਜੀਉਂਦੀ ਜਾਗਦੀ ਮਿਸਾਲ ਹੈ ਜੋ ਰਤੀ ਦੇ ਗੁਣਾਂ ਨੂੰ ਉਜਾਗਰ ਕਰਦੀਆਂ ਹਨ। ਹੇਠਾਂ ਕੁਝ ਉਦਾਹਰਣਾਂ ਬਿਰਹਾ, ਵਿਜੋਗ, ਤੜਪ ਆਦਿ ਦੀਆਂ ਦੇ ਰਹੇ ਹਾਂ:

"ਅਹਿਨਿਸਿ ਜਾਗੈ ਨੀਦ ਨਾ ਸੋਵੈ
ਸੋ ਜਾਣੈ ਜਿਸੁ ਵੇਦਨ ਹੋਵੈ
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ।"[2]

"ਬਿਨੁ ਪਿਰ ਨੀਦ ਨਾ ਪਾਏ ਹੇ।"[3]

"ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ।"[4]

---

1. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1249
2. ਰਾਗੁ ਮਾਰੂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1080
3. ਸੋਹਲੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1125
4. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1244

"ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।"[1]

"ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।"[2]

"ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ।
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ
ਮਾਰਗੁ ਪੰਥੁ ਨ ਜਾਣਉ ਵਿਖੜਾ-ਤਨੁ ਮਨੁ ਆਸੇ ਹਾਰੇ
ਨਾਨਕ ਅੰਮ੍ਰਿਤ ਬਿਰਖੁ ਮਹਾਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ।"[3]

"ਮੈ ਰਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ
ਇਕ ਨ ਰੁਨਾ ਮੇਰੇ ਤਨੁ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।"[4]

ਉਪਰ ਲਿਖੀਆਂ ਸਾਰੀਆਂ ਉਦਾਹਰਣਾਂ ਬਿਰਹਾ ਕੁੱਠੀ ਆਤਮਾ ਦੀ ਪੁਕਾਰ ਹਨ। ਗੁਰੂ ਨਾਨਕ ਦੇਵ ਦਾ ਬਿਰਹਾ ਭਾਵਨਾ ਦੀ ਤੀਬਰਤਾ ਨਾਲ ਭਰਿਆ ਹੋਣ ਕਰਕੇ ਰਹੀ ਦੇ ਬਹੁਤ ਨੇੜੇ ਹੈ। ਇਹ ਇਕ ਪਾਸੇ ਇਸ਼ਕ ਹਕੀਕੀ ਦਾ ਬਿਰਹਣ ਪ੍ਰੀਤਮ ਦੇ ਮਿਲਾਪ ਲਈ ਵਿਲਕ ਰਹੀ ਹੈ ਦੂਜੇ ਪਾਸੇ ਇਸ਼ਕ ਮਜਾਜ਼ੀ ਦੀ ਬਿਰਹਣ ਆਪਣੇ ਆਸ਼ਕ ਲਈ ਤੜਪ ਰਹੀ ਹੈ। ਜਿਵੇਂ ਪ੍ਰੋ. ਮੋਹਨ ਸਿੰਘ ਦੀ ਕਵਿਤਾ ਉਡੀਕ ('ਅਵਾਜ਼ਾਂ' ਪੁਸਤਕ ਵਿਚੋਂ) ਵਿਚੋਂ ਬਿਰਹਾ ਨੂੰ ਇਸ ਤਰ੍ਹਾਂ ਚਿਤਰਿਆ ਹੈ:

---

1. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1245
2. ਉਹੀ ਪੰਨਾ 1249.
3. ਰਾਗੁ ਤੁਖਾਰੀ ਛੰਤ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1265
4. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 648

'ਡੂੰਘੀ ਆਥਣ ਹੋ ਗਈ ਮਾਹੀਆ ਲੰਘੀ ਸੰਝ ਦੁਫੇਰ ਵੇ
ਲੋਪ ਹੋਈ ਚਾਨਣ ਦੀ ਸੰਗੀ ਸੰਘਣਾ ਹੋਇਆ ਹਨੇਰ ਵੇ
ਅਧ ਅਸਮਾਨੀ ਚੰਦ ਦਾ ਡੋਲਾ ਤਾਰਿਆਂ ਭਰੀ ਚੰਗੇਰ ਵੇ
ਡੂਹਕੀ ਚਿੜੀ ਨਾਨੀ ਚਿਚਲਾਣੀ ਲੰਮਾ ਹੋਇਆ ਹਨੇਰਵੇ
ਚਾਨਣ ਨਾਲ ਅਕਾਸ਼ ਭਰ ਗਏ ਚੜ੍ਹ ਪਈ ਸੋਨ ਸਵੇਰ ਵੇ
ਇਤਨੀ ਵੀ ਕੀ ਦੇਰੀ ਮਾਹੀਆ ਇਤਨੀ ਵੀ ਕੀ ਦੇਰ ਵੇ'

ਦੋਹਾਂ ਸਥਿਤੀਆਂ ਵਿੱਚ ਬਿਰਹਣ ਆਪਣੇ ਪ੍ਰੀਤਮ ਦੇ ਮਿਲਾਪ ਲਈ ਤਰਸ ਰਹੀ ਹੈ, ਤਰਲੋ ਮੱਛੀ ਹੋ ਰਹੀ ਹੈ। ਬਿਰਹਾ ਦੀ ਕਰਕ ਸਿਖਰਾਂ ਤੇ ਹੈ। ਸਾਵਣ ਦਾ ਮੌਸਮ, ਬਿਜਲੀ ਦੀ ਚਮਕ, ਮੋਰਾਂ ਦਾ ਬੋਲਣਾ, ਸੁੰਨੀ ਸੇਜ, ਨਵੇ ਹੋਏ ਨੈਣ, ਰੋਂਦੇ ਪੰਛੀ ਆਦਿ ਉਦੀਪਨ ਵਿਭਾਵ ਬਿਰਹਾ ਭਾਵਾਂ ਨੂੰ ਉਦੀਪਤ ਕਰ ਰਹੇ ਹਨ। ਨੀਂਦ ਨਾ ਆਉਣੀ, ਹੌਕੇ ਭਰਨੇ, ਭੁੱਖ ਨਾ ਲੱਗਣੀ, ਕਪੜੇ ਤਨ ਨਾ ਸੁਹਾਣਾ, ਕੋਇਲ ਦਾ ਬੀਣਾਂ ਤੇ ਮਿੱਠੇ ਰਾਗ ਗਾਉਣਾ, ਚੂੜ੍ਹਾ ਭੰਨਣਾ ਆਦਿ ਅਨੁਭਾਵ ਬਿਰਹਾ ਦਾ ਦਰਦ ਪ੍ਰਗਟ ਕਰਦੇ ਹਨ। ਚਿੰਤਾ, ਘਬਰਾਹਟ, ਡਰ, ਗਿਲਾਨੀ ਆਦਿ ਸੰਚਾਰੀ ਭਾਵ ਹਨ। ਦੂਜੇ ਪਾਸੇ ਦੁਨਿਆਵੀ ਪ੍ਰੀਤ ਵਿਚ ਬਿਰਹਣ ਦਾ ਦੁੱਖ ਜਹਿਰਾਂ ਦਾ ਹੈ। ਡੂੰਘੀ ਆਥਣ, ਸੰਘਣਾ, ਹਨੇਰਾ, ਚੰਨ ਦਾ ਡੋਲਾ, ਤਾਰਿਆਂ ਭਰੀ ਚੰਗੇਰ, ਚਿੜੀਆਂ ਦੀ ਚੀਂ ਚੀਂ ਆਦਿ ਉਦੀਪਨ ਵਿਭਾਵ ਹਨ ਜੋ ਸਮੇਂ ਦੀ ਚਾਲ ਦੀ ਸੂਚਨਾ ਦੇ ਕੇ ਜੁਦਾਈ ਦੀਆਂ ਘੜੀਆਂ ਨੂੰ ਤੀਖਣ ਕਰ ਰਹੇ ਹਨ। ਸ਼ਾਮ ਹਨੇਰਾ, ਚੰਨ ਤਾਰੇ, ਚਿੜੀਆਂ, ਸਵੇਰੇ ਆਦਿ ਵੱਲ ਦੇਖਣਾ ਅਨੁਭਾਵ ਹਨ ਜੋ ਪ੍ਰਗਟ ਨਹੀਂ ਵਿਅੰਜਤ ਹਨ, ਚਿੰਤਾ, ਵਿਸ਼ਾਦ, ਗਿਲਾਨੀ, ਆਲਸ, ਘਬਰਾਹਟ, ਉਤਸੁਕਤਾ ਆਦਿ ਸੰਚਾਰੀ ਭਾਵ ਹਨ। ਇਸ ਤੁਲਨਾ ਤੋਂ ਦੁਨਿਆਵੀ ਤੇ ਰੂਹਾਨੀ ਰਤੀ ਦਾ ਸੁਭਾ ਸਪਸ਼ਟ ਹੁੰਦਾ ਹੈ।

ਰਹੱਸਵਾਦੀ ਪ੍ਰੀਤ ਵਿਚ ਬਿਰਹਾ ਦਾ ਸੁਭਾ ਦੁਨਿਆਵੀ ਪ੍ਰੀਤ ਨਾਲੋਂ ਭਿੰਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚਲਾ ਬਿਰਹਾ ਪ੍ਰਭੂ ਮਿਲਾਪ ਲਈ ਸਹਾਈ ਹੁੰਦਾ ਹੈ। ਜਿੰਨੀ ਬਿਰਹੋਂ ਭਾਵਨਾ ਹੋਵੇਗੀ ਉਨੀ ਹੀ ਛੇਤੀ ਮਿਲਾਪ ਭਾਵਨਾ ਦਾ ਸੰਜੋਗ ਪ੍ਰਾਪਤ ਹੋਵੇਗਾ। ਜੀਵ ਆਤਮਾ, ਹਉਮੈ ਦਾ ਤਿਆਗ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ, ਮਾਇਆ ਦਾ ਤਿਆਗ ਔਗੁਣਾਂ ਤੋਂ ਵਿਮੁਕਤ ਹੋ ਕੇ ਰੱਬ ਵਿਚ ਲੀਨ ਹੋ ਕੇ ਅਭੇਦ ਹੋ ਜਾਂਦੀ ਹੈ। ਬਿਰਹਾ ਦੀ ਭਾਵਨਾ ਪੰਛੀਆਂ ਨੂੰ ਤਾਂ ਰੁਆ ਦਿੰਦੀ ਹੈ ਪਰ ਤਨ ਦਾ ਬਿਰਹਾ ਕਵੀ ਨੂੰ ਤੜਪਾ ਨਹੀਂ ਰਿਹਾ ਅਡੋਲ ਹੈ ਜਿਵੇਂ:

"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।"[1]

ਇਸ ਦੇ ਮੁਕਾਬਲੇ ਤੇ ਦੁਨਿਆਵੀ ਬਿਰਹਾ ਇਨ੍ਹਾਂ ਭਾਵਨਾਵਾਂ ਤੋਂ ਵਿਮੁਕਤ ਸਿਰਫ ਮਿਲਣ ਦੀ ਲਾਲਸਾ ਤਕ ਸੀਮਤ ਹੈ ਸਰੀਰਕ ਕਸ਼ਟ ਸਹਿਣ ਕਰਨ ਲਈ ਤਿਆਰ ਹੁੰਦਾ ਹੈ ਜਿਵੇਂ ਹਾਸ਼ਮ ਰਚਨਾਵਲੀ ਵਿਚ ਪੰਨਾ 162 ਤੇ ਲਿਖਿਆ ਹੈ:

"ਮਾਏ ਭੂਤ ਬਿਰਹੋ ਦਾ ਮੈਨੂੰ ਜਿਨ ਮਜਨੂੰ ਮਜਨੂੰ ਕੀਤਾ
ਹਾਸ਼ਮ ਜੀਵਨ ਕਠਣ ਔਖੇਰਾ ਜਿਨ ਜ਼ਹਿਰ ਪਿਆਲਾ ਪੀਤਾ"

ਗੁਰੂ ਨਾਨਕ ਸਾਹਿਬ ਦੀ ਰਹੱਸਵਾਦੀ ਪ੍ਰੀਤ ਵਿਚ ਜੀਵ ਆਤਮਾ ਜਦ ਤਰਲਿਆਂ ਤੇ ਮਿੰਨਤਾਂ ਦੇ ਬਾਵਜੂਦ ਵੀ ਆਪਣੇ ਪ੍ਰੀਤਮ ਦਾ ਸੰਜੋਗ ਪ੍ਰਾਪਤ ਨਹੀਂ ਕਰ ਸਕਦੀ ਤਾਂ ਉਸ ਨੂੰ ਪ੍ਰੀਤਮ ਤੇ ਕ੍ਰੋਧ ਨਹੀਂ ਆਉਂਦਾ ਬਲਕਿ ਉਹ ਆਪਣੇ ਅੰਦਰ ਹੀ ਕੋਈ ਕਮਜ਼ੋਰੀ ਵੇਖ ਕੇ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਹਉਮੈ ਨੂੰ ਮਾਰਦੀ ਹੈ ਆਪਣੇ ਆਪ ਨੂੰ ਮੇਲ ਦੇ ਕਾਬਲ ਬਣਾਉਂਦੀ ਹੈ। ਗੁਰੂ ਨਾਨਕ ਦਾ ਬਿਰਹਾ ਰਤੀ ਭਾਵ ਰਾਹੀਂ ਆਤਮਾ ਪ੍ਰਭੂ ਮੇਲ ਲਈ ਆਪਣੇ ਆਪ ਨੂੰ ਕਾਬਲ ਬਣਾਉਂਦੀ ਹੈ ਜਿਵੇਂ ਕਿ:

ਸਭ ਅਵਗੁਣ ਮੈ ਗੁਣੁ ਨਹੀ ਕੋਈ
ਕਿਉ ਕਰਿ ਕੰਤ ਮਿਲਾਵਾ ਹੋਈ

— —

ਸਹਿਜ ਸੀਗਾਰ ਕਾਮਣਿ ਕਰਿ ਆਵੈ
ਤਾ ਸੋਹਾਗਣਿ ਜਾ ਕੰਤੈ ਭਾਵੈ

— —

ਹਉਮੈ ਜਾਈ ਤਾ ਕੰਤ ਸਮਾਈ
ਤਉ ਕਾਮਣਿ ਪਿਆਰੇ ਨਵਨਿਧਿ ਪਾਈ

---

1. ਰਾਗੁ ਵਡਹੰਸੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 648

"ਸਭੇ ਕੰਤ ਮਹੇਲੀਆਂ, ਸਗਲੀਆਂ ਕਰਹਿ ਸੀਗਾਰੁ
ਗਣਤ ਗਣਾਵਹਿ ਆਈਆਂ, ਸੂਹਾ ਵੇਸੁ ਵਿਕਾਰੁ
ਪਾਖੰਡਿ ਪ੍ਰੇਮੁ ਨ ਪਾਈਐ, ਖੋਟਾ ਪਾਜੁ ਖੁਆਰੁ
ਹਰਿ ਜੀਉ ਇਉ ਪਿਰੁ ਰਾਵੈ ਨਾਰਿ
ਤੁਧੁ ਭਾਵਨਿ ਸੋਹਾਗਣੀ ਆਪਣੀ ਕਿਰਪਾ ਲੈਹਿ ਸਵਾਰਿ। ਰਹਾਉ।"[1]

ਗੁਰੂ ਨਾਨਕ ਸਾਹਿਬ ਦੀ ਰਚਨਾ ਵਿੱਚ ਪ੍ਰੇਮਾ ਭਗਤੀ ਰਾਹੀ ਬਿਰਹੋ ਦਾ ਰੂਪ ਵਿਸ਼ੇਸ਼ ਹੈ ਜਿਵੇਂ:

"ਸਾਧਕ ਦੇ ਮਨ ਵਿਚ ਉਜਵਲ ਰਤੀ ਦੀ ਚਿਣਗ ਦੇ ਮੱਘ ਪੈਣ ਨਾਲ ਵਿਯੋਗ ਦੀ ਪ੍ਰਬਲ ਭਾਵਨਾ ਦੀ ਮਾਸ-ਕ੍ਰਮ ਅਨੁਸਾਰ ਪ੍ਰਕ੍ਰਿਆ ਦੱਸੀ ਗਈ ਹੈ।"[2]

ਰਤੀ ਦੇ ਸੁਭਾ ਨੂੰ ਪ੍ਰਗਟਾਉਣ ਵਿਚ ਜਿਥੇ ਬਿਰਹਾ ਸਹਾਈ ਹੈ ਉਥੇ ਸੰਜੋਗ ਪੱਖ ਦੀ ਤਸਵੀਰ ਵੀ ਉਸ ਨੂੰ ਚਾਰ ਚੰਦ ਲਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸੰਜੋਗ ਦੀਆਂ ਵਿਧੀਆਂ, ਮਿਲਣ ਦੀ ਬਿਹਬਲਤਾ, ਉਸ ਦਾ ਅਨੰਦ, ਸਹਿਜ ਦੀ ਪ੍ਰਾਪਤੀ, ਮੇਲ ਦੀ ਉਤਸੁਕਤਾ, ਪ੍ਰਭੂ ਪ੍ਰਾਪਤੀ ਦੀ ਤਸਵੀਰ ਸਾਡੇ ਸਾਹਮਣੇ ਪੇਸ਼ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੀ ਕਲਮ ਬਿਰਹਾ ਦੀ ਤਰ੍ਹਾਂ ਸੰਜੋਗ ਪੱਖ ਨੂੰ ਵੀ ਬੜੇ ਕਮਾਲ ਨਾਲ ਪ੍ਰਗਟ ਕਰਦੀ ਹੈ ਜਿਵੇਂ:

"ਪ੍ਰਭੁ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ
ਘਰਿ ਸੇਜ ਸੁਹਾਣੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿਵਰ ਥਿਰੁ ਸੋਹਾਗੋ।"[3]

---

1. ਸੂਹੀ ਰਾਗੁ ਅਸ਼ਟਪਦੀਆਂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 145
2. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਦੇਵ ਦੀ ਕਾਵਿ ਕਲਾ, ਪੰਨਾ 47
3. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1257

ਇਸ ਸੰਜੋਗ ਦੀ ਦਸ਼ਾ ਵਿੱਚ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮੇਲ ਹੋਇਆ ਹੈ ਉਹ ਅਨੰਦ ਮਾਣਦੀ ਹੈ। ਉਸ ਦੀ ਹਿਰਦੇ ਸੇਜਾ ਲੋਭਾਇਮਾਨ ਹੋ ਗਈ ਜਦੋਂ ਪ੍ਰਭੂ ਪਤੀ ਨੇ ਉਸ ਨੂੰ ਮਾਣਿਆ ਹੈ ਤੇ ਉਸ ਨੂੰ ਸਦਾ ਥਿਰ ਰਹਿਣ ਵਾਲਾ ਸੁਹਾਗ ਮਿਲਿਆ ਹੈ।

ਸੰਜੋਗ ਦੀ ਅਵਸਥਾ ਅਨੰਦ-ਮਈ ਤੇ ਹਾਰ ਸ਼ਿੰਗਾਰ ਲਾਉਣ ਦੀ ਅਵਸਥਾ ਹੈ। ਪ੍ਰੀਤਮ ਦੇ ਮਿਲਣ ਤੇ ਹਾਰ ਸ਼ਿੰਗਾਰ ਲਾਉਣਾ ਰਤੀ ਨੂੰ ਪ੍ਰਤੀਬਿੰਬਤ ਕਰਦਾ ਹੈ। ਜਿਵੇਂ ਕਿ।

"ਫੁਲ ਮਾਲਾ ਗਲਿ ਪਹਿਰਉਗੀ ਹਾਰੋ
ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ।"[1]

"ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੂ ਕਿਰਪਾ ਕਰੇ।"[2]

ਜੇ ਪ੍ਰਭੂ ਆਪ ਕਿਰਪਾ ਕਰਦਾ ਹੈ ਤਾਂ ਜੀਵ-ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੁੰਦਾ ਹੈ ਜੋ ਅਨੰਦ ਦਾ ਸੋਮਾ ਹੈ ਜਾਂ ਫਿਰ ਸੰਜੋਗ ਦੀ ਅਵਸਥਾ ਬਾਰੇ ਇਉਂ ਹੀ ਕਿਹਾ ਹੈ।

"ਹਮ ਘਰਿ ਸਾਚਾ ਸੋਹਿਲੜਾ ਪ੍ਰਭੁ ਆਇਅੜੇ ਮੀਤ ਰਾਮ।"[3]

ਮੇਰੇ ਹਿਰਦੇ ਵਿਚ ਖੁਸ਼ੀ ਦਾ ਸ਼ੋਰ ਹੋ ਰਿਹਾ ਹੈ ਕਿਉਂਕਿ ਉਹ ਪ੍ਰਭੂ ਮਿੱਤਰ ਮੇਰੇ ਘਰ ਆਇਆ ਹੈ। ਜਿਸ ਤੀਬਰਤਾ ਤੇ ਭਾਵਨਾ ਨਾਲ ਗੁਰੂ ਨਾਨਕ ਨੇ ਸੰਜੋਗ ਦੀ ਅਵਸਥਾ ਦਾ ਜ਼ਿਕਰ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੈ ਪਰ ਦੁਨਿਆਵੀ ਪ੍ਰੀਤ ਨਾਲੋਂ ਰਹੱਸਵਾਦੀ ਪ੍ਰੀਤ ਦਾ ਸੰਜੋਗ ਪੱਖ ਫਰਕ ਹੈ ਉਦਾਹਰਣ ਲਈ ਦੁਨਿਆਵੀ ਪ੍ਰੀਤ ਦੀ ਉਦਾਹਰਣ ਵੇਖੋ।

"ਨੀ ਅੱਜ ਕੋਈ ਆਇਆ ਸਾਡੇ ਵਿਹੜੇ
ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ
ਚੁੰਮੇ ਨੀ ਇਹਦੇ ਹੱਥ ਰੱਬੇ ਦੀਆਂ ਨਲੀਆਂ
ਧੋਵੇ ਨੀ ਇਹਦੇ ਪੈਰ ਮੱਖਣ ਦੇ ਪੇੜੇ

---

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 445
2. ਉਹੀ, ਪੰਨਾ 528
3. ਉਹੀ, ਪੰਨਾ 529

ਰਸੇ ਨੀ ਇਹਨੂੰ ਚੁੱਕ ਚੁੱਕ ਰਸ਼ਮਾਂ ਉੱਤੇ
ਕਰੋ ਨੀ ਇਹਨੂੰ ਘੁੱਟ ਘੁੱਟ ਜਿੰਦ ਦੇ ਨੇੜੇ
ਬੰਨ੍ਹੋ ਨੀ ਕੋਈ ਪਰਾਣ ਸਮੇਂ ਦੇ ਪੈਰੀਂ
ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ"[1]

ਉਪਰ ਉਦਾਹਰਣਾਂ ਵਿਚ ਇਕ ਪਾਸੇ ਦੈਵੀ ਪ੍ਰੀਤਮ ਨਾਲ ਸੰਜੋਗ ਅਲੰਬਨ ਵਿਭਾਵ ਹੈ ਦੂਜੇ ਪਾਸੇ ਦੁਨਿਆਵੀ ਪ੍ਰੀਤਮ ਹੈ। ਦੋਹਾਂ ਸਥਿਤੀਆਂ ਵਿੱਚ ਸੰਜੋਗ ਦੀ ਅਵਸਥਾ ਹੈ। ਪਰ ਦੋਹਾਂ ਦਾ ਸੰਜੋਗ ਕਿੰਨਾ ਵੱਖਰਾ ਹੈ। ਪਿਰ ਨੂੰ ਰਾਵਣਾ, ਸੰਜੋਗ ਵਿਚ ਅਨੰਦ, ਉਹ ਸ੍ਰਿੰਗਾਰ ਜਿਨ੍ਹਾਂ ਨਾਲ ਪ੍ਰੀਤਮ ਮਿਲੇ ਜਾਂ ਉਸਦਾ ਅਨੰਦ ਮਾਣਿਆ ਜਾ ਸਕੇ ਅਨੁਭਵ ਹਨ। ਹਰਸ਼, ਸੰਤੁਸ਼ਟੀ, ਮਤੀ, ਮਦ ਆਦਿ ਸੰਚਾਰੀ ਭਾਵ ਹਨ ਦੂਜੇ ਪਾਸੇ ਦੁਨਿਆਵੀ ਪ੍ਰੀਤ ਵਿਚ ਪ੍ਰੇਮਿਕਾ ਦੀ ਆਮਦ ਦੀ ਖੁਸ਼ੀ, ਜਿਸਮਾਨੀ ਖੂਬਸੂਰਤੀ ਅਉਧ ਦਾ ਨਾਸ, ਸਮੇਂ ਨੂੰ ਬੰਨ੍ਹਣਾ, ਘੁੱਟ ਕੇ ਨੇੜੇ ਕਰਨਾ ਆਦਿ ਜਿਨ੍ਹਾਂ ਰਾਹੀਂ ਦੁਨਿਆਵੀ ਪ੍ਰੀਤ ਸੰਚਾਰੀ ਭਾਵਾਂ ਤੇ ਅਨੁਭਾਵਾਂ ਨੂੰ ਪ੍ਰਗਟਾਉਂਦੀ ਹੈ। ਦੁਨਿਆਵੀ ਪ੍ਰੀਤ ਵਿੱਚ ਪ੍ਰੀਤਮ ਦੇ ਛੱਡ ਜਾਣ ਦਾ ਡਰ ਬਣਿਆ ਰਹਿੰਦਾ ਹੈ। ਪਰ ਦੈਵੀ ਪ੍ਰੀਤ ਵਿਚ ਪ੍ਰੀਤਵਾਨ ਖੁਦ ਰਬ ਦੇ ਸਦੀਵੀ ਸੰਜੋਗ ਦਾ ਅਨੰਦ ਮਾਣਦਾ ਜਿਵੇਂ:

"ਮਿਲੀ ਸੁਖ ਪਾਇਆ ਸਕਲ ਗੁਣਾ ਗਹਿ ਚਾਰਿ।"

ਰਤੀ ਦਾ ਸੁਭਾ ਮੋਹ ਹੈ। ਦੁਨਿਆਵੀ ਮੋਹ, ਪਦਾਰਥਾਂ ਦਾ ਮੋਹ, ਤ੍ਰਿਸ਼ਨਾ, ਲਾਲਚ ਵਾਲਾ ਮੋਹ ਆਦਿ ਤੋਂ ਉੱਤਮ ਪ੍ਰਮਾਤਮਾ ਦਾ ਮੋਹ ਹੈ ਜੋ ਗੁਰੂ ਨਾਨਕ ਦੀ ਬਾਣੀ ਦਾ ਧੁਰਾ ਹੈ। ਪ੍ਰੇਮ ਨੂੰ ਗੁਰੂ ਸਾਹਿਬ ਨੇ ਮਹਾਰਸ ਦੇ ਰੂਪ ਵਿੱਚ ਪੇਸ਼ ਕੀਤਾ ਹੈ ਜਿਵੇਂ:

"ਜੈਸਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ
ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ।"[2]

ਪ੍ਰੇਮ ਇਕ ਰਸ ਹੈ, ਪ੍ਰੇਮ ਸੁਖਦਾਤਾ ਦਾ ਚਿੰਨ੍ਹ ਹੈ, ਪ੍ਰੇਮ ਜੀਵਨ ਹੈ, ਪ੍ਰੇਮ ਇਕ ਅਧਿਆਤਮਕ ਸਾਧਨ ਹੈ ਜਿਸ ਵਿਚ ਸਾਧਕ ਦੁਆਰਾ ਆਤਮਿਕ ਸ਼ਾਂਤੀ ਦੀ ਪ੍ਰਾਪਤੀ ਸੰਭਵ ਹੈ।

---

1. ਮੋਹਨ ਸਿੰਘ, ਪੰਜ ਪਾਣੀ, ਪੰਨਾ 108
2. ਸੂਹੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 818

ਮਨਮੁਖ ਇਸ ਤੋਂ ਵਿਰਵਾ ਰਹਿ ਜਾਂਦਾ ਹੈ ਜਿਵੇਂ:

"ਅੰਤਰਿ ਪ੍ਰੇਮੁ ਪਰਾਪਤਿ ਦਰਸਨੁ
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ।"[1]

ਇਸੇ ਮੋਹ ਲਈ ਜੀਵ ਆਤਮਾ ਨੂੰ ਸ਼ਿੰਗਾਰ ਕਰਨ ਲਈ ਪ੍ਰੇਰਿਆ ਹੈ ਜੋ ਰੱਤੀ ਦਾ ਸੂਝਾ ਹੈ। ਮੋਹ ਨਾਲ ਸਾਰੇ ਸੰਸਾਰ ਦਾ ਕਾਰਜ ਚਲਦਾ ਹੈ:

"ਮੋਹੁ ਕੁਟੰਬੁ ਮੋਹੁ ਸਭ ਕਾਰ।"[2]

"ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ
ਤੁਝ ਬਿਨੁ ਅਵਰੁ ਨ ਕੋਇ ਹਰੇ।"[3]

ਇਥੇ ਰਤੀ ਦਾ ਰੂਪ ਸ਼ੁਧ ਹੈ ਜਿਵੇਂ ਕਿ ਪਰਮਾਤਮਾ ਦੇ ਮੋਹ ਦਾ ਸ਼ਿੰਗਾਰ ਆਤਮਾ ਦਾ ਸ਼ਿੰਗਾਰ ਦੱਸਿਆ ਹੈ ਜਿਵੇਂ:

"ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ
ਲਾਲ ਬਹੁ ਗੁਣਿ ਕਾਮਣਿ ਮੋਹੀ
ਤੇਰੇ ਗੁਣ ਹੋਹਿ ਨ ਅਵਰੀ।(ਰਹਾਉ)
ਹਰਿ ਹਰਿ ਹਾਰ ਕੰਠਿ ਲੈ ਪਹਿਰੈ ਦਾਮੋਦਰੁ ਦੰਤੁ ਲੇਈ
ਕਰਿ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸੁਰ ਪਟੁ ਲੇਈ
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ।"[4]

1. ਮਾਰੂ ਸੋਹਲੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1168
2. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 431
3. ਉਹੀ, ਪੰਨਾ 430
4. ਉਹੀ, ਪੰਨਾ 446

ਗੁਰੂ ਨਾਨਕ ਦੇਵ ਦੁਆਰਾ ਪ੍ਰਗਟ ਇਸ ਸ਼ਬਦ ਵਿਚ ਰਤੀ ਦੇ ਅਲੰਬਨ ਵਿਭਾਵ, ਉਦੀਪਨ ਵਿਭਾਵ ਤੇ ਸੰਚਾਰੀ ਭਾਵਾਂ ਦਾ ਸਦੀਵੀ ਰੰਗ ਜਿਵੇਂ ਕਿ ਜੇ ਕੋਈ ਜੀਵ ਇਸਤ੍ਰੀ, ਮਨ-ਰੂਪ ਮੋਤੀ ਨੂੰ ਸੁਆਸ ਰੂਪ ਧਾਗੇ ਦੀ ਡੋਰ ਬਣਾ ਕੇ ਨਾਮ ਜਪੇ, ਸਰੀਰ ਤੇ ਖਿਮਾ ਦਾ ਸ਼ਿੰਗਾਰ ਪਾਵੇ, ਹਰੀ ਸਿਮਰਨ ਦਾ ਹਾਰ ਗਲ ਵਿਚ ਪਾ ਲਵੇ, ਧੀਰਜ ਨੂੰ ਮਾਂਗ ਵਿੱਚ ਭਰ ਲਵੇ, ਪ੍ਰਭੂ ਸਿਮਰਨ ਦਾ ਦੰਦਾਸਾ ਬਣਾ ਲਵੇ, ਸਿਮਰਨ ਦਾ ਕੰਗਨ ਪਾ ਲਵੇ, ਮਨ ਮੰਦਿਰ ਵਿੱਚ ਪ੍ਰਭੂ ਦਾ ਦੀਵਾ ਜਗਾ ਲਵੇ ਤਾਂ ਜੀਵ ਇਸਤ੍ਰੀ ਨੂੰ ਉਸਦਾ ਪਤੀ ਪਰਮਾਤਮਾ ਮਾਣੇਗਾ। ਇਹ ਰੰਗ ਨਿਰੋਲ ਰਤੀ ਦੇ ਉਜਵਲ ਮਧੁਰ, ਸ਼ਾਂਤ ਭਾਵ ਦਾ ਪ੍ਰਤੀਕ ਹੈ।

ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਰਤੀ ਦਾ ਸੁਭਾ ਉਸਦੀ ਸ਼ੈਲੀ ਵਿਚੋਂ ਵੀ ਪ੍ਰਗਟ ਹੁੰਦਾ ਹੈ। ਜਿਵੇਂ ਪ੍ਰੇਮ ਭਰੀ ਬੋਲੀ, ਰਾਗਬਧਤਾ, ਬਿੰਬ, ਅਲੰਕਾਰ, ਯੋਜਨਾ, ਪ੍ਰਤੀਕ, ਛੰਦ, ਪ੍ਰਬੰਧ ਕਾਵਿਕ ਸ਼ੈਲੀ ਆਦਿ। ਹੇਠਾਂ ਇਸ ਦੀਆਂ ਕੁਝ ਉਦਾਹਰਣਾਂ ਦਿੰਦੇ ਹਾਂ:

"ਨੈਨ ਸਲੋਨੀ ਸੁੰਦਰ ਨਾਰੀ
ਖੋੜ ਸੀਗਾਰ ਕਰੈ ਅਤਿ ਪਿਆਰੀ।"[1]

"ਨਾਰੀ ਪੁਰਖ ਸਬਾਈ ਲੋਇ।"[2]

"ਗੋਹੁ ਪਰੀਤੀ ਮਿਠੇ ਬੋਲ।"[3]

"ਜਿਨੀ ਨ ਪਾਇਓ ਪ੍ਰੇਮਰਸੁ ਕੰਤ ਨ ਪਾਇਓ ਸਾਉ।"[4]

"ਪਿਰ ਕੀ ਨਾਰਿ ਸੁਹਾਵਣੀ, ਮੁਤੀ ਸੋ ਕਿਤੁ ਸਾਦਿ
ਪਿਰ ਕੈ ਕਾਮਿ ਨ ਆਵਈ, ਬੋਲੇ ਫਾਦਿਲੁ ਬਾਦਿ
ਦਰਿ ਘਰਿ ਢੋਈ ਨਾ ਲਹੈ, ਛੂਟੀ ਦੂਜੈ ਸਾਦਿ।"[5]

"ਮੁੰਧੇ, ਗੁਣਹੀਣੀ ਸੁਖੁ ਕੇਹਿ।"[6]

1. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 359
2. ਉਹੀ, ਪੰਨਾ 345
3. ਰਾਗੁ ਮਾਝ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 255
4. ਰਾਗੁ ਸੂਹੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 827
5. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 155
6. ਉਹੀ

ਇਸ ਤੋਂ ਇਲਾਵਾ ਸੁਹਾਗਣ, ਦੁਹਾਗਣ, ਸੀਗਾਰ, ਮਾਂਗ, ਸੰਧੂਰ, ਪੱਟੀਆਂ, ਸਲੋਨੀ, ਹਾਰ, ਸੁਰਮਾ, ਸੁੰਦਰ ਵਾਲ, ਸੁਚੱਜੈ ਨੈਕ, ਮੋਤੀਆਂ ਵਰਗੇ ਦੰਦ, ਅਤਰ ਫੁਲੇਲ ਲਾਉਣਾ, ਅਨੇਕ ਪ੍ਰਕਾਰ ਦੇ ਗਹਿਣੇ, ਕੰਗਣ, ਹਾਰ, ਹਮੇਲ, ਚੂੜੀਆਂ, ਮੁੰਦਰਾਂ, ਚੂੜਾ, ਮੋਤੀ ਆਦਿ ਸ਼ਬਦਾਵਲੀ ਰਤੀ ਦੇ ਸੁਭਾ ਨੂੰ ਪ੍ਰਗਟਾਉਂਦੇ ਹਨ। ਜਿਵੇਂ "ਹਾਰ, ਡੋਰ ਕੰਗਨ, ਘਣੇ ਕਰਿ ਬਾਕੀ ਸੀਗਾਰ।"[1]

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਕੁਝ ਉਹ ਰੂਪ ਵਿਚ ਦਿਖਾਈ ਦਿੰਦੇ ਹਨ ਜੋ ਸ਼ੁਧ ਰਤੀ ਦੇ ਰਾਹੀਂ ਵਿਚ ਰੁਕਾਵਟਾਂ ਹਨ ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਮਾਇਆ ਤੇ ਦੁਨਿਆਵੀ ਪਦਾਰਥਾਂ ਦਾ ਮੋਹ, ਜਾਤ ਅਭਿਮਾਨ, ਸੂਤਕ ਪਾਤਕ, ਫੋਕੇ ਵਹਿਮ ਭਰਮ, ਖੋਟੇ ਕਰਮ ਕਾਂਡਾਂ ਦਾ ਖੰਡਨ ਹੈ। ਕਿਉਂਕਿ ਸਾਧਕ ਦੀ ਰਤੀ ਇਨ੍ਹਾਂ ਤੋਂ ਉਪਰ ਉਠਕੇ ਮਨ ਦੀ ਇਕਾਗਰਤਾ ਦਾ ਰੂਪ ਹੈ। ਇਹ ਸਾਰੇ ਭਾਵ ਮਨਮੁੱਖੀ ਮਨ ਨੂੰ ਪ੍ਰਭੂ ਤੋਂ ਦੂਰ ਕਰਦੇ ਹਨ, ਰਤੀ ਦੇ ਸੁਭਾ ਵਿਚ ਰੋੜਾ ਅਟਕਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਇਸ ਤੋਂ ਉਪਰ ਸਹਿਜ, ਅਨੰਤ, ਅਸੀਮ ਤੇ ਸਥਿਰਤਾ ਦੀ ਪ੍ਰਾਪਤੀ ਪ੍ਰਭੂ ਸਿਮਰਨ, ਸਾਧਕ ਦੀ ਸਾਧਨਾ, ਸ਼ੁਭ ਵਿਵਹਾਰ, ਕਰਮ ਤੇ ਅਮਲ ਰਤੀ ਨੂੰ ਉਜ਼ਵਲ ਤੇ ਅਲੌਕਿਕਤਾ ਦਾ ਰੂਪ ਬਖਸ਼ਦੇ ਹਨ।

ਅੰਤ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਪ੍ਰਾਪਤ ਰਤੀ ਦਾ ਸੁਭਾ, ਉਜਵੱਲ, ਮਧੁਰ ਸ਼ਾਂਤ ਤੇ ਅਲੌਕਿਕ ਹੈ ਜੋ ਦੁਨਿਆਵੀ ਰਤੀ ਨਾਲੋਂ ਵੱਖਰਾ ਹੈ।

---

1. ਰਾਗੁ ਰਾਮਕਲੀ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 974

## ਅਧਿਆਇ ਪੰਜਵਾਂ

*

*

## ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਅਤੇ ਇਸ ਨਾਲ ਸੰਬੰਧਿਤ ਰਸ

## ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਅਤੇ ਇਸ ਨਾਲ ਸੰਬੰਧਿਤ ਰਸ

ਰਸਾਂ ਦੇ ਨੌਂ ਸਥਾਈ ਭਾਵਾਂ ਵਿਚੋਂ ਰਤੀ ਮਹੱਤਵਪੂਰਣ ਭਾਵ ਹੈ। ਇਸ ਦਾ ਖੇਤਰ ਵਿਸ਼ਾਲ ਅਤੇ ਵਿਆਪਕ ਹੈ। ਰਤੀ ਅਤੇ ਇਸ ਨਾਲ ਸੰਬੰਧਿਤ ਰਸ ਦੇ ਅਰਥ ਅਨੇਕ ਹਨ। "ਅਗਨ ਪੁਰਾਣ ਵਿੱਚ ਕਿਹਾ ਗਿਆ ਹੈ ਕਿ ਰਤੀ-ਮੂਲਕ ਸ਼ਿੰਗਾਰ ਹੀ ਇਕ ਮਾਤਰ ਰਸ ਹੈ ਜਿਸ ਦਾ ਹੋਰ ਸਾਰਿਆਂ ਰਸਾਂ ਨਾਲ ਸੰਬੰਧ ਹੈ।"[1] ਸਾਹਿਤ ਵਿੱਚ ਨੌਂ ਰਸ ਮੰਨੇ ਗਏ ਹਨ ਜਿਨ੍ਹਾਂ ਦਾ ਸਿੱਧੇ ਜਾਂ ਅਸਿੱਧੇ ਦੋਹਾਂ ਰੂਪਾਂ ਰਾਹੀਂ ਆਪਸੀ ਸੰਬੰਧ ਜੁੜਦਾ ਦਿਖਾਈ ਦਿੰਦਾ ਹੈ। ਰਤੀ ਦੇ ਵਿਕਾਸ ਲਈ ਉਹਨਾਂ ਸਾਰੀਆਂ ਅਵਸਥਾਵਾਂ ਦੀ ਜ਼ਰੂਰਤ ਹੈ ਜੋ ਥਿਸਭਾਵ ਨੂੰ ਜਗਾ ਕੇ ਹੋਰ ਤਿਖੇਰਾ ਤੇ ਭਾਵਪੂਰਣ ਕਰਦੀਆਂ ਹਨ ਜਿਵੇਂ ਸਨੇਹ, ਸੰਜੋਗ, ਵਿਜੋਗ, ਹਾਸ, ਸ਼ੋਕ, ਕਰੋਧ, ਉਤਸ਼ਾਹ, ਘਿਰਣਾ, ਅਸਚਰਜ, ਭੈ ਤੇ ਨਿਰਵੇਦ ਆਦਿ। ਰਸ ਦੀ ਪਰਿਭਾਸ਼ਾ ਬਾਰੇ ਇਉਂ ਕਿਹਾ ਗਿਆ ਹੈ "ਵਿਉਤਪਤੀ ਅਨੁਸਾਰ ਰਸ ਦੇ ਦੋ ਅਰਥ ਹਨ 1. ਆਨੰਦ 2. ਦ੍ਰਵਤਵ"[2] "ਮਹਾਭਾਰਤ ਵਿਚ ਰਸ ਦਾ ਅਰਥ ਜਲ, ਗੰਧ, ਕਾਮ ਅਤੇ ਸਨੇਹ ਦੇ ਪ੍ਰਯੋਗ ਵਿੱਚ ਮਿਲਦਾ ਹੈ।"[3] ਮਹਾਭਾਰਤ ਦੇ ਅਰਥ ਤੋਂ ਹੀ ਸਪਸ਼ਟ ਹੈ ਕਿ ਰਤੀ ਰਸਾਂ ਦੇ ਮਹੱਤਵਪੂਰਨ ਭਾਵਾਂ ਵਿਚੋਂ ਇਕ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿਚੋਂ ਰਸ ਤੇ ਉਸਦੇ ਨਾਲ ਸੰਬੰਧਿਤ ਭਾਵਾਂ ਦਾ ਸੁਮੇਲ ਕਾਇਮ ਹੈ। ਵਿਦਵਾਨਾਂ ਨੇ ਗੁਰੂ ਸਾਹਿਬ ਦੀ ਰਚਨਾ ਵਿੱਚ ਨੌਂ ਰਸਾਂ ਦੀ ਪ੍ਰਾਪਤੀ ਵਲ ਸੰਕੇਤ ਕੀਤੇ ਹਨ। ਇਸ ਸੰਬੰਧ ਵਿਚ ਡਾ. ਜਯ ਰਾਮ ਮਿਸ਼ਰ ਨੇ ਲਿਖਿਆ ਹੈ "ਗੁਰੂ ਨਾਨਕ ਨੇ ਭਾਵਾਂ ਦੇ ਆਵੇਸ਼ ਵਿੱਚ ਪਦਿਆਂ ਦਾ ਉਚਾਰਣ ਕੀਤਾ ਜਾਂ ਤਾਂ ਉਹ ਪਦੇ ਉਨ੍ਹਾਂ ਦੇ ਅੰਦਰ ਤੇ ਪ੍ਰੇਮ ਦੀ ਅਭਿਵਿਅਕਤੀ ਸਨ ਜਾਂ ਕਿਸੇ ਪ੍ਰਤੀ ਦਿੱਤੇ ਗਏ ਸਚ-ਉਪਦੇਸ਼ਾਂ ਦੇ ਰੂਪ ਵਿੱਚ ਸਨ। ਇਹੀ ਕਾਰਣ ਹੈ ਉਨ੍ਹਾਂ ਦੀ ਬਾਣੀ ਵਿੱਚ ਅਧਿਕਾਂਸ਼ ਰਸ ਸਹਿਜ ਸੁਭਾ ਸ਼ਾਮਲ ਹੋ ਗਏ ਹਨ।"[4] ਗੁਰੂ

---

1. ਧੀਰਇੰਦਰ ਵਰਮਾ, ਹਿੰਦੀ ਸਾਹਿਤ ਕੋਸ਼, ਪੰਨਾ 614
2. ਉਹੀ, ਪੰਨਾ 615
3. ਉਹੀ
4. ਜਯ ਰਾਮ ਮਿਸ਼ਰ, ਨਾਨਕ ਵਾਣੀ, ਪੰਨਾ 21

ਸਾਹਿਬ ਦੀ ਰਚਨਾ ਵਿੱਚ ਜਿਨ੍ਹਾਂ ਰਸਾਂ ਤੇ ਉਸ ਨਾਲ ਸੰਬੰਧਿਤ ਭਾਵਾਂ ਦਾ ਸੁਮੇਲ ਕਾਇਮ ਹੈ ਉਸਦਾ ਸਰੂਪ ਸ਼ੁਧ ਅਤੇ ਅਲੌਕਿਕ ਹੈ। ਸਾਰੇ ਰਸਾਂ ਨਾਲ ਰਤੀ ਦਾ ਸਬੰਧ ਮਾਲਾ ਵਿਚ ਪਰੋਏ ਮਣਕਿਆਂ ਦੀ ਤਰ੍ਹਾਂ ਹੈ।

## ਹਾਸ ਰਸ

ਰਤੀ ਦਾ ਹਾਸ ਰਸ ਨਾਲ ਗੂੜ੍ਹਾ ਸੰਬੰਧ ਮੰਨਿਆ ਗਿਆ ਹੈ। "ਅਚਾਰੀਆ ਭਾਰਤ ਨੇ ਰਤੀ ਤੋਂ ਹਾਸ ਦੀ ਉਤਪਤੀ ਮੰਨੀ ਹੈ। ਭਾਵ ਪ੍ਰਕਾਸ਼ ਵਿੱਚ ਕਿਹਾ ਗਿਆ ਹੈ ਕਿ ਹਾਸ ਚਿਤ ਦਾ ਵਿਕਾਸ ਹੈ ਜਿਹੜਾ ਪ੍ਰੀਤ ਦਾ ਇਕ ਵਿਸ਼ੇਸ਼ ਰੂਪ ਹੈ।"[1] ਹਾਸ ਰਸ ਦਾ ਸਥਾਈ ਭਾਵ ਹਾਸ ਹੈ। ਹਾਸ ਦਾ ਪ੍ਰਗਟਾ ਬੇਤੁਕੀਆਂ ਗੱਲਾਂ, ਸਰੀਰਕ ਕ੍ਰਿਆਵਾਂ, ਹਾਜ਼ਰ ਜਵਾਬੀ, ਵਿਅੰਗ, ਵਕ੍ਰੋਕਤੀ ਆਦਿ ਤੋਂ ਪੈਦਾ ਹੁੰਦਾ ਹੈ। ਹਾਸ ਰਸ ਵਿੱਚ ਅਨੋਖੇ ਮਨੋਭਾਵ ਪੈਦਾ ਹੁੰਦੇ ਹਨ। ਇਹ ਇਕ ਮਾਨਸਿਕ ਕ੍ਰਿਆ ਹੈ। ਆਮ ਖੁਲ੍ਹਾ ਹਾਸਾ ਭੌਤਿਕ ਹੁੰਦਾ ਹੈ ਪਰ ਹਾਸ ਰਸ ਦਾ ਹਾਸ ਮਾਂਜਿਆ ਸਵਾਰਿਆ ਸੁਹਿਰਦਤਾ ਵਾਲਾ ਹੈ। ਆਮ ਹਾਸੇ ਨਾਲੋਂ ਸਾਹਿਤਕ ਹਾਸੇ ਦਾ ਮਹੱਤਵ ਵਧੇਰੇ ਹੈ। ਹਾਸਾ ਆਮ ਤੌਰ ਤੇ ਅਜੋੜਤਾ ਤੋਂ ਪੈਦਾ ਹੁੰਦਾ ਹੈ ਤੇ ਅਸਤੁਲਿਤਤਾ ਦੀ ਸਥਿਤੀ ਵਿੱਚ ਕੋਈ ਹੱਦ ਨਹੀਂ ਇਸ ਲਈ ਹਾਸ ਦੇ ਵਿਭਾਵ ਬੇਗਿਣਤ ਹਨ। ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਕਿਧਰੇ ਕਿਧਰੇ ਵਿਅੰਗਮਈ ਮਿੰਨਾ ਮਿੰਨਾ ਹਾਸਾ ਸ਼ਾਮਲ ਹੈ। ਜਦੋਂ ਵੀ ਉਨ੍ਹਾਂ ਨੇ ਧਾਰਮਿਕ ਢੌਂਗ ਜਾਂ ਵਿਖਾਊ ਰਿਆਕਾਰੀ ਦਾ ਪਾਜ ਉਘਾੜਿਆ ਉਥੇ ਬੜੀ ਸੂਖਮਤਾ ਨਾਲ ਵਿਅੰਗ ਚਿੱਤਰ ਦਾ ਭਾਵ ਉਪਜਾਇਆ ਹੈ। ਸਮੇਂ ਦੀ ਹਾਲਤ ਵਿੱਚ ਰਾਸਧਾਰੀਆਂ ਤੇ ਟਿੱਚਕਰ ਕਰਦੇ ਕਿਹਾ ਹੈ ਕਿ ਚੇਲੇ ਸਾਜ਼ ਵਜਾਉਂਦੇ ਹਨ ਤੇ ਗੁਰੂ ਨੱਚਦੇ ਸਮੇਂ ਸਿਰ ਤੇ ਪੈਰ ਹਿਲਾ ਹਿਲਾ ਕੇ ਮਸਤ ਹੋ ਰਹੇ ਹਨ। ਉਨ੍ਹਾਂ ਦੇ ਤੇਜ਼ ਕਦਮਾਂ ਦੀ ਧੂੜ ਦੇ ਬੱਦਲ ਉਠ ਉਠ ਕੇ ਉਨ੍ਹਾਂ ਦੇ ਆਪਣੇ ਸਿਰਾਂ ਵਿੱਚ ਹੀ ਪੈ ਰਹੇ ਹਨ ਜਿਨ੍ਹਾਂ ਨੂੰ ਵੇਖ ਕੇ ਲੋਕ ਹੱਸ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ:

"ਵਾਇਨਿ ਚੇਲੇ ਨਚਨਿ ਗੁਰੂ
ਪੈਰ ਹਲਾਇਨਿ ਫੇਰਨ੍ਹਿ ਸਿਰ
ਉਡਿ ਉਡਿ ਰਾਵਾ ਝਾਟੈ ਪਾਇ

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 123

ਵੇਖੈ ਲੋਕੁ ਹਸੈ ਘਰਿ ਜਾਇ।"[1]

ਇਸ ਤਰ੍ਹਾਂ ਵਿਅੰਗਮਈ ਹਾਸ ਦੀ ਝਲਕ ਪ੍ਰਤੀਤ ਹੁੰਦੀ ਹੈ। ਸੂਰਤ, ਬਚਨ, ਵੇਸ਼, ਹਰਕਤ, ਵਿਅੰਗ ਅਵਲੰਬਨ ਵਿਭਾਵ ਹੈ। ਉਡਿ ਉਡਿ ਸੁਆਹ ਪੈਂਦੀ, ਪੈਰ ਹਿਲਾਉਣਾ ਲੋਕਾਂ ਦਾ ਹਸਣਾ ਅਨੁਭਵ ਹੈ। ਚੰਚਲਤਾ, ਝੁਣਝੁਣੀ, ਨਿਰਲੱਜਤਾ ਆਦਿ ਸੰਚਾਰੀ ਭਾਵ ਹਨ।

<u>ਕਰੁਣਾ ਰਸ</u>

ਆਚਾਰੀਆਂ ਨੇ ਸ਼ਿੰਗਾਰ ਰਸ ਤੋਂ ਬਾਅਦ ਕਰੁਣਾ ਰਸ ਨੂੰ ਉਚ ਸਥਾਨ ਦਿੱਤਾ ਹੈ। ਕਈ ਸੰਸਕ੍ਰਿਤ ਆਚਾਰੀਆ ਨੇ ਕਰੁਣਾ ਨੂੰ ਸ਼ਿੰਗਾਰ ਤੋਂ ਪਹਿਲਾਂ ਦਰਜਾ ਦਿੱਤਾ ਹੈ। ਸੰਸਕ੍ਰਿਤ ਨਾਟਕਕਾਰ ਭਵਭੂਤੀ ਨੇ ਤਾਂ ਇਥੋਂ ਤੱਕ ਕਿਹਾ ਹੈ, "ਏਕੋ ਰਸ ਕਰੁਣ ਏਵ ਨਿਮਿਤ ਭੇਦਾਤ।" ਅਰਥਾਤ ਇਕੋ ਹੀ ਅਸਲ ਰਸ ਕਰੁਣਾ ਹੈ ਬਾਕੀ ਉਸਦੇ ਭੇਦ ਜਾਂ ਰੂਪ ਹਨ। ਕਰੁਣਾ ਰਸ ਨੂੰ ਪਾਣੀ ਨਾਲ ਉਪਮਾਇਆ ਹੈ ਬਾਕੀ ਰਸਾਂ ਨੂੰ ਬੁਲਬੁਲਿਆਂ ਨਾਲ। ਕਾਰਣ ਇਹ ਹੈ ਕਿ ਕਰੁਣ ਦਾ ਅਹਿਸਾਸ ਬਹੁਤ ਤੀਬਰ ਹੁੰਦਾ ਹੈ। ਇਕ ਦਿਨ ਦਾ ਦੁੱਖ ਸੌ ਦਿਨ ਦੇ ਸੁੱਖ ਉਤੇ ਪਾਣੀ ਫੇਰ ਦਿੰਦਾ ਹੈ।"[2] ਕਰੁਣਾ ਸੰਬੰਧ ਮਨ ਨਾਲ ਹੈ ਜੋ ਕਰੁਣਾ ਭਾਵ ਵਿੱਚ ਪੰਘਰ ਉਠਦਾ ਤੜਪਦਾ ਹੈ। ਇਹ ਬਿਰਹਾ ਵਿਛੋੜੇ ਦੀ ਤੜਪ ਰਤੀ ਦੇ ਨੇੜੇ ਹੈ। ਇਹ ਰਸ ਮਨੁੱਖੀ ਮਨ ਨੂੰ ਸ਼ੋਕ ਨਾਲ ਭਰ ਦਿੰਦਾ ਹੈ। ਕਰੁਣਾ ਰਸ ਦਾ ਸਥਾਈ ਭਾਵ ਸੋਗ ਹੈ। ਜਿਵੇਂ ਸਾਧਕ ਪ੍ਰਭੂ ਮਿਲਾਪ ਲਈ ਰਤੀ ਭਾਵ ਵਿਚ ਤੜਪਦਾ, ਬਿਰਹਾ ਵੈਰਾਗ ਕਰਦਾ ਸੋਗ ਨਾਲ ਭਰ ਜਾਂਦਾ ਹੈ ਤਿਵੇਂ ਹੀ ਕਰੁਣਾ ਰਸ ਵਿਚ ਸੰਸਾਰਕ ਸੁਖਾਂ ਦੀ ਨਿਰਾਰਥਕਤਾ ਤੇ ਨਾਸ਼ਮਾਨਤਾ ਦੀ ਰੂਪ ਰੇਖਾ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਦਿਖਾਈ ਦਿੰਦੀ ਹੈ। ਇਨ੍ਹਾਂ ਸੁਖਾਂ ਵਿਚ ਫਸੇ ਪਏ ਹੋਏ ਲੋਕਾਂ ਦੇ ਥਾਂ ਥਾਂ ਕਰੁਣਾ ਭਰਪੂਰ ਸੰਕੇਤ ਕੀਤੇ ਮਿਲਦੇ ਹਨ। ਜਿਵੇਂ ਕਿ ਧਨ, ਜਵਾਨੀ ਅਤੇ ਸੁੰਦਰਤਾ ਚਾਰ ਦਿਨ ਦੇ ਪ੍ਰਾਹੁਣੇ ਹੁੰਦੇ ਹਨ। ਉਸੇ ਤਰ੍ਹਾਂ ਜਿਵੇਂ ਰੌਪੌਤੀ ਦੇ ਪੱਤੇ ਸੁਕ ਸੜ ਕੇ ਨਾਸ਼ ਹੋ ਜਾਂਦੇ ਹਨ। ਉਮਰ ਦੇ ਦਿਨ ਥੋੜ੍ਹੇ ਹੁੰਦੇ ਹਨ ਜਿਵੇਂ:

1. ਆਸਾ ਦੀ ਵਾਰ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 559
2. ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤਰ</u>, ਪੰਨਾ 128

"ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ

— — —

ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ। ਰਹਾਉ।
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ
ਕੀਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ।"[1]

ਇਸ ਉਦਾਹਰਣ ਵਿੱਚ ਖੁਸ਼ੀਆਂ ਨੂੰ ਛੱਡ ਜਾਣਾ, ਧਨ, ਜਵਾਨੀ, ਸੁੰਦਰਤਾ ਚਾਰ ਦਿਨ ਦੀ ਮਹਿਮਾਨ, ਢਲਣਾ ਜੋਬਨ ਆਲੰਬਨ ਵਿਭਾਵ ਹਨ।

ਵਿਰਲਾਪ ਕਰਨਾ, ਚਿੰਤਾ, ਗੁਣਾ ਗਵਾਈ ਗੰਠੜੀ, ਹੌਕੇ ਭਰਨਾ, ਅਨੁਭਾਵ ਹਨ। ਚਿੰਤਾ, ਭੈ, ਤਰਾਸ, ਦੀਨਤਾ ਸੰਚਾਰੀ ਭਾਵ ਹਨ। ਇਸ ਤਰ੍ਹਾਂ ਕਰੁਣਾ ਰਸ ਦੀ ਤਸਵੀਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਵਧੀ ਨਾਲ ਸੰਬੰਧਿਤ ਭਾਵਾਂ ਅਨੁਭਾਵਾਂ ਤੇ ਸੰਚਾਰੀ ਭਾਵਾਂ ਨਾਲ ਮੇਲ ਖਾਂਦੀ ਹੋਈ ਦਿਖਾਈ ਦਿੰਦੀ ਹੈ। ਬੁਨਿਆਦੀ ਭਾਵ ਫਰਕ ਹੈ ਫਿਰ ਵੀ ਕੁਝ ਨੇੜਤਾ ਦਿਖਾਈ ਦਿੰਦੀ ਹੈ।

## ਰੌਦਰ ਰਸ

ਰੌਦਰ ਰਸ ਦਾ ਸਥਾਈ ਭਾਵ ਕਰੋਧ ਹੈ। ਇਸ ਦੇ ਉਲਟ ਰਤੀ ਵਿੱਚ ਪ੍ਰੇਮੀ ਨੂੰ ਪ੍ਰੀਤਮ ਕੋਲ ਰਹਿ ਕੇ ਖੁਸ਼ੀ, ਦੂਰ ਰਹਿ ਕੇ ਵਿਸ਼ਾਦ ਉਸ ਦੀ ਹਾਨੀ ਉਤੇ ਦੁਖ ਹੁੰਦਾ ਹੈ ਪਰ ਕ੍ਰੋਧ ਵਿਚ ਵੈਰੀ ਦੇ ਦੂਰ ਹੋਣ ਤੇ ਜਾਂ ਉਸਦੀ ਹਾਨੀ ਹੋਣ ਤੇ ਖੁਸ਼ੀ, ਉਸਦੀ ਸਫਲਤਾ ਉਤੇ ਦੁਖ ਹੁੰਦਾ ਹੈ। "ਜਿਥੇ ਵਿਰੋਧੀਆਂ ਦੀ ਛੇੜਖਾਨੀ, ਬੇਇਜ਼ਤੀ, ਅਪਮਾਨ, ਵਡੇਰਿਆਂ ਦੀ ਨਿੰਦਾ ਦੇਸ਼ ਤੇ

---

1. [illegible], ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨੇ 123-124

ਧਰਮ ਦੇ ਅਪਮਾਨ ਕਰਕੇ ਬਦਲੇ ਦੀ ਭਾਵਨਾ ਜਾਗਰਿਤ ਹੁੰਦੀ ਹੈ ਉਥੇ ਰੌਦਰ ਰਸ ਪੈਦਾ ਹੁੰਦਾ ਹੈ।"[1] ਗੁਰੂ ਨਾਨਕ ਸਾਹਿਬ ਦੀ ਰਚਨਾ ਵਿਚ ਇਹੋ ਜਿਹੇ ਭਾਵਾਂ ਦੀ ਤਸਵੀਰ ਕਈ ਥਾਵਾਂ ਤੇ ਉਨ੍ਹਾਂ ਦੀ ਕਵਿਤਾ ਵਿੱਚ ਦਿਖਾਈ ਦਿੰਦੀ ਹੈ ਜਿਵੇਂ ਬਾਬਰ ਦੇ ਹਿੰਦ ਉਤੇ ਹਮਲੇ ਸਮੇਂ। ਗੁਰੂ ਸਾਹਿਬ ਨੇ ਅਤਿਆਚਾਰ ਦੇਖੇ ਤਾਂ ਮੁਗਲਾਂ ਨੂੰ ਜਮ ਕਿਹਾ ਜਿਵੇਂ:

(੨) "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ
ਆਪੈ ਦੋਸੁ ਨ ਦੇਈ ਕਰਤਾ ਜਮੁ ਕਰ ਮੁਗਲੁ ਚੜਾਇਆ
ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦੁ ਨ ਆਇਆ।"[2]

(੩) "ਰਾਜੇ ਸੀਹ ਮੁਕਦਮ ਕੁਤੇ
ਜਾਇ ਜਗਾਇਨਿ ਬੈਠੇ ਸੁਤੇ
ਚਾਕਰ ਨਹਦਾ ਪਾਇਨਿ ਘਾਉ
ਰਤੁ ਪਿਤੁ ਕੁਤਿਹੋ ਚਟਿ ਜਾਹੁ
ਜਿਥੈ ਜੀਆਂ ਹੋਸੀ ਸਾਰ
ਨਕੀ ਵਢੀ ਲਾਇਤਬਾਰ।"[3]

(4) "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।"[4]

ਵਿਰੋਧੀ ਵਿਅਕਤੀ ਨੂੰ ਵੰਗਾਰ, ਰਾਜਿਆਂ ਨੂੰ ਸ਼ੇਰ ਤੇ ਕੁੱਤੇ ਕਹਿਣਾ, ਅਕ੍ਰਿਤਘਣ, ਕਸਾਈ, ਸਮੇਂ ਸਿਰ ਸਹਾਇਤਾ ਨਾ ਕਰਨ ਵਾਲਾ ਮਤਲਬੀ ਆਦਿ ਅਲੰਬਨ ਵਿਭਾਵ ਹਨ, ਗੁੱਸਾ ਆਉਣਾ, ਘੂਰੀ, ਪੀਸ, ਲਲਕਾਰਨਾ ਅਨੁਭਾਵ ਹਨ। ਉਨਮਾਦ, ਅਹੰਕਾਰ, ਗਰਵ, ਮੋਹ ਆਦਿ ਸੰਚਾਰੀ ਭਾਵ ਹਨ। ਬਾਣੀ ਵਿੱਚ ਜਿਸ ਤਰ੍ਹਾਂ ਪ੍ਰੀਤਮ ਦੀ ਬੇਪਰਵਾਹੀ ਤੇ ਗੁੱਸਾ ਆਉਂਦਾ ਹੈ ਕ੍ਰੋਧ ਆਉਂਦਾ ਹੈ। ਇਸੇ ਤਰ੍ਹਾਂ

---

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 134
2. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 452
3. ਮਲਾਰ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1451
4. ਮਾਝ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 267

ਕ੍ਰੋਧ ਰਸ ਵਿਚ ਕ੍ਰੋਧ ਭਾਵ ਦੀ ਭਾਵਨਾ ਵੀ ਪ੍ਰਜਵਲਿਤ ਹੁੰਦੀ ਹੈ।

## ਵੀਰ ਰਸ

ਜਿਥੇ ਯੁਧ, ਦਾਨ, ਧਰਮ ਦੇ ਸਬੰਧ ਵਿਚ ਉਤਸ਼ਾਹ ਦੀ ਪੁਸ਼ਟੀ ਹੋਵੇ ਉਥੇ ਵੀਰ-ਰਸ ਪੈਦਾ ਹੁੰਦਾ ਹੈ। ਵੀਰ-ਰਸ ਦਾ ਸਥਾਈ ਭਾਵ ਉਤਸ਼ਾਹ ਹੈ। "ਭਰਤਮੁਨੀ ਨੇ ਸ਼ਿੰਗਾਰ, ਰੌਦਰ ਅਤੇ ਬੀਭਤਸ ਰਸ ਦੇ ਨਾਲ ਨਾਲ ਵੀਰ-ਰਸ ਨੂੰ ਉਨੀ ਹੀ ਮਹਾਨਤਾ ਦਿੱਤੀ ਹੈ। ਇਸ ਵਿਚੋਂ ਅਦਭੁਤ ਰਸ ਦੀ ਉਤਪਤੀ ਹੁੰਦੀ ਕਿਹਾ ਗਿਆ ਹੈ।"[1] ਰਤੀ ਭਾਵ ਦਾ ਉਤਸ਼ਾਹ ਸਿਰਫ਼ ਪ੍ਰੀਤਮ ਦੇ ਸੰਜੋਗ ਸਮੇਂ ਉਘੜਦਾ ਹੈ, ਜੋ ਸੰਚਾਰੀ ਭਾਵਾਂ ਨੂੰ ਹੋਰ ਤੀਬਰ ਕਰਦਾ ਹੈ। ਪ੍ਰੀਤਮ ਦੇ ਮਨ ਨੂੰ ਉਤਸ਼ਾਹਤ ਰੱਖਦਾ ਹੈ। ਪਰ ਵੀਰ ਰਸ ਨਾਇਕ ਨੂੰ ਸੰਪੂਰਣ ਕਰਨ ਵਾਸਤੇ ਜੋ ਉਤਸ਼ਾਹ ਭਰਦਾ ਹੈ ਉਹ ਦਲੇਰੀ, ਸੂਰਬੀਰਤਾ ਤੇ ਬਹਾਦਰੀ ਦੀ ਪੁਸ਼ਟੀ ਕਰਦਾ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿਚ ਕਿਧਰੇ ਕਿਧਰੇ ਵੀਰ ਰਸ ਮਿਲਦਾ ਹੈ ਜੋ ਪ੍ਰਾਣੀ ਨੂੰ ਨਾਮ ਦੇ ਉਤਸ਼ਾਹ, ਸ਼ਰਧਾ ਅਤੇ ਭਗਤੀ ਭਾਵਨਾ ਨਾਲ ਭਰਦਾ ਹੈ:

> "ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ
> ਲਥੇ ਭੜਥੂ ਪਾਇ ਗੁਰਮੁਖਿ ਮਚਿਆ
> ਮਨਮੁਖ ਮਾਰੇ ਪਛਾੜਿ ਮੂਰਖ ਕਚਿਆ
> ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ
> ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ।"[2]

ਇਥੇ ਛਿੰਝ ਖਾੜਾ ਭੜਥੂ ਮੂਰਖ ਵਿਭਾਵ ਹਨ। ਮਾਨਸਿਕ ਤੇ ਸਰੀਰਕ ਉਤਸ਼ਾਹ, ਨਾਮ ਦੀ ਮਹਾਨਤਾ, ਗਿਆਨ, ਮੇਲਾਪ, ਤਥਾ ਅਨੁਭਾਵ ਹਨ। ਦਯਾ, ਗੁਰਮੁਖ ਦੀ ਪਹਿਚਾਣ, ਹੁਕਮ ਮੇਲਾਪ ਆਦਿ ਸੰਚਾਰੀ ਭਾਵ ਹਨ।

---

1. ਅਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਤੇ ਵਿਸ਼ਲੇਸ਼ਣ, ਪੰਨਾ 360
2. ਮਲਾਰ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰ. ਸ., ਪੰਨਾ 1417

## ਬੀਭਤਸ ਰਸ

ਘਿਣਾ ਜੋਗ ਨੂੰ ਦੇਖ ਕੇ ਜਾਂ ਸੁਣ ਕੇ ਜਿਥੇ ਘਿਣਾ ਜਾਂ ਗਲਾਨੀ ਭਰੇ ਭਾਵ ਪ੍ਰਗਟ ਹੋਣ ਉਥੇ ਬੀਭਤਸ ਰਸ ਪੈਦਾ ਹੁੰਦਾ ਹੈ। ਬੀਭਤਸ ਰਸ ਦਾ ਸਥਾਈ ਭਾਵ ਹੈ ਘਿਰਣਾ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਕਈ ਥਾਵਾਂ ਉਤੇ ਇਸ ਰਸ ਦੇ ਦਰਸ਼ਨ ਹੁੰਦੇ ਹਨ। ਰਤੀ ਭਾਵ ਤੇ ਘਿਰਣਾ ਭਾਵ ਵਿੱਚ ਅੰਤਰ ਹੈ। ਜਿਵੇਂ ਰਤੀ ਭਾਵ ਵਿੱਚ ਜਿਥੇ ਪ੍ਰੀਤਮ ਦੀ ਬੇਵਫਾਈ ਜਾਂ ਉਸਦੇ ਨਾ ਮਿਲਣ ਤੇ ਗੁੱਸਾ ਤੇ ਘਿਰਣਾ ਭਰੇ ਭਾਵ ਪ੍ਰਗਟ ਹੁੰਦੇ ਹਨ ਉਸੇ ਬੀਭਤਸ ਰਸ ਵਿਚ ਗਿਲਾਨੀ ਭਰੀ ਅਵਸਥਾ ਕੀੜਿਆਂ ਮਕੌੜਿਆਂ ਦਾ ਰਸਤਾਂ ਵਿੱਚ ਫਿਰਨਾ, ਗਿਰਝਾਂ ਦਾ ਮਾਸ ਨੋਚਣਾ, ਘਾਇਲ ਵਿਅਕਤੀ ਦਾ ਤੜਫਣਾ, ਘਿਨੌਣੇ ਰੰਗ ਰੂਪ ਨੂੰ ਪ੍ਰਗਟਾਉਣਾ ਆਦਿ ਅਨੁਭਵ ਤੇ ਉਦੀਪਨ ਵਿਭਾਵ ਹਨ। ਗੁਰੂ ਸਾਹਿਬ ਦੀ ਰਚਨਾ ਵਿਚ ਸਰੇਵੜਿਆਂ ਦੀ ਕੁਚੀਲ ਤੇ ਘਿਣਾ ਯੋਗ ਰਹਿਣੀ ਬਹਿਣੀ ਦਾ ਚਿਤਰਣ ਕੀਤਾ ਮਿਲਦਾ ਹੈ ਜਿਵੇਂ ਸਿਰ ਖੋਹਣ ਤੇ ਗੰਦਾ ਮੈਲਾ ਪਾਣੀ ਪੀਣ, ਜੂਠੇ ਟੁੱਕਰ ਖਾਣ ਤੇ ਗੰਦਗੀ ਨੂੰ ਫਰੋਲਣ ਤੇ ਬਦਬੂ ਲੈਣ ਦਾ ਜ਼ਿਕਰ ਕੀਤਾ ਗਿਆ ਹੈ:

"ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ

— — —

ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।"[1]

ਇਥੇ ਗੁਰੂ ਸਾਹਿਬ ਨੇ ਸਰੇਵੜੇ, ਜੋ ਸਿਰ ਦੇ ਵਾਲ ਪੁਟਾ ਕੇ, ਮੈਲਾ ਪਾਣੀ ਪੀਂਦੇ ਹਨ, ਜੂਠੀ ਰੋਟੀ ਮੰਗ ਕੇ ਖਾਂਦੇ ਹਨ ਆਪਣੇ ਵਿਸ਼ਟੇ ਨੂੰ ਫਰੋਲਦੇ ਹਨ ਇਸ ਤਰ੍ਹਾਂ ਗੰਦੀ ਹਵਾੜ ਲੈਂਦੇ ਹਨ, ਭੇਡਾਂ ਵਾਂਗ ਸਿਰ ਦੇ ਵਾਲ ਪੁਟਾਂਦੇ ਹਨ। ਦਿਨ ਰਾਤ ਗੰਦੇ ਰਹਿੰਦੇ ਹਨ, ਸਦਾ ਝੁੰਡ ਮਾਰ ਕੇ ਬੈਠਦੇ ਹਨ ਜਿਵੇਂ ਕਿਸੇ ਦੇ ਮਰਨ ਦੇ ਸੋਗ ਵਿੱਚ ਬੈਠੇ ਹਨ। ਇਹ ਸਾਰੇ ਚਿੱਤਰ ਜਿਵੇਂ ਗੰਦਗੀ ਵਾਲੀ ਥਾਂ, ਬਦਬੂਦਾਰ ਜੀਅ, ਘਿਨੌਣੇ ਰੰਗ ਰੂਪ, ਆਲੰਬਨ ਵਿਭਾਵ ਹਨ। ਭੈ, ਗਿਲਾਨੀ, ਦੀਣਤਾ, ਸੰਚਾਰੀ ਭਾਵ ਹਨ।

---

1. ਮਾਝ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 283

## ਅਦਭੁੱਤ ਰਸ

ਕਿਸੇ ਘਟਨਾ ਜਾਂ ਵਸਤੂ ਦੇ ਦੇਖਣ ਜਾਂ ਸੁਨਣ ਤੋਂ ਜਦੋਂ ਅਸਚਰਜ ਭਾਵਾਂ ਦੀ ਪੁਸ਼ਟੀ ਹੋਵੇ ਉਥੇ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ। ਇਸ ਦਾ ਸਥਾਈ ਭਾਵ ਅਸਚਰਜ ਹੈ, ਰਤੀ ਭਾਵ ਵਿਚ ਅਸਚਰਜਤਾ ਉਦੋਂ ਆਉਂਦੀ ਹੈ ਜਦੋਂ ਪ੍ਰੀਤਮ ਦੀ ਬੇਵਫ਼ਾਈ ਜਾਂ ਮਨਚਾਹੀ ਇੱਛਾ ਦੀ ਅਚਾਨਕ ਪੂਰਤੀ ਹੋ ਜਾਵੇ, ਪਰ ਅਸਚਰਜਤਾ ਵਿੱਚ ਵੀ ਮਨ ਨੂੰ ਖਿੱਚ ਕੇ ਰੌਚਿਕਤਾ ਪੈਦਾ ਹੁੰਦੀ ਹੈ ਤਾਂ ਅਦਭੁੱਤ ਰਸ ਪੈਦਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿੱਚ ਪ੍ਰਭੂ ਦੀ ਸਰਬ-ਵਿਆਪਕਤਾ ਨੂੰ ਨਵੇਂ ਵਿਸਮਾਦਜਨਕ ਢੰਗ ਨਾਲ ਦਰਸਾਇਆ ਗਿਆ ਹੈ ਜਿਵੇਂ ਨਾਦ, ਵੇਦ, ਜੀਵ, ਜੰਤ, ਅਕਾਸ਼, ਹਵਾ, ਪਾਣੀ, ਧਰਤੀ, ਅਗਨੀ, ਭੋਗ ਆਦਿ ਅਦਭੁੱਤਤਾ ਦੀ ਇਕ ਵਿਸਤ੍ਰਿਤ ਤਸਵੀਰ ਪੇਸ਼ ਕੀਤੀ ਹੈ ਜਿਵੇਂ:

"ਵਿਸਮਾਦੁ ਨਾਦ ਵਿਸਮਾਦੁ ਵੇਦ
ਵਿਸਮਾਦੁ ਜੀਅ ਵਿਸਮਾਦੁ ਭੇਦ
ਵਿਸਮਾਦੁ ਰੂਪ ਵਿਸਮਾਦੁ ਰੰਗ
ਵਿਸਮਾਦੁ ਨਾਗੇ ਫਿਰਹਿ ਜੰਤ

— —

ਵਿਸਮਾਦੁ ਅਗਨੀ ਖੇਡਹਿ ਵਿਡਾਣੀ
ਵਿਸਮਾਦੁ ਧਰਤੀ ਵਿਸਮਾਦੁ ਖਾਣੀ
ਵਿਸਮਾਦੁ ਸਾਦਿ ਲਗਹਿ ਪਰਾਣੀ
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ
ਵਿਸਮਾਦੁ ਭੁਖ ਵਿਸਮਾਦੁ ਭੋਗੁ
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ
ਵਿਸਮਾਦੁ ਉਝੜ ਵਿਸਮਾਦੁ ਰਾਹ
ਵਿਸਮਾਦੁ ਨੇੜੈ ਵਿਸਮਾਦੁ ਦੂਰਿ
ਵਿਸਮਾਦੁ ਦੇਖੈ ਹਾਜਰਾ ਹਜੂਰਿ
ਵੇਖਿ ਵਿਡਾਣੁ ਰਹਿਆ ਵਿਸਮਾਦੁ
ਨਾਨਕ ਬੁਝਣੁ ਪੂਰੈ ਭਾਗਿ।"[1]

---

1. ਆਸਾ ਦੀ ਵਾਰ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 551

"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਇ ਰਾਹ
ਨਦੀਆਂ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹੁ।
ਕੀੜਾ ਥਾਪਿ ਦੇਇ ਪਾਤਿਸਾਹੀ ਲਸ਼ਕਰ ਕਰੇ ਸੁਆਹ।
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।
ਨਾਨਕ ਜਿਉਂ ਜਿਉਂ ਸਚੇ ਭਾਵੈ, ਤਿਉਂ ਤਿਉਂ ਦੇਇ ਗਿਰਾਹ।"[1]

ਦੂਸਰੀ ਉਦਾਹਰਣ ਵਿਚ ਗੈਰ ਕੁਦਰਤੀ ਸ਼ਕਤੀਆਂ ਦੇ ਮਾਲਕ ਵਾਹਿਗੁਰੂ ਦੀ ਸ਼ਕਤੀ ਬਾਰੇ ਦੱਸਦਿਆਂ ਕਿਹਾ ਹੈ ਕਿ ਮਾਸ ਖੋਰੇ ਜੰਗਲੀ ਜਾਨਵਰਾਂ ਨੂੰ ਘਾਹ ਖੁਆ ਸਕਦਾ ਹੈ ਤੇ ਜਿਹੜੇ ਘਾਹ ਖਾਣ ਵਾਲੇ ਸਨ ਉਨ੍ਹਾਂ ਨੂੰ ਮਾਸ ਖੋਰੇ ਬਣਾ ਸਕਦਾ ਹੈ, ਨਦੀਆਂ ਨੂੰ ਬਰੇਤੇ ਵਿਚ ਬਦਲ ਸਕਦਾ ਹੈ, ਤੇ ਬਰੇਤਿਆਂ ਨੂੰ ਨਦੀਆਂ ਵਿਚ। ਇਕ ਕੀੜੇ ਨੂੰ ਬਾਦਸ਼ਾਹ ਤੇ ਬਾਦਸ਼ਾਹ ਦੀਆਂ ਫੌਜਾਂ ਨੂੰ ਇਕ ਪਲ ਵਿੱਚ ਪਾਸੇ ਖਪਾ ਸਕਦਾ ਹੈ। ਇਸ ਤਰ੍ਹਾਂ ਵਿਚਿਤਰ ਵਸਤੂਆਂ ਦਾ ਜ਼ਿਕਰ ਅਲੋਕਾਰ ਕਾਰਜਾਂ ਤੇ ਘਟਨਾਵਾਂ ਲਈ ਹੈਰਾਨੀ ਕਾਰਨ ਜ਼ਿਕਰ ਆਦਿ ਆਲੰਬਨ ਤੇ ਉਦੀਪਨ ਵਿਭਾਵ ਹਨ। ਘਬਰਾਹਟ, ਹੈਰਾਨੀ, ਅਨੁਭਾਵ, ਵਿਭਾਵ ਹਨ। ਹਰਸ਼, ਗਰਵ, ਚਿੰਤਾ, ਚੰਚਲਤਾ, ਵਿਸਮੈ ਆਦਿ ਸੰਚਾਰੀ ਭਾਵ ਗੁਰੂ ਸਾਹਿਬ ਦੇ ਕਾਵਿ ਉਦਾਹਰਣਾਂ ਵਿਚ ਰੂੰਮਾਨ ਹਨ।

## ਭਿਆਨਕ ਰਸ

ਭਿਆਨਕ ਰਸ ਦਾ ਸਥਾਈ ਭਾਵ ਭੈ ਹੈ। ਬੀਭਤਸ ਰਸ ਵਿਚੋਂ ਭਿਆਨਕ ਰਸ ਦਾ ਜਨਮ ਮੰਨਿਆ ਗਿਆ ਹੈ। ਇਸ ਨਾਲ ਕਰੁਣਾ ਰਸ ਵਿਚ ਤੀਬਰਤਾ ਵਧ ਸਕਦੀ ਹੈ। ਬੀਭਤਸ ਵਾਲੀ ਸਮਗਰੀ ਵੇਖ ਕੇ 'ਵੀਰ ਰਸ' ਨੂੰ ਹੋਰ ਉਤੇਜਨਾ ਮਿਲ ਸਕਦੀ ਹੈ ਅਤੇ ਰੌਦਰ ਰਸ ਲਈ ਵੀ ਪ੍ਰੇਰਨਾ ਦਾ ਸਾਧਨ ਬਣ ਸਕਦਾ ਹੈ। ਰਤੀ ਵਿਚ ਭੈ ਪ੍ਰੀਤਮ ਦੀ ਬੇਵਫ਼ਾਈ ਜਾਂ ਸਮਾਜ ਤੋਂ ਚੋਰੀ ਮਿਲਣ ਤੇ ਆਉਂਦਾ ਹੈ। ਜਾਂ ਪ੍ਰੀਤਮ ਦੀ ਬੇਵਫ਼ਾਈ ਦਾ ਭੈ ਹੈ। ਦੋਹਾਂ ਭਾਵਾਂ ਵਿਚ ਅੰਤਰ ਹੈ ਜਿਵੇਂ ਭਿਆਨਕ ਰਸ ਵਾਲਾ ਭੈ, ਸਵੇਦ ਮਿਰਗੀ, ਸ਼ੰਕਾ ਦੀਨਤਾ ਚਪਲਤਾ ਭਰਦਾ ਹੈ ਜਦੋਂ ਕਿ ਰਤੀ ਵਾਲਾ ਭੈ ਵਿਯੋਗ ਲਿਆਉਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਭਿਆਨਕ ਰਸ ਦੇ ਭਾਵ(ਜਿਵੇਂ ਪਰਮਾਤਮਾ ਦੇ ਭੈ ਵਿੱਚ ਸੰਸਾਰ ਚਲ ਰਿਹਾ ਹੈ) ਮਿਲਦੇ ਹਨ ਹਵਾ, ਦਰਿਆ, ਚੰਦ,

---

1. ਮਾਝ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 262

ਸੂਰਜ, ਤਾਰੇ, ਅਗਨੀ, ਅਕਾਸ਼, ਪਾਣੀ, ਬੈਸੰਤਰ ਬਾਰੇ ਰੱਬੀ ਭੈ ਵਿੱਚ ਕੰਮ ਕਰ ਰਹੇ ਹਨ।

"ਭੈ ਵਿਚਿ ਪਵਣੁ ਵਹੈ ਸਦਵਾਉ।
ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ।
ਭੈ ਵਿਚਿ ਧਰਤੀ ਦਬੀ ਭਾਰਿ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।

— —

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।
ਕੋਹ ਕਰੋੜੀ ਚਲਤ ਨ ਅੰਤੁ।
ਭੈ ਵਿਚਿ ਸਿਧ ਬੁਧ ਸੁਰ ਨਾਥ।
ਭੈ ਵਿਚਿ ਆਡਾਣੇ ਆਕਾਸ।
ਭੈ ਵਿਚਿ ਜੋਧ ਮਹਾਬਲ ਸੂਰ।
ਭੈ ਵਿਚਿ ਆਵਹਿ ਜਾਵਹਿ ਪੂਰ।
ਸਗਲਿਆ ਭਉ ਲਿਖਿਆ ਸਿਰਿ ਲੇਖੁ
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।"[1]

ਸਾਰੀ ਸ੍ਰਿਸ਼ਟੀ ਤੇ ਕਾਇਨਾਤ ਦਾ ਭੈ ਵਿਚ ਚੱਲਣਾ, ਭੈਦਾਇਕ ਵਿਚਾਰ, ਆਦਿ ਆਲੰਬਨ ਉਦੀਪਨ ਹਨ, ਤਰਾਸ, ਦੀਨਤਾ, ਸੰਚਾਰੀ ਭਾਵ ਹਨ। ਇਥੇ ਗੁਰੂ ਨਾਨਕ ਸਾਹਿਬ ਦੁਆਰਾ ਭੈ ਦਾ ਪ੍ਰਗਟਾਓ ਰੱਬੀ ਕ੍ਰਿਸ਼ਮਾ ਹੈ ਭੈਦਾਇਕ ਦਹਿਸ਼, ਦੁਸ਼ਮਨ, ਸ਼ਮਸ਼ਾਨ, ਭੂਤ ਪ੍ਰੇਤ ਦੀ ਕਲਪਨਾ ਨਹੀਂ।

## ਸ਼ਾਂਤ ਰਸ

"ਸੰਸਾਰਿਕ ਅਸਥਿਰਤਾ ਦੇ ਕਾਰਣ ਜਾਂ ਤੱਤ ਗਿਆਨ ਦੇ ਕਾਰਣ ਮਨ ਵਿਚ ਜਦੋਂ ਵੈਰਾਗ ਪੈਦਾ ਹੁੰਦਾ ਹੈ ਉਥੇ ਸ਼ਾਂਤ ਰਸ ਦੀ ਸਥਿਤੀ ਮੰਨੀ ਜਾਂਦੀ ਹੈ।"[2]

---

1. ਆਸਾ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 555
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 145

ਕਈਆਂ ਵਿਦਵਾਨਾਂ ਨੇ ਸ਼ਾਂਤ ਰਸ ਦਾ ਸਥਾਈ ਭਾਵ ਉਤਸ਼ਾਹ ਘਿਰਣਾ ਅਥਵਾ ਰਤੀ ਮੰਨਿਆ ਹੈ। "ਸ਼ਾਂਤ ਦਾ ਲਕਸ਼ ਆਤਮ ਗਿਆਨ ਮੰਨ ਕੇ ਕੁੱਝ ਵਿਦਵਾਨਾਂ ਨੇ ਰਤੀ ਨੂੰ ਵੀ ਸ਼ਾਂਤ ਰਸ ਦਾ ਸਥਾਈ ਭਾਵ ਮੰਨਿਆ ਹੈ। ਆਤਮ ਅਤੇ ਅਨਾਤਮ ਜਗਤ ਵਿਚ ਦਵੈਤ ਦੇ ਭੇਦ ਨੂੰ, ਆਤਮਾ ਦੇ ਰਹਸਯ ਨੂੰ ਜਾਣ ਲੈਣਾ ਜੀਵਨ ਦਾ ਉਦੇਸ਼ ਹੈ ਇਸ ਪ੍ਰਕਾਰ ਕਈ ਵਿਦਵਾਨਾਂ ਨੇ ਆਤਮ ਰਤੀ ਦਾ ਜ਼ਿਕਰ ਕੀਤਾ ਹੈ।"[1]

ਇਸ ਦੇ ਸਥਾਈ ਭਾਵਾਂ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਕਈਆਂ ਨੇ ਨਿਰਵੇਦ ਤੇ ਸ਼ਮ ਨੂੰ ਇਸ ਦਾ ਸਥਾਈ ਭਾਵ ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਭਾਵੇਂ ਗਿਆਨ, ਭਗਤੀ ਤੇ ਕਰਮ ਬਾਰੇ ਕਿਹਾ ਹੋਵੇ ਜਾਂ ਸੰਸਾਰਿਕ ਨਾਸ਼ਮਾਨਤਾ ਦਾ ਜ਼ਿਕਰ ਕੀਤਾ ਹੋਵੇ, ਪਰ ਸ਼ਾਂਤੀ ਪ੍ਰਵਾਹ ਉਨ੍ਹਾਂ ਦੀ ਕਵਿਤਾ ਵਿੱਚ ਚਲਦਾ ਹੀ ਰਹਿੰਦਾ ਹੈ। ਹਰੀ ਦੇ ਗੁਣ, ਪ੍ਰਭ ਦਾ ਗਾਇਨ, ਪ੍ਰਭੂ, ਪ੍ਰੇਮ, ਪ੍ਰਭੂ ਦਾ ਸਿਮਰਨ, ਰੱਬੀ ਚਿੰਤਨ, ਨਾਮ, ਸਿਮਰਨ, ਹਉਮੈ, ਅਕ੍ਰਿਤਘਣਤਾ ਮਾਇਆ ਦਾ ਤਿਆਗ ਆਦਿ ਸ਼ਾਂਤੀ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਹੈ।

"ਮਨ ਰੇ ਅਹਿਨਿਸਿ ਹਰਿ ਗੁਣ ਸਾਰਿ
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ(ਰਹਾਉ)
ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ
ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ।"[2]

"ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ
ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ
ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ
ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ।"[3]

---

1. ਰਾਘਵਨ, ਨੰਬਰ ਆਫ ਰਸਾਜ਼, ਪੰਨੇ 78-80
2. ਸਿਰੀ ਰਾਗੁ। ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 116
3. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 531

ਪਰਮ ਆਤਮਾ, ਸੰਸਾਰਿਕ ਅਸਥਿਰਤਾ, ਪੂਜਾ ਕੀਰਤਨ ਆਦਿ ਆਲੰਬਨ ਉਦੀਪਨ ਵਿਭਾਵ ਹਨ। ਪ੍ਰਭੂ ਪ੍ਰੇਮ ਸੰਸਾਰ ਤੋਂ ਬੇਮੁਖਤਾ, ਸ਼ਾਂਤੀ ਦੀ ਪ੍ਰਾਪਤੀ ਅਨੁਭਾਵ ਹਨ ਆਵੇਸ਼ ਪ੍ਰੀਤ ਆਦਿ ਸੰਚਾਰੀ ਭਾਵ ਹਨ। ਰਤੀ ਵਿੱਚ ਵੀ ਆਤਮਕ ਪ੍ਰੇਮ ਦੀ ਮਹਾਨਤਾ ਵੈਦਿਕ ਕਾਲ ਤੋਂ ਚਲੀ ਆ ਰਹੀ ਹੈ। ਸ੍ਰਿੰਗਾਰ ਰਸ ਤੇ ਸ਼ਾਂਤ ਰਸ ਦਾ ਆਪਸੀ ਸਬੰਧ ਮੰਨਿਆ ਗਿਆ ਹੈ। ਜਿਥੇ ਸ੍ਰਿੰਗਾਰ ਰਸ ਅਚਾਰੀਆਂ ਨੂੰ ਆਕਰਸ਼ਿਤ ਕਰਦਾ ਰਿਹਾ ਉਥੇ ਇਸ ਦੇ ਸਰੂਪ ਵਿੱਚ ਫਰਕ ਵੀ ਆਇਆ। ਬਹੁਤ ਸਾਰਾ ਵੈਦਿਕ ਸਾਹਿਤ ਧਾਰਮਿਕ ਰੂਪ ਵਿੱਚ ਰਤੀ ਦੇ ਅਨੁਭਵ ਰਾਹੀਂ ਸ੍ਰਿੰਗਾਰ ਰਸ ਦੇ ਸਰੂਪ ਹੇਠ ਵੀ ਲਿਖਿਆ ਗਿਆ। ਇਹ ਸ਼ਾਂਤ ਰਸ ਦੀ ਉਤਪਤੀ ਦੇ ਵਿੱਚ ਸਹਾਈ ਹੋਇਆ। "ਭਾਰਤੀਯ ਸਾਹਿਤ ਵਿੱਚ ਸ੍ਰਿੰਗਾਰ ਰਸ ਦੇ ਭਿੰਨ ਭਿੰਨ ਸਰੂਪਾਂ ਦਾ ਜ਼ਿਕਰ ਹੈ:

1. "ਸਮਾਜਿਕ ਪ੍ਰਸਥਿਤੀਆਂ ਅਨੁਸਾਰ ਪੈਦਾ ਹੋਇਆ ਸ੍ਰਿੰਗਾਰ ਰਸ
2. ਧਾਰਮਿਕ ਪ੍ਰਸਥਿਤੀਆਂ ਤੋਂ ਪੈਦਾ ਹੋਇਆ ਸ੍ਰਿੰਗਾਰ ਰਸ
3. ਰੂੜੀਵਾਦੀ ਪ੍ਰਸਥਿਤੀਆਂ ਤੋਂ ਪੈਦਾ ਹੋਇਆ ਸ੍ਰਿੰਗਾਰ ਰਸ।"[1]

ਧਾਰਮਿਕ ਪ੍ਰਸਥਿਤੀਆਂ ਹੇਠ ਰਿਗਵੇਦ ਤੋਂ ਲੈ ਕੇ ਆਧੁਨਿਕ ਕਾਲ ਤੱਕ ਲਿਖਿਆ ਜਾਣ ਵਾਲਾ ਸਾਹਿਤ ਸ਼ਾਂਤ ਰਸ ਨੂੰ ਨਾਲ ਲੈ ਕੇ ਚਲਦਾ ਰਿਹਾ। ਸ੍ਰਿੰਗਾਰ ਦੇ ਰੂਪਕ ਵਿੱਚ ਲਪੇਟਿਆ ਵੀ ਉਹ ਰੂਹਾਨੀ ਰਤੀ ਦਾ ਪ੍ਰਤੀਕ ਰਿਹਾ। ਸਮਾਜਿਕ ਤੇ ਰੂੜੀਵਾਦੀ ਪ੍ਰਸਥਿਤੀਆਂ ਹੇਠ ਲਿਖਿਆ ਜਾਣ ਵਾਲਾ ਸਾਹਿਤ ਨਿਰੋਲ ਕਾਮਰਤੀ ਦੇ ਪ੍ਰਭਾਵ ਹੇਠ ਲਿਖਿਆ ਜਾਂਦਾ ਰਿਹਾ ਜਿਸ ਦਾ ਸ਼ਾਂਤ ਰਸ ਨਾਲ ਕੋਈ ਸੰਬੰਧ ਨਹੀਂ। ਜਿਥੇ ਕੁਝ ਭਗਤਾਂ ਨੇ ਵੈਰਾਗ ਭਾਵ ਨਾਲ, ਦਾਸਯ ਭਾਵ ਨਾਲ, ਸਖਯ ਭਾਵ ਨਾਲ, ਪੁਤਰ ਭਾਵ ਨਾਲ ਅਤੇ ਕੁਝ ਸ੍ਰਿੰਗਾਰ ਭਾਵ ਨਾਲ ਭਗਵਾਨ ਦੀ ਉਪਾਸਨਾ ਕਰਦੇ ਰਹੇ ਉਥੇ ਭਗਤੀ ਰਸ ਨਾਲ ਸ਼ਾਂਤ ਰਸ ਵੀ ਆਇਆ।

ਅੰਤ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਦੀ ਰਚਨਾ ਵਿਚੋਂ ਪ੍ਰਾਪਤ ਰਸਾਂ ਦਾ ਰਤੀ ਨਾਲ ਸਿੱਧੇ ਅਸਿੱਧੇ, ਚੇਤੰਨ ਅਚੇਤੰਨ ਰੂਪ ਵਿੱਚ ਸਬੰਧ ਜ਼ਰੂਰ ਹੈ। ਇਸ ਰਤੀ ਦੀ ਦਿਸ਼ਾ ਸ੍ਰਿੰਗਾਰਮੁਖੀ ਨਹੀਂ ਸਗੋਂ ਸ਼ਾਂਤਮੁਖੀ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਰਤੀ ਦਾ ਸੁਭਾ ਸ਼ੁਧ ਰਤੀ ਦਾ ਹੈ। ਇਸ ਕਰਕੇ ਪੈਦਾ ਹੋਏ ਰਸ ਦਾ ਸੁਭਾ ਸ੍ਰਿੰਗਾਰ ਰਸ ਦਾ ਨਹੀਂ ਬਲਕਿ ਸ਼ਾਂਤ ਰਸ ਦਾ ਹੈ। ਇਥੇ ਰਤੀ ਦਾ ਨਿਰਵੇਦ ਸ਼ਾਂਤ ਰਸ ਰਤੀ ਦਾ ਸਰੋਤ ਬਣਦੀ ਹੈ। ਉਨ੍ਹਾਂ ਦੀ ਰਚਨਾ

---

1. ਗਣਪਤੀ ਚੰਦ ਗੁਪਤ, ਭਾਰਤੀਯ ਸਾਹਿਤ ਵਿੱਚ ਸ੍ਰਿੰਗਾਰ ਰਸ, ਪੰਨਾ 59

ਵਿਚੋਂ ਰੂਹਾਨੀ ਸ਼ਾਂਤ ਰਸ ਪੈਦਾ ਹੁੰਦਾ ਹੈ ਕਾਮ ਮਈ ਭਾਵਾਂ ਨੂੰ ਉਤੇਜਿਤ ਕਰਨ ਵਾਲਾ ਸ਼ਿੰਗਾਰ ਰਸ ਨਹੀਂ।

## ਸ਼ਿੰਗਾਰ ਰਸ

ਭਰਤਮੁਨੀ ਨੇ "ਸੁਖ ਪ੍ਰਦਾਨ ਕਰਨ ਵਾਲੇ ਇਸ਼ਟ ਪਦਾਰਥਾਂ ਨਾਲ ਯੁਕਤ ਰਿਤੂ ਮਲਾਦਿ ਨਾਲ ਸੇਵਿਤ ਇਸਤ੍ਰੀ ਪੁਰਸ਼ ਨਾਲ ਯੁਕਤ ਨੂੰ ਸ਼ਿੰਗਾਰ ਕਿਹਾ ਹੈ।"[1] ਭੋਜ ਨੇ ਸ਼ਿੰਗਾਰ ਦੀ ਪਰਿਭਾਸ਼ਾ ਇਉਂ ਕੀਤੀ ਹੈ:

> "ਵਿਸ਼ਿਸ਼ਟ ਵਿਭਾਵਾਂ ਅਤੇ ਹੇਤੂਵਾਂ ਨੂੰ ਵਿਅਕਤ ਕਰਨ ਵਾਲੇ ਆਤਮ ਗੁਣਾਂ ਨਾਲ ਉਤਕਰਸ਼ ਦਾ ਮੂਲ ਬੁਧਿ, ਸੁਖ ਦੁਖ, ਇੱਛਾ, ਦ੍ਵੈਸ਼, ਪਰਯਤਨ ਸੰਸਕਾਰਾਂ ਦਾ ਜਨਮ ਤੋਂ ਵੱਡਾ ਕਾਰਨ ਆਤਮਾ ਦਾ ਅੰਹਕਾਰ ਵਿਸ਼ੇਸ਼ ਅਤੇ ਸੁਹਿਰਦੇ ਦਵਾਰਾ ਆਸ੍ਵਾਦਿਤ ਹੋਣ ਵਾਲਾ ਰਸ ਸ਼ਿੰਗਾਰ ਕਹਾਉਂਦਾ ਹੈ।"[2]

ਸ਼ਿੰਗਾਰ ਦਾ ਮੂਲ ਭਾਵ ਰਤੀ ਅਥਵਾ ਕਾਮ, ਸਮੱਸਤ ਵਿਸ਼੍ਵ ਵਿਚ ਵਿਆਪਕ ਹੈ। "ਬ੍ਰਹਮਾਰਥਕ ਵਿੱਚ ਤਾਂ ਭਗਵਾਨ ਨੂੰ ਵੀ ਕਾਮਮਈ ਕਿਹਾ ਗਿਆ ਹੈ।"[3] ਸ਼ਿੰਗਾਰ ਰਸ ਨੂੰ ਰਸਰਾਜ ਮੰਨਿਆ ਗਿਆ ਹੈ। "ਭਾਰਤੀ ਲੇਖਕਾਂ ਨੇ ਕਿਹਾ ਹੈ ਕਿ ਸ਼ਿੰਗਾਰ ਰਸ ਦੀ ਛਤਰ ਛਾਇਆ ਹੇਠ ਸਾਰੇ ਰਸ ਇਕੋ ਜਿਹੇ ਦਿਖਾਈ ਦਿੰਦੇ ਹਨ।"[4] ਪਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਸ਼ਿੰਗਾਰ ਰਸ ਦੀ ਤਸਵੀਰ ਨਹੀਂ ਦਿਖਾਈ ਦਿੰਦੀ।

ਕਈਆਂ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਸ਼ਿੰਗਾਰ ਰਸ ਦੀ ਪ੍ਰਾਪਤੀ ਬਾਰੇ ਕਿਹਾ ਹੈ ਜਿਵੇਂ ਗੋਪਾਲ ਸਿੰਘ ਦਰਦੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਜਾਂ ਸ਼ਿੰਗਾਰ ਰਸ ਦੇ ਨਾਂ ਹੇਠਾਂ ਇਹ ਤੁਕਾਂ ਦਿੱਤੀਆਂ ਹਨ:

---

1. ਭਰਤਮੁਨੀ, ਨਾਟਯ ਸ਼ਾਸਤਰ, ਪੰਨਾ 46
2. ਭੋਜ, ਸ਼ਿੰਗਾਰ ਪ੍ਰਕਾਸ਼, ਪੰਨੇ 353-54
3. ਧੀਰੇਂਦਰ ਵਰਮਾ, ਹਿੰਦੀ ਸਾਹਿਤ੍ਯ ਕੋਸ਼, ਪੰਨਾ 627
4. ਉਹੀ

"ਜਿਨਿ ਸਿਰ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ,
ਸੇ ਸਿਰ ਕਾਤੀ ਮੁਨੀਅਨ ਗਲ ਵਿੱਚ ਆਵੇ ਧੂੜ

ਸਮਝ ਨਹੀਂ ਆਉਂਦੀ ਵਿਦਵਾਨ ਸਾਹਿਤਕਾਰ ਨੂੰ ਇਨ੍ਹਾਂ ਕਰੁਣਾਮਈ ਸਤਰਾਂ ਵਿਚੋਂ ਸ਼ਿੰਗਾਰ ਰਸ ਕਿਵੇਂ ਪ੍ਰਾਪਤ ਹੋਇਆ ਹੈ। ਗੁਰੂ ਸਾਹਿਬ ਨੇ ਤਾਂ ਉਨ੍ਹਾਂ ਅਪਮਾਨਤ ਤੇ ਬਦਨਸੀਬ ਔਰਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਸ਼ਿੰਗਾਰ ਨੂੰ ਬੜੀ ਬੇਰਹਿਮੀ ਨਾਲ ਕੁਚਲਿਆ ਜਾ ਰਿਹਾ ਹੈ। ਮੀਢੀਆਂ ਪੁੱਟੀਆਂ ਜਾ ਰਹੀਆਂ ਹਨ, ਕੈਂਚੀਆਂ ਨਾਲ ਵਾਲ ਕੱਟੇ ਜਾ ਰਹੇ ਹਨ ਅਤੇ ਖੇਹ ਉਡ ਕੇ ਉਨ੍ਹਾਂ ਦੇ ਗਲ ਵਿੱਚ ਪੈ ਰਹੀ ਹੈ। ਅਜਿਹੇ ਦੁਖਦਾਇਕ ਦ੍ਰਿਸ਼ ਨੂੰ ਵੇਖ ਕੇ ਇਕ ਪੱਥਰ ਦਿਲ ਵੀ ਕਰੁਣਾ ਰਸ ਵਿੱਚ ਵਹਿ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਵੀ ਤੁਕਾਂ ਸ਼ਿੰਗਾਰ-ਰਸ ਦੇ ਨਾਂ ਹੇਠ ਪੇਸ਼ ਕੀਤੀਆਂ ਗਈਆਂ ਹਨ ਜਿਵੇਂ:

"ਤੇਰੇ ਬੰਕੇ ਲੋਇਣ ਦੰਤ ਰੀਸਾਲਾ
ਸੋਹਣੇ ਨੱਕ ਜਿਨ ਲੰਮੜੇ ਵਾਲਾ
ਕੰਚਨ ਕਾਇਆ ਸੋਇਨੇ ਕੀ ਢਾਲਾ।"[1]

"ਫੂਲ ਮਾਲਾ ਗਲਿ ਪਹਿਰਉਗੀ ਹਾਰੋ -
ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ।"[2]

"ਮਨੁ ਮੋਤੀ ਜੇ ਗਹਿਣਾ ਹੋਵੈ ਪਉਣੁ ਹੋਵੈ ਸੂਤਧਾਰੀ
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ

— — —

ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ
ਗਿਆਨ ਰਾਉ ਜਬ ਸੇਜੈ ਆਵੈ ਤਾਂ ਨਾਨਕ ਭੋਗੁ ਕਰੇਈ।"[3]

---

1. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 654
2. ਰਾਗੁ ਆਸਾ, ਉਹੀ, ਪੰਨਾ 445
3. ਉਹੀ ਪੰਨਾ 446.

"ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ

— — —

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ

— — —

ਜਾਂਦਿ ਕੁਲਿਆਣੀ ਪਟੀਆਂ ਭਰੀਐ ਮਾਂਗ ਸੰਧੂਰੇ
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।"[1]

"ਸਜਣੁ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ
ਹੰਭੀ ਵੰਞਾ ਡੁਮਣੀ, ਰੋਵਾ ਝੀਣੀ ਬਾਣਿ
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।"[2]

ਉਪਰ ਲਿਖੀਆਂ ਸਤਰਾਂ ਵਿੱਚ ਸ਼ਿੰਗਾਰ ਰਸ ਨਹੀਂ ਸਗੋਂ ਰਸ ਜ਼ਰੂਰ ਹੈ ਉਸ ਦਾ ਸੁਭਾ ਹੁੰਦਾ ਹੈ। ਪ੍ਰਭੂ ਪ੍ਰਾਪਤੀ ਉਸ ਦਾ ਪ੍ਰੇਮ, ਉਸ ਦੀ ਪ੍ਰਾਪਤੀ ਦੀ ਇੱਛਾ, ਬਿਰਹਾ, ਸੰਜੋਗ ਚਿੰਨ੍ਹਆਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।

ਪ੍ਰੋ: ਆਤਮਜੀਤ ਸਿੰਘ ਨੇ ਆਪਣੇ ਪੀ.ਐਚਡੀ. ਥੀਸਿਸ ਵਿੱਚ ਗੁਰੂ ਨਾਨਕ ਬਾਣੀ ਵਿੱਚ ਸ਼ਿੰਗਾਰ ਰਸ ਮੰਨਦੇ ਹੋਏ ਲਿਖਿਆ ਹੈ:

"ਗੁਰੂ ਜੀ ਦੀ ਬਾਣੀ ਵਿੱਚ ਮਧੁਰ ਭਾਵਨਾ ਬੜੀ ਸਜੀਵ ਅਤੇ ਭਾਵਪੂਰਣ ਹੈ। ਇਸਤਰੀ ਦੀ ਸੁੰਦਰਤਾ ਅਤੇ ਬਣਾਏ ਗਏ ਹੁਸਨ ਅਤੇ ਉਸ ਦੀਆਂ ਚੇਸ਼ਟਾਵਾਂ ਦਾ ਵਰਣਨ ਬੜੀ ਪ੍ਰੀਤ ਨਾਲ ਕੀਤਾ ਹੈ। ਸੰਜੋਗ ਅਤੇ ਵਿਜੋਗ ਸ਼ਿੰਗਾਰ ਦੋਹਾਂ ਦਾ ਹੀ ਭਾਵੁਕ ਅਤੇ ਪਰਭਾਵੀ ਚਿਤਰਣ ਉਨ੍ਹਾਂ ਦੀ ਬਾਣੀ ਵਿਚ ਮਿਲਦਾ ਹੈ . . .

---

1. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 647-48
2. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 124

ਇਉਂ ਉਨ੍ਹਾਂ ਸਿੰਗਾਰ ਦੀ ਨਾਇਕਾ ਆਪ ਪੈਦਾ ਕੀਤੇ ਗਏ ਨਾਗਰਿਕ ਹੁਸਨ ਦੀ ਕੋਮਲਤਾ ਅਤੇ ਪੇਂਡੂ ਹੁਸਨ ਦੀ ਕੋਮਲਤਾ ਦੋਹਾਂ ਦੀ ਕਰੜਾਈ ਦਾ ਝਾਵਲਾ ਦੇਂਦੀ ਹੈ। ਜਿਨ੍ਹਾਂ ਨੇ ਚਾਰ ਸਿੰਗਾਰ ਕਰਕੇ ਕੰਤ ਨਹੀਂ ਮਾਣਿਆ। ਉਹ ਪਛਤਾ ਰਹੀਆਂ ਹਨ।

"ਜਿਨੀ ਰੰਗ ਕੰਤ ਨਾ ਰਾਵਿਆ ਪਛੋਤਾਣੀ
ਬਾਹੁ ਮਰੋੜੇ ਸਿਰ ਧੁਣੈ ਜਬ ਰੈਣਿ ਵਿਹਾਣੀ।

ਪਿਰ ਬਿਨ ਕਿਆ ਧਨ ਸੀਗਾਰੁ
ਪਰ ਪਿਰ ਰਾਤੀ ਖਸਮ ਵਿਸਾਰ।"[1]

ਇਸ ਤੋਂ ਇਲਾਵਾ ਡਾਕਟਰ [illegible] ਸਿੰਘ ਦਿਲ[2], ਪ੍ਰੋ: ਪਿਆਰਾ ਸਿੰਘ ਪਦਮ,[3] ਡਾ: ਕਾਲਾ ਸਿੰਘ ਬੇਦੀ[4], ਡਾਕਟਰ ਗੁਰਦੇਵ ਸਿੰਘ[5], ਡਾ: ਸੁਰਿੰਦਰ ਸਿੰਘ ਕੋਹਲੀ[6], ਤਾਰਨ ਸਿੰਘ[7], ਡਾ: ਮਨਮੋਹਨ ਸਿੰਘ[8], ਡਾ: ਗੁਰਸ਼ਰਨ ਕੌਰ ਜੱਗੀ[9], ਡਾ: ਪ੍ਰੇਮ ਪ੍ਰਕਾਸ਼ ਸਿੰਘ[10] ਆਦਿ

---

1. ਪਰਮਜੀਤ ਸਿੰਘ, ਪੰਜਾਬੀ ਵਿੱਚ ਸਿੰਗਾਰ-ਕਾਵਿ ਦਾ ਆਲੋਚਨਾਤਮਕ ਅਧਿਐਨ, ਦਿੱਲੀ ਯੂਨੀਵਰਸਿਟੀ ਦੀ ਪੀ.ਐਚ.ਡੀ. ਦੀ ਉਪਾਧੀ ਲਈ ਸ਼ੋਧ ਪ੍ਰਬੰਧ, ਪੰਨੇ 68-69
2. ਸਿੰਗਾਰ ਕਾਵਿ, ਭਾਸ਼ਾ ਵਿਭਾਗ ਪਟਿਆਲਾ, ਪੰਨਾ 47
3. ਉਹੀ, ਪੰਨਾ 42
4. ਕਾਲਾ ਸਿੰਘ ਬੇਦੀ, ਗੁਰੂ ਨਾਨਕ ਦਰਸ਼ਨ, ਪੰਨਾ 100
5. ਗੁਰਦੇਵ ਸਿੰਘ, ਗੁਰੂ ਨਾਨਕ ਵਿਚਾਰ ਤੇ ਕਾਵਿ ਕਲਾ, ਪੰਨਾ 249
6. ਪੰਜਾਬੀ ਵਿੱਚ ਸਿੰਗਾਰ-ਕਾਵਿ ਦਾ ਆਲੋਚਨਾਤਮਕ ਅਧਿਐਨ, ਪੰਨਾ 11
7. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 157
8. ਮਨਮੋਹਨ ਸਿੰਘ, ਗੁਰਮਤਿ ਕਾਵਿ ਵਿਧਾ ਅਤੇ ਰੂਪ, ਪੰਨਾ 116-117
9. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਕਾਵਿ ਕਲਾ, ਪੰਨਾ 9
10. ਪ੍ਰੇਮ ਪ੍ਰਕਾਸ਼ ਸਿੰਘ, ਬਾਰਹਮਾਹ ਗੁਰਬਾਣੀ ਇਕ ਵਿਸ਼ਲੇਸ਼ਣ, ਪੰਨਾ 234

ਨੇ ਭੀ ਗੁਰਬਾਣੀ ਵਿਚੋਂ ਸ੍ਰਿੰਗਾਰ ਰਸ ਲੱਭਿਆ ਹੈ। ਪਰ ਇਹ ਨਹੀਂ ਦੱਸਿਆ ਕਿ ਸ੍ਰਿੰਗਾਰ ਰਸ ਕਿਵੇਂ ਹੈ? ਕੀ ਸ੍ਰਿੰਗਾਰ ਰਸ ਦੀ ਪਰਿਭਾਸ਼ਾ ਅਨੁਸਾਰ ਉਹ ਪੂਰਾ ਉਤਰਦਾ ਹੈ ਕਿ ਨਹੀਂ? ਸ੍ਰਿੰਗਾਰ ਰਸ ਵਿਚ ਰਤੀ ਦਾ ਸੁਭਾ ਕੀ ਸੀ? ਇਨ੍ਹਾਂ ਪ੍ਰਸ਼ਨਾਂ ਬਾਰੇ ਕਿਸੇ ਵਿਦਵਾਨ ਨੇ ਨਹੀਂ ਲਿਖਿਆ। ਭਾਵ ਦੇ ਚਿਤਰਣ ਤੋਂ, ਸ੍ਰਿੰਗਾਰ ਰਸ ਤੋਂ ਪੈਦਾ ਹੋਣ ਵਾਲੀ ਰਤੀ ਅਤੇ ਗੁਰੂ ਸਾਹਿਬ ਦੀ ਕਵਿਤਾ ਵਿੱਚ ਪੈਦਾ ਹੋਣ ਵਾਲੀ ਰਤੀ ਦੇ ਸੁਭਾ ਵਿੱਚ ਬਹੁਤ ਫਰਕ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿੱਚ ਪੈਦਾ ਹੋਣ ਵਾਲੀ ਰਤੀ ਤੇ ਸਬੰਧਿਤ ਰਸ ਨੂੰ ਅਸੀਂ ਸ੍ਰਿੰਗਾਰ ਰਸ ਨਹੀਂ ਕਹਿ ਸਕਦੇ। ਉਹ ਰਤੀ ਸੁਧ, ਉਜਵਲ, ਅਲੌਕਿਕ ਤੇ ਰੂਹਾਨੀ ਹੈ। ਨਾਇਕ ਤੇ ਨਾਇਕਾ ਦੇ ਰਤੀ ਸੰਬੰਧ ਚਿਤਰਣ ਵਿਚੋਂ ਸ੍ਰਿੰਗਾਰ-ਰਸ ਪੈਦਾ ਹੁੰਦਾ ਹੈ ਇਸ ਵਿੱਚ ਮਿੱਤ੍ਰੀ ਭਾਵਨਾ ਨਹੀਂ ਆਉਣੀ ਚਾਹੀਦੀ। ਨਾਇਕ ਤੇ ਨਾਇਕਾ ਦਾ ਪ੍ਰੇਮ ਜਿਨਸੀ ਭਾਵਨਾ ਤੋਂ ਉਪਰ ਵੀ ਹੋ ਸਕਦਾ ਹੈ ਪਰ ਸ੍ਰਿੰਗਾਰ ਰਸ ਵਿੱਚ ਕਾਮ ਰਤੀ ਦਾ ਹੋਣਾ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿੱਚ ਕਿਤੇ ਵੀ ਕਾਮ ਰਤੀ ਦਾ ਜ਼ਿਕਰ ਨਹੀਂ। ਸਾਧਕ ਦੀ ਪ੍ਰੀਤ, ਉਸ ਦੀ ਲਗਨ, ਉਸ ਦਾ ਸੁਭਾ ਸਿਰਫ ਅਧਿਆਤਮਕ ਰੂਪ ਵਿੱਚ ਹੀ ਆਇਆ ਹੈ ਚਾਹੇ ਦੁਨਿਆਵੀ ਚਿੰਨ੍ਹਾਂ ਦੀ ਵਰਤੋਂ ਭਾਵੇਂ ਕੀਤੀ ਹੋਵੇ।

ਭਰਤਮੁਨੀ ਨੇ (ਨਟਯ ਸ਼ਾਸਤਰ) ਵਿਚ ਸੁਖ ਦੇਣ ਵਾਲੇ ਇੱਛਿਤ 'ਪਦਾਰਥ' ਨਾਲ ਜੁੜੇ ਹੋਏ ਰੁਤ, ਸਾਲ ਆਦਿ ਨਾਲ ਸਵਾਰੇ ਹੋਏ ਇਸਤ੍ਰੀ ਪੁਰਸ਼ ਦੇ ਪਰਸਪਰ ਸੰਬੰਧਾਂ ਨੂੰ ਸ੍ਰਿੰਗਾਰ ਕਿਹਾ ਹੈ। ਦਸ਼ਰੂਪਕ ਦੇ ਰਚਨਹਾਰ ਧੰਨਜਯ ਨੇ ਨਾਇਕ ਤੇ ਨਾਇਕਾ ਦੇ ਹਿਰਦਿਆਂ ਵਿੱਚ ਕਾਲ ਕਲਾ, ਵੇਸ, ਭੋਗ ਆਦਿ ਦੇ ਸੇਵਨ ਰਾਹੀਂ ਆਤਮਾ ਦਾ ਖੇੜੇ ਵਿੱਚ ਆਉਣਾ ਰਤੀ ਕਿਹਾ ਹੈ। ਸ੍ਰਿੰਗਾਰ ਰਸ ਵਿੱਚ ਨਾਇਕ ਤੇ ਨਾਇਕਾ ਦੋਹਾਂ ਦੀ ਸਰੀਰਕ ਹੋਂਦ, ਸਰੀਰਕ ਸ੍ਰਿੰਗਾਰ, ਸੰਜੋਗ ਸਮੇਂ ਦੋਹਾਂ ਦੇ ਅੰਗਾਂ ਦੀਆਂ ਮਿੱਠੀਆਂ ਚੇਸ਼ਟਾਵਾਂ ਵਿਜੋਗ ਵਿੱਚ ਤੜਪ, ਅਲਿੰਗਨ, ਚੁੰਮਣ ਆਦਿ ਜ਼ਰੂਰੀ ਹਨ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਸਰੀਰਕ ਕ੍ਰੀੜੀਆਵਾਂ ਤੋਂ ਪੈਦਾ ਹੋਣ ਵਾਲੇ ਰਸ ਦਾ ਕੋਈ ਜ਼ਿਕਰ ਨਹੀਂ। ਉਨ੍ਹਾਂ ਦਾ ਨਾਇਕ ਅੰਗਮ, ਅਲਪ, ਅਪਾਰ, ਅਥਾਹ, ਅਕਾਲਮੂਰਤਿ, ਨਿਰਵੈਰ, ਨਿਰਭਉ, ਦੈਵੀ ਸ਼ਕਤੀ, ਅਦ੍ਰਿਸ਼ਟਾ, ਅੰਕਤ ਸੁੰਦਰਤਾ ਵਾਲਾ ਤੇ ਸਰਬ ਵਿਆਪੀ ਹੈ। ਉਹ ਆਪਣੇ ਪ੍ਰੀਤਵਾਨ ਦੇ ਸਾਹਮਣੇ ਚੰਚਲ ਭੜਕੀਲੇ ਕਪੜਿਆਂ, ਹੁਸੀਨ ਅਦਾਵਾਂ, ਮਨਭਾਉਂਦੀਆਂ ਚੇਸ਼ਟਾਵਾਂ ਲੈ ਕੇ ਮੁਟਿਆਰ ਜਾਂ ਗਭਰੂ ਦੇ ਰੂਪ ਵਿੱਚ ਨਹੀਂ ਆਉਂਦਾ ਸਗੋਂ ਉਸ ਦਾ ਅਨੁਭਾਵ ਬੜਾ ਸੂਖਮ ਹੈ। ਜਦੋਂ ਨਾਇਕ ਦੀ ਸਰੀਰਕ ਹੋਂਦ ਨਹੀਂ ਤਾਂ ਦੁਨਿਆਵੀ ਸ੍ਰਿੰਗਾਰ ਦਾ ਸੁਆਲ ਪੈਦਾ ਨਹੀਂ ਹੁੰਦਾ। ਉਸ ਦੇ ਭਗਤ ਲਈ ਸ੍ਰਿੰਗਾਰ, ਭੂਸ਼ਣ ਤੇ ਚੇਸ਼ਟਾਵਾਂ ਦੀ ਲੋੜ ਨਹੀਂ ਸਗੋਂ ਨਾਮ, ਪ੍ਰੀਤ, ਸਿਮਰਨ ਭਗਤੀ ਦੇ ਸ੍ਰਿੰਗਾਰ ਦੀ ਲੋੜ ਹੈ। ਜਿਸ ਨਾਲ ਰੂਹਾਨੀ ਸ਼ਾਂਤੀ ਤੇ ਅਗੰਮੀ ਰਸ ਮਿਲਦਾ ਹੈ।

ਇਹੋ ਜਿਹੀ ਅਵਸਥਾ ਵਿੱਚ ਭਾਵੇਂ ਸੰਜੋਗ ਹੋਵੇ ਜਾਂ ਵਿਜੋਗ ਪ੍ਰੀਤਵਾਨ ਸ਼ਾਂਤ ਅਵਸਥਾ ਵਿੱਚ ਲੀਨ ਹੋਇਆ ਹੁੰਦਾ ਹੈ। ਇਸ ਦੇ ਉਲਟ ਦੁਨਿਆਵੀ ਪ੍ਰੀਤ ਵਿੱਚ ਦੋਵੇਂ ਪ੍ਰੇਮੀ ਵਿਜੋਗ ਦੀ ਸਥਿਤੀ ਵਿੱਚ ਇਕ ਦੂਜੇ ਲਈ ਤੜਪਦੇ, ਵਿਲਕਦੇ, ਸ਼ਿਕਵੇ ਸ਼ਿਕਾਇਤਾਂ, ਗਿਲੇ, ਰੋਸੇ, ਨਿਹੋਰੇ ਆਦਿ ਕਰਦੇ ਹਨ ਪਰ ਰਹੱਸਵਾਦੀ ਪ੍ਰੀਤ ਵਿੱਚ ਅਜਿਹਾ ਨਹੀਂ ਪ੍ਰੀਤਵਾਨ ਵਿਛੋੜੇ ਵਿੱਚ ਤੜਪਨਾ ਨਹੀਂ ਸਗੋਂ ਖੁਦ ਮਿਲਾਪ ਲਈ ਅਰਜ਼ੋਈਆਂ, ਬੇਨਤੀਆਂ ਕਰਦਾ, ਹਉਮੈ ਨੂੰ ਮਾਰਦਾ, ਮਾਇਆ ਦਾ ਤਿਆਗ ਕਰਦਾ, ਆਪਣੇ ਮਨ ਨੂੰ ਨਿਰਮਲ ਕਰਦਾ ਹੋਇਆ ਪ੍ਰਭੂ ਸੰਜੋਗ ਪ੍ਰਾਪਤ ਕਰਦਾ ਹੈ। ਸੰਜੋਗ ਦੀ ਅਵਸਥਾ ਵਿੱਚ ਉਹ ਅਨੰਦ, ਸ਼ਾਂਤੀ ਤੇ ਸਹਿਜ ਨੂੰ ਪ੍ਰਾਪਤ ਕਰਦਾ ਹੈ ਇਸ ਨਾਲ ਸ਼ਾਂਤ ਰਸ ਪੈਦਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਅਨੁਸਾਰ ਸ਼ਿੰਗਾਰ ਕਰਨ ਨੂੰ ਕਿਹਾ ਹੈ।

"ਮਨ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤਧਾਰੀ
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ
ਲਾਲ ਬਹੁ ਗੁਣਿ ਕਾਮਣਿ ਮੋਹੀ।
ਤੇਰੇ ਗੁਣ ਹੋਹਿ ਨਾ ਅਵਰੀ। ਰਹਾਉ।
ਹਰਿ ਹਰਿ ਹਾਰ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ।
ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸ੍ਰੁ ਪਟੁ ਲੇਈ
ਧੀਰਜੁ ਧੜੀ ਬੰਧਾਵੈ, ਕਾਮਣਿ ਸ੍ਰੀ ਰੰਗੁ ਸੁਰਮਾ ਦੇਈ
ਮਨ ਮੰਦਿਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ।"[1]

ਇਥੇ ਜੋ ਸ਼ਿੰਗਾਰ ਕਰਨ ਲਈ ਕਿਹਾ ਹੈ ਉਹ ਦੁਨਿਆਵੀ ਨਹੀਂ ਸਗੋਂ ਰੂਹਾਨੀ ਹੈ। ਮਨ ਮੋਤੀਆਂ ਦਾ ਗਹਿਣਾ, ਖਿਮਾ ਰੂਪੀ ਸ਼ਿੰਗਾਰ, ਰੇਸ਼ਮ ਦੇ ਬਸਤਰ ਧੀਰਜ ਆਦਿ ਉਦੀਪਨ ਵਿਭਾਵ ਹਨ। ਸੁਆਸਾਂ ਰੂਪੀ ਡੋਰ ਨਾਲ ਮਨ ਮੋਤੀ ਪਰੋ ਕੇ ਗਹਿਣਾ ਬਣਾਉਣਾ, ਹਰੀ ਨੂੰ ਦੰਦਾਸਾ ਆਦਿ ਕਹਿਣਾ ਅਨੁਭਾਵ ਹੈ। ਖਿਮਾ, ਧੀਰਜ ਸੰਚਾਰੀ ਭਾਵ ਹੈ। ਇਥੇ ਸਾਧਕ ਰੱਬ ਨੂੰ ਨਾਇਕ ਸਮਝ ਕੇ ਖੁਸ਼ ਕਰਨ ਲਈ ਉਸ ਦੀ ਪ੍ਰੀਤ ਦਾ ਸੰਦੇਸ਼ ਦੇ ਰਿਹਾ ਹੈ। ਇੱਥੇ ਰਸ ਦੇ ਸਾਧਕ ਦਾ ਬਿਆਨ ਇਕ ਪੱਖੀ ਹੈ। ਬਾਕੀ ਕੋਈ ਸ਼ਬਦ ਭਾਵ, ਅਨੁਭਾਵ ਅਲੰਬਨ ਉਦੀਪਨ

---

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 446

ਰੂਪ ਵਿਚ ਅਜਿਹਾ ਨਹੀਂ ਆਇਆ ਜਿਹੜਾ ਕਿ ਕਾਮਰਤੀ ਨੂੰ ਪ੍ਰਜਵਲਤ ਕਰਦਾ ਹੋਇਆ ਸ਼ਿੰਗਾਰ ਰਸ ਦਾ ਵਾਤਾਵਰਣ ਪੈਦਾ ਕਰੇ।

ਇਸੇ ਤਰ੍ਹਾਂ ਇਕ ਹੋਰ ਉਦਾਹਰਣ ਰਾਹੀਂ ਅਸੀਂ ਸਪਸ਼ਟ ਕਰ ਦਿਆਂਗੇ ਕਿ ਦੁਨਿਆਵੀ ਪ੍ਰੀਤ ਤੇ ਰੂਹਾਨੀ ਪ੍ਰੀਤ ਵਿਚ ਕਿੰਨਾ ਫਰਕ ਹੈ।

"ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ
ਜਾ ਤੂੰ ਤਾ ਮੈਂ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ

— — —

ਮਾਠਿ ਗੁੰਦਾਈ ਪਟੀਆ ਭਰੀਆਂ ਮਾਂਗ ਸੰਧੂਰੇ,
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।"[1]

ਇਸ ਦੇ ਮੁਕਾਬਲੇ ਤੇ ਦੁਨਿਆਵੀ ਸ਼ਿੰਗਾਰ ਰਸੀ ਕਵਿਤਾ ਦਾ ਨਮੂਨਾ ਵੇਖੋ।

"ਚੀਰੇ ਵਾਲਾ ਕੇਹੜਾ ਬੀਬੋ ਅੰਦਰ ਕੌਣ ਖੜਾ?
ਮਿਰਜ਼ਾ ਫੁੱਲ ਗੁਲਾਬ ਦਾ ਮੇਰੀ ਝੋਲੀ ਟੁਟ ਪਿਆ।
ਨਾ ਰਜ ਬਾਹੀਆਂ ਘੁੱਟ ਕੇ ਵੰਗਾਂ ਜਾਂਦੀਆਂ ਭੱਜ।
ਕਲ ਮੈਂ ਹੀਰ ਚੜ੍ਹਾਈਆਂ ਪਹਿਨ ਨਾ ਵੇਖੀਆਂ ਰੱਜ।"[2]

---

1. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨੇ 647-48
2. ਮਿਰਜ਼ਾ ਸਾਹਿਬਾਂ, ਕ੍ਰਿਤ ਪੀਲੂ (ਸ਼ਿੰਗਾਰ ਕਾਵਿ ਪੰਨਾ 42)

ਇਥੇ ਸ਼ਿੰਗਾਰ ਰਸ ਦੇ ਹਰ ਪੜਾ ਨੂੰ ਬਿਆਨ ਕੇ ਅਸੀਂ ਦੇਖਦੇ ਹਾਂ ਕਿ ਪਹਿਲੀ ਅਵਸਥਾ ਰਬ ਰੂਪੀ ਪ੍ਰੀਤਮ ਅਲੰਬਨ ਵਿਭਾਵ ਹੈ, ਮੋਰਾਂ ਦੀ ਕੁਕਕੁਣ, ਸਾਵਣ ਦਾ ਸੁਹਾਣਾ ਮੌਸਮ, ਆਲਾ ਦੁਆਲਾ ਉਦੀਪਨ ਵਿਭਾਵ ਹੈ। ਪ੍ਰੀਤਮ ਦੇ ਨਾਮ ਤੋਂ ਕੁਰਬਾਨ ਜਾਣਾ, ਪੱਟੀਆਂ ਗੁੰਦਣਾ, ਮਾਂਗ ਵਿੱਚ ਸੰਧੂਰ ਭਰਨਾ, ਚੂੜਾ ਛਣਕਣਾ ਅਨੁਭਾਵ ਹਨ। ਚਿੰਤਾ, ਮੋਹ, ਦਰਸ਼ਨ ਦੀ ਤਾਂਘ, ਨਿਮਰਤਾ ਸੰਚਾਰੀ ਭਾਵ ਹਨ। ਇਥੇ ਸ਼ੁਧ ਰਤੀ ਸਥਾਈ ਭਾਵ ਹੈ ਜੋ ਸ਼ਿੰਗਾਰ ਰਤੀ ਵਾਲਾ ਵਾਤਾਵਰਣ ਨਹੀਂ ਪੈਦਾ ਕਰਦਾ ਸਗੋਂ ਸ਼ਾਂਤਮਈ ਵਾਤਾਵਰਨ ਪੈਦਾ ਕਰਦਾ ਹੈ। ਦੂਜੇ ਪਾਸੇ ਦੁਨਿਆਵੀ ਪ੍ਰੀਤ ਵਿੱਚ ਮਿਰਜ਼ਾ ਅਲੰਬਨ ਵਿਭਾਵ ਹੈ ਜੋ ਸਾਹਿਬਾਂ ਅੰਦਰ ਸਥਾਈ 'ਕਾਮਰਤੀ' ਨੂੰ ਜਾਗ੍ਰਿਤ ਕਰਦਾ ਹੈ। ਮਿਰਜ਼ੇ ਦੀ ਸੁੰਦਰਤਾ, ਮਿੱਠੀਆਂ ਹਰਕਤਾਂ, ਚੇਸ਼ਟਾਵਾਂ ਉਦੀਪਨ ਵਿਭਾਵ ਹਨ। ਬਾਂਹ ਫੜਨਾ, ਵੰਗਾਂ ਟੁੱਟਣਾ ਆਦਿ ਅਨੁਭਾਵ ਹਨ। ਸਵੈਮਾਨ ਚੰਚਲਤਾ ਲਜਾ ਆਦਿ ਸੰਚਾਰੀ ਭਾਵ ਹਨ। ਜਿਨ੍ਹਾਂ ਸ਼ਬਦਾਂ ਦਾ ਪ੍ਰਯੋਗ ਹੈ ਉਹ ਭੜਕਾਊ ਵਾਤਾਵਰਣ ਪੈਦਾ ਕਰਕੇ 'ਕਾਮਰਤੀ' ਨੂੰ ਉਪਜਾਉਂਦੇ ਹਨ। ਸੋ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਤੇ ਦੁਨਿਆਵੀ ਪ੍ਰੀਤ ਪੰਕਤੀਆਂ ਦੋਹਾਂ ਵਿੱਚ ਵਾਤਾਵਰਣ, ਦਿਸ਼ਾਵਾਂ, ਹਾਵਭਾਵਾਂ ਵਿੱਚ ਅੰਤਰ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿਚ ਕਿਤੇ ਸ਼ਿੰਗਾਰ ਰਸ ਪੈਦਾ ਨਹੀਂ ਹੁੰਦਾ ਸਗੋਂ ਭਾਵਾਂ ਦੀ ਸਵੱਛਤਾ, ਸ਼ੁੱਧਤਾ, ਸ਼ਾਂਤਮਈ ਵਾਤਾਵਰਣ ਸ਼ੁੱਧ ਰਤੀ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਸ ਕਰਕੇ ਇਸ ਤੋਂ ਪੈਦਾ ਹੋਏ ਰਸ ਨੂੰ ਅਸੀਂ ਸ਼ਾਂਤ ਰਸ ਕਹਾਂਗੇ ਸ਼ਿੰਗਾਰ ਨਹੀਂ। ਗੁਰੂ ਸਾਹਿਬ ਦੀ ਰਚਨਾ ਵਿੱਚ ਸ਼ਾਂਤੀ ਪਰਵਾਹ ਚਲਦਾ ਹੈ ਜੋ ਨਿਰੋਲ ਸ਼ੁਧ ਰਤੀ ਦਾ ਰੂਪ ਹੈ। ਇਸ ਵਿਸਤਾਰਮਈ ਪਰਿਭਾਸ਼ਾ ਨੂੰ ਸਿੱਧ ਕਰਨ ਲਈ ਤੀਜੇ ਅਧਿਆਇ ਵਿੱਚ ਦਿੱਤੇ ਚਾਰਟਾਂ ਉਤੇ ਨਿਗਾਹ ਸਹਾਇਕ ਸਿੱਧ ਹੋ ਸਕਦੀ ਹੈ।

ਅੰਤ ਤੇ ਅਸੀਂ ਕਹਿ ਸਕਦੇ ਹਾਂ ਕਿ ਰਤੀ ਦੀ ਦਿਸ਼ਾ ਸਾਰਿਆਂ ਰਸਾਂ ਵਲ ਨੂੰ ਜ਼ਰੂਰ ਜਾਂਦੀ ਹੈ ਪਰ ਗੁਰੂ ਸਾਹਿਬ ਦੀ ਰਚਨਾ ਵਿੱਚ ਇਸ ਦਾ ਰੁਝਾ ਸ਼ਿੰਗਾਰਮਈ, ਸਰੀਰਕ ਚੇਸ਼ਟਾਵਾਂ ਤੇ ਕ੍ਰੀੜੀਆਂਵਾਂ ਵਾਲਾ ਨਹੀਂ ਸਗੋਂ ਸ਼ੁਧ, ਸ਼ਾਂਤ, ਰੂਹਾਨੀ ਤੇ ਉਜਵਲ ਹੈ।

## ਅਧਿਆਇ ਛੇਵਾਂ

*

*

# ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ
# ਰਤੀ ਅਤੇ ਸਾਧਨਾ ਮਾਰਗ

## ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਅਤੇ ਸਾਧਨਾ ਮਾਰਗ

ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਦਾ ਸਾਧਨਾ ਮਾਰਗ ਵਿੱਚ ਮਹੱਤਵ ਬਹੁ ਪੱਖੀ ਹੈ। ਗੁਰੂ ਨਾਨਕ ਦੇਵ ਦੁਆਰਾ ਚਿਤਰਤ ਰਤੀ ਹੀ ਉਨ੍ਹਾਂ ਦਾ ਮਾਰਗ ਹੈ। ਜਿਵੇਂ ਪਰਮਪਦ ਦੀ ਪ੍ਰਾਪਤੀ ਲਈ ਸਾਧਨਾ ਜ਼ਰੂਰੀ ਹੈ ਤਿਵੇਂ ਹੀ ਸਾਧਕ ਦੀ ਸਾਧਨਾ ਰਤੀ ਦੇ ਜਗਾਉਣ ਦੀ ਅਵੱਸ਼ਕਤਾ ਹੈ। ਸਾਧਨਾ ਦਾ ਅਰਥ ਹੈ 'ਪ੍ਰਯਤਨ ਕਰਨਾ' ਕਿਸੇ ਵੀ ਲਕਸ਼ ਜਾਂ ਉਦੇਸ਼ ਦੀ ਸਿਧੀ ਲਈ ਜੋ ਸੁਭਾਵਕ ਉਪਾ ਕੀਤੇ ਜਾਂਦੇ ਹਨ ਉਹ ਸਾਰੇ ਸਾਧਨਾ ਦੇ ਅੰਤਰਗਤ ਆਉਂਦੇ ਹਨ ਅਰਥਾਤ ਸਾਧਿਆ ਦੀ ਸਿਧੀ ਲਈ ਜੋ ਚੇਸ਼ਟਾ ਅਥਵਾ ਕ੍ਰਿਆ ਕੀਤੀ ਜਾਂਦੀ ਹੈ ਉਹਸਾਧਨਾ ਹੈ। "ਧਾਰਮਿਕ ਦ੍ਰਿਸ਼ਟੀਕੋਣ ਤੋਂ ਸਾਧਨਾ ਦਾ ਅਰਥ ਅਧਿਆਤਮਕ ਧਿਆਨ ਮੁਕਤੀ ਜਾਂ ਬ੍ਰਹਮਾ ਦੀ ਪ੍ਰਾਪਤੀ, ਇੰਦ੍ਰੀਆਂ ਮਨ ਅਤੇ ਬੁਧੀ ਦਾ ਅਨੁਸ਼ਾਸਨ ਹੈ।"[1] ਸਾਧਨਾ ਦੇ ਸਬੰਧ ਨੂੰ ਰਤੀ ਦੇ ਨੇੜੇ ਦੇਖਣ ਲਈ ਸਾਧਨਾ ਦੀਆਂ ਵਿਸ਼ੇਸ਼ਤਾਈਆਂ ਜਾਨਣਾ ਜ਼ਰੂਰੀ ਹੈ।

> "ਭਾਰਤੀ ਸਾਧਨਾ ਦੀਆਂ ਵਿਸ਼ੇਸ਼ਤਾਵਾਂ ਵਿੱਚ ਗਿਆਨ, ਕਰਮ, ਉਪਾਸਨਾ ਦਾ ਸੰਗਮ ਹੈ। ਇਸ ਵਿੱਚ ਪ੍ਰਵ੍ਰਿਤੀ ਤੇ ਨਵਿਰਤੀ ਦੀ ਪ੍ਰਧਾਨਤਾ ਰਹੀ ਹੈ। ਇਨ੍ਹਾਂਰਾਹੀਂ ਉਨ੍ਹਾਂ ਨੇ ਅੰਦਰ ਤੇ ਬਾਹਰ ਦੀ ਏਕਤਾ ਦਾ ਅਨੁਭਵ ਕੀਤਾਹੈ। ਮੱਧਕਾਲੀਨ ਸਾਧਨਾ ਵਿੱਚਸਿਮਰਨ ਦੀ ਮਹਾਨਤਾ ਵਧੇਰੇ ਹੈ ਜਿਸ ਦਾ ਅਰਥ ਹੈ ਕਿ ਇਸ਼ਟਦੇਵ ਨੂੰ ਪ੍ਰੇਮ ਕਰਦੇ ਹੋਏ ਆਪਣੀਆਂ ਇੰਦ੍ਰੀਆਂ ਨੂੰ ਬਲਮਈ ਬਣਾਉਣ ਦੀ ਭਾਵਨਾ ਵਿੱਚ ਸਿਮਰਨ ਕਰਨਾ।"[2]

ਮੱਧਕਾਲੀਨ ਸੰਤ ਸਾਧਨਾ ਦੀ ਹੋਰ ਵਿਸ਼ੇਸ਼ਤਾ ਦ੍ਵੈਤ ਦੇ ਭੇਦ ਨੂੰ ਮਿਟਾ ਕੇ ਪਰਮਾਤਮਾ ਨੂੰ ਹਿਰਦੇ ਵਿੱਚ ਵਸਾਉਣਾ ਹੈ ਚਾਹੇ ਉਹ ਕਿਸੇ ਸ਼੍ਰੇਣੀ ਜਾਂ ਜਾਤੀ ਨਾਲ ਸੰਬੰਧ ਕਿਉਂ ਨਾਂ ਰੱਖਦਾ ਹੋਵੇ।

ਭਾਰਤੀਯ ਸਾਧਨਾਗੁਰੂ ਦੀ ਮਹੱਤਤਾ ਨੂੰ ਸਵੀਕਾਰ ਕਰਦੀ ਹੈ।

---

1. ਰਾਮਚੰਦਰ ਬਿਲੌਰੇ, ਜਾਯਸੀ ਕੀ ਪ੍ਰੇਮ ਸਾਧਨਾ ਪੰਨਾ 1
2. ਮੁਨਸ਼ੀ ਰਾਮ ਸ਼ਰਮਾ, ਭਾਰਤੀ ਸਾਧਨਾ ਅਤੇ ਸੂਰ ਸਾਹਿਤ, ਪੰਨੇ 6-7

ਆਤਮਿਕ ਰਤੀ ਭਾਵਾਂ ਦੇ ਉਜਵਲੀਕਰਨ ਲਈ ਸਾਧਕ ਵਾਸਤੇ ਇਹ ਵਿਸ਼ੇਸ਼ਤਾਵਾਂ ਜ਼ਰੂਰੀ ਹਨ ਜਿਵੇਂ ਗਿਆਨ, ਕਰਮ, ਪ੍ਰੇਮ, ਸਿਮਰਨ, ਭਾਉਭਗਤੀ, ਗੁਰੂ ਦੀ ਮਹਾਨਤਾ, ਪ੍ਰਸਾਦਿ, ਹਾਉਮੈ ਦਾ ਨਾਸ਼, ਭਗਤੀ ਆਦਿ। ਰਤੀ ਦਾ ਸ਼ੁਧ ਸੁਭਾ ਇਨ੍ਹਾਂ ਧਾਰਨਾਵਾਂ ਤੇ ਚਲ ਕੇ ਹੀ ਹੋ ਸਕਦਾ ਹੈ ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿੱਚ ਬਾਰ ਬਾਰ ਪ੍ਰਗਟਾਇਆ ਹੈ। ਇਸੇ ਲਈ ਰਤੀ ਸਾਧਨਾ ਭਾਵ ਦੇ ਕਾਫ਼ੀ ਨੇੜੇ ਹੈ, ਕਿਉਂਕਿ ਭਗਤੀ ਦੇ ਪ੍ਰਸੰਗ ਵਿਚ ਆਉਣ ਵਾਲੀ ਰਤੀ ਸ਼ੁਧ ਅਖਵਾਏਗੀ। "ਆਚਾਰਯ ਸਾਂਡਿਲਯ ਦੇ ਮਤ ਅਨੁਸਾਰ ਆਤਮਾ ਵਿੱਚ ਤੀਬਰ ਰਤੀ ਦਾ ਹੋਣਾ ਭਗਤੀ ਹੈ।"[1] "ਕਬੀਰ ਨੇ ਭਗਤੀ ਵਿੱਚ ਪ੍ਰੇਮ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ।"[2] ਭਗਤੀ ਦਾ ਆਧਾਰ ਪ੍ਰੇਮ ਹੈ ਪ੍ਰੇਮ ਦਾ ਆਧਾਰ ਰਤੀ ਹੈ ਇਸ ਕਰਕੇ ਰਤੀ ਤੇ ਭਗਤੀ ਦਾ ਅਨਿਖੜਵਾਂ ਸੰਬੰਧ ਹੈ। ਇਥੇ ਰਤੀ ਤੋਂ ਭਾਵ ਸ਼ੁਧ ਰਤੀ ਹੈ। ਡਾ: ਮੁਨਸ਼ੀ ਰਾਮ ਸ਼ਰਮਾ ਅਨੁਸਾਰ "ਭਾਉ ਭਗਤੀ ਹਿਰਦੇ ਤੋਂ ਪਰਸੂਤ ਹੁੰਦੀ ਹੈ। ਰਤੀ ਦਾ ਸਬੰਧ ਵੀ ਹਿਰਦੇ ਨਾਲ ਹੈ। ਇਹੀ ਕੇਵਲ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਭਵ ਸਾਗਰ ਪਾਰ ਹੋਇਆ ਜਾ ਸਕਦਾ ਹੈ। ਭਾਉ ਪ੍ਰੇਮ ਹੀ ਜਿਗਿਆਸੂ ਦਾ ਵਾਸਤਵਿਕ ਭੋਜਨ ਹੈ। ਕੋਈ ਵਿਰਲਾ ਹੀ ਇਸਨੂੰ ਪ੍ਰਾਪਤ ਕਰ ਸਕਦਾ ਹੈ।"[3] ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਪ੍ਰਭੂ ਪ੍ਰੇਮ, ਸਿਮਰਨ ਦੀ ਲਗਨ, ਗੁਰੂ ਪ੍ਰਸਾਦਿ, ਆਤਮਿਕ ਅਭੇਦਤਾ ਰਤੀ ਭਾਵਨਾ ਨਾਲ ਹੀ ਪਰਪੱਕ ਹੋ ਕੇ ਸਾਧਕ ਦੀ ਸਾਧਨਾ ਨੂੰ ਨੇਪਰੇ ਚਾੜ੍ਹ ਸਕਦੇ ਹਨ। ਸੋ ਸਾਧਕ ਦੀ ਸਾਧਨਾ ਲਈ ਰਤੀ ਜ਼ਰੂਰੀ ਹੈ।

ਭਾਰਤੀ ਸਾਧਨਾ ਮਾਰਗ ਵਿੱਚ ਵੱਖਵੱਖ ਸਾਧਨਾ ਮਾਰਗ:

1. ਗਿਆਨ ਸਾਧਨਾ
2. ਕਰਮ ਸਾਧਨਾ
3. ਭਗਤੀ ਸਾਧਨਾ
4. ਭਾਵ ਸਾਧਨਾ
5. ਨਾਮ ਸਾਧਨਾ

1. ਗੋਬਿੰਦ ਤ੍ਰਿਗੁਣਾਇਤ, ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਦੀ ਦਾਰਸ਼ਨਿਕ ਪ੍ਰਿਸ਼ਟ ਭੂਮੀ, ਪੰਨੇ 546-47
2. ਕਬੀਰ ਗ੍ਰੰਥਾਵਲੀ, ਪੰਨਾ 161
3. ਭਗਤੀ ਦਾ ਵਿਕਾਸ, ਪੰਨਾ 752

ਇਹ ਸਾਰੇ ਮਾਰਗ ਰਤੀ ਤੋਂ ਬਿਨਾਂ ਅਧੂਰੇ ਹਨ। ਗੁਰੂ ਨਾਨਕ ਦੇਵ ਜੀ ਨੇ ਜੋ ਵੱਖ ਵੱਖ ਸਾਧਨਾ ਦੇ ਤੱਤ ਲਏ ਹਨ ਉਨ੍ਹਾਂ ਵਿੱਚ ਗੁਰੂ, ਭਗਤੀ, ਨਾਮ ਪ੍ਰਸਾਦਿ, ਗਿਆਨ ਤੇ ਕਰਮ ਦੀ ਮਹਾਨਤਾ ਵਧੇਰੇ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਗੁਰੂ ਦੀ ਲੋੜ ਸਭਤੋਂ ਵਧੇਰੇ ਮੰਨੀ ਗਈ ਹੈ। ਰਤੀ ਦੇ ਪ੍ਰਗਟਾ ਲਈ ਵੀ ਕੋਈ ਨਾ ਕੋਈ ਕੇਂਦਰ ਬਿੰਦੂ ਜ਼ਰੂਰੀ ਹੈ। ਕਿਸੇ ਮਾਧਿਅਮ ਦੇ ਸਹਾਰੇ ਹੀ ਰਤੀ ਉਪਜਦੀ ਹੈ। ਪ੍ਰੋ: ਗੁਲਵੰਤ ਸਿੰਘ ਅਨੁਸਾਰ:

> "ਸਭ ਤੋਂ ਵੱਧ ਉਸਾਰੂ ਤੇ ਉਜਲ ਭਾਵ ਪਰਮਾਤਮਾ ਦੀ ਸੱਤਾ ਦਾ ਹੈ ਜਦ ਇਹ ਭਾਵ ਮਨ ਅੰਤਰ ਉਪਰ ਛਾ ਜਾਂਦਾ ਹੈ ਤਾਂ ਦਿਲ ਸਾਰੇ ਅੰਧਕਾਰਾਂ ਤੋਂ ਪਾਕ ਹੋ ਜਾਂਦਾ ਹੈ। ਮੁਕਤੀ, ਅਨੰਦ ਅਤੇ ਅਮਰਤਾ ਦੇ ਪ੍ਰਕਾਸ਼ ਕਾਰਣ ਨੂਰੋ ਨੂਰ ਹੋ ਜਾਂਦਾ ਹੈ। ਸੁਰਤਿ ਕਰਮ ਸੁਕ੍ਰਿਤ ਦਾ ਸੰਚਾਲਨ ਕਰਦੀ ਹੈ। 'ਜੇਹੇ ਕਰਮ ਕਮਾਇ ਤੇਹਾ ਹੋਇਸੀ' ਅਨੁਸਾਰ ਕਰਮਾਚਾਰ ਦੁਆਰਾ ਹੀ ਇਨਸਾਨੀ ਸ਼ਖਸੀਅਤ ਬਣਦੀ ਹੈ। ਸੁਰਤਿ ਹੀ ਮਾਨਵ ਸੁਭਾ ਦੀ ਨਵੀਨ ਉਸਾਰੀ ਦੀ ਬੁਨਿਆਦ ਹੈ।"[1]

ਰਤੀ ਭਾਵ ਜਦੋਂ ਮਨ ਉਪਰ ਛਾ ਜਾਂਦਾ ਹੈ ਉਦੋਂ ਵੀ ਇਸ ਕਥਨ ਅਨੁਸਾਰ ਮੁਕਤੀ, ਅਨੰਦ ਤੇ ਅਮਰਤਾ ਦਾ ਨੂਰ ਚਾਰੇ ਪਾਸੇ ਖਿਲਰ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਗੁਰੂ ਦੀ ਮਹਾਨਤਾ ਨੂੰ ਉਨੀ ਹੀ ਭਾਵਕਤਾ ਨਾਲ ਚਿਤਰਿਆ ਹੈ ਜਿੰਨੀ ਕਿਸੇ ਪ੍ਰੇਮਿਕਾ ਨੂੰ ਵੇਖ ਕੇ ਪ੍ਰੇਮੀ ਦੇ ਮਨ ਵਿੱਚ ਉਘੜਦੀ ਹੈ। ਗੁਰੂ ਨਾਨਕ ਦੇਵ ਨੇ ਤਾਂ ਪ੍ਰਮਾਤਮਾ ਦੀ ਪ੍ਰਾਪਤੀ ਗੁਰੂ ਕ੍ਰਿਪਾ ਦੁਆਰਾ ਮੰਨੀ ਹੈ। ਲੱਗਭੱਗ ਹਰ ਸ਼ਬਦ ਵਿੱਚ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਇਸ ਦਾ ਮਹੱਤਵ ਸਪਸ਼ਟ ਹੈ। ਮੱਧ ਕਾਲ ਦੀ ਭਾਰਤੀ ਧਾਰਾ ਵਿੱਚ ਗੁਰੂ ਦਾ ਮਹੱਤਵ ਬਹੁਤ ਪ੍ਰਭਾਵਸ਼ਾਲੀ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਭੀ ਗੁਰੂ ਦਾ ਮਹੱਤਵ, ਲੱਛਣ, ਸਰੂਪ, ਆਵੱਸ਼ਕਤਾ ਆਦਿ ਕਈ ਢੰਗਾਂ ਨਾਲ ਇਸਤੇ ਚਾਨਣ ਪਾਇਆ ਗਿਆ ਹੈ ਪਰ ਜੋ ਕੁੱਝ ਵੀ ਗੁਰੂ ਵਾਸਤੇ ਕਿਹਾ ਹੈ ਉਹ ਅਧਿਆਤਮਕ ਗੁਰੂ ਦੀ ਕਸਵੱਟੀ ਉਪਰ ਹੀ ਕਿਹਾ ਹੈ। ਗੁਰੂ ਨਾਨਕ ਦੀ ਬਾਣੀ ਵਿੱਚ ਗੁਰੂ ਪਦ ਦੇ ਪ੍ਰਤਿਪਾਦਕ ਲਈ ਜੋ ਕੁਝ ਲਿਖਿਆ ਮਿਲਦਾ ਹੈ ਉਹ ਕੇਵਲ ਅਧਿਆਤਮਕ ਗੁਰੂ ਲਈ ਹੈ ਪਰ ਹੈ ਉਹ ਅਸ਼ਰੀਰੀ, ਇਹ ਸੱਚਮੁੱਚ ਅਸਚਰਜ ਦੀ ਗੱਲ ਹੈ ਕਿ ਗੁਰੂ ਉਪਰ ਜਿਸ ਮਹਾਂਪੁਰਸ਼ ਦੀ ਬਾਣੀ ਵਿੱਚ ਇਤਨਾ ਬਲ ਦਿੱਤਾ ਗਿਆ ਹੈ ਉਸਦਾ ਸ਼ਰੀਰੀ ਰੂਪ ਵਿੱਚ ਇਕ ਦਮ ਅਭਾਵ ਕਿਉਂ ਹੈ? ਇਹ ਸੰਭਵ ਹੋ ਸਕਦਾ ਹੈ ਕਿ

1. ਗੁਰੂ ਨਾਨਕ ਸੰਬੰਧੀ ਤਿੰਨ ਖੋਜ ਪੱਤਰ, ਪੰਨਾ 82

ਗੁਰੂ ਨਾਨਕ ਨੇ ਆਪਣੀ ਆਤਮਾ ਨੂੰ ਹੀ ਗੁਰੂ ਮੰਨਿਆ ਹੋਵੇ ਕਿਉਂਕਿ ਆਤਮਾ ਨੂੰ ਗੁਰੂ ਧਾਰਨ ਦੇ ਉਦਾਹਰਣ ਭਾਰਤੀ ਸਾਹਿਤ ਵਿੱਚ ਮਿਲ ਜਾਂਦੇ ਹਨ। "ਸ੍ਰੀ ਮਦ ਭਗਵਤ ਪੁਰਾਣ ਵਿੱਚ ਕ੍ਰਿਸ਼ਨ ਭਗਵਾਨ ਨੇ ਊਧਵ ਨੂੰ ਕਿਹਾ ਹੈ ਕਿ ਸਾਰਿਆਂ ਜੀਵਾਂ ਦੀ ਵਿਸ਼ੇਸ਼ ਕਰਕੇ ਮਨੁੱਖ ਦੀ ਆਤਮਾ ਆਪਣੇ ਹਿਤ ਅਤੇ ਅਹਿਤ ਦੀ ਉਪਦੇਸ਼ਕ ਗੁਰੂ ਹੈ, ਕਿਉਂਕਿ ਮਨੁੱਖ ਆਪਣੇ ਪ੍ਰਤੱਖ ਅਨੁਭਵ ਅਤੇ ਅਨੁਮਾਨ ਦੁਆਰਾ ਆਪਣੇ ਹਿਤ ਅਤੇ ਸਾਹਿਤ ਦਾ ਨਿਰਣਾ ਕਰਨ ਵਿੱਚ ਪੂਰੀ ਤਰ੍ਹਾਂ ਸਮਰਥ ਹੈ।"[1]

ਜੇ ਗੁਰੂ ਨਾਨਕ ਨੇ ਆਪਣੀ ਆਤਮਾ ਨੂੰ ਗੁਰੂ ਮੰਨਿਆ ਹੈ ਤਾਂ ਅਧਿਆਤਮਕ ਰਤੀ ਦਾ ਸੰਬੰਧ ਵੀ ਆਤਮਾ ਨਾਲ ਹੀ ਹੈ ਫਿਰ ਦੋਹਾਂ ਭਾਵਾਂ ਵਿੱਚ ਕਿੰਨੀ ਨੇੜਤਾ ਹੈ। ਇਹ ਭਾਵ ਗੁਰੂ ਨਾਨਕ ਦੇਵ ਦੀ ਕਵਿਤਾ ਵਿੱਚ ਆਏ ਗੁਰੂ ਚਿਤਰਨ ਦੀ ਤਸਵੀਰ ਵਿਚੋਂ ਵੇਖਦੇ ਹਾਂ:

"ਸਬਦੁ ਗੁਰੂ ਸੁਰਤਿ ਧੁਨਿ ਚੇਲਾ।"[2]

"ਭਾਈ ਰੇ, ਗੁਰ ਬਿਨੁ ਗਿਆਨੁ ਨ ਹੋਇ
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।"[3]

"ਏਕ ਦ੍ਰਿਸਟਿ ਤਾਰੇ ਗੁਰ ਪੂਰਾ
ਗੁਰੂ ਮਾਨੈ ਮਨ ਤੇ ਮਨੁ ਧੀਰਾ।"[4]

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।"[5]

"ਬਿਨੁ ਗੁਰ ਪ੍ਰੀਤਿ ਨਾ ਉਪਜੈ, ਹਉਮੈ ਮੈਲ ਨਾ ਜਾਇ।"[6]

---

1. आत्मनो गुरुरात्मैव पुरुषस्य विशेषतः
   यत् प्रत्यक्षानुमानाभ्यां श्रेयोऽसावनुविन्दते ॥ 11/7/20 ॥
2. ਰਾਗੁ ਰਾਮਕਲੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1013
3. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 171
4. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 468
5. ਆਸਾ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 545
6. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 175

"ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ
ਸਚੇ ਹੀ ਪਤੀਆਇ ਸਚਿ ਸਮਾਇਆ।"[1]

ਅਨੇਕਾਂ ਹੋਰ ਸ਼ਬਦ ਗੁਰੂ ਨਾਲ ਸੰਬੰਧਿਤ ਮਿਲਦੇ ਹਨ ਜਿਨ੍ਹਾਂ ਵਿਚ ਗੁਰੂ ਦੀ ਪ੍ਰੀਤ, ਆਤਮਕ ਮਹਾਨਤਾ, ਅਭੇਦਤਾ, ਇਕਮਿਕਤਾ, ਗੁਰੂ ਤੋਂ ਬਿਨਾਂ ਹਨੇਰਾ ਆਦਿ ਰਤੀ ਭਾਵ ਨਾਲ ਮੇਲ ਖਾਂਦੇ ਹਨ। ਮਨੋਂਵਿਰਤੀਆਂ ਵਿੱਚ ਸੰਤੁਲਨ ਭਾਵ ਦਾ ਆਉਣਾ, ਇਕ ਮੂਰਤ ਹੋ ਕੇ ਮਿਲਣਾ, ਗੁਰੂ ਵਿੱਚ ਅਭੇਦ ਹੋਣਾ, ਹਉਮੈ, ਗਰਭ ਗੁਮਾਨ ਨੂੰ ਮਾਰਨਾ, ਗੁਰੂ ਨਾਲ ਪ੍ਰੀਤ ਦਾ ਪ੍ਰਕਾਸ਼ ਹੋਣਾ, ਗੁਰੂ ਦੇ ਸੰਜੋਗ ਵਿੱਚ ਖੁਸ਼ੀ ਤੇ ਵਿਜੋਗ ਵਿੱਚ ਦੁਖ ਰਤੀ ਭਾਵ ਦੀ ਵਿਸ਼ਾਲਤਾ ਨੂੰ ਪ੍ਰਗਟਾਉਂਦਾ ਹੈ। ਜਿਵੇਂ ਮੁਨਸ਼ੀ ਰਾਮ ਸ਼ਰਮਾ ਨੇ ਕਿਹਾ ਹੈ "ਸਥਾਈ ਭਾਵ ਰਤੀ ਜਾਂ ਪ੍ਰੇਮ ਸਾਡੀਆਂ ਮਨੋਬਿਰਤੀਆਂ ਨੂੰ ਸੰਤੁਲਨ ਰਖਣ ਦੀ ਅਪੂਰਬ ਕੋਸ਼ਿਸ਼ ਰਖਦਾ ਹੈ।"[2] ਇਸ ਤਰ੍ਹਾਂ ਦਾ ਸੰਤੁਲਨ ਗੁਰੂ ਦੇ ਗਿਆਨ ਨਾਲ ਹੀ ਸੰਭਵ ਹੈ। ਜਿਵੇਂ ਗੁਰੂ ਦੀ ਹੋਂਦ, ਗੁਰੂ ਦੀ ਸੇਵਾਂ, ਮੁਕਤੀ ਦੀ ਪ੍ਰਾਪਤੀ, ਵਿਕਾਰਾਂ ਦਾ ਨਾਸ਼, ਗੁਰੂ ਤੋਂ ਵਾਰੇ ਜਾਣਾ, ਅਨੰਦਮਈ ਅਵਸਥਾ ਰਤੀ ਭਾਵ ਨੂੰ ਪ੍ਰਜਵਲਤ ਕਰਨ ਵਿੱਚ ਸਹਾਈ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਗੁਰੂ ਸੇਵਾ ਦੁਆਰਾ ਪ੍ਰਭੂ ਮਿਲਣ ਦੇ ਅਨੰਦ ਬਾਰੇ ਸਾਧਕ ਰੂਪ ਇਸਤਰੀ ਆਪਣੇ ਆਪ ਨੂੰ ਸਹਿਜ ਸ਼ਿੰਗਾਰ ਕੇ ਮਿਲਾਪ ਲਈ ਅਨੰਦਮਈ ਅਵਸਥਾ ਅਤੇ ਆਪਣੇ ਸੁੰਦਰ ਗੁਣਾਂ ਦਾ ਵਿਕਾਸ ਵੀ ਕਰਦੀ ਹੈ ਜਿਵੇਂ।

"ਗੁਰ ਸੇਵਾ ਸੁਖੁ ਪਾਈਐ, ਹਰਿ ਵਰੁ ਸਹਜਿ ਸੀਗਾਰੁ
ਸਚਿ ਮਾਣੇ ਪਿਰ ਸੇਜੜੀ, ਗੂੜਾ ਹੇਤੁ ਪਿਆਰੁ।"[3]

ਭਾਈ ਜੋਧ ਸਿੰਘ ਜੀ ਨੇ ਵੀ ਇਸ ਤਰ੍ਹਾਂ ਦੀ ਇਕ ਉਦਾਹਰਣ ਦਿੱਤੀ ਹੈ ਜਿਵੇਂ।

"ਹੇ ਜਿਗਿਆਸੂ ਰੂਪ ਇਸਤਰੀ ਜੇ ਤੂੰ ਪਤੀ ਪਰਮੇਸ਼ਰ ਨਾਲ ਮੇਲ ਚਾਹੁੰਦੀ ਹੈਂ ਤਾਂ ਕੂੜ ਰਾਹੀਂ ਨਹੀਂ ਮਿਲਣਾ। ਗੁਣਵਾਨ ਇਸਤ੍ਰੀ ਪਤੀ ਦੇ ਗੁਣਾਂ ਦਾ

---

1. ਮਲਾਰ ਦੀ ਵਾਰ, *ਗੁਰੂ ਨਾਨਕ ਬਾਣੀ ਪ੍ਰਕਾਸ਼*, ਪੰਨਾ 1414
2. *ਭਾਰਤੀ ਸਾਧਨਾ ਅਤੇ ਸੂਰ ਸਾਹਿਤ*, ਪੰਨਾ 340
3. ਸਿਰੀ ਰਾਗੁ ਅਸ਼ਟਪਦੀ, *ਗੁਰੂ ਨਾਨਕ ਬਾਣੀ ਪ੍ਰਕਾਸ਼*, ਪੰਨਾ 168

ਵਿਸਤਾਰ ਕਰਦੀ ਹੈ। ਔਗੁਣਵੰਤ ਪਾਸੋਂ ਉਹ ਦੂਰ ਹੈ, ਨਾ ਬੇੜੀ ਹੈ ਨਾ ਤੁਲਾ ਹੈ। ਉਸ ਦੂਰ ਵਸਦੇ ਪਿਰ ਨੂੰ ਨਹੀਂ ਪ੍ਰਾਪਤ ਕਰ ਸਕਦੀ ਹੈ ਜਿਵੇਂ:

"ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ
ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ
ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ
ਮੇਰੇ ਠਾਕੁਰ ਪੂਰੈ ਤਖਤਿ ਅਡੋਲੁ।"[1]

ਪ੍ਰਭੂ ਪ੍ਰਾਪਤੀ ਤੇ ਗੁਰੂ ਪ੍ਰਾਪਤੀ ਲਈ ਵੀ ਰਤੀ ਦੀ ਆਵਸ਼ਕਤਾ ਹੈ ਤਾਂ ਕਾਮਨੀ ਨੂੰ ਪਤੀ ਪ੍ਰੀਤਮ ਮਿਲੇਗਾ। ਸੰਜੋਗ ਵੀ ਅਸਾਧ ਮਿਲੇਗੀ। ਰਤੀ ਤੋਂ ਬਿਨਾਂ ਕਾਮਨੀ ਤੇ ਪ੍ਰੇਮ ਅਸੰਭਵ ਹਨ। ਇਸ ਤਰ੍ਹਾਂ ਗੁਰੂ ਤੇ ਰਤੀ ਦਾ ਸੰਬੰਧ ਅਟੁੱਟ ਹੈ।

ਨਾਮ ਸਾਧਨਾ

ਪ੍ਰਮਾਤਮਾ ਦਾ ਸਭ ਤੋਂ ਉੱਤਮ ਸਰੂਪ ਨਾਮ ਹੈ ਜਿਸਦੇ ਨਾਲ ਪ੍ਰੇਮ ਕਰਨ, ਉਸ ਵਿੱਚ ਲੀਨ ਹੋਣ ਲਈ ਰਤੀ ਦੀ ਆਵਸ਼ਕਤਾ ਹੈ। ਨਾਮ ਦੀ ਅਰਾਧਨਾ ਨਾਲ ਆਤਮਿਕ ਬਲ ਬਲਵਾਨ ਹੁੰਦਾ ਹੈ। ਮਨ ਦੀ ਤ੍ਰਿਸ਼ਨਾ ਨੂੰ ਮਿਟਾਉਂਦਾ ਤੇ ਧਰਮ, ਗਿਆਨ, ਸ਼ਰਮ, ਕਰਮ, ਸਚਖੰਡ ਤੇ ਸਚਿਆਰ ਪਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਤਿਆਰ ਕਰਦਾ ਹੈ। ਜੇ ਨਾਮ ਦਾ ਮਨੋਰਥ ਪ੍ਰਭੂ ਪ੍ਰੇਮ ਦਾ ਗਾੜ੍ਹੀ ਰਾਹ ਹੈ ਤਾਂ ਰਤੀ ਭਾਵ ਇਸ ਸਾਧਨਾ ਨੂੰ ਹੋਰ ਪਰਪਕ ਕਰਵਾ ਦਿੰਦਾ ਹੈ ਕਿਉਂਕਿ ਨਾਮ ਭਗਤੀ ਨੂੰ ਸਭ ਤੋਂ ਉੱਤਮ ਭਗਤੀ ਕਿਹਾ ਗਿਆ ਹੈ ਇਹ ਸਾਧਕ ਤੇ ਪਰਮ ਆਤਮਾ ਵਿਚਕਾਰ ਇਕ ਪ੍ਰੇਮ ਕੜੀ ਨੂੰ ਜੋੜਦੀ ਹੋਈ ਰਤੀ ਦੀ ਤੀਬਰਤਾ ਨੂੰ ਪ੍ਰਗਟਾਉਂਦੀ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਦੇ ਨਾਮ ਵਿੱਚ ਆਤਮਾ ਪਰਮ ਆਤਮਾ ਵਿਚਕਾਰ ਨਾਮ ਦੀ ਮਹਾਨਤਾ ਅਧਿਕ ਹੈ। ਨਾਮ ਹੀ ਸਾਰੇ ਗਿਆਨ ਦਾ ਦਾਤਾ ਹੈ, ਮੁਕਤੀ ਹੈ, ਸੁਖਾਂ ਦਾ ਨਾਂ ਹੈ, ਮਿੱਠਾ ਹੈ ਇਹ ਸਭ ਕੁਝ ਰਤੀ ਦੀ ਤੀਬਰਤਾ ਨਾਲ ਹੀ ਦ੍ਰਿੜ੍ਹ ਹੋ ਸਕਦਾ ਹੈ। ਜੇ ਨਾਮ ਦੀ ਇਹ ਪਰਿਭਾਸ਼ਾ ਮੰਨ ਲਈਏ ਤਾਂ ਰਤੀ ਦਾ ਸੂਖਮ ਰੂਪ, ਸਰੂਪ ਨਾਲ ਸੰਬੰਧਤ ਹੋ ਜਾਂਦਾ ਹੈ। ਨਾਮ ਤਾਂ ਹੀ ਲਿਆ

1. ਜੋਧ ਸਿੰਘ, ਗੁਰੂ ਨਾਨਕ ਬਾਣੀ, ਪੰਨਾ 71

ਜਾ ਸਕਦਾ ਹੈ ਜੇ ਰਤੀ ਭਾਵ ਪ੍ਰਜਵੱਲਤ ਹਨ। ਨਾਮ ਦਾ ਆਧਾਰ ਰਤੀ ਭਾਵ ਤੋਂ ਬਿਨਾਂ ਉਣਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਪ੍ਰਭੂ ਦੇ ਨਾਮ ਬੇਅੰਤ ਵੀ ਤੇ ਕੋਈ ਨਿਸ਼ਚਿਤ ਨਾਮ ਵੀ ਨਹੀਂ ਜਿਵੇਂ ਕਿ:

"ਕਿਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ।"[1]

ਗੁਰੂ ਨਾਨਕ ਦੇਵ ਜੀ ਨੇ ਜੋ ਨਾਮ ਪ੍ਰਭੂ ਲਈ ਵਰਤੇ ਹਨ ਉਨ੍ਹਾਂ ਵਿਚੋਂ ਉਨ੍ਹਾਂ ਦਾ ਪ੍ਰਭੂ ਲਈ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ। ਇਹ ਨਾਮਕਰਣ ਤੇ ਸੰਬੋਧਕੀ ਰੂਪ ਰਤੀ ਦਾ ਹੀ ਸੂਚਕ ਹਨ। ਉਹ ਨਾਮ ਹੇਠ ਲਿਖੇ ਅਨੁਸਾਰ ਹਨ:

| | | | |
|---|---|---|---|
| (1) ਪ੍ਰੀਤਮਾ | (2) ਸਾਜਨ | (3) ਪ੍ਰਿਆ | (4) ਕੰਤ |
| (5) ਪਿਰ | (6) ਵਰ | (7) ਸੋਹਾਗ | (8) ਪਿਆਰੇ |
| (9) ਸੁਆਮੀ | (10) ਮਨਮੋਹਣਾ | (11) ਹਰਿ ਜੀਓ | (12) ਭਤਾਰ |
| (13) ਪ੍ਰੇਮ | (14) ਸਜਨ | (15) ਠਾਕੁਰ | (16) ਖਸਮ |
| (17) ਸਹੁ | (18) ਸੇਵਕ | (19) ਦਾਸ | (20) ਬੰਦੇ |
| (21) ਸਹਿ। | | | |

ਹੇਠਾਂ ਇਨ੍ਹਾਂ ਸ਼ਬਦਾਂ ਨਾਲ ਸੰਬੰਧਿਤ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚੋਂ ਉਦਾਹਰਣਾਂ ਦਿੰਦੇ ਹਾਂ:

1. ਮੇਰੇ ਪ੍ਰੀਤਮਾ ਮੈਂ ਤੁਝ ਬਿਨ ਅਵਰ ਨਾ ਕੋਇ — ਸਿਰੀ ਰਾਗੁ ਮ:੧
2. ਤੂੰ ਹੈ ਸਾਜਨ ਤੂੰ ਸੁਜਾਣ ਤੂੰ ਆਪੇ ਮੇਲਣਹਾਰ — ਸਿਰੀ ਰਾਗੁ ਮ:੧
3. ਪ੍ਰਿਆ ਪ੍ਰੀਤਮ ਸੁਖ ਸਾਗਰ ਉਰਧਾਰੇ — ਰਾਗੁ ਆਸਾ
4. ਇਉ ਇਉ ਕੰਤ ਪਿਆਰੀ ਹੋਵਾ — ਰਾਗੁ ਆਸਾ

---

1. ਰਾਗੁ ਰਾਮਕਲੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 876

5. ਪਿਰ ਕੀ ਨਾਰਿ ਸੁਹਾਵਣੀ ਮੁਠੀ ਸੋ ਕਿਤੁ ਸਾਦਿ — ਸਿਰੀ ਰਾਗੁ

6. ਹਰ ਵਰੁ ਜਿਨਿ ਪਾਇਆ ਧਨਸਾਰੀ — ਰਾਗੁ ਆਸਾ

7. ਅਨਦਿਨੁ ਨਾਲ ਪਿਆਰੇ ਸੰਗੁ — ਰਾਗੁ ਆਸਾ

8. ਜੋ ਤੂੰ ਦੇਹਿ ਸੁ ਕਹਾ ਸੁਆਮੀ — ਰਾਗੁ ਬਿਲਾਵਲ

9. ਹਰਿ ਜੀਓ ਤੂੰ ਕਰਤਾ ਕਰਤਾਰ — ਸਿਰੀ ਰਾਗੁ

10. ਹਮਰੈ ਘਰ ਆਇਆ ਜਗਜੀਵਨੁ ਭਤਾਰ — ਰਾਗੁ ਆਸਾ

11. ਅਹਿਨਿਸ ਬਨੀ ਪ੍ਰੇਮ ਲਿਵ ਲਾਗੀ — ਰਾਗੁ ਆਸਾ

12. ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨਾ ਹੋਇ — ਸਿਰੀਰਾਗੁ

13. ਸਾਚਾ ਠਾਕੁਰ ਤ੍ਰਿਭਵਣਿ ਮੇਰਾ — ਰਾਗੁ ਪਾਤ ਅਸਟਪਦੀ

14. ਰਾਹ ਦੋਵੈ ਖਸਮ ਏਕੋ ਜਾਣ — ਰਾਗੁ ਗਉੜੀ

15. ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ — ਰਾਗੁ ਆਸਾ

16. ਸੇਵਕ ਦਾਸ ਭਗਤ ਜਨੁ ਸੋਈ — ਰਾਗੁ ਆਸਾ

17. ਨਾਨਕ ਧੰਨ ਸੁਹਾਗਣੀ ਜਿਨਿ ਸਹਿ ਨਾਲ ਪਿਆਰ — ਰਾਗੁ ਆਸਾ

18. ਪ੍ਰੀਤਮ ਗੁਣ ਅੰਕੇ ਸੁਣ ਪ੍ਰਭ ਬੰਕੇ — ਰਾਗੁ ਆਸਾ

ਨਾਮ ਸੂਚੀ ਬਾਰੇ ਏ.ਐਸ. ਅਨਸਾਰੀ ਨੇ ਕਿਹਾ ਹੈ:

"ਗੁਰੂ ਸਾਹਿਬ ਦੀ ਰਚਨਾ ਵਿੱਚ ਬਹੁਤ ਸਾਰੇ ਨਾਮ ਹਨ ਜੋ ਹਿੰਦੂ ਇਸਲਾਮ

ਸਾਹਿਤ ਅਤੇ ਸੂਫੀਆਂ ਸੰਤਾਂ ਦੀਆਂ ਸਿਖਿਆਵਾਂ ਵਿਚੋਂ ਲਏ ਗਏ ਹਨ।"[1]

ਗੁਰੂ ਸਾਹਿਬ ਦੀ ਰਚਨਾ ਵਿੱਚ ਨਾਮ ਸ੍ਰਫਲੀ ਰਤੀ ਭਾਵਾਂ ਦੇ ਅਨੁਕੂਲ ਹੈ। ਪ੍ਰਭੂ ਦੇ ਨਾਮ ਬਾਰੇ ਗੁਰੂ ਸਾਹਿਬ ਦੀ ਰਚਨਾ ਵਿਚੋਂ ਬਹੁਤ ਸਾਰੀਆਂ ਤੁਕਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਪ੍ਰਭੂ ਨੂੰ ਕਿੰਨੇ ਪਿਆਰ ਤੇ ਰਤੀ ਰੰਗਾਂ ਵਿੱਚ ਡੁਬੋ ਕੇ ਸੰਬੋਧਨ ਕੀਤਾ ਹੈ। ਖੂਬਸੂਰਤੀ ਉਥੇ ਹੈ ਜਦੋਂ ਨਾਮ ਦੱਸ ਕੇ ਵੀ ਅਨੇਕ ਨਾਮ ਹਨ, ਜੋ ਪ੍ਰੇਮ ਰਸ (ਰਤੀ ਭਾਵ) ਰਾਹੀਂ ਡੁਬੋ ਕੇ ਕਹੇ ਹਨ।

1. ਤੇਰਾ ਨਾਮ ਅਨੇਕਾਂ ਰੂਪ ਅਨੰਤਾ (ਰਾਗੁ ਆਸਾ ਮ: ੧)
2. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ (ਰਾਗੁ ਆਸਾ ਮ:੧)
3. ਅਤਿ ਰਸ ਮੀਠਾ ਨਾਮ ਪਿਆਰਾ (ਮਾਰੂ ਮ:੧)
4. ਸਚੁ ਵਖਰੁ ਧਨ ਨਾਮ ਹੈ ਘਟਿ ਘਟਿ ਗਹਿਰ ਗੰਭੀਰ (ਸਿਰੀ ਰਾਗੁ)
5. ਗੁਰ ਕਾ ਸ਼ਬਦ ਦਾਰੂ ਹਰਿ ਨਾਮ (ਰਾਗੁ ਬਸੰਤ ਮ:੧)
6. ਨਾਮ ਰਤੇ ਤ੍ਰਿਭਵਣ ਸੋਝੀ ਹੋਇ (ਰਾਗੁ ਰਾਮਕਲੀ ਮ:੧)

ਇਉਂ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਰਚਨਾ ਨਾਮ ਦੀ ਵਡਿਆਈ, ਸ਼ੋਭਾ, ਨਾਮ ਦਾ ਮਹੱਤਵ ਤੇ ਸਰੂਪ ਰਤੀ ਰੰਗ ਵਿੱਚ ਲਪੇਟੀ ਹੋਈ ਮਿਲਦੀ ਹੈ। ਨਾਮ ਤੋਂ ਬਿਨਾਂ ਪ੍ਰੇਮ ਦੀ ਅਨੁਭੂਤੀ ਨਹੀਂ ਹੋ ਸਕਦੀ। ਮਿਲਣਾ ਅਸੰਭਵ ਹੈ, ਨਾਮ ਬਿਨਾਂ ਮਹੱਤਤਾ ਨਹੀਂ ਮਿਲਦੀ ਇਹ ਸਾਰੇ ਭਾਵ ਰਤੀ ਰਾਹੀਂ ਹੀ ਪ੍ਰਾਪਤ ਹੋ ਸਕਦੇ ਹਨ। ਰਤੀ ਇਕ ਕੜੀ ਹੈ ਜੋ ਸਾਧਕ ਨੂੰ ਨਾਮ ਰਾਹੀਂ ਜੋੜਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਨਾਮ ਜਪ ਅਤੇ ਸਿਮਰਨ ਦੀ ਮਹਾਨਤਾ ਰਤੀ ਵਿਚੋਂ ਫੁਟਦੀ ਹੈ।

1. ਏ.ਐਲ. ਅਨਸਾਰੀ, ਪਰਾਸਪੈਕਟਸ ਆਫ਼ ਗੁਰੂ ਨਾਨਕ, ਸੈਮੀਨਾਰ ਪੇਪਰਜ਼, ਪੰਨਾ 98 ਪੰਜਾਬੀ ਯੂਨੀਵਰਸਿਟੀ, ਪਟਿਆਲਾ।
"His Hymns, which have been drawn from various sources Hindu-Islamic literature and the teachings of Saints."

## ਭਗਤੀ ਜਾਂ ਪ੍ਰੇਮ ਸਾਧਨਾ

ਭਗਤੀ ਨੂੰ ਪ੍ਰੇਮ ਮੰਨਿਆ ਗਿਆ ਹੈ। ਭਗਤੀ ਦੇ ਕੋਸ਼ੀ ਅਰਥ ਹਨ: ਸੇਵਾ, ਸ਼ਰਧਾ, ਪ੍ਰੇਮ, ਉਪਾਸਨਾ ਆਦਿ। ਬਹੁਤ ਸਾਰੇ ਵਿਦਵਾਨਾਂ ਨੇ ਭਗਤੀ ਨੂੰ ਪ੍ਰੇਮ ਅਤੇ ਪ੍ਰੇਮ ਨੂੰ ਭਗਤੀ ਮੰਨਿਆ ਹੈ। "ਅਚਾਰੀਆ ਸਾਂਡਿਲਯ ਅਨੁਸਾਰ ਈਸ਼ਵਰ ਵਿੱਚ ਅਤਿਅੰਤ ਪ੍ਰੇਮ ਹੀ, ਭਗਤੀ ਹੈ। ਵਲਭਚਾਰੀਆਂ ਦੇ ਕਥਨ ਅਨੁਸਾਰ 'ਭਗਵਾਨ ਪ੍ਰਤੀ ਗਿਆਨ ਪੂਰਬਕ ਅਤੇ ਲਗਾਤਾਰ ਪ੍ਰੇਮ ਨੂੰ ਭਗਤੀ ਕਹਿੰਦੇ ਹਨ' ਰਾਮਾਨੁਜ ਅਨੁਸਾਰ ਭਗਤੀ ਪ੍ਰੇਮ ਸਹਿਤ ਪ੍ਰਭੂ ਵਿੱਚ ਧਿਆਨ ਲਗਾਉਣ ਦਾ ਕਰਮ ਹੈ। ਸੁਆਮੀ ਵਿਵੇਕਾ ਨੰਦ ਅਨੁਸਾਰ ਭਗਤੀ ਯੋਗ ਪਰਮਾਤਮਾ ਦੀ ਇਕ ਅਸਲੀ ਤੇ ਸੱਚੀ ਖੋਜ ਹੈ ਜਿਸ ਦਾ ਆਰੰਭ, ਮੱਧ ਅਤੇ ਅੰਤ ਪ੍ਰੇਮ ਵਿੱਚ ਹੀ ਹੁੰਦਾ ਹੈ।"[1]

ਗੁਰੂ ਨਾਨਕ ਦੇਵ ਜੀ ਨੇ ਪ੍ਰੇਮ ਅਤੇ ਭਗਤੀ ਨੂੰ ਇਕ ਸੂਤਰ ਵਿੱਚ ਪਰੋ ਕੇ ਕਿਹਾ ਹੈ ਭਗਤੀ ਪ੍ਰੇਮ ਤੋਂ ਬਿਨਾਂ ਅਸੰਭਵ ਹੈ ਜਿਵੇਂ:

'ਵਿਣੁ ਪ੍ਰੀਤੀ ਭਗਤਿ ਨ ਹੋਵਈ'[2]

ਭਗਤੀ ਤੇ ਪ੍ਰੇਮ ਸਾਧਨਾ ਦਾ ਸਥਾਈ ਭਾਵ, ਆਲੰਬਨ, ਉਦੀਪਨ ਤੇ ਸੰਚਾਰੀ ਭਾਵ ਰਤੀ ਭਾਵ ਨਾਲ ਮੇਲ ਖਾਂਦੇ ਹਨ। ਇਸੇ ਤਰ੍ਹਾਂ ਪ੍ਰੇਮ ਤੇ ਭਗਤੀ ਹਿਰਦੇ ਵੇਦਕ ਭਾਵ ਹਨ ਤਿਵੇਂ ਹੀ ਰਤੀ ਦਾ ਸੰਬੰਧ ਹਿਰਦੇਮਈ ਪ੍ਰਕਾਸ਼ ਹੈ। ਆਤਮਾ ਇਨ੍ਹਾਂ ਵਿਚ ਮਹੱਤਵਪੂਰਨ ਹੈ ਰਤੀ ਭਾਵ ਵਿੱਚ ਆਤਮਾ ਦੁਆਲੇ ਸਾਰੇ ਭਾਵ ਘੁੰਮਦੇ ਹਨ ਦੋਹਾਂ ਵਿੱਚ ਨੇੜਤਾ ਸੰਭਵ ਹੈ। ਗੁਰੂ ਨਾਨਕ ਦੇਵ ਜੀ ਨੇ ਕਈ ਰੂਪਾਂ ਤੇ ਢੰਗਾਂ ਨਾਲ ਰਤੀ ਭਾਵ ਨੂੰ ਬਿਆਨਿਆਂ ਹੈਦੁਨਿਆਵੀ ਚਿੰਨ੍ਹਾਂ ਰਾਹੀਂ ਜਿਵੇਂ ਪਤੀ ਤੇ ਪਤਨੀ, ਮਹਿਬੂਬ ਤੇ ਮਹਿਬੂਬਾ, ਸੁਹੁ-ਪਿਰ, ਕੰਤ-ਨਾਰ, ਸੁਹਾਗ ਸੁਹਾਗਣ ਆਦਿ ਰਾਹੀਂ। ਇਉਂ ਭਗਤੀ, ਪ੍ਰੇਮ ਅਤੇ ਰਤੀ ਤਿੰਨਾਂ ਦਾ ਗੂੜ੍ਹਾ ਸੰਬੰਧ ਹੈ। ਕਿਉਂਕਿ ਪ੍ਰੇਮ ਬਿਨਾਂ ਭਗਤੀ ਅਸੰਭਵ ਹੈ ਤੇ ਪ੍ਰੇਮ ਰਤੀ ਭਾਵ ਨੂੰ ਹੋਰ ਗੂੜ੍ਹਾ ਤੇ ਸਥਾਈ ਕਰਨ ਵਿੱਚ ਸਹਾਈ ਹੁੰਦਾ ਹੈ। ਪ੍ਰੇਮ ਤੋਂ ਬਿਨਾਂ ਭਗਤ ਦੀ ਸਾਧਨਾ ਪੂਰੀ ਨਹੀਂ ਹੋ ਸਕਦੀ ਕਿਉਂਕਿ ਸਭ ਤੋਂ ਉਤਮ ਪ੍ਰੇਮਾ ਭਗਤੀ ਹੀ ਹੈ। ਇਹ ਆਪਸ ਵਿੱਚ ਇਕ ਦੂਸਰੇ ਨਾਲ ਮਿਸ਼ਰਤ ਹਨ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਪ੍ਰੇਮਾ ਭਗਤੀ ਦਾ

---

1. ਮਨਮੋਹਨ ਸਿੰਘ, ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ, ਪੰਨਾ 3
2. ਰਾਗੁ ਮਲਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1443

ਆਧਾਰ ਬਿੰਦੂ ਰਤੀ ਹੀ ਹੈ। 'ਵਿਣੁ ਪ੍ਰੀਤੀ ਭਗਤਿ ਨਾ ਹੋਵਈ'। ਗੁਰੂ ਸਾਹਿਬ ਦੀ ਰਚਨਾ ਵਿੱਚ ਪ੍ਰੇਮ ਦੀ ਤੀਬਰਤਾ ਦਾ ਪੈਦਾ ਹੋਣਾ ਹੀ ਰਤੀ ਹੈ ਜਿਸਨੂੰ ਪਤੀ ਪਤਨੀ, ਇਸਤਰੀ ਪੁਰਸ਼, ਪ੍ਰੇਮੀ ਪ੍ਰੇਮਿਕਾ ਦੇ ਚਿੰਨ੍ਹਾਂ ਰਾਹੀਂ ਪ੍ਰਗਟਾਇਆ ਹੈ। ਜਿਵੇਂ ਪ੍ਰੇਮ ਦੀ ਸਮਰਥਾ ਰਤੀ ਦੇ ਰੂਪ ਵਿੱਚ ਇਉਂ ਪੇਸ਼ ਕੀਤੀ ਹੈ:

"ਨਾਰੀ ਅੰਦਰਿ ਸੋਹਣੀ, ਮਸਤਕਿ ਮਣੀ ਪਿਆਰੁ
ਸੋਭਾ ਸੁਰਤਿ ਸੁਹਾਵਣੀ, ਸਾਚੈ ਪ੍ਰੇਮਿ ਅਪਾਰ
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ, ਗੁਰ ਕੈ ਹੇਤਿ ਪਿਆਰਿ।"[1]

ਨਾਰੀ ਦੀ ਸੁੰਦਰਤਾ ਦਾ ਆਧਾਰ ਸਾਚੇ ਪ੍ਰੇਮ ਤੋਂ ਹੀ ਹੈ। ਪ੍ਰੇਮ ਰਤੀ ਦਾ ਗੁਣ ਹੈ। ਗੁਰੂ ਸਾਹਿਬ ਨੇ ਇਸ ਤੋਂ ਵੀ ਅੱਗੇ ਇਹ ਕਿਹਾ ਹੈ ਕਿ ਅਸਲੀ ਭਗਤ ਉਹ ਜੀਵ ਇਸਤ੍ਰੀਆਂ ਹਨ ਜਿਨ੍ਹਾਂ ਦਾ ਪ੍ਰਭੂ ਪਤੀ ਨਾਲ ਅਟੁੱਟ ਪਿਆਰ ਹੈ, ਉਜਵਲ ਸ਼ਿੰਗਾਰ ਨਾਲ ਸ਼ਿੰਗਾਰੀਆਂ ਹੋਈਆਂ ਹਨ। ਦਿਨ ਰਾਤ ਪਿਆਰ-ਮਗਨ ਹੋ ਕੇ ਪ੍ਰਭੂ ਦੀ ਭਗਤੀ ਵਿੱਚ ਬੈਠੇ ਰਹਿਣਾ ਹੀ ਉਨ੍ਹਾਂ ਦਾ ਕਰਤੱਵ ਹੈ। ਭਗਤ ਰੂਪੀ ਜੀਵ ਇਸਤਰੀ ਗੁਰੂ ਸ਼ਬਦ ਦੁਆਰਾ ਵਿਚਾਰਵਾਨ ਹੋ ਕੇ ਨਿਰਮਾਣ ਭਾਵ ਨਾਲ ਪ੍ਰਭੂ ਦੀ ਭਗਤੀ ਕਰਦੀ ਹੈ, ਉਹ ਭਗਤੀ ਉਸਦੀ ਸੁੰਦਰਤਾ ਵਿੱਚ ਵਾਧਾ ਕਰਦੀ ਹੈ, ਉਹ ਪ੍ਰਭੂ ਪਤੀ ਦੀ ਪ੍ਰੇਮਿਕਾ ਬਣ ਕੇ ਉਸ ਨਾਲ ਸੰਜੋਗ ਸੁੱਖ ਦੀਪ੍ਰਾਪਤੀ ਕਰਦੀ ਹੈ ਇਹ ਸਭ ਰਤੀ ਰਾਹੀਂ ਹੀ ਸੰਭਵ ਹੋ ਸਕਦਾ ਹੈ ਜਿਵੇਂ:

"ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ
ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ।"[2]

"ਜਾ ਧਨ ਕੰਤ ਨ ਰਾਵੀਆ, ਤਾ ਬਿਰਥਾ ਜੋਬਨੁ ਜਾਇ।"[3]

"ਹਰਿ ਵਰੁ ਨਾਰਿ ਸੁਹਾਵਣੀ, ਮੈ ਭਾਵੈ ਪ੍ਰਭੁ ਸੋਇ।"[4]

---

1. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 146
2. ਰਾਗੁ ਮਾਝ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 282
3. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 146
4. ਉਹੀ, ਪੰਨਾ 156

ਇਹ ਸਾਰੇ ਭਾਵ ਰਤੀ ਜਗਾਉਣ ਤੋਂ ਬਿਨਾਂ ਨਹੀਂ ਹੋ ਸਕਦੇ। ਇਨ੍ਹਾਂ ਪਿਛੇ ਸ਼ੁਧ ਰੂਹਾਨੀ ਰਤੀ ਦਾ ਪ੍ਰਗਟਾ ਹੈ। ਰਤੀ ਤੋਂ ਬਿਨਾਂ ਬਾਕੀ ਸਭ ਗੱਲਾਂ ਝੂਠੀਆਂ ਹਨ ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ।

ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ (ਰਾਗੁ ਵਡਹੰਸ)

ਗੁਰੂ ਸਾਹਿਬ ਨੇ ਪ੍ਰੀਤ ਦੀ ਰੀਤ ਨੂੰ ਬਿਆਨਦੇ ਹੋਏ ਸਿਰਫ ਮਨੁੱਖਾਂ ਦਾ ਜ਼ਿਕਰ ਨਹੀਂ ਕੀਤਾ ਸਗੋਂ ਜਾਨਵਰਾਂ, ਪਸ਼ੂ ਪੰਛੀਆਂ ਵਰਗੀ ਪ੍ਰੀਤ ਕਰਨ ਦਾ ਸੁਨੇਹਾ ਦਿੱਤਾ ਹੈ। ਉਥੇ ਦਿਖਾਵਾ ਨਹੀਂ ਦ੍ਰਿੜ੍ਹਤਾ ਹੈ ਜੋ ਰਤੀ ਭਾਵ ਰਾਹੀਂ ਸੰਭਵ ਹੈ।

"ਰੇ ਮਨ ਐਸੀ ਹਰ ਸਿਉ ਪ੍ਰੀਤਿ ਕਰ, ਜੈਸੀ ਜਲ ਕਮਲੇਹਿ
ਰੇ ਮਨ ਐਸੀ ਹਰ ਸਿਉ ਪ੍ਰੀਤਿ ਕਰਿ, ਜੈਸੀ ਮਛੁਲੀ ਨੀਰ
ਰੇ ਮਨ ਐਸੀ ਹਰ ਸਿਉ ਪ੍ਰੀਤਿ ਕਰ, ਜੈਸੀ ਚਾਤ੍ਰਿਕ ਮੇਹ
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰ, ਜੈਸੀ ਜਲ ਦੁਧ ਹੋਇ
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰ, ਜੈਸੀ ਚਕਵੀ ਸੂਰ।"[1]

ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ ਹਰੀ ਨਾਲ ਉਸ ਤਰ੍ਹਾਂ ਦਾ ਪਿਆਰ ਕਰਨ ਨੂੰ ਕਿਹਾ ਹੈ ਜਿਹੋ ਜਿਹਾ ਜਲ ਦਾ ਕਮਲ ਨਾਲ, ਮੱਛੀ ਦਾ ਪਾਣੀ ਨਾਲ, ਚਾਤ੍ਰਿਕ ਦਾ ਮੇਹ ਨਾਲ, ਪਾਣੀ ਦਾ ਦੁੱਧ ਨਾਲ, ਚਕਵੀ ਦਾ ਸੂਰਜ ਨਾਲ। ਪਿਆਰ ਦੀ ਪਰਿਭਾਸ਼ਾ ਤੇ ਸੱਚਾ ਪਿਆਰ ਦਾ ਰੂਪ ਪੇਸ਼ ਕਰਨ ਨਾਲ ਰਤੀ ਦੇ ਸੰਚਾਰੀ ਭਾਵ ਹੋਰ ਡਿਘੇਰੇ ਹੁੰਦੇ ਹਨ ਅਤੇ ਸ਼ਾਂਤਮਈ ਰਤੀ ਅਵਸਥਾ ਭਾਵੇਂ ਕੋਈ ਵੀ ਹੋਵੇ ਦੀ ਤਸਵੀਰ ਪੇਸ਼ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਪ੍ਰੇਮ ਵਿੱਚ ਰੰਗੀ ਨੂੰ ਸੁਹਾਗਣ ਤੇ ਰਤੀ ਦੀ ਅਣਹੋਂਦ ਵਾਲੀ ਨੂੰ ਦੁਹਾਗਣ ਕਿਹਾ ਹੈ ਜਿਵੇਂ:

"ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ।"[2]

1. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 174
2. ਰਾਗੁ ਸੂਹੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 827

ਸੰਜੋਗ ਵਿਜੋਗ ਦਾ ਵਿਹਾਰਣ ਰਤੀ ਭਾਵ ਦਾ ਸੂਚਕ ਹੈ ਜਿਸਦਾ ਵਰਨਣ ਚੌਥੇ ਅਧਿਆਇ ਵਿੱਚ ਕੀਤਾ ਗਿਆ ਹੈ।

ਗਿਆਨ ਮਾਰਗ

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਗਿਆਨ ਅਥਵਾ ਆਤਮ ਗਿਆਨ ਦੀ ਬਹੁਤ ਚਰਚਾ ਹੈ। ਸਾਧਨਾ ਦੇ ਖੇਤਰ ਵਿੱਚ ਵੀ ਗਿਆਨ ਦਾ ਮਹੱਤਵ ਵਧੇਰੇ ਹੈ, ਕਿਉਂਕਿ ਗਿਆਨ ਹੀ ਮਨੁੱਖ ਨੂੰ ਪਰਮਤੱਤ, ਆਤਮ ਗਿਆਨ, ਬ੍ਰਹਮ ਗਿਆਨ, ਤੱਤਵ ਗਿਆਨ, ਜੀਵ ਦੀ ਇਕਮਿਕਤਾ ਦਾ ਗਿਆਨ ਕਰਾਉਂਦਾ ਹੈ। ਸਾਰੇ ਮੁੱਖ ਭਾਰਤੀ ਦਰਸ਼ਨਾਂ ਵਿੱਚ ਪਰਮ ਲਕਸ਼ ਦੀ ਪ੍ਰਾਪਤੀ ਲਈ ਗਿਆਨ ਦਾ ਮਹੱਤਵ ਆਵੱਸ਼ਕ ਹੈ। ਗੁਰੂ ਨਾਨਕ ਦੇਵ ਜੀ ਨੇ ਈਸ਼ਵਰ ਦੀ ਕੋਈ ਕਲਪਨਾ ਨਹੀਂ ਕੀਤੀ, ਦੂਸਰੇ ਸਾਰੀ ਸ੍ਰਿਸ਼ਟੀ ਨੂੰ ਬ੍ਰਹਮ ਮਈ ਵੇਖਿਆ ਹੈ। ਪਰਮਾਤਮਾ ਦੀ ਅਦੈਤਤਾ ਤੇ ਇਕਮਿਕਤਾ ਵਿੱਚ ਵਿਸ਼ਵਾਸ ਰੱਖਿਆ ਹੈ, ਆਤਮਾ ਨੂੰ ਪਰਮਾਤਮਾ ਦਾ ਅੰਸ਼ ਮੰਨਿਆ ਹੈ, ਆਤਮਾ ਅਤੇ ਪਰਮਾਤਮਾ ਦੀ ਅਦੈਵਤਾ ਨੂੰ ਸਥਾਪਿਤ ਕੀਤਾ ਹੈ। ਗਿਆਨ ਦੇ ਪ੍ਰਕਾਸ਼ ਨਾਲ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ ਜਿਵੇਂ:

"ਦੀਵਾ ਬਲੈ ਅੰਧੇਰਾ ਜਾਇ ਬੇਦ ਪਾਠ ਮਤਿ ਪਾਪਾ ਖਾਇ
ਉਗਵੈ ਸੂਰੁ ਨ ਜਾਪੈ ਚੰਦੁ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ।"[1]

"ਗੀਤਾ ਵਿੱਚ ਗਿਆਨ ਦਾ ਜ਼ਿਕਰ ਹੈ ਜਿਸ ਨੂੰ ਤਿੰਨ ਭਾਗਾਂ ਸਾਤਵਿਕ, ਰਾਜਸੀ ਤੇ ਤਾਮਸੀ ਵਿੱਚ ਵੰਡਿਆ ਗਿਆ ਹੈ।"[2] "ਸਾਂਖ ਦਰਸ਼ਨ ਅਨੁਸਾਰ ਬੁਧੀ ਵਿੱਚ ਪ੍ਰਤੀਬਿੰਬਤ ਪੁਰਸ਼ ਦਾ ਪਰਮਾਤਮਾ ਨਾਲ ਸੰਪਰਕ ਹੋਣ ਦਾ ਨਾਂ ਗਿਆਨ ਹੈ।"[3] ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਵੀ ਬੁੱਧੀ ਨੂੰ ਹੀ ਗਿਆਨ ਮੰਨਿਆ ਗਿਆ ਹੈ ਜਿਵੇਂ:

"ਗਿਆਨੁ ਧਿਆਨੁ ਸਹੁ ਗਹਿਰ ਗੰਭੀਰਾ
ਕੋਇ ਨ ਜਾਣੈ ਤੇਰਾ ਚੀਰਾ।"[4]

1. ਰਾਗੁ ਸੂਹੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨੇ 828-29
2. ਬਲਦੇਵ ਉਪਾਧਿਆਇ, ਭਾਰਤੀ ਦਰਸ਼ਨ, ਪੰਨਾ 316
3. ਰਾਮਜੀ ਲਾਲ, ਕਬੀਰ ਦਰਸ਼ਨ, ਪੰਨਾ 245
4. ਮਾਰੂ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1178

ਗੁਰੂ ਨਾਨਕ ਦੇਵ ਜੀ ਨੇ ਆਤਮਾ ਨੂੰ ਪਰਮਾਤਮਾ ਦਾ ਅੰਸ਼ ਮੰਨਿਆ ਹੈ। ਆਤਮਾ ਅਤੇ ਪਰਮਾਤਮਾ ਦਾ ਗਿਆਨ ਸ਼ੁਧ ਤੇ ਅਲੌਕਿਕ ਰਤੀ ਰਾਹੀਂ ਹੀ ਸੰਭਵ ਹੋ ਸਕਦਾ ਹੈ, ਕਿਉਂਕਿ ਗਿਆਨ ਮਾਰਗ ਨੂੰ ਸਵੀਕਾਰ ਕੀਤਾ ਹੈ ਪਰਮਲਕਸ਼ ਦੀ ਪ੍ਰਾਪਤੀ ਲਈ। ਗਿਆਨ ਸੱਚ ਤੇ ਝੂਠ ਦੇ ਨਬੇੜੇ ਲਈ ਵੀ ਹੈ। ਪਰ ਪਰਮਲਕਸ਼ ਦੀ ਪ੍ਰਾਪਤੀ ਪ੍ਰੇਮ ਨਾਲ ਹੈ। ਨਤੀਜੇ ਵਜੋਂ ਗਿਆਨ ਨੂੰ ਪ੍ਰੇਮ ਮੰਨਿਆ ਗਿਆ ਹੈ ਪਰ ਇਹ ਰਤੀ ਦੇ ਜਾਗਣ ਨਾਲ ਹੀ ਸੰਭਵ ਹੈ। ਗਿਆਨ ਦੀ ਵਰਤੋਂ ਦੁਆਰਾ ਹੀ ਪ੍ਰੇਰਤ ਹੈ ਤਾਂ ਹੀ ਤਾਂ ਆਤਮਾ ਪਰਮਾਤਮਾ ਦਾ ਸਬੰਧ, ਗੁਰੂ ਦੀ ਮਿਹਰ, ਪ੍ਰਭੂ ਦੇ ਨਾਮ ਦੀ ਸੋਭਾ ਦਾ ਵਰਨਣ ਹੈ ਜਿਵੇਂ:

"ਨਿਰਮਲ ਕਾਇਆ ਊਜਲ ਹੀਸਾ ਤਿਸੁ ਵਿਚਿ ਨਾਮੁ ਨਿਰੰਜਨੁ ਅੰਸਾ।"[1]

ਅਧਿਆਤਮਕ ਪ੍ਰੀਤਮ ਦਾ ਗਿਆਨ ਰਤੀ ਤੋਂ ਬਿਨਾਂ ਅਸੰਭਵ ਹੈ ਉਹ ਪ੍ਰੀਤਮ ਕਿੰਨਾ ਮਿਹਰਬਾਨ, ਪਿਆਰਾ, ਸਮਰੱਥ ਤੇ ਭਾਵਮਈ ਹੈ, ਇਸਦਾ ਗਿਆਨ ਗੁਰੂ ਸਾਹਿਬ ਦੀ ਰਚਨਾ ਵਿਚੋਂ ਰਤੀ ਭਾਵਾਂ ਨਾਲ ਹੀ ਉਘੜਦਾ ਹੈ। ਗੁਰੂ ਸਾਹਿਬ ਨੇ ਅੰਦਰ ਦੇ ਬਲ, ਤਿਆਗ, ਬੁੱਧੀ ਤੇ ਗਿਆਨਦੀ ਜ਼ੁਰੂਰਤ ਤੇ ਜ਼ੋਰ ਦਿੱਤਾ ਹੈ। ਇਨ੍ਹਾਂ ਸਾਰਿਆਂ ਦੀ ਕੜੀ ਉਜਵਲ ਜਾਂ ਸ਼ੁੱਧ ਰਤੀ ਦੇ ਸਾਧਨਾਂ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਸ਼ੁਭ ਕਰਮ, ਕੋਮਲ ਭਾਵਾਂ ਦੀ ਪਵਿਤਰਤਾ, ਮਨ ਦੀ ਸ਼ੁੱਧਤਾ, ਸਾਧਕ ਦੀ ਅਧੀਨਤਾ, ਆਤਮ ਅਨੁਭਵ, ਗਿਆਨ ਪ੍ਰਾਪਤੀ ਦਾ ਨਿਰੋਲ ਸਬੰਧ ਸ਼ੁਧ ਰਤੀ ਹੈ। ਜੋ ਗਿਆਨ ਦੀ ਪ੍ਰਾਪਤੀ ਲਈ ਰਤੀ ਦੀ ਆਵੱਸ਼ਕਤਾ ਹੈ।

<u>ਕਰਮ ਮਾਰਗ</u>

ਕਰਮ ਦਾ ਕੋਸ਼ੀ ਅਰਥ ਹੈ ਬਖਸ਼ਿਸ਼, ਮਿਹਰ, ਕ੍ਰਿਪਾ, ਪ੍ਰਸਾਦਿ ਆਦਿ। ਇਨ੍ਹਾਂ ਅਰਥਾਂ ਨਾਲ ਹੀ ਨਿਰੋਲ ਸ਼ੁਧ ਰਤੀ ਦਾ ਸਬੰਧ ਹੈ। ਜਿਵੇਂ ਕਰਮ ਮਾਰਗ ਦੇ ਪ੍ਰਸੰਗ ਵਿੱਚ ਸੰਸਕ੍ਰਿਤ ਦਾ ਅਰਥ ਕਾਰਜ ਪ੍ਰਚਲਤ ਹੈ। ਪ੍ਰਾਣੀ ਜਿਸ ਤਰ੍ਹਾਂ ਦੇ ਕੰਮ ਕਰੇਗਾ ਉਸ ਨੂੰ ਉਸੇ ਤਰ੍ਹਾਂ ਦੇ ਫਲ ਮਿਲਣਗੇ ਪਰ ਗੁਰੂ ਸਾਹਿਬ ਨੇ ਇਸ ਅਰਥ ਨੂੰ ਤਾਂ ਮੰਨਿਆ ਹੈ ਪਰ ਨਾਲ ਹੀ ਇਸਦੇ ਪਰੰਪਰਾਗਤ ਅਰਥ ਬਦਲ ਦਿੱਤੇ ਹਨ। ਜੇ ਸਾਧਕ ਪ੍ਰਭੂ ਨਾਲ ਪਿਆਰ ਕਰੇ ਉਸਨੂੰ ਆਕਰਸ਼ਣ ਕਰਨ ਵਾਲੀ ਰਤੀ ਭਾਵਨਾ ਮਨ ਵਿੱਚ ਜਗਾ ਲਵੇ ਤਾਂ ਪਰਮਾਤਮਾ ਉਸਦੇ ਕਰਮ ਬਖਸ਼ ਦੇਵੇਗਾ ਜਿਵੇਂ:

---

1. ਰਾਗੁ ਮਾਰੂ ਸੋਹਲੇ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 1182

## ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ

ਇਥੇ ਨਦਰਿ ਜਗਾਉਣ ਵਾਲੀ ਰਤੀ ਚਾਹੀਦੀ ਹੈ। ਇਹ ਰਤੀ ਪ੍ਰਭੂ ਦੀ ਨਦਰਿ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਦੇ ਕਰਮਾਂ ਦਾ ਮਾਰਗ ਅਪਨਾਉਣ ਦੀ ਲੋੜ ਹੈ ਜੋ ਸੁਧ ਰਤੀ ਦੀ ਮੰਜ਼ਿਲ ਤੇ ਸਾਧਕ ਨੂੰ ਲੈ ਜਾਵੇ। ਚੰਗੇ ਕਰਮ ਕਰਨ ਦੀ ਪ੍ਰੇਰਨਾ ਦੇਵੇ, ਚੰਗੇ ਕਰਮਾਂ ਰਾਹੀਂ ਹੀ ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਆਤਮਾ ਨੂੰ ਪਰਮਾਤਮਾ ਨਾਲ ਜੋੜਿਆ ਹੈ ਜੋ ਸਿਰਫ ਰਤੀ ਰਾਹੀਂ ਹੀ ਸੰਭਵ ਹੈ। ਕਰਮਾਂ ਦੇ ਨਾਲ ਹੀ ਆਤਮਿਕ ਰਤੀ ਦਾ ਉਲੇਖ ਉਘੜਦਾ ਹੈ ਤੇ ਸਾਧਕ ਸਚਿਆਰ ਪਦ ਦੀ ਪ੍ਰਾਪਤੀ ਕਰਦਾ ਹੈ। ਪ੍ਰਭੂ ਦੀ ਕਿਰਪਾ ਤੇ ਸ਼ੁਭ ਅਮਲ ਰੂਹਾਨੀ ਰਤੀ ਦੇ ਸੂਚਕ ਹਨ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਸਾਧਨਾ ਅੰਤਰ ਦੀ ਸਾਧਨਾ ਹੈ। ਰਤੀ ਦਾ ਰੂਪ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਅੰਤਰ ਸੁਧਤਾ, ਅੰਤਰ ਨਹਾਣ, ਅੰਤਰ ਪ੍ਰੇਮ, ਅੰਤਰ ਮਨ ਸਭ ਮਿਲ ਕੇ ਰਤੀ ਨੂੰ ਸਾਧਨਾ ਮਾਰਗ ਦੇ ਰੂਪ ਅਨੁਸਾਰ ਢਾਲਦੇ ਹਨ। ਇਉਂ ਗੁਰੂ ਨਾਨਕ ਸਾਹਿਬ ਦੀ ਸਾਧਨਾ ਰਤੀ ਤੋਂ ਬਿਨਾਂ ਅਧੂਰੀ ਹੈ।

## ਅਧਿਆਇ ਸਤਵਾਂ

*

*

## ਗੁਰੂ ਨਾਨਕ ਦੀ ਕਵਿਤਾ ਵਿੱਚ

## ਨਰੀ ਚਿਤਰਣ ਦੇ ਮੋਟਿਵ

## ਗੁਰੂ ਨਾਨਕ ਦੀ ਕਵਿਤਾ ਵਿੱਚ ਰਤੀ ਚਿਤਰਣ ਦੇ ਮੰਤਵ

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਰਚਨਾ ਵਿੱਚ ਜਿਥੇ ਵੀ ਰਤੀ ਦਾ ਪ੍ਰਗਟਾ ਹੋਇਆ ਹੈ ਉਥੇ ਉਨ੍ਹਾਂ ਦਾ ਮੰਤਵ ਆਤਮਾ ਤੇ ਪਰਮਾਤਮਾ ਦੀ ਪਰਸਪਰ ਪ੍ਰੀਤ ਪ੍ਰਗਟਾਉਣਾ ਹੈ। ਦੂਸਰਾ ਮੰਤਵ ਸਾਧਕ ਨੂੰ ਸਾਧਨਾ ਲਈ ਸੁਭ ਕਰਮਾਂ ਅਤੇ ਸੁਭ ਅਮਲਾਂ ਦੁਆਰਾ ਪ੍ਰਭੂ ਪ੍ਰੇਮ ਪ੍ਰਾਪਤ ਕਰਨ ਦਾ ਰਾਹ ਹੈ। ਤੀਸਰਾ ਸਾਧਕ ਨੂੰ ਦੁਨਿਆਵੀ ਪਦਾਰਥਾਂ ਤੋਂ ਵਿਵਰਜਤ ਕਰਕੇ ਰਬੀ ਪ੍ਰੀਤ, ਮੋਹ ਤੇ ਸਚਿਆਰ ਪਦ ਪ੍ਰਾਪਤ ਕਰਨ ਦੀ ਪ੍ਰੇਰਣਾ ਹੈ। ਚੌਥਾ ਮੰਤਵ ਮਨ ਦੀ ਸੁਧੀ ਹੈ ਜੋ ਰਤੀ ਰਾਹੀਂ ਨਾਮ, ਭਗਤੀ, ਸੇਵਾ, ਸਿਮਰਨ, ਗੁਰੂ ਨਾਲ ਪ੍ਰੇਮ ਕਰਕੇ ਮਿਲ ਸਕਦੀ ਹੈ। ਪੰਜਵਾਂ ਹਉਮੈ, ਅੰਹਕਾਰ ਦਾ ਨਾਸ਼ ਹੈ। ਇਨ੍ਹਾਂ ਸਾਰੇ ਭਾਵਾਂ ਦੀ ਤਸਵੀਰ, ਜੋ ਗੁਰੂ ਸਾਹਿਬ ਦੀ ਰਚਨਾ ਵਿੱਚ ਹੈ, ਅਤੇ ਉਸ ਲਈ ਜੋ ਪ੍ਰੇਰਨਾ ਦੇ ਤਰੀਕੇ ਵਰਤੇ ਹਨ ਉਹ ਇਸਤਰੀ ਮਰਦ ਜਾਂ ਪਤੀ ਪਤਨੀ ਦੀ ਪ੍ਰੀਤ ਦਾ ਸਾਧਨ ਹੈ ਜੋ ਰਤੀ ਦਾ ਹੀ ਪਸਾਰਾ ਹੈ।

ਗੁਰੂ ਨਾਨਕ ਦੇਵ ਮਨੁੱਖ ਨੂੰ ਝੂਠੀ ਦੁਨਿਆਵੀ ਪ੍ਰੀਤ ਦੇ ਜਾਲ ਵਿਚੋਂ ਕੱਢ ਕੇ ਰੱਬੀ-ਪ੍ਰੀਤ ਦਾ ਆਤਮਕ ਅਨੰਦ ਮਾਣਨ ਦੇ ਯੋਗ ਬਣਾਉਣਾ ਚਾਹੁੰਦੇ ਹਨ ਕਿਉਂਕਿ ਰਬੀ ਪ੍ਰੀਤ ਰਾਹੀਂ ਹੀ ਜੀਵਨ ਸੁਧਾਰਿਆ ਜਾ ਸਕਦਾ ਹੈ। ਆਪਣੇ ਵਿਸ਼ੇ ਨੂੰ ਦੁਨਿਆਵੀ ਵਾਤਾਵਰਣ ਰਾਹੀਂ ਪੇਸ਼ ਕਰਨ ਲਈ ਉਨ੍ਹਾਂ ਨੇ ਘਰੇਲੂ ਜੀਵਨ ਤੇ ਕੁਦਰਤ ਵਿਚੋਂ ਬੜੀ ਢੁਕਵੀਂ ਤੇ ਸੁੰਦਰ ਬਿੰਬਾਵਲੀ ਦੀ ਸਹਾਇਤਾ ਲਈ ਹੈ। ਆਤਮਾ ਨੂੰ ਬਾਰ ਬਾਰ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਤਿਆਰ ਕੀਤਾ ਹੈ।

ਦੁਨਿਆਵੀ ਪਦਾਰਥਾਂ ਨਾਲ ਪ੍ਰੀਤ ਦਾ ਆਧਾਰ ਆਮ ਤੌਰ ਤੇ ਧੰਨ ਦੌਲਤ ਹੀ ਹੁੰਦੀ ਹੈ। ਸਮਾਜ ਵਿੱਚ ਰਹਿ ਕੇ ਮਨੁੱਖ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਲੋੜਦਾ ਹੈ। ਗੁਰੂ ਨਾਨਕ ਸਾਹਿਬ ਸਰੀਰਕ ਸੁੱਖਾਂ ਨੂੰ ਵੀ ਇਸ ਮਾਇਆ ਵਿੱਚ ਹੀ ਸ਼ਾਮਲ ਕਰਦੇ ਹਨ। ਮਨੁੱਖ ਧੰਨ ਦੌਲਤ ਦੇ ਸਹਾਰੇ ਐਸ਼ ਆਰਾਮ ਦੀ ਜ਼ਿੰਦਗੀ ਬਤੀਤ ਕਰਨਾ ਚਾਹੁੰਦਾ ਹੈ ਜਿਸ ਕਰਕੇ ਉਸ ਦਾ ਚੰਚਲ ਮਨ ਮਾਇਆ ਵਲ ਖਿਚਿਆ ਜਾਂਦਾ ਹੈ। ਉਹ ਮਾਇਆ ਨੂੰ ਪ੍ਰੀਤ ਕਰਦਾ ਹੈ ਤੇ ਫਿਰ ਇਸ ਦੀ ਪ੍ਰਾਪਤੀ ਲਈ ਬੁਰੇ ਕੰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਮਾਇਆ ਮੋਹ ਦੇ ਨਸ਼ੇ ਵਿੱਚ ਜ਼ਿੰਦਗੀ ਦੇ ਸੁੱਖ ਟੋਲਦਾ ਮਨੁੱਖ ਜਿਉਂ ਜਿਉਂ ਮਾਇਆ ਨੂੰ ਵਧੇਰੇ ਪ੍ਰੀਤ ਕਰਦਾ ਹੈ ਤਿਉਂ ਤਿਉਂ ਉਸ ਦੀ ਭਟਕਣਾ ਵਧਦੀ ਜਾਂਦੀ ਹੈ। ਉਸ ਨੂੰ ਆਤਮਕ ਅਨੰਦ ਨਹੀਂ ਮਿਲਦਾ। ਮਾਨਸ਼ਿਕ ਸ਼ਾਂਤੀ ਨਹੀਂ ਮਿਲਦੀ। ਸਗੋਂ ਪੈਸੇ ਦੀ ਟੁਣਕਾਰ

ਵਿੱਚ ਉਲਝ ਕੇ ਤੇ ਪਦਾਰਥਕ ਸੁਆਦਾਂ ਵਿੱਚ ਫਸ ਕੇ ਉਹ ਅਸਲੀ ਗਿਆਨ ਦੀ ਪਛਾਣ ਜਾਂ ਪ੍ਰਾਪਤੀ ਤੋਂ ਅਸਮਰਥ ਰਹਿੰਦਾ ਹੈ ਤੇ ਹਉਮੈ ਹੰਕਾਰ ਵਿੱਚ ਜ਼ਿੰਦਗੀ ਗੁਆ ਦਿੰਦਾ ਹੈ। ਗੁਰੂ ਸਾਹਿਬ ਲਿਖਦੇ ਹਨ।

> "ਮਾਲ ਕੇਂ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ।ਰਹਾਉ।
> ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ
> ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ
> ਆਖਣੁ ਸੁਣਨਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ।"[1]

ਭਾਵ ਮਾਇਆ ਦੇ ਹੰਕਾਰ ਵਿੱਚ ਅਤੇ ਰੂਪ ਦੀ ਸੋਭਾ ਦੇ ਮਦ ਵਿੱਚ ਜਨਮ ਗਵਾ ਲਈਦਾ ਹੈ। ਮੰਦੇ ਕਰਮ ਸਰੀਰ ਵਿੱਚ ਮਾਨੋ ਚਿਕੜ ਹਨ ਮਨ ਇਸ ਚਿੱਕੜ ਵਿੱਚ ਡੱਡੂ ਹੈ ਜਿਸ ਨੂੰ ਸਰੀਰ ਵਿੱਚ ਹਿਰਦੇ ਕਮਲ (ਪਰਮਾਤਮਾ) ਦਾ ਉਕਾ ਹੀ ਪਤਾ ਨਹੀਂ। ਆਸ਼ਕ ਭੌਰਾ ਨਿੱਤ ਉਪਦੇਸ਼ ਦਿੰਦਾ ਹੈ ਪਰ ਮਾਇਆ ਵਿੱਚ ਰੱਤੇ ਨੂੰ ਆਖਣਾ ਸੁਣਨਾ ਉਸੇ ਤਰ੍ਹਾਂ ਵਿਅਰਥ ਹੈ ਜਿਵੇਂ ਹਵਾ ਦੀ ਅਵਾਜ਼। ਇਥੇ ਮਾਇਆ ਜਾਂ ਧਨ ਦੌਲਤ ਆਲੰਬਨ ਵਿਭਾਵ ਹੈ। ਜਿਸ ਨਾਲ ਮਨੁੱਖ ਨੇ ਪ੍ਰੀਤ ਪਾਈ ਹੋਈ ਹੈ। ਇਸ ਮਾਇਆ ਦੇ ਸਹਾਰੇ ਜਦ ਉਹ ਦੁਨਿਆਵੀ ਸੁੱਖ ਪ੍ਰਾਪਤ ਕਰਦਾ ਹੈ ਜਾਂ ਐਸ਼ ਅਰਾਮ ਦੀ ਜ਼ਿੰਦਗੀ ਬਤੀਤ ਕਰਦਾ ਹੈ ਤਾਂ ਉਸ ਨੂੰ ਸੰਸਾਰ ਵਿੱਚ ਮਾਇਆ ਹੀ ਸਭ ਤੋਂ ਉਤਮ ਤੇ ਚੰਗੀ ਚੀਜ਼ ਨਜ਼ਰ ਆਉਂਦੀ ਹੈ। ਸੋ ਇਹ ਦੁਨਿਆਵੀ ਸੁੱਖ, ਐਸ਼ ਅਰਾਮ ਉਦੀਪਨ ਵਿਭਾਵ ਦਾ ਕੰਮ ਕਰਦੇ ਹਨ ਜੋ ਕਿ ਮਨੁੱਖ ਦੇ ਮਾਇਆ ਪ੍ਰਤੀ ਪ੍ਰੇਮ ਭਾਵਾਂ ਨੂੰ ਤੀਖਣ ਕਰਦੇ ਹਨ ਤੇ ਉਸ ਦੀ ਲਾਲਸਾ ਨੂੰ ਵਧਾਉਂਦੇ ਹਨ। ਮਾਇਆ ਰੂਪੀ ਚਿੱਕੜ ਵਿੱਚ ਫਸ ਕੇ ਮਨੁੱਖੀ ਜੀਵਨ ਨੂੰ ਵਿਅਰਥ ਗੁਆ ਲੈਣਾ ਅਸਲੀ ਗਿਆਨ ਦੀ ਪਛਾਣ ਤੋਂ ਅਸਮਰਥਾ, ਜੀਵ ਆਤਮਾ ਦਾ ਹਉਮੈ ਕਾਰਨ ਪ੍ਰਮਾਤਮਾ ਤੋਂ ਵਿਛੋੜਾ ਆਦਿ ਅਨੁਭਾਵ ਪ੍ਰਗਟ ਕੀਤੇ ਗਏ ਹਨ। ਮਾਇਆ ਦੇ ਹੰਕਾਰ ਵਿੱਚ ਜਦ ਕੋਈ ਕਿਸੇ ਗਰੀਬ ਵਿਅਕਤੀ ਨੂੰ ਆਪਣੇ ਨਾਲੋਂ ਘਟੀਆ ਰੂਪ ਵਿੱਚ ਦੇਖਦਾ ਹੈ ਤਾਂ ਕੁਝ ਪਲਾਂ ਲਈ ਉਸ ਮਾਇਆਵਾਦੀ ਦੇ ਮਨ ਵਿੱਚ ਗਰੀਬ ਵਿਅਕਤੀ ਪ੍ਰਤੀ ਨਫ਼ਰਤ ਦਾ ਭਾਵ ਚਕਰ ਕੱਟਦਾ ਹੈ, ਹਉਮੈ ਜਾਗਦੀ ਹੈ। ਮੋਹ, ਗਰਵ, ਧਨ, ਦੌਲਤ ਦਾ ਮਾਣ ਸੰਚਾਰੀ ਭਾਵ ਹਨ। ਇਸ ਤਰ੍ਹਾਂ ਮਨ ਵਿਚੋਂ ਹਉਮੈ ਮਾਇਆ ਦੀ ਨਵਿਰਤੀ ਆਤਮਾ ਨੂੰ ਸ਼ੁੱਧ

1. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 128-29

ਕਰਮਾਂ ਵੱਲ ਲਿਜਾਣਾ ਰਤੀ ਚਿਤਰਣ ਦੇ ਮੰਤਵ ਦਾ ਪ੍ਰਗਟਾ ਹੀ ਹੈ। ਇਸੇ ਤਰ੍ਹਾਂ ਇਕ ਹੋਰ ਉਦਾਹਰਣ ਦਿੰਦੇ ਹਾਂ ਜਿਸ ਵਿੱਚ ਨਾਮ ਰਾਹੀਂ ਰਤੀ ਦੇ ਮੰਤਵ ਦਾ ਪ੍ਰਗਟਾ ਹੈ ਕਿ ਦੁਨਿਆਵੀ ਪਦਾਰਥਾਂ ਤੋਂ ਇਲਾਵਾ ਲੋਭ, ਆਸਾਂ, ਤ੍ਰਿਸ਼ਨਾ, ਹਰਾਮ ਦੀ ਕਮਾਈ, ਨਿੰਦਾ, ਚੁਗਲੀ, ਕਾਮ ਕ੍ਰੋਧ ਤੋਂ ਛੁਟਕਾਰਾ ਦਵਾਉਣਾ ਵੀ ਰਤੀ ਹੈ ਜਿਵੇਂ:

"ਏਕੁ ਸੁਆਨੁ ਦੁਇ ਸੁਆਨੀ ਨਾਲਿ
ਭਲਕੇ ਭਉਕਹਿ ਸਦਾ ਬਇਆਲਿ
ਕੂੜੁ ਛੁਰਾ ਮੁਠਾ ਮੁਰਦਾਰੁ
ਧਾਣਕ ਰੂਪਿ ਰਹਾ ਕਰਤਾਰ
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ
ਹਉ ਬਿਗੜੈ ਰੂਪਿ ਰਹਾ ਬਿਕਰਾਲ
ਤੇਰਾ ਏਕੁ ਨਾਮੁ ਤਾਰੇ ਸੰਸਾਰੁ

— —

ਮੁਖਿ ਨਿੰਦਾ ਆਖਾ ਦਿਨੁ ਰਾਤਿ
ਪਰ ਘਰੁ ਜੋਹੀ ਨੀਚ ਸਨਾਤਿ
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ

— —

ਹਉ ਠਗਵਾੜਾ ਠਗੀ ਦੇਸੁ

— —

ਮੈ ਕੀਤਾ ਨ ਜਾਤਾ ਹਰਾਮਖੋਰੁ
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।"[1]

ਇਹੋ ਦੁਨਿਆਵੀ ਪਦਾਰਥ ਅਲੰਬਨ ਵਿਭਾਵ ਹਨ। ਨਾਮ ਦੀ ਵਡਿਆਈ ਵਿਭਾਵ ਹੈ, ਨਿੰਦਾ ਚੁਗਲੀ, ਤ੍ਰਾਸ, ਹਉਮੈ, ਕੂੜ ਸੰਚਾਰੀ ਭਾਵ ਹਨ ਜਿਨ੍ਹਾਂ ਤੋਂ ਛੁਟਕਾਰਾ ਪਾਉਣਾ ਰਤੀ ਦਾ ਮੰਤਵ ਹੈ।

1. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 132

ਗੁਰੂ ਨਾਨਕ ਇਕ ਰਹੱਸਵਾਦੀ ਕਵੀ ਹਨ ਪਰ ਆਪਣੇ ਵਿਸ਼ੇ ਨੂੰ ਦੁਨਿਆਵੀ ਵਾਤਾਵਰਨ ਵਿੱਚ ਢਾਲ ਕੇ ਪੇਸ਼ ਕਰਦੇ ਹਨ। ਇਸ਼ਕ ਮਿਜਾਜ਼ੀ ਦਾਇਰੇ ਦੇ ਚਿੰਨ੍ਹ ਵਰਤ ਕੇ ਇਸ਼ਕ ਹਕੀਕੀ ਦਾ ਬਿਆਨ ਕਰਦੇ ਹਨ। ਇਸ ਨੂੰ ਸਮਝਣ ਦੀ ਤੇ ਇਸ ਦਾ ਅਨੰਦ ਮਾਨਣ ਦੀ ਪ੍ਰੇਰਨਾ ਦਿੰਦੇ ਹਨ। ਜਿਵੇਂ ਪਤੀ ਪਤਨੀ, ਕੰਤ ਨਾਰ, ਪਿਰ, ਕਾਮ, ਸੁਹੁ, ਸੁਹਾਗਣ, ਧੰਨ, ਦੁਹਾਗਣ ਆਦਿ ਜਿਨ੍ਹਾਂ ਪ੍ਰਤੀਕਾਂ ਰਾਹੀਂ ਸੱਚੀ ਸੁੱਚੀ ਪ੍ਰੀਤ ਪ੍ਰਾਪਤ ਕੀਤੀ ਜਾ ਸਕਦੀ ਹੈ। ਰਤੀ ਦਾ ਮਨੋਰਥ ਬਹੁਪੱਖੀ ਹੈ ਇਸ ਸ਼ਬਦ ਰਾਹੀਂ ਇਸਤ੍ਰੀ ਲਈ ਉਸ ਦਾ ਪਤੀ ਅਨੰਦ ਦਾ ਸੋਮਾ ਦੱਸਿਆ ਹੈ ਜਿਵੇਂ:

"ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ
ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ

— —

ਤੁਧੁ ਬਾਝੁ ਪ੍ਰਿਉ ਕਿਉ ਰਹਿ ਨ ਸਾਕਾ ਕਹਣਿ ਸੁਣਹਿ ਨ ਧੀਜਏ
ਸਖੀਹੋ ਸਹੇਲੀੜੀਹੋ ਮੇਰਾ ਪਿਰੁ ਵਣਜਾਰਾ ਰਾਮ

— —

ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਏ।"[1]

ਭਾਵ ਹੈ : ਜੋਬਨ ਭਰੀ ਅਣਜਾਣ ਇਸਤ੍ਰੀਏ ਮੇਰਾ ਪ੍ਰਭੂ ਪਤੀ ਅਨੰਦ ਦਾ ਸੋਮਾ ਹੈ ਜੇ ਜੀਵ-ਇਸਤ੍ਰੀ ਦਾ ਉਸ ਪ੍ਰਭੂ ਪਤੀ ਨਾਲ ਬਹੁਤ ਪਿਆਰ ਹੋ ਜਾਏ ਤਾਂ ਕ੍ਰਿਪਾਲੂ ਪ੍ਰਭੂ ਖੁਸ਼ ਹੋ ਕੇ ਉਸ ਨੂੰ ਆਪਣਾ ਪਿਆਰ ਦਿੰਦਾ ਹੈ ਤੇ ਜੀਵ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੁੰਦਾ ਹੈ। ਇਸਤ੍ਰੀ ਦੇ ਪਤੀ ਮਿਲਾਪ ਵਿੱਚ ਹਿਰਦੇ ਰੂਪੀ ਸੇਜਾ ਸੁਹਾਵੀ ਹੋ ਜਾਂਦੀ ਹੈ ਅਤੇ ਸਭੈ ਸੋਤ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੇ ਹਨ। ਹੇ ਸਖੀ ਮੇਰਾ ਪ੍ਰਭੂ ਪਿਆਰਾ ਪ੍ਰੇਮ ਦਾ ਵਪਾਰੀ ਹੈ। ਜੋ ਤਨ ਮਨ ਪ੍ਰਭੂ ਦੇ ਅਰਪਨ ਕਰਦੀ ਹੈ ਉਹ ਸ਼ਬਦ ਦੁਆਰਾ ਭਾਗਾਂ ਵਾਲੀ ਹੋ ਜਾਂਦੀ ਹੈ।

---

1. ਰਾਗੁ ਆਸਾ ਛੰਤ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨੇ 528-29

ਇਸ ਤਰ੍ਹਾਂ ਦਿਆਂ ਰੂਪਾਂ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਰਤੀ ਦਾ ਪ੍ਰਗਟਾ ਹੁੰਦਾ ਹੈ। ਮਨੁੱਖ ਨੂੰ ਆਤਮਾ ਅਤੇ ਪਰਮਾਤਮਾ ਦੀ ਪ੍ਰੀਤ ਦੀ ਪ੍ਰੇਰਨਾ ਦਿੰਦੇ ਹਨ। ਜਿਸ ਵਿੱਚ ਸੰਯੋਗ ਦਾ ਅਨੰਦ ਹੈ। ਰਸ ਤੋਂ ਵਿਯੋਗ ਵਿੱਚ ਪਤੀ ਮਿਲਾਪ ਲਈ ਤਰਲੇ, ਮਿੰਨਤਾਂ, ਬਿਹਬਲਤਾ ਆਦਿ ਭਾਵ ਪ੍ਰਗਟਾਏ ਹਨ। ਮਿਸਾਲ ਲਈ:

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।[1]

'ਬਿਰਹਣ ਦੇ ਮਨ ਵਿੱਚ ਜੋ ਰਤੀ ਭਾਵ ਜਾਗਰਤ ਹੋ ਚੁੱਕੇ ਹਨ ਉਨ੍ਹਾਂ ਦਾ ਕਾਰਨ ਜਾਂ ਅਲੰਬਨ ਉਸ ਦਾ ਵਿਛੜਿਆ ਪਤੀ ਹੈ। ਚੇਤ ਦੇ ਮਹੀਨੇ ਵਿੱਚ ਬਸੰਤ ਰੁੱਤ ਸੁਹਾਵਣਾ ਮੌਸਮ, ਫਸਲਾਂ ਦੀ ਹਰਿਆਲੀ ਤੇ ਰੰਗ ਬਰੰਗੇ ਫੁੱਲਾਂ ਦੀ ਮਹਿਕ ਆਦਿ ਬੜਾ ਦਿਲਕਸ਼ ਵਾਤਾਵਰਣ ਪੈਦਾ ਕਰਕੇ ਫੁਲਾਂ ਉਤੇ ਭੌਰਿਆਂ ਦੀ ਭੀਂ ਭੀਂ, ਬਾਗਾਂ ਵਿੱਚ ਕੋਇਲਾਂ ਦੀ ਕੂ ਕੂ ਉਦੀਪਨ ਵਿਭਾਵ ਹਨ ਜੋ ਬਿਰਹਣ ਦੇ ਭਾਵਾਂ ਵਿਚ ਤੀਖਣਤਾ ਲਿਆ ਕੇ ਵਿਜੋਗ ਦਾ ਦੁੱਖ ਵਧਾਉਂਦੇ ਹਨ। ਪ੍ਰੀਤਾਂ ਕੁਠੀ ਪਤਨੀ ਆਪਣੇ ਪਤੀ ਦੇ ਪਿਆਰ ਵਿੱਚ ਮੁਗਧ ਹੋਣਾ ਲੋੜਦੀ ਹੈ ਪਰ ਪਤੀ ਪਾਸ ਨਾ ਹੋਣ ਕਰਕੇ ਉਸ ਦੇ ਮਿਲਾਪ ਲਈ ਤਰਲੇ ਕਰਦੀ ਹੈ, ਬਿਹਬਲ ਹੁੰਦੀ ਹੈ ਅਤੇ ਹੌਕੇ ਭਰਦੀ ਹੈ। ਬਿਰਹਾ ਦਾ ਦੁੱਖ ਮਾਨਸਿਕ ਹੁੰਦਾ ਹੈ। ਇਸ ਤਰ੍ਹਾਂ ਚਿੰਤਾ, ਆਲਸ, ਕਾਂਬਾ ਆਦਿ ਸੰਚਾਰੀ ਭਾਵ ਹਨ ਜੋ ਵਿਜੋਗਣ ਦੇ ਮਨ ਵਿੱਚ ਆ ਜਾ ਰਹੇ ਹਨ।

ਕਈ ਵਾਰੀ ਬਿਰਹਣ ਆਪਣੇ ਮਨ ਦੇ ਚਾ ਪੂਰੇ ਕਰਨ ਲਈ ਜਾਂ ਸਬੰਧੀਆਂ ਵਿੱਚ ਜਸ ਖਟਣ ਲਈ ਸ਼ਿੰਗਾਰ ਕਰਦੀ ਹੈ, ਪਰ ਪ੍ਰੀਤਮ ਦੇ ਵਿਯੋਗ ਵਿੱਚ ਇਹ ਸ਼ਿੰਗਾਰ ਉਸ ਨੂੰ ਫਜ਼ੂਲ ਮਹਿਸੂਸ ਹੁੰਦਾ ਹੈ। ਉਸ ਦੇ ਮਨ ਤੇ ਉਲਟਾ ਅਸਰ ਕਰਦਾ ਹੈ। ਜਿਵੇਂ:

'ਪ੍ਰਿਅ ਬਿਨ ਸੀਗਾਰ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨਾ ਸੁਹਾਈ'
' ਆਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨਾ ਸਕਉ ਬਿਨ ਮਿਲੇ ਨੀਂਦ ਨਾ ਪਾਈ'

1. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1245

ਇਥੇ ਵਿਛੜਿਆ ਹੋਇਆ ਪਤੀ ਆਲੰਬਨ ਵਿਭਾਵ ਹੈ ਜਿਸ ਪ੍ਰਤੀ ਪਤਨੀ ਦੇ ਮਨ ਵਿੱਚ ਵਿਯੋਗ ਭਾਵ ਜਾਗ੍ਰਤ ਹੋ ਚੁੱਕੇ ਹਨ। ਆਪਣੇ ਵਲੋਂ ਉਹ ਪਤੀ ਨੂੰ ਰੀਝਾਉਣ ਲਈ ਸ਼ਿੰਗਾਰ ਕਰਦੀ ਹੈ। ਮਨ ਦਾ ਚਾ ਪੂਰਾ ਕਰਦੀ ਹੈ ਪਰ ਵਿਜੋਗਣ ਦਾ ਕੀਤਾ ਹਇਆ ਸ਼ਿੰਗਾਰ ਉਸ ਨੂੰ ਖੁਸ਼ੀ ਦੇਣ ਦੀ ਬਜਾਏ ਉਸ ਦੇ ਬਿਰਹਾ ਭਾਵਾਂ ਨੂੰ ਤੀਖਣ ਕਰਕੇ ਉਦੀਪਨ ਵਿਭਾਵ ਦਾ ਕੰਮ ਕਰ ਰਿਹਾ ਹੈ। ਇਸ ਤਰ੍ਹਾਂ ਭਾਵਾਂ ਨੂੰ ਤੀਖਣ ਕਰਨਾ ਜਾਂ ਸੰਜੋਗ ਸਮੇਂ ਅਨੰਦ ਦੀ ਪ੍ਰਾਪਤੀ ਹੋਣੀ ਰਤੀ ਦਾ ਮੰਤਵ ਹੈ। ਪਤੀ ਦੇ ਵਿਛੋੜੇ ਵਿੱਚ ਤੜਪਨਾ, ਕਪੜੇ ਅੰਗਾਂ ਨੂੰ ਨਾ ਸੁਖਾਣੇ, ਪਿਆਰੇ ਬਿਨਾਂ ਇਕ ਪਲ ਰਹਿ ਨਾ ਸਕਣਾ, ਨੀਂਦ ਨਾ ਆਉਣਾ ਆਦਿ ਅਨੁਭਾਵ ਹਨ। ਚਿੰਤਾ, ਉਤਸੁਕਤਾ, ਆਲਸ, ਮੋਹ, ਚਪਲਤਾ ਆਦਿ ਸੰਚਾਰੀ ਭਾਵ ਹਨ।

ਇਸੇ ਤਰ੍ਹਾਂ ਸੰਜੋਗ ਪੱਖ ਨੂੰ ਵੀ ਪਤੀ ਪਤਨੀ ਦੇ ਪਰਸਪਰ ਰਤੀ ਭਾਵ ਦੇ ਪ੍ਰਗਟਾ ਰਾਹੀਂ ਬੜੀ ਯਥਾਰਥਕਤਾ ਨਾਲ ਕੀਤਾ ਗਿਆ ਹੈ। ਬਿਰਹਾ ਦੀ ਤੜਪ, ਮਿਲਾਪ ਲਈ ਕੀਰਨੇ, ਤਰਲੇ, ਮਿੰਨਤਾਂ, ਬਿਹਬਲਤਾ ਆਦਿ ਪਤੀ ਪਤਨੀ ਦੀ ਦੁਨਿਆਵੀ ਭਾਵਨਾ ਹੀ ਨਹੀਂ ਪੈਦਾ ਕਰਦੇ ਸਗੋਂ ਦਿਲ ਖਿਚਵਾਂ ਵਾਤਾਵਰਣ ਉਸਾਰਦੇ ਹਨ। ਇਸੇ ਤਰ੍ਹਾਂ ਸੰਜੋਗ ਅਵਸਥਾ ਸਮੇਂ ਵੀ ਉਹ ਦੁਨਿਆਵੀ ਭਾਵਨਾ ਤੋਂ ਰਹਿਤ ਬਹੁਤ ਦੂਰ ਅਨੰਦਮਈ ਸ਼ਾਂਤੀ ਤੇ ਰੂਹਾਨੀ ਰਤੀ ਦਾ ਵਾਤਾਵਰਣ ਉਸਾਰਦੇ ਹਨ। ਇਹ ਹੀ ਰਤੀ ਦਾ ਮੰਤਵ ਹੈ। ਉਦਾਹਰਣ ਲਈ:

"ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ।"

"ਨਾਲ ਖਸਮੈ ਰਤੀਆ ਮਾਣੈ ਸੁਖ ਰਲੀਆਹ।"

"ਸਚੁ ਮਿਲਹੁ ਵਰ ਕਾਮਣੀ ਪਿਰੁ ਮੋਹੀ ਰੰਗਿ ਲਾਇ
ਮਨ ਤਨ ਸਾਚਿ ਵਿਗਸਿਆ ਕੀਮਤ ਕਹੁਣ ਨਾ ਜਾਇ।"

ਇਨ੍ਹਾਂ ਪੰਕਤੀਆਂ ਵਿੱਚ ਪਤੀ ਆਲੰਬਨ ਵਿਭਾਵ ਹੈ ਜਿਸ ਪਤੀ ਪਤਨੀ ਦੇ ਹਿਰਦੇ ਵਿਚ ਰਤੀ ਭਾਵ ਜਾਗ੍ਰਤ ਹੋ ਚੁੱਕੇ ਹਨ ਪਤੀ ਦਾ ਸੰਜੋਗ ਉਸ ਦੀਆਂ ਪਿਆਰ ਜਿਤਾਉਣ ਵਾਲੀਆਂ ਹਰਕਤਾਂ, ਆਲਾ ਦੁਆਲਾ ਆਦਿ ਉਦੀਪਨ ਵਿਭਾਵ ਹਨ ਜੋ ਪਤਨੀ ਦੇ ਰਤੀ ਭਾਵ ਨੂੰ ਤੀਖਣ ਕਰਕੇ ਸੁਆਦ ਵਧਾ ਰਹੇ ਹਨ। ਪਤਨੀ ਪਤੀ ਦੇ ਪਿਆਰ ਵਿੱਚ ਮੁਗਧ ਹੋ ਕੇ ਸਭ ਕੁਝ ਭੁੱਲੀ ਬੈਠੀ ਹੈ। ਉਸ ਦੇ ਭਾਵ ਪਤੀ ਦੇ ਭਾਵਾਂ ਨਾਲ ਇਕਮਿਕ ਹੋਏ ਪਏ ਹਨ। ਪਤੀ ਦੇ

1. ਰਾਗੁ ਮਾਝ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 282

ਸੰਜੋਗ ਵਿੱਚ ਸੁੱਖ ਮਾਨਣਾ, ਤਨ ਮਨ ਖਿੜਨਾ, ਕੀਮਤ ਕਹੀ ਨਾ ਜਾਣਾ ਆਦਿ ਅਨੁਭਾਵ ਹਨ ਜੋ ਪਤਨੀ ਦੀ ਖੁਸ਼ੀ ਨੂੰ ਜਾਂ ਸੁਆਦ ਨੂੰ ਜਾਹਿਰ ਕਰ ਰਹੇ ਹਨ। ਇਸ ਮਿਲਾਪ ਦੀ ਅਵਸਥਾ ਵਿੱਚ ਹਰਸ਼, ਮਦ, ਚਪਲਤਾ, ਗਰਵ, ਧ੍ਰਿਤੀ ਆਦਿ ਸੰਚਾਰੀ ਭਾਵ ਪ੍ਰਗਟ ਹੋ ਰਹੇ ਹਨ। ਸਮੁੱਚਾ ਵਾਤਾਵਰਣ ਬੜਾ ਨਿੱਘਾ ਤੇ ਪਿਆਰ ਭਰਿਆ ਹੈ। ਦੁਨਿਆਵੀ ਭਾਵਨਾ ਵਾਲੀ ਕੋਈ ਗੱਲ ਨਹੀਂ। ਇਹੋ ਜਿਹਾ ਪ੍ਰਭਾਵ ਤੇ ਵਾਤਾਵਰਣ ਪੈਦਾ ਕਰਨਾ ਸ਼ੁੱਧ ਰਤੀ ਦਾ ਮੰਤਵ ਹੈ।

ਆਮ ਜੀਵਨ ਵਿੱਚ ਜਦ ਕਿਸੇ ਵਸਤੂ ਜਾਂ ਜੀਵ ਦਾ ਕੋਈ ਗੁਣ ਚੰਗਾ ਲਗਦਾ ਹੈ ਤਾਂ ਮਨ ਉਸ ਵਲ ਆਪ ਮੁਹਾਰੇ ਖਿਚਿਆ ਜਾਂਦਾ ਹੈ, ਉਸ ਨੂੰ ਪਿਆਰ ਕਰਦਾ ਹੈ, ਉਸ ਦੀ ਪ੍ਰਾਪਤੀ ਦੀ ਲੋਚਾ ਕਰਦਾ ਹੈ। ਪ੍ਰੀਤਮ ਦੀ ਸੁੰਦਰਤਾ ਇਕ ਅਜਿਹਾ ਗੁਣ ਹੈ ਜੋ ਪ੍ਰੇਮੀ ਲਈ ਕਹਿਰਾਂ ਦੀ ਕਸ਼ਿਸ਼ ਰਖਦਾ ਹੈ, ਉਸ ਨੂੰ ਚੈਨ ਨਹੀ ਆਉਣ ਦਿੰਦਾ, ਉਸ ਦੀ ਯਾਦ ਪ੍ਰੇਮੀ ਨੂੰ ਦੀਵਾਨਾ ਬਣਾ ਛਡਦੀ ਹੈ। ਇਸੇ ਤਰ੍ਹਾਂ ਰਬ ਦਾ ਕੋਈ ਗੁਣ ਕਿਸੇ ਵਿਅਕਤੀ ਦੇ ਸੀਨੇ ਵਿਚ ਰਬੀ ਪਿਆਰ ਕਿਵੇਂ ਟੁੰਬਦਾ ਹੈ ਇਹ ਵਿਅਕਤੀ ਦੀ ਮਾਨਸਿਕ ਦਸ਼ਾ ਜਾਂ ਸੂਝ ਤੇ ਕਾਫ਼ੀ ਨਿਰਭਰ ਹੈ। ਕੋਈ ਰਬ ਦੀ ਕ੍ਰੋਪੀ ਕਰਕੇ ਉਸ ਨੂੰ ਯਾਦ ਕਰਦਾ ਹੈ, ਕੋਈ ਉਸ ਦੇ ਸਗੁਣਾਂ ਕਰਕੇ ਉਸ ਦਾ ਪ੍ਰੀਤਵਾਨ ਬਣ ਜਾਂਦਾ ਹੈ ਤੇ ਉਸ ਨੂੰ ਵੱਖ ਵੱਖ ਨਾਵਾਂ ਨਾਲ ਯਾਦ ਕਰਦਾ ਹੈ। ਉਸ ਦਾ ਨਾਮ ਹਿਰਦੇ ਵਿੱਚ ਵਸਾਉਂਦਾ ਹੈ ਆਤਮਿਕ ਅਨੰਦ ਮਿਲਦਾ ਹੈ। ਹੌਲੀ ਹੌਲੀ ਰਬ ਦੇ ਹੋਰ ਗੁਣਾਂ ਦੀ ਵੀ ਸੋਝੀ ਹੁੰਦੀ ਹੈ ਜਿਸ ਨਾਲ ਰਤੀ ਭਾਵ ਉਦੀਪਤ ਹੁੰਦੇ ਹਨ ਫਿਰ ਅਜਿਹੀ ਸਥਿਤੀ ਆ ਜਾਂਦੀ ਹੈ ਕਿ ਜੀਵ-ਆਤਮਾ ਪ੍ਰੀਤਮ ਦੇ ਮਿਲਾਪ ਲਈ ਤਾਂਘਦੀ ਹੈ। ਇਹ ਆਤਮਾ-ਪਰਮਾਤਮਾ ਦੀ ਪ੍ਰੀਤ ਜਗਾਉਣਾ ਹੀ ਗੁਰੂ ਸਾਹਿਬ ਦੀ ਸਮੁੱਚੀ ਰਚਨਾ ਵਿੱਚ ਰਤੀ ਦਾ ਮੰਤਵ ਹੈ ਅਤੇ ਮਨੁੱਖ ਲਈ ਮੋਕਸ਼ ਦਾ ਆਦਰਸ਼ ਹੈ।

ਅਧਿਆਇ ਅੱਠਵਾਂ

*

*

## ਗੁਰੂ ਨਾਨਕ ਦੇਵ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਭਾਵ ਨੂੰ ਪ੍ਰਗਟਾਉਣ ਦੀਆਂ ਜੁਗਤਾਂ

(ੳ) ਇਸਤਰੀ ਪੁਰਸ਼ ਸੰਬੰਧ

(ਅ) ਖੁਮਾਰੀ

(ੲ) ਇਕਸੁਰਤਾ

(ਸ) ਤਿਆਗ/ਲਗਾਓ

## ਗੁਰੂ ਨਾਨਕ ਦੇਵ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਭਾਵ ਨੂੰ ਪ੍ਰਗਟਾਉਣ ਦੀਆਂ ਜੁਗਤਾਂ

### (੬) ਇਸਤਰੀ ਪੁਰਸ਼ ਸਬੰਧ

ਗੁਰੂ ਨਾਨਕ ਦੇਵ ਰਚਿਤ ਰਚਨਾ ਵਿਚੋਂ ਉਸ ਸਮੇਂ ਦੀ ਸਮਾਜਿਕ ਵਿਚਾਰਧਾਰਾ, ਰਹਿਣੀ ਬਹਿਣੀ ਅਤੇ ਭਾਈਚਾਰਕ ਸੰਬੰਧਾਂ ਦੀ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ। ਉਸ ਵੇਲੇ ਦੇ ਸਮਾਜਿਕ ਢਾਂਚੇ ਅਨੁਸਾਰ, ਇਸਤਰੀ ਪੁਰਸ਼ ਸਬੰਧ ਬਰਾਬਰੀ ਦੇ ਨਹੀਂ ਸਨ। ਪੁਰਸ਼ ਪ੍ਰਧਾਨ ਸਮਾਜ ਸੀ। ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਾ ਹੱਕ ਨਹੀਂ ਦਿੱਤਾ ਗਿਆ ਸੀ।

> "ਕਬੀਰ ਨੇ ਨਿਸਫਲ ਅਗਨੀ ਦੀ ਝਾਲ, ਨਰਕ ਦਾ ਕੁੰਡ ਕਾਲੀ ਸਰਪਣੀ, ਮਧੁਮਕਿਸ਼ੁਕਾਂ, ਜਗਤ ਦੀ ਜੂਠਨ ਨਾਰੀ ਨੂੰ ਕਿਹਾ ਹੈ।"[1]

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸਮਾਜ ਵਿਚ ਬਰਾਬਰੀ ਦਾ ਸਥਾਨ ਹੀ ਨਹੀਂ ਦਵਾਇਆ ਸਗੋਂ ਇਸਤਰੀ ਨੂੰ ਆਤਮਾ ਦਾ ਪ੍ਰਤੀਕ ਮੰਨ ਕੇ ਪ੍ਰੇਮ ਭਾਵਾਂ ਦੀ ਸਿਰਜਨਾ ਵੀ ਕੀਤੀ ਹੈ ਤੇ ਇਸ ਰਾਹੀਂ ਹੀ ਮਨੁੱਖ ਦੀ ਮੁਕਤੀ ਨੂੰ ਸੰਕਲਪਿਆ ਹੈ। ਇਸਤਰੀ ਪੁਰਸ਼ ਸਬੰਧਾਂ ਨੂੰ ਆਲੰਬਨ ਤੇ ਉਦੀਪਨ ਰੂਪ ਰਾਹੀਂ ਭਾਵ ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਦੀ ਪਰਪਾਟੀ ਤੇ ਸਥਾਈ ਭਾਵ ਰਤੀ ਦੀ ਵਿਧੀ ਦੇ ਅਨੁਕੂਲ ਕਈ ਥਾਵਾਂ ਤੇ ਪ੍ਰਗਟਾਇਆ ਹੈ। ਜਿਸ ਤਰ੍ਹਾਂ ਜਿਥੇ ਸਭ ਤੋਂ ਵੱਧ ਭਾਵਮਈ, ਪ੍ਰੇਮਮਈ, ਕਰੁਣਾਮਈ, ਅਨੰਦਮਈ, ਸੰਜੋਗਮਈ, ਵਿਜੋਗਮਈ ਗੱਲ ਕੀਤੀ ਹੈ ਉਥੇ ਇਸਤਰੀ ਪੁਰਸ਼ ਸਬੰਧਾਂ ਦੀਆਂ ਉਦਾਹਰਣਾਂ ਦੇ ਕੇ ਸਾਰਥਿਕ ਤੇ ਅਧਿਆਤਮਕ ਰੂਪ ਰੇਖਾ ਦਾ ਚਿੱਤਰ ਉਲੀਕਿਆ ਹੈ। ਇਸਤਰੀ ਨੂੰ ਧੰਨ, ਭੈਣ ਤ੍ਰਿਆ ਕਾਮਨੀ, ਸਖੀ, ਸਾਜਨੀ, ਚੰਨ, ਦਾਰਾ, ਧ੍ਰਿ, ਗਹਿਲੀ, ਸਾਧਨ, ਨਾਰੀ, ਸੁਹਣੀ, ਗੋਰੀ, ਜੋਰੂ, ਕਾਮਣਿ, ਸੁਚੱਜੀ, ਨਵੇਲੜੀਏ, ਮੋਹਣੀ, ਸੁਹਾਗਣ, ਦੁਹਾਗਣ, ਡੁਹਾਗਣ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਪੁਰਸ਼ ਦੇ ਸਬੰਧ ਉਸ ਨਾਲ ਪਤੀ ਵਾਲੇ (ਪਰਮਾਤਮਾ) ਹਨ, ਜਿਵੇਂ:

---

1. ਰਾਜਾਨੰਦ ਸ਼ਰਮਾ, ਭਾਰਤੀਯ ਕਾਲੀਨ ਕਾਵਯ ਮੇਂ ਨਾਰੀ ਚਿਤਰਣ, ਪੰਨਾ 13

"ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ।"[1]

"ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ।"[2]

"ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪੁਰ ਅੰਗਿ ਨ ਸੁਹਾਈ।"[3]

"ਪਿਰ ਕੀ ਨਾਰਿ ਸੁਹਾਵਣੀ"[4]

"ਜਾ ਧਨ ਕੰਤਿ ਨ ਰਾਵੀਆ, ਤਾ ਬਿਰਥਾ ਜੋਬਨੁ ਜਾਇ
ਸੇਜੈ ਕੰਤ ਮਹੇਲੜੀ, ਸੂਤੀ ਬੂਝ ਨ ਪਾਇ।"[5]

ਉਪਰਲੀਆਂ ਸਤਰਾਂ ਵਿੱਚ ਪਤੀ (ਪਰਮਾਤਮਾ) ਲਈ ਤਾਂਘ ਤੇ ਉਸਨੂੰ ਰੀਝਾਣ ਦਾ ਕਿੰਨਾ ਭਾਵਮਈ ਚਿਤਰ ਦੁਨਿਆਵੀ ਚਿੰਨ੍ਹਾਂ ਰਾਹੀਂ ਪੇਸ਼ ਕੀਤਾ ਹੈ। ਇਹ ਰਤੀ ਭਾਵ ਨੂੰ ਪ੍ਰਗਟਾਉਣ ਦੀਆਂ ਜੁਗਤਾਂ ਵਿਚੋਂ ਬਹੁਤ ਅਰਥ ਭਰਪੂਰ ਜੁਗਤ ਹੈ। ਇਸਤਰੀ ਉਸਨੂੰ ਮਿਲਣ, ਪ੍ਰਾਪਤ ਕਰਨ ਲਈ ਮਿੰਨਤਾਂ, ਤਰਲੇ, ਬੇਨਤੀਆਂ, ਅਰਜੋਈਆਂ ਕਰਦੀ ਹੋਈ ਕਿੰਨੀ ਭਾਵੁਕ ਹੋ ਕੇ ਕਹਿੰਦੀ ਹੈ ਕਿ ਪਤੀ ਤੋਂ ਬਿਨਾਂ ਉਹ ਊਣੀ ਹੈ, ਉਸਦਾ ਕੋਈ ਵੀ ਬੇਲੀ ਤੇ ਸਾਥੀ ਨਹੀਂ ਹੈ। ਉਸਦਾ ਪਤੀ ਹੀ ਉਸ ਲਈ ਸਭ ਕੁਝ ਹੈ। ਜਿਵੇਂ:

"ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ।"[6]

"ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ।"[7]

---

1. ਰਾਗੁ ਮਾਰੂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1156
2. ਰਾਗੁ ਮਲਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1387
3. ਉਹੀ, ਪੰਨਾ 1403
4. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 155
5. ਉਹੀ, ਪੰਨਾ 146
6. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1241
7. ਰਾਗੁ ਸਾਰੰਗ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1342

ਗੁਰੂ ਸਾਹਿਬ ਨੇ ਜੀਵ ਆਤਮਾ ਤੇ ਪਰਮਾਤਮਾ ਦਾ ਸਬੰਧ ਪਤੀ ਪਤਨੀ ਵਾਲਾ ਲਿਆ ਹੈ। ਬਾਰ ਬਾਰ ਜੀਵ ਆਤਮਾ ਨੂੰ ਪ੍ਰਭੂ-ਪਤੀ ਦੇ ਰੀਝਾਣ ਦੀਆਂ ਵਿਧੀਆਂ ਅਤੇ ਸਾਧਨ ਦੱਸੇ ਹਨ। ਨਾਲ ਇਹ ਵੀ ਕਿਹਾ ਹੈ ਕਿ ਪਤੀ ਤੋਂ ਬਿਨਾਂ ਨੀਂਦ ਨਹੀਂ ਆਉਂਦੀ ਭਾਵ ਜੀਵਨ ਜਿਊਣਾ ਔਖਾ ਹੈ, ਜਿਵੇਂ:

"ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨਾ ਪਾਈ ਹੇ।"[1]

ਗੁਰੂ ਸਾਹਿਬ ਅਨੁਸਾਰ ਇਸਤਰੀ ਪੁਰਸ਼ ਸਬੰਧ ਧੁਰ ਤੋਂ ਹਨ। ਇਸਤਰੀ ਤੇ ਪੁਰਸ਼ ਦਾ ਪਰਸਪਰ ਹਰ ਭਾਵ ਦਾ, ਰੂਪ ਦਾ ਜ਼ਿਕਰ ਗੁਰੂ ਸਾਹਿਬ ਦੀ ਰਚਨਾ ਵਿੱਚ ਅੰਕਿਤ ਹੈ। ਜਿਥੇ ਦੁਨਿਆਵੀ ਰਿਸ਼ਤੇ ਹਨ ਉਥੇ ਇਸਤਰੀ ਮਾਂ, ਭੈਣ, ਭਰਜਾਈ, ਸੱਸ, ਦਰਾਣੀ, ਜਠਾਣੀ, ਫੁਫੀ, ਮਾਮੀ, ਮਾਸੀ ਹਰ ਰੂਪ ਵਿੱਚ ਪ੍ਰਗਟ ਹੈ, ਜਿਵੇਂ:

"ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ

— —

ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ

— —

ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ।"[2]

ਇਸ ਤੋਂ ਇਲਾਵਾ ਸਖੀ, ਸਹੇਲੀ, ਭੈਣ ਦਾ ਰੂਪ ਵੀ ਬਿਆਨਿਆ ਹੈ। ਬਹੁਤ ਸਾਰੇ ਸ਼ਬਦਾਂ ਵਿੱਚ ਸੰਬੋਧਨ ਹੀ ਸਹੇਲੀ ਸਖੀ ਤੇ ਭੈਣ ਨੂੰ ਕੀਤਾ ਹੈ, ਜਿਵੇਂ:

"ਸਖੀ ਸਹੇਲੀ ਗਰਬਿ ਗਹੇਲੀ
ਸੁਣਿ ਸਹ ਕੀ ਇਕ ਬਾਤ ਸੁਹੇਲੀ।"[3]

---

1. ਰਾਗੁ ਮਾਰੂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1125
2. ਉਹੀ, ਪੰਨਾ 1111
3. ਉਹੀ, ਪੰਨਾ 1068

"ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ।"[1]

ਇਸਤਰੀ ਦਾ ਕੋਹਜ ਸਰੂਪ ਜਿਵੇਂ: ਗਨਿਕਾ, ਕੰਜਰੀ, ਵੇਸਵਾ, ਰੰਡੀ, ਦੁਹਾਗਣ, ਭੁਹਾਗਣ, ਦੁਹੇਲੜੀਏ, ਹਰਨਾਕਸ਼ੀ, ਹਰਨਾਖੀਏ, ਭੂੰਡੀ, ਪਰਨਾਰੀ, ਕੁਚੱਜੀ ਆਦਿ ਦਾ ਜ਼ਿਕਰ ਵੀ ਕੀਤਾ ਹੈ:

"ਜਿਉ ਬੈਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ।"[2]

"ਸਾਧਨ ਰੰਡ ਨ ਬੈਸਈ।"[3]

"ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।"[4]

"ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।"[5]

"ਭੂੰਡੀ ਕਾਮਣਿ ਕਾਮਣਿਆਰਿ॥[6]

ਅਸਲੀ ਰੂਪ ਦਿਖਾਇਆ ਹੈ ਜਿਥੇ ਪਤੀ ਵਲੋਂ ਜੋਤ ਦੀ ਵਸਤੂ ਸਭ ਨੂੰ ਦਿੱਤੀ ਗਈ ਹੈ, ਪਰ ਜੀਵ ਇਸਤਰੀ ਨੇ ਸੰਸਾਰ ਵਿੱਚ ਆ ਕੇ ਵਖੇਵੇ ਪਾ ਲਏ ਹਨ। ਉਹ ਜੀਵਨ ਵਿੱਚ ਆਪ ਕੁਚੱਜੀ ਰਹੀ ਹੈ ਕਿਸੇ ਨੂੰ ਇਸਦਾ ਦੋਸ਼ ਨਹੀਂ। ਆਪਣੇ ਕਰਮ ਆਪ ਹੀ ਲਿਖੇ ਹਨ ਤੇ ਉਨ੍ਹਾਂ ਅਨੁਸਾਰ ਤੁਰਦੀ ਹਾਂ। ਇਸਤਰੀ ਨੂੰ ਨਾਮ ਦਾ ਕਸੀਦਾ ਕੱਢਣ ਲਈ ਕਿਹਾ ਹੈ ਜੋ ਸ਼ੁਧ ਰਤੀ ਭਾਵ ਨੂੰ ਪ੍ਰਗਟਾਉਣ ਦੀ ਸਰਲ ਵਿਧੀ ਹੈ, ਨਾਲ ਹੀ ਕਿਹਾ ਹੈ ਕਿ ਜੇ ਤੂੰ ਆਪਣੇ ਹਿਰਦੇ ਘਰ ਨੂੰ ਕਾਮਾਦਿਕ ਤੋਂ ਬਚਾ ਸਕੇਂ ਅਤੇ ਬੁਰੇ ਰਸ ਨਾ ਚੱਖੇਂ ਤਾਂ ਤੂੰ ਕੰਤ ਨੂੰ ਪਿਆਰੀ ਲੱਗੇਂਗੀ ਜਿਵੇਂ ਕਿ:

1. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 647
2. ਰਾਗੁ ਮਾਰੂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1156
3. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 145
4. ਉਹੀ, ਪੰਨਾ 1101
5. ਉਹੀ, ਪੰਨਾ 1101
6. ਰਾਗੁ ਬਿਲਾਵਲ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 838

"ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ
ਆਪਿ ਕੁਚੰਜੀ ਦੋਸੁ ਨ ਦੇਉ ਜਾਣਾ ਨਾਹੀ ਰਖੇ
ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ

— —

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ।"[1]

ਪਤੀ ਤੋਂ ਬਿਨਾਂ ਆਪਣਾ ਦੁੱਖ ਕਿਸ ਨੂੰ ਸੁਣਾਵਾਂ, ਦੁਹਾਗਣ ਹਾਂ, ਪਤੀ ਤੋਂ ਬਿਨਾਂ ਨੀਂਦ ਨਹੀਂ ਆਉਂਦੀ, ਉਹ ਵਿਛੋੜੇ ਤੇ ਹੌਕਿਆਂ ਵਿੱਚ ਕਮਜ਼ੋਰ ਹੋ ਜਾਂਦੀ ਹੈ। ਪਤੀ ਤੋਂ ਬਿਨਾਂ ਉਸ ਨੂੰ ਸ਼ਿੰਗਾਰ ਤੇ ਮਿੱਠੇ ਭੋਜਨ, ਭੋਗ, ਰਸ ਸਭ ਕੂੜੇ ਦਿਸਦੇ ਹਨ, ਜਿਵੇਂ:

"ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ
ਸਾਧਨ ਦੁਬਲੀਆ ਜੀਉ ਪਿਰ ਕੈ ਹਾਵੈ
ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ
ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈਂ ਨਾ ਲੇਖਏ
ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ
ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ।"[2]

ਪਤੀ ਬਿਨਾਂ ਇਸਤਰੀ ਇਕੱਲੀ ਹੈ, ਧੀਰਜ ਨਹੀਂ ਧਾਰ ਸਕਦੀ। ਜੀਵ ਇਸਤ੍ਰੀ ਪਤੀ ਬਿਨਾਂ ਰਹਿ ਨਹੀਂ ਸਕਦੀ। ਉਸ ਤੋਂ ਬਿਨਾਂ ਰਾਤ ਕੱਟਣੀ ਵੀ ਇਸ ਲਈ ਔਖੀ ਹੈ।

"ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ
ਨਾ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ
ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ।"[3]

1. ਰਾਗੁ ਭੈਰਉ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1308
2. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 382
3. ਉਹੀ, ਪੰਨਾ 385

ਇਨ੍ਹਾਂ ਸਤਰਾਂ ਵਿੱਚ ਇਸਤਰੀ-ਪਤੀ ਲਈ ਤੜਪ, ਵਿਯੋਗ ਵਿੱਚ ਤੜਫਣ ਦੀ ਤਸਵੀਰ, ਕੁਰਲਾਹਟ, ਪਿਆਰੇ ਤੋਂ ਬਿਨਾਂ ਹੋਰ ਕੋਈ ਆਸਰਾ ਨਾ ਹੋਣਾ, ਬੇਨਤੀਆਂ ਕਰਨੀਆਂ, ਪ੍ਰੇਮ ਰਸ ਵਿੱਚ ਡੁੱਬਣਾ, ਆਦਿ ਭਾਵ ਰਤੀ ਵਿਧੀ ਨੂੰ ਪ੍ਰਗਟਾਉਣ ਦੇ ਸੂਚਕ ਹਨ, ਇਸ ਵਿੱਚ ਮਿਲਣ ਲਈ ਤੜਪ, ਪ੍ਰੀਤਮ ਦੇ ਵਿਛੋੜੇ ਦਾ ਦੁੱਖ, ਬਿਰਹਾ ਦੀਆਂ ਕਸਕਾਂ ਹਨ ਜੋ ਰਤੀ ਭਾਵ ਦੀ ਤੀਬਰਤਾ ਨੂੰ ਹੋਰ ਤਿਖੇਰਾ ਕਰਦੀਆਂ ਹਨ। ਉਪਰਲੀ ਉਦਾਹਰਣ ਵਿੱਚ ਸਥਾਈ ਭਾਵ ਰਤੀ ਹੈ, ਪ੍ਰੇਮ ਆਤਮਾ ਦੀ ਪਰਮ ਆਤਮਾ ਲਈ ਤੜਪ ਦੀ ਸੂਚਕ ਹੈ।

ਭਰਤਮੁਨੀ ਨੇ ਨਟਯ ਸ਼ਾਸਤਰ ਵਿੱਚ ਸ਼ਿੰਗਾਰ ਰਸ ਦੇ ਭੇਦ ਕੀਤੇ ਹਨ, ਜਿਵੇਂ:

> "ਧਰਮ ਸ਼ਿੰਗਾਰ: ਜਿਥੇ ਨਾਇਕ ਗ੍ਰਹਿਸਤ ਧਰਮ ਅਨੁਸਾਰ ਆਪਣੀ ਪਤਨੀ ਨਾਲ ਸੰਬੰਧ ਸਥਾਪਿਤ ਕਰਦਾ ਹੈ।
> ਅਰਥ ਸ਼ਿੰਗਾਰ: ਜਿਥੇ ਧਨ ਦੁਆਰਾ ਨਾਇਕਾ ਪਰਕੀਯਾ ਜਾਂ ਸਾਮਾਨਯਾ ਰੂਪ ਵਿਚ ਸੰਬੰਧ ਸਥਾਪਿਤ ਕਰਦੀ ਹੈ।
> ਕਾਮ ਸ਼ਿੰਗਾਰ: ਜਿਥੇ ਵਿਸ਼ੁਧ ਕਾਮ ਦੀ ਪ੍ਰੇਰਨਾ ਨਾਲ ਨਾਇਕ ਨਾਇਕਾ ਮਿਲਦੇ ਹਨ।"[1]

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਇਸਤਰੀ ਪੁਰਸ਼ ਸੰਬੰਧਾਂ ਦੇ ਪਹਿਲੇ ਦੋ ਰੂਪਾਂ ਦਾ ਜ਼ਿਕਰ ਤਾਂ ਹੈ ਪਰ ਤੀਸਰੇ ਰੂਪ ਦਾ ਅਭਾਵ ਹੈ। ਉਨ੍ਹਾਂ ਦੀ ਰਚਨਾ ਵਿੱਚ ਇਸਤਰੀ ਪੁਰਸ਼ ਸੰਬੰਧ ਦੁਨਿਆਵੀ ਹੁੰਦੇ ਹੋਏ ਵੀ ਅਲੌਕਿਕ ਹਨ। ਦੁਨਿਆਵੀ ਹੀ ਨਹੀਂ ਸਗੋਂ ਅਲੌਕਿਕ ਰਤੀ ਦਾ ਰੂਪ ਹਨ ਜਿਵੇਂ ਆਤਮਾ ਪਰਮਾਤਮਾ ਦੇ ਮੇਲ ਲਈ ਤਿਆਰ ਹੁੰਦੀ ਹੈ। ਪਰਮਾਤਮਾ ਦੇ ਮੇਲ ਲਈ ਤਿਆਰੀ ਰੂਹਾਨੀ ਰਤੀ ਰਾਹੀਂ ਹੀ ਸੰਭਵ ਹੈ। ਸੁੰਨੀ ਸੇਜ, ਇਕੱਲੀ ਦਾ ਕੁਰਲਾਉਣਾ, ਪ੍ਰਭੂ ਦੇ ਮੇਲ ਲਈ ਆਪਣੇ ਆਪ ਨੂੰ ਤਿਆਰ ਕਰਨਾ, ਦੁਨਿਆਵੀ ਰਤੀ ਦੇ ਭਾਵ ਤੋਂ ਦੂਰ ਅਲੌਕਿਕ ਸ਼ੁਧ ਰਤੀ ਦੀ ਪ੍ਰੇਰਨਾ ਹੈ।

ਨਾਇਕ ਦੇ ਗੁਣਾਂ ਬਾਰੇ ਚੌਥੇ ਅਧਿਆਇ ਨੂੰ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਨਾਇਕ ਉੱਤਮ ਪੁਰਸ਼ (ਅਕਾਲ ਪੁਰਖ) ਪਰਮਾਤਮਾ ਹੈ, ਜੋ ਦੁਨਿਆਵੀ ਨਾਇਕ ਦੇ ਗੁਣਾਂ ਤੋਂ ਉੱਤਮ, ਮਹਾਨ ਅਤੇ ਅਲੌਕਿਕ ਹੈ। ਦੁਨਿਆਵੀ ਨਾਵਾਂ ਨਾਲ ਪੁਰਸ਼ ਦੇ ਅਨੇਕ ਨਾਂ

1. ਭਰਤਮੁਨੀ, ਨਟਯ ਸ਼ਾਸਤਰ, ਸੰਪਾਦਕ ਬਟੁਕ ਨਾਥ, ਅਧਿਆਏ 20, ਪੰਨਾ 233

ਆਪਣੀ ਰਚਨਾ ਵਿੱਚ ਸੰਬੋਧਕੀ ਰੂਪ ਵਿੱਚ ਵਰਤੇ ਹਨ, ਜਿਵੇਂ ਨਾਥ, ਭਤਾਰ, ਢਾਡਾ, ਬੇਲੀ, ਸੁਆਮੀ, ਖਸਮ, ਵਰਿ, ਪਤੀ, ਸੁਹਾਗ, ਪ੍ਰਿਆ, ਪ੍ਰੀਤਮ, ਬੰਕਾ, ਸੁਜਾਣ, ਸਜਣ, ਮਿੱਤਰ, ਪਿਆਰਾ, ਪਿਰੁ, ਸਹਿ, ਸਹੁ, ਲਾਲ, ਸੁਲਤਾਨ, ਠਾਕਰ, ਰੰਗਲਾ, ਸਜਣ ਆਦਿ। ਇਹ ਰੂਪ ਦੁਨਿਆਵੀ ਹੁੰਦੇ ਹੋਏ ਵੀ ਅਲੌਕਿਕ ਹਨ ਜਿਵੇਂ:

"ਮੇਰੇ ਪ੍ਰੀਤਮਾ, ਮੈ ਤੁਝ ਬਿਨੁ ਅਵਰੁ ਨ ਕੋਇ।"[1]

"ਤੂੰ ਹੈ ਸਾਜਨੁ, ਤੂੰ ਸੁਜਾਣੁ, ਤੂੰ ਆਪੇ ਮੇਲਣਹਾਰੁ।"[2]

"ਹਰਿ ਵਰੁ ਜਿਨਿ ਪਾਇਆ ਧਨ ਨਾਰੀ।"[3]

"ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ।"[4]

"ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ। ਰਹਾਉ।"[5]

"ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ।[6]

"ਪਰ ਪਿਰ ਰਾਤੀ ਖਸਮੁ ਵਿਸਾਰਾ।"[7]

"ਪਿਰ ਕੀ ਨਾਰਿ ਸੁਹਾਵਣੀ, ਮੁਤੀ ਸੋ ਕਿਤੁ ਸਾਦਿ।"[8]

1. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 181
2. ਉਹੀ, ਪੰਨਾ 152
3. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 414
4. ਉਹੀ, ਪੰਨਾ 430
5. ਉਹੀ, ਪੰਨਾ 406
6. ਉਹੀ, ਪੰਨਾ 406
7. ਮਾਰੂ ਸੋਹਲੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1156
8. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 155

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਨਾਇਕ ਦੁਨਿਆਵੀ ਹੁੰਦਾ ਹੋਇਆ ਵੀ ਪਰਮਾਤਮਾ ਦਾ ਪ੍ਰਤਿਬਿੰਬ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦਾ ਰੂਪ ਪਰਕੀਯਾ ਨਾਇਕਾ ਦੇ ਰੂਪ ਵਿੱਚ ਵੀ ਕੀਤਾ ਹੈ। ਨਾਇਕਾ ਦੇ ਭੇਦਾਂ ਤੇ ਗੁਣਾਂ ਬਾਰੇ ਆਚਾਰੀਆਂ ਵਿੱਚ ਬਹੁਤ ਮੱਤਭੇਦ ਹਨ ਪਰ ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਹੀ ਨਾਇਕਾ ਚੰਗੀ ਹੈ, ਉਸਦਾ ਸ਼ਿੰਗਾਰ ਵੀ ਤਾਂ ਹੀ ਚੰਗਾ ਲਗਦਾ ਹੈ, ਜੇ ਉਹ ਆਪਣੇ ਪ੍ਰਭੂ ਪਤੀ ਨੂੰ ਨੂਰਾਣੇਮਾਨ ਕਰ ਸਕੀ ਹੈ। ਨਾਰੀ ਸੌਂਦਰਯ ਦਾ ਵਿਸ਼ਲੇਸ਼ਣ, ਨਟਯ ਸ਼ਾਸਤਰ, ਸ਼ਿੰਗਾਰ ਪ੍ਰਕਾਸ਼, ਦਸ ਰੂਪਕ, ਸਾਹਿਤਯ ਦਰਪਣ, ਕਾਵਿ ਪ੍ਰਿਯਾ, ਨਖਸ਼ਿਖ ਆਦਿ ਗ੍ਰੰਥਾਂ ਵਿੱਚ ਮਿਲਦਾ ਹੈ ਇਥੋਂ ਤਕ ਕਿ ਇਸਤ੍ਰੀ ਦੇ ਭਿੰਨ ਭਿੰਨ ਅੰਗਾਂ ਦੀਆਂ ਸੂਖਮ ਵਿਸ਼ੇਸ਼ਤਾਵਾਂ ਦਾ ਜ਼ਿਕਰ ਵੀ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚੋਂ ਮੁੱਖ ਕੇਸ਼, ਨੈਣ, ਮਾਂਗ, ਪਲਕ, ਨਾਸਿਕਾ, ਉਂਗਲੀਆਂ, ਚਰਨ, ਕੰਗਣ, ਚੂੜਾ, ਸੁਰਮਾ, ਵਾਲ, ਚੂੜੀਆਂ ਆਦਿ ਦਾ ਜ਼ਿਕਰ ਹੈ। ਪਰ ਉਹ ਵਸਤੂਆਂ ਵਿਅਰਥ ਹਨ, ਉਹ ਹਾਰ ਸ਼ਿੰਗਾਰ ਝੂਠਾ ਹੈ ਜੇ ਪਤੀ ਪ੍ਰਵਾਹ ਨਹੀਂ ਕਰਦਾ, ਇਨ੍ਹਾਂ ਸਰੀਰਕ ਅੰਗਾਂ ਦੀ ਵਿਸ਼ੇਸ਼ਤਾ ਲਈ ਪ੍ਰਭੂ ਪਿਆਰ, ਭਗਤੀ, ਨਾਮ ਸਾਧਨਾ, ਆਤਮਾ ਨੂੰ ਪਰਮਾਤਮਾ ਲਈ ਤਿਆਰ ਕਰਨ ਦਾ ਰਾਹ ਦੱਸਿਆ ਹੈ। ਇਹ ਵਿਧੀ ਆਤਮਿਕ ਅਨੰਦ ਤੇ ਸ਼ੁੱਧ ਰਤੀ ਦੇ ਰੂਪ ਵਿੱਚ ਹੀ ਸੰਭਵ ਹੋ ਸਕਦੀ ਹੈ। ਉਸ ਹਾਰ ਸ਼ਿੰਗਾਰ ਦੀ ਲੋੜ ਬਾਰੇ ਕਿਹਾ ਹੈ ਜੋ ਮਨੁੱਖ ਨੂੰ ਪ੍ਰੇਮ, ਨਾਮ ਸਾਧਨਾ ਦੀ ਕਸਵੱਟੀ ਤੇ ਪੂਰਾ ਉਤਰਣ ਲਈ ਤਿਆਰ ਕਰਦੇ ਹਨ।

ਅਨੰਦ ਤੇ ਮਿਲਾਪ ਦੀ ਅਵਸਥਾ ਨੂੰ ਸਜਾਉਣ ਲਈ ਪਤੀ ਪਤਨੀ ਦੇ ਸੰਜੋਗਿਕ ਸੰਬੰਧਾਂ ਦੁਆਰਾ ਗੁਰੂ ਸਾਹਿਬ ਨੇ ਰਬੀ ਗਿਆਨ ਦਿਵਾਇਆ ਹੈ। ਇਹ ਸੰਬੰਧ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਪਵਿੱਤਰ ਅਤੇ ਪੁਨੀਤ ਹਨ। ਸਾਰੇ ਸਮਾਜਿਕ ਦਾਇਰੇ ਵਿੱਚ ਇਸਤ੍ਰੀ ਤੇ ਪੁਰਸ਼ ਦਾ ਇਕੱਠੇ ਹੋਣਾ ਜੀਵਨ ਦਾ ਧੁਰਾ ਹੈ ਤੇ ਬਰਾਬਰ ਦਾ ਹੱਕ ਰੱਖਦੇ ਹਨ। ਅਨੰਦਮਈ ਜੀਵਨ ਦੇ ਪ੍ਰਤੀਕ ਹਨ। ਮਿਲਾਪ ਦੀ ਅਵਸਥਾ ਖੁਸ਼ੀ ਤੇ ਅਨੰਦ ਲਿਆਉਂਦੀ ਹੈ ਜਿਵੇਂ ਗੁਰੂ ਸਾਹਿਬ ਨੇ ਲਿਖਿਆ ਹੈ:

"ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ
ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ। ਰਹਾਉ।

— —

ਤੈ ਸਹ ਲਾਗੀ ਜੇ ਰਹੈ ਭੀ ਸਹੁ ਰਾਵੈ ਸੋਇ।"[1]

1. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 646

ਇਥੇ ਗੁਣਵਾਨ ਜੀਵ-ਇਸਤ੍ਰੀ ਪਤੀ ਦੇ ਮਿਲਾਪ ਦਾ ਅਨੰਦ ਮਾਣਦੀ ਹੈ। ਜੋ ਇਸਤ੍ਰੀ ਗੁਣਵਾਨ ਹੋ ਜਾਵੇ ਉਹ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਪ੍ਰਾਪਤ ਕਰ ਸਕਦੀ ਹੈ। ਪਤੀ ਸਾਰੇ ਸੁੱਖਾਂ ਦਾ ਘਰ ਹੈ। ਜੀਵ ਇਸਤ੍ਰੀ ਸੁੱਖਾਂ ਨੂੰ ਭੋਗਣ ਲਈ ਹੋਰ ਵਸੀਲੇ ਕਿਉਂ ਭਾਲਦੀ ਫਿਰੇ? ਪਤੀ ਤੋਂ ਵਿਛੜ ਰਹਿਣ ਵਾਲੀ ਨੂੰ ਸੁਖ ਤੇ ਅਨੰਦ ਸਹਜੁ ਪ੍ਰਾਪਤ ਨਹੀਂ ਹੋ ਸਕਦਾ ਜਿਵੇਂ:

"ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨਾ ਪਾਈ।"[1]

ਪ੍ਰੇਮ ਭਾਵਨਾ ਰਤੀ ਭਾਵਨਾ ਦੀ ਵਿਧੀ ਹੈ। ਇਸਤਰੀ ਪੁਰਸ਼ ਸੰਬੰਧਾਂ ਰਾਹੀਂ ਇਥੇ ਅਜਿਹਾ ਖਿੱਚ ਭਰਪੂਰ ਵਾਤਾਵਰਣ ਪੇਸ਼ ਕੀਤਾ ਹੈ ਕਿ ਆਤਮਾ ਪਰਮਾਤਮਾ ਦੇ ਰਸ ਵਿੱਚ ਗੜੂੰਦ ਹਰ ਜੀਵ ਉਸਨੂੰ ਪ੍ਰਾਪਤ ਕਰਨ ਦੀ ਵਿਧੀ ਸੋਚਦੀ ਹੈ। ਗੁਰੂ ਨਾਨਕ ਸਾਹਿਬ ਦੀ ਪ੍ਰੀਤ ਪ੍ਰਭੂ ਪ੍ਰੇਮ, ਮੁਕਤੀ, ਨਾਮ, ਸਿਮਰਨ, ਆਤਮਾ ਦੀ ਸੁਧੀ, ਇਸਤਰੀ ਪੁਰਸ਼ ਸੰਬੰਧਾਂ ਦੇ ਚਿਨ੍ਹਾਂ ਰਾਹੀਂ ਰੂਪਮਾਨ ਹੈ। ਜੇ ਪਤੀ ਨਾਲ ਪ੍ਰੀਤ ਕਰਨੀ ਹੈ ਤਾਂ ਉਸ ਰੂਪ ਵਿੱਚ ਕੀਤੀ ਜਾਵੇ ਕਿ ਉਸ ਨੂੰ ਰਿਝਾ ਸਕੇ ਤਾਂ ਉਸਦੇ ਦਰਬਾਰ ਵਿਚ ਥਾਂ ਪ੍ਰਾਪਤ ਹੋਵੇਗੀ। ਉਸ ਨੂੰ ਚੰਗੀ ਲੱਗੇਗੀ ਤਾਂ ਪਤਨੀ ਪ੍ਰਭੂ ਪਤੀ ਨਾਲ ਮਿਲਕੇ ਪ੍ਰੇਮ ਦੀਆਂ ਖੁਸ਼ੀਆਂ ਮਾਣੇਗੀ।

"ਮਹਲੀ ਜਾਇ ਪਾਵਹੁ ਖਸਮੀ ਭਾਵਹੁ ਰੰਗ ਸਿਉ ਰਲੀਆ ਮਾਣੈ।"[2]

"ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ।"[3]

ਪ੍ਰਭੂ ਨੂੰ ਮਿਲਣ ਦੀ, ਮਾਇਆ ਮੋਹ ਤੋਂ ਨਿਰਲੇਪਤਾ ਦੀ, ਪ੍ਰਭੂ ਪਤੀ ਨੂੰ ਚੰਗੀ ਲਗਣ ਦੀ ਜੁਗਤ ਪ੍ਰੇਮ ਦਾ ਸ਼ਿੰਗਾਰ ਤੇ ਪ੍ਰਭੂ ਪਤੀ ਉਸ ਨੂੰ ਮਾਣ ਸਕੇ, ਦੀ ਅਵਸਥਾ ਗੁਰੂ ਸਾਹਿਬ ਨੇ ਰਤੀ ਵਿਧੀ ਤੇ ਦੁਨਿਆਵੀ ਚਿੰਨ੍ਹਾਂ ਰਾਹੀਂ ਇਉਂ ਪੇਸ਼ ਕੀਤੀ ਹੈ:

"ਪੇਵਕੜੈ ਧਨ ਖਰੀ ਇਆਣੀ
ਤਿਸੁ ਸਹੁ ਕੀ ਮੈ ਸਾਰ ਨ ਜਾਣੀ

---

1. ਮਾਰੂ ਸੋਹਲੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1125
2. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 662
3. ਰਾਗੁ ਤਿਲੰਗ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 758

ਸਹੁ ਮੇਰਾ ਏਕੁ ਦੂਜਾ ਨਹੀ ਕੋਈ
ਨਦਰਿ ਕਰੇ ਮੇਲਾਵਾ ਹੋਈ। ਰਹਾਉ।
ਸਾਹੁਰੜੈ ਧਨ ਸਾਚੁ ਪਛਾਣਿਆ
ਸਹਜਿ ਸੁਭਾਇ ਅਪਣਾ ਪਿਰੁ ਜਾਣਿਆ
ਗੁਰਪਰਸਾਦੀ ਐਸੀ ਮਤਿ ਆਵੈ
ਤਾ ਕਾਮਣਿ ਕੰਤੈ ਮਨਿ ਭਾਵੈ
ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ
ਸਦ ਹੀ ਸੇਜੈ ਰਵੈ ਭਤਾਰੁ।"[1]

ਪੁਰਸ਼ ਪ੍ਰਤੀ ਨਾਰੀ ਦ੍ਰਿਸ਼ਟੀਕੋਣ ਸੱਚੀ ਪ੍ਰੀਤ, ਉਸ ਨੂੰ ਰੀਝਾਣ, ਲੁਭਾਇਮਾਨ ਕਰਨ, ਉਸ ਤੋਂ ਮਾਣ ਪ੍ਰਾਪਤ ਕਰਨ ਵਾਲਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਪੁਰਸ਼ ਦੁਨਿਆਵੀ ਸੰਬੰਧਾਂ ਰਾਹੀਂ ਅਲੌਕਿਕ, ਆਤਮਿਕ, ਮਧੁਰ ਤੇ ਸ਼ਾਂਤ ਰਤੀ ਦੀ ਵਿਧੀ ਨੂੰ ਪ੍ਰਗਟਾਇਆ ਹੈ। ਇਸਤ੍ਰੀ ਰੂਪ ਆਪਣੇ ਆਪ ਨੂੰ ਪਰਮਾਤਮਾ ਦੀ ਅਭੇਦਤਾ ਲਈ ਤਿਆਰ ਕਰਦੀ ਹੈ ਤੇ ਇਹ ਦੋਵੇਂ ਸੰਬੰਧ ਦੁਨਿਆਵੀ ਹੁੰਦੇ ਹੋਏ ਵੀ ਅਲੌਕਿਕ ਹਨ।

ਇਸ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੁਆਰਾ ਪਤੀ ਪਤਨੀ ਜਾਂ ਇਸਤ੍ਰੀ ਪੁਰਸ਼ ਸੰਬੰਧੀ ਸ਼ੁਧ ਰਤੀ ਦੀ ਵਿਧੀ ਨੂੰ ਅਪਣਾਉਂਦੇ ਹੋਏ ਅਧਿਆਤਮਕ ਰੰਗਣ ਵਿੱਚ ਰੰਗੇ ਹੋਏ ਜੀਵਾਂ ਦੀ ਮਨੋ-ਅਵਸਥਾ ਦਾ ਬਿਆਨ ਕੀਤਾ ਹੈ। ਉਦਾਹਰਣ ਲਈ:

"ਜਿਨੀ ਨ ਪਾਇਓ ਪ੍ਰੇਮਰਸੁ, ਕੰਤ ਨ ਪਾਇਓ ਸਾਉ
ਸੁੰਞੇ ਘਰਕਾ ਪਾਹੁਣਾ ਜਿਉ ਆਇਆ ਤਿਉ ਜਾਉ।"[2]

ਇੰਜ ਗੁਰੂ ਨਾਨਕ ਬਾਣੀ ਵਿੱਚ, ਇਹ ਮਾਡਲ ਬਹੁਤ ਹੀ ਵਿਆਪਕ ਮਾਡਲ ਹੈ।

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 437
2. ਸੂਹੀ ਦੀ ਵਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 827

(ਅ) ਖੁਮਾਰੀ

ਰਤੀ ਭਾਵ ਨੂੰ ਪ੍ਰਗਟਾਉਣ ਦੀ ਅਗਲੀ ਜੁਗਤ ਖੁਮਾਰੀ ਹੈ। ਵਿਦਵਾਨਾਂ ਨੇ ਰਤੀ ਭਾਵ ਦਾ ਇਹ ਲੱਛਣ ਮੰਨਿਆ ਹੈ ਕਿ ਜਿਥੇ ਇਹ ਪ੍ਰੇਮ ਦੀ ਦ੍ਰਿਸ਼ਟੀ ਨੂੰ ਸਰੀਰਕ ਤੇ ਆਤਮਿਕ ਕ੍ਰਿਆਵਾਂ ਰਾਹੀਂ ਜਾਗ੍ਰਿਤ ਕਰੇ ਉਥੇ ਰਤੀ ਭਾਵ ਦੀ ਪ੍ਰਬਲਤਾ ਵਧੇਰੇ ਤਿਖੀ ਹੋ ਜਾਂਦੀ ਹੈ। ਆਤਮਿਕ ਕ੍ਰਿਆਵਾਂ ਵਿੱਚ ਸਰੀਰਕ ਕ੍ਰਿਆਵਾਂ ਦਾ ਅਭਾਵ ਹੋ ਜਾਂਦਾ ਹੈ। ਇਹ ਸਰੀਰਕ ਕ੍ਰਿਆਵਾਂ ਆਮ ਤੌਰ ਤੇ ਰਤੀ ਵੱਲ ਪ੍ਰੇਰਦੀਆਂ ਹਨ ਪਰ ਆਤਮਿਕ ਸ਼ਾਂਤੀ, ਆਤਮਿਕ ਮੇਲ, ਆਤਮਿਕ ਕਿਰਿਆ, ਆਤਮਿਕ ਅਭਿਆਸ, ਖੁਮਾਰੀ ਆਦਿ ਆਤਮਿਕ ਰਤੀ ਅਜੇਹੀ ਵਿਧੀ ਦੇ ਸਹਾਇਕ ਹਨ ਜਿਥੇ ਸਾਧਕ ਆਪਣੇ ਆਪ ਨੂੰ ਪਰਮਾਤਮਾ ਦੇ ਮੇਲ ਤੇ ਉਸ ਨਾਲ ਇਕਮਿਕ ਹੋਣ ਦੀ ਕੋਸ਼ਿਸ਼ ਕਰਦਾ ਹੈ ਉਥੇ ਮਸਤੀ ਛਾਈ ਰਹਿੰਦੀ ਹੈ। ਅਜਿਹਾ ਅਨੰਦ ਤੇ ਸਰੂਪ ਪੈਦਾ ਹੁੰਦਾ ਹੈ ਕਿ ਦੂਈ ਦੇ ਭੇਦ ਮਿਟ ਜਾਂਦੇ ਹਨ। ਜਿਵੇਂ ਨਾਇਕ ਆਪਣੀ ਨਾਇਕਾ ਦੀ ਪ੍ਰਾਪਤੀ ਲਈ ਦੁੱਖ, ਸੁੱਖ, ਸੰਜੋਗ, ਵਿਜੋਗ ਸਭ ਨੂੰ ਸਮ ਕਰਕੇ ਜਾਣਦਾ ਹੈ। ਇਹੋ ਹਾਲ ਮਹਿਬੂਬ ਦੀ ਪ੍ਰਾਪਤੀ ਦੀ ਲੱਗੀ ਰਹਿੰਦੀ ਹੈ। ਇਸੇ ਤਰ੍ਹਾਂ ਪ੍ਰੇਮ ਦੀ ਖੁਮਾਰੀ ਨਾਮ ਦੀ ਖੁਮਾਰੀ, ਆਤਮਾ ਦੀ ਖੁਮਾਰੀ ਅਲੌਕਿਕ ਰਤੀ ਰਾਹੀਂ ਸਾਧਕ ਦੇ ਮਨ ਵਿਚ ਪੈਦਾ ਹੁੰਦੀ ਹੈ। ਉਹ ਸਵਾਸ ਸਵਾਸ, ਪਰਮਾਤਮਾ ਦੇ ਨਾਮ ਨੂੰ ਚੇਤੇ ਰੱਖਦਿਆਂ ਤੇ ਪਿਆਰ ਭਰੀ ਉਪਾਸਨਾ ਨਾਲ ਉਹਦੇ ਧਿਆਨ ਵਿੱਚ ਲੀਨ ਰਹਿੰਦਾ ਹੈ। ਗੁਰੂ ਨਾਨਕ ਦੀ ਕਵਿਤਾ ਵਿੱਚ ਰਤੀ ਭਾਵ ਦੇ ਪ੍ਰਗਟਾ ਲਈ ਇਸਤ੍ਰੀ ਪੁਰਸ਼ ਦੇ ਸਬੰਧਾਂ ਨੂੰ ਇਕ ਪ੍ਰਤੀਕ ਦੇ ਰੂਪ ਵਿਚ ਵਰਤਿਆ ਗਿਆ ਹੈ। ਇਸ ਪ੍ਰਤੀਕ ਦੇ ਕਈ ਪਹਿਲੂ ਹਨ, ਜਿਨ੍ਹਾਂ ਨੂੰ ਅਸੀਂ ਉਪਰ ਵਿਚਾਰਿਆ ਹੈ ਭਾਵ ਇਹ ਹੈ ਕਿ ਜਿਸ ਸੁਭਾ ਦੀ ਰਤੀ ਗੁਰੂ ਸਾਹਿਬ ਦੀ ਬਾਣੀ ਵਿਚ ਆਈ ਹੈ, ਉਸਨੂੰ ਪ੍ਰਗਟਾਉਣ ਦੀਆਂ ਇਹ ਵਿਧੀਆਂ ਵਰਤੀਆਂ ਗਈਆਂ ਹਨ। ਇਸ ਪ੍ਰਸੰਗ ਵਿਚ ਸੋਚਿਆਂ ਖੁਮਾਰੀ ਭੀ ਇਕ ਜੁਗਤ ਹੈ। ਆਤਮਾ ਦੀ ਪਰਮਾਤਮਾ ਨਾਲ ਅਭੇਦਤਾ ਵਾਲੀ ਖੁਮਾਰੀ ਹਮੇਸ਼ਾ ਚੜ੍ਹੀ ਰਹਿੰਦੀ ਹੈ। ਇਹ ਖੁਮਾਰੀ ਸਿਰਫ਼ ਰਤੀ ਜਾਗਰਣ ਰਾਹੀਂ ਹੀ ਸੰਭਵ ਹੈ।

ਗੁਰੂ ਨਾਨਕ ਦਾ ਉਦੇਸ਼ ਨਾਮ ਦੀ ਖੁਮਾਰੀ ਹੈ ਜੋ ਦੁਸ਼ਵਿਰਤੀਆਂ ਤੋਂ ਮਨ ਨੂੰ ਬਚਾਉਂਦੀ ਹੈ। ਗੁਰੂ ਸਾਹਿਬ ਦੀ ਕਵਿਤਾ ਵਿਚ ਕਿਧਰੇ ਪਿਆਰ ਦਾ ਵਿਖਾਵਾ ਨਹੀਂ, ਦੁਨਿਆਵੀ ਕ੍ਰੀੜਿਆਵਾਂ ਨਹੀਂ, ਆਪ ਮੁਹਾਰੇ ਨਿਝੱਕ ਤਜਰਬੇ ਰਾਹੀਂ ਖੁਮਾਰੀ ਦਾ ਰੂਪ ਹੈ। ਉਹ ਪਰਮਾਤਮਾ ਸੁਖਦਾਤਾ, ਸੰਜੋਗ ਤੇ ਬਿਰਹਾ ਦੀ ਅਵਸਥਾ ਵਿੱਚ ਸਭ ਕੁਝ ਆਪ ਹੀ ਹੈ। ਗੁਰੂ ਸਾਹਿਬਨੇ ਆਪਣੇ ਮਨੋਰਥ ਦਾ ਅਰਥਾਤ ਪਰਮਾਤਮਾ ਦੇ ਸਿਮਰਨ ਤੇ ਤਜਰਬੇ ਤੋਂ ਉਥੇ ਤਕ ਪਹੁੰਚਾਦੇ

ਮਾਰਗ ਦਾ ਵਰਨਣ ਬੜੇ ਖ਼ੁਬਸੂਰਤ ਅੰਦਾਜ਼ ਨਾਲ ਕੀਤਾ ਹੈ। ਇਹੋ ਕਾਰਨ ਹੈ ਕਿ ਬਿਰਹ ਦੀ ਪੀੜ, ਮਿਲਣ ਦੀ ਖੁਸ਼ੀ ਸਮਰੂਪ ਹੈ। ਖ਼ੁਮਾਰੀ ਦਾ ਅਜਿਹਾ ਰੂਪ ਪੇਸ਼ ਕੀਤਾ ਹੈ ਕਿ ਅੰਤਹਕਰਣ ਤ੍ਰਿਪਤ ਹੋਇਆ ਰਹਿੰਦਾ ਹੈ। ਬਾਣੀ ਵਿਚ ਕਈ ਨਾਤਿਆਂ ਰਾਹੀਂ ਖ਼ੁਮਾਰੀ ਦਾ ਜ਼ਿਕਰ ਆਇਆ ਹੈ ਜਿਵੇਂ:

1. ਆਪਣੇ ਆਪ ਨੂੰ ਪੁੱਤਰ ਤੇ ਪਰਮਾਤਮਾ ਨੂੰ ਪਿਤਾ ਸਮਝ ਕੇ ਵਿਚਰਨਾ।
2. ਸੁਆਮੀ ਤੇ ਸੇਵਕ ਦੀ ਭਾਵਨਾ।
3. ਪਰਮਾਤਮਾ ਨੂੰ ਆਪਣਾ ਸੁਹਿਰਦ ਸਮਝਣਾ
4. ਆਪਣੇ ਆਪ ਨੂੰ ਪਤਨੀ ਤੇ ਪਰਮਾਤਮਾ ਨੂੰ ਪਤੀ ਸਮਝਣਾ।
5. ਆਪਣੇ ਆਪ ਨੂੰ ਭਿਖਾਰੀ ਤੇ ਪਰਮਾਤਮਾ ਨੂੰ ਦਾਤਾ ਸਮਝਣਾ।

ਇਹਨਾਂ ਸਾਰੇ ਰੂਪਾਂ ਰਾਹੀਂ ਪ੍ਰਭੂ ਪ੍ਰੀਤ ਦੀ ਖ਼ੁਮਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਰਤੀ ਵਿਧੀ ਦੇ ਪ੍ਰਗਟਾ ਦਾ ਤੱਤ ਹੈ। ਇਸ ਵਿੱਚ ਸਾਂਝੀ ਕਸ਼ੀ ਪ੍ਰੀਤ ਹੈ। ਇਨ੍ਹਾਂ ਰੂਪਾਂ ਰਾਹੀਂ ਉਤਪੰਨ ਹੋਈ ਖ਼ੁਮਾਰੀ ਤੇ ਰਤੀ ਦੇ ਮਾਨਣ ਤੋਂ ਪੈਦਾ ਹੋਈ ਖ਼ੁਮਾਰੀ ਸਾਧਕ ਦੀ ਸਾਧਨਾ ਨੂੰ ਨੇਪਰੇ ਚਾੜ੍ਹਦੀ ਹੈ।

> "ਧਰਮ ਗ੍ਰੰਥਾਂ ਵਿਚ ਅਕਾਲ ਪੁਰਖ ਨੂੰ ਪਿਆਰ ਸਰੂਪ, ਜੋਤਿ ਸਰੂਪ ਤੇ ਸੁੰਦਰ ਸਰੂਪ ਦੱਸਿਆ ਹੈ ਜਿਸ ਦੀ ਆਭਾ ਤੇ ਕ੍ਰਾਂਤੀ ਵਿੱਚ ਅਨਾਹਦ ਧੁਨਾਂ, ਨਿਰੰਤਰ ਗੂੰਜਦੀਆਂ ਹਨ . . . . ਮਨ ਉਸ ਅਨੂਪਮ ਤੇ ਅਪਾਰ ਛਬੀ ਨਾਲ ਦਰਸ਼ਨਾਂ ਲਈ ਤਾਂਘਦਾ ਹੈ।"

ਜਿਵੇਂ:

> "ਸਭ ਮਹਿ ਜੋਤਿ ਜੋਤਿ ਹੈ ਸੋਇ
> ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।"[1]

1. ਰਾਗੁ ਧਨਾਸਰੀ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 734

ਇਹ ਸਰੀਰ ਹਰੀ ਦਾ ਮੰਦਿਰ ਹੈ ਜਿਸ ਵਿੱਚ ਉਸ ਪ੍ਰਭੂ ਨੇ ਆਪਣੀ ਅਪਾਰ ਜੋਤਿ ਰਖੀ ਹੈ।"[1] ਇਹ ਅਪਾਰ ਜੋਤ ਰਤੀ ਰਾਹੀਂ ਹੀ ਸਥਿਰ ਤੇ ਅਟੱਕ ਰਹਿ ਸਕਦੀ ਹੈ।

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ।"[2]

ਜਦੋਂ ਜੋਤ ਇਕ ਹੋ ਜਾਂਦੀ ਹੈ ਤਾਂ ਖੁਮਾਰੀ ਦੀ ਅਵਸਥਾ ਆਉਂਦੀ ਹੈ। ਅੰਤਹਕਰਣ ਮਸਤੀ ਨਾਲ ਭਰ ਜਾਂਦਾ ਹੈ। ਦਸਮਦਵਾਰ (ਆਤਮਾ) ਖੁਮਾਰੀ ਵਿੱਚ ਗੜੂੰਦ ਉਸ ਪ੍ਰਭੂ ਦੀ ਜੋਤ ਰਤੀ ਰਾਹੀਂ ਉਸ ਵਿੱਚ ਰਲ ਜਾਂਦੀ ਹੈ, ਜਿਵੇਂ ਡਾ: ਤ੍ਰਿਲੋਚਣ ਸਿੰਘ ਨੇ ਕੁਰਾਨ ਸ਼ਰੀਫ ਵਿਚੋਂ ਇਕ ਉਦਾਹਰਣ ਦਿੱਤੀ ਹੈ:

> "ਅੱਲਾਹ ਧਰਤੀ ਤੇ ਗਗਨ ਦਾ ਨੂਰ ਹੈ। ਉਸ ਦਾ ਨੂਰ ਇੰਜ ਹੈ ਜਿਵੇਂ ਆਲੇ ਵਿੱਚ ਦੀਪਕ ਜਗਦਾ ਹੈ। ਇਹ ਦੀਵਾ ਇੰਜ ਚਮਕਦਾ ਹੈ ਜਿਵੇਂ ਸ਼ੀਸ਼ੇ ਵਿੱਚ ਲਿਸ਼ਕਾਂ ਮਾਰਦਾ ਹੋਵੇ ਤਾਂ ਸ਼ੀਸ਼ਾ ਵੀ ਮੋਤੀਆਂ ਵਾਂਗ ਚਮਕਦਾ ਹੈ ਇਹ ਸਭ ਜਾਨਣਿਆਂ ਦਾ ਨੂਰ ਹੈ। ਰਬ ਆਪਣੀ ਰਜ਼ਾ ਮੁਤਾਬਕ ਉਸ ਦਾ ਇਹ ਨੂਰ ਪ੍ਰਗਟ ਕਰਦਾ ਹੈ ਜਿਸ ਉਤੇ ਉਸ ਦੀ ਕਿਰਪਾ ਹੋਵੇ।"[3]

ਇਹੀ ਨੂਰ ਨਾਮ ਖੁਮਾਰੀ ਹੈ ਜੋ ਪ੍ਰੇਮ ਦੀ ਭਾਵਨਾ ਰਤੀ ਦੁਆਰਾ ਪੈਦਾ ਹੁੰਦੀ ਹੈ।

ਖੁਮਾਰੀ ਤਾਂ ਸਾਧਕ ਦੇ ਮਨ ਵਿੱਚ ਆ ਸਕਦੀ ਹੈ ਜੇ ਸਤਿ, ਸੰਤੋਖ, ਦਇਆ, ਧਰਮ, ਸਿਦਕ, ਸੰਜਮ, ਖਿਮਾ, ਗਰੀਬੀ, ਸੇਵਾ, ਪ੍ਰੇਮ, ਗਿਆਨ ਆਦਿ ਭਾਵਾਂ ਦਾ ਸੁਮੇਲ ਹੋਵੇ। ਗੁਰੂ ਨਾਨਕ ਦੇਵ ਜੀ ਨੇ ਸਾਰੀ ਰਚਨਾ ਵਿੱਚ ਇਹਨਾਂ ਭਾਵਨਾਵਾਂ ਨੂੰ ਯੁਕਤ ਕੀਤਾ ਹੈ। ਪ੍ਰਭੂ ਦੀ ਸੱਚੀ ਲਿਵ ਤੇ ਯਾਦ ਰਾਹੀਂ ਉਸ ਵਿੱਚ ਲੀਨ ਹੋ ਸਕਦਾ ਹੈ।

ਮਨ ਦੀ ਚੰਚਲਤਾ ਬਾਰੇ ਕਿਹਾ ਹੈ ਕਿ ਮਨ ਦੇ ਮਗਰ ਲਗਣ ਲਈ ਨਹੀਂ ਸਗੋਂ ਮਨ ਨੂੰ ਸਤਿ ਦਾ ਅਨੁਸਰਣ ਕਰਨ ਲਈ ਕਿਹਾ ਹੈ। ਮਨ ਵਿੱਚ ਲੀਨ ਹੋ ਕੇ ਰਤੀ ਭਾਵ ਦਾ ਜਾਗਰਣ ਹੁੰਦਾ ਹੈ। ਮਨ ਨੂੰ ਕਾਬੂ ਰਖਣ, ਅਨੰਦ ਪ੍ਰਾਪਤੀ ਕਰਨ ਤੇ ਅਭੇਦਤਾ ਦਾ ਹੋਣਾ ਅਲੌਕਿਕ ਰਤੀ ਦਾ ਸੂਚਕ ਹੈ।

---

1. ਤ੍ਰਿਲੋਚਣ ਸਿੰਘ, ਗੁਰੂ ਨਾਨਕ ਜੀਵਨ ਯੁਗ ਅਤੇ ਉਪਦੇਸ਼, ਪੰਨੇ 96-97
2. ਰਾਗੁ ਮਲਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1389
3. ਡਾ: ਤ੍ਰਿਲੋਚਣ ਸਿੰਘ, ਗੁਰੂ ਨਾਨਕ ਜੀਵਨ ਯੁਗ ਅਤੇ ਉਪਦੇਸ਼, ਪੰਨਾ 97

ਗੁਰੂ ਨਾਨਕ ਦੇਵ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਮੰਨਦੇ। ਜਿੰਨੀ ਆਤਮਾ ਸੁਧ ਹੋਵੇਗੀ ਉਨੀ ਹੀ ਰਤੀ ਭਾਵ ਦੀ ਤੀਬਰਤਾ ਪਰਬਲ ਹੋ ਕੇ ਖੁਮਾਰੀ ਪੈਦਾ ਕਰੇਗੀ ਜਿਵੇਂ:

"ਮੋਹਨਿ ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵ ਲਾਗੀ।"[1]

ਖੁਮਾਰੀ ਦੇ ਅੰਤਰਗਤ ਲਿਵ ਜਪ ਮਾਨਸਿਕ ਜਪ ਆਉਂਦੇ ਹਨ। ਜਦੋਂ ਸਾਧਕ ਪ੍ਰਭੂ ਪ੍ਰੇਮ ਦੀ ਖੁਮਾਰੀ ਵਿਚ ਲੀਨ ਹੋ ਜਾਂਦਾ ਹੈ ਉਸ ਦੀ ਲਿਵ ਜੁੜ ਜਾਂਦੀ ਹੈ ਤਾਂ ਗੁਰੂ ਸਾਹਿਬ ਨੇ ਇਸ ਨੂੰ ਲਿਵ ਜੁੜਨ ਦੀ ਅਵਸਥਾ ਕਿਹਾ ਹੈ। ਗੁਰੂ ਦੀ ਸਿਖਿਆ ਕਿਰਪਾ ਤੇ ਰਤੀ ਦੇ ਜਾਗਰਣ ਦੁਆਰਾ ਹੀ ਉਸ ਨੂੰ ਜਾਣਿਆ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ:

"ਗੁਰਮੁਖਿ ਜਾਗਿ ਰਹੇ ਦਿਨ ਰਾਤੀ ਸਾਚੇ ਕੀ ਲਿਵ ਗੁਰਮਤਿ ਜਾਤੀ।"

ਸ਼ੁਭ ਕਰਮਾਂ ਤੇ ਅਮਲਾਂ ਦੀ ਜਾਂਚ ਖੁਮਾਰੀ ਲਿਆਉਂਦੀ ਹੈ। ਸੱਚੀ ਲਿਵ, ਸੱਚਾ ਨਾਮ, ਮਨ ਦੀ ਸੁਧਤਾ, ਹਿਰਦੇ ਵਿੱਚ ਸਤਿ ਨੂੰ ਧਾਰਨ ਕਰਨਾ, ਸੇਵਾ ਕਰਨਾ, ਹੰਕਾਰ ਨੂੰ ਮਾਰਨਾ, ਮਾਇਆ ਤੋਂ ਛੁਟਕਾਰਾ ਪਾਉਣਾ ਆਦਿ ਭਾਵਨਾਵਾਂ ਤੋਂ ਮੁਕਤ ਹੋ ਕੇ ਹੀ ਨਾਮ ਖੁਮਾਰੀ ਦੀ ਲਗਨ ਲਗਦੀ ਹੈ। ਪ੍ਰਭੂ ਦੀ ਪ੍ਰਾਪਤੀ ਆਤਮਾ ਤੇ ਪਰਮਾਤਮਾ ਦਾ ਸੁਮੇਲ ਖੁਮਾਰੀ ਰਾਹੀਂ ਹੀ ਸੰਭਵ ਹੈ ਜਿਵੇਂ:

"ਜਿਨ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ।"[2]

ਇਹ ਭਾਵ ਰਤੀਸੰਚਾਰ ਦਾ ਸੂਚਕ ਹਨ।

(ੲ) <u>ਇਕਸੁਰਤਾ</u>

ਈਸ਼ਵਰ ਪ੍ਰਤੀ ਪ੍ਰੇਮ ਇਕਸੁਰਤਾ ਦਾ ਧਾਰਨੀ ਹੈ। ਅਲੌਕਿਕ ਪ੍ਰੇਮ ਈਸ਼ਵਰ ਪ੍ਰਤੀ ਇਕਸੁਰਤਾ ਲਿਆਉਂਦਾ ਹੈ। ਰਤੀ ਦਾ ਸੰਬੰਧ ਜਿਗਿਆਸੇ, ਮਨ, ਪ੍ਰੇਮ, ਸਹਿਚਾਰ, ਇਕਸੁਰਤਾ ਆਦਿ ਭਾਵਾਂ ਨਾਲ ਹੈ। ਇਹ ਭਾਵ ਆਤਮਿਕ ਰਤੀ ਰਾਹੀਂ ਹੀ ਸੰਭਵ ਹਨ। ਮਨੋਵਿਗਿਆਨਕ

1. <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 345
2. ਰਾਗੁ ਆਸਾ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 403

ਦ੍ਰਿਸ਼ਟੀਕੋਣ ਤੋਂ ਭਗਤੀ ਤੇ ਪ੍ਰੇਮ ਦੋਵੇਂ ਭਾਵ ਸਾਧਕ ਵਿੱਚ ਇਕਸੁਰਤਾ ਲਿਆਉਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਭਾਵ ਨੂੰ ਆਪਣੀ ਰਚਨਾ ਵਿੱਚ ਬਾਰ ਬਾਰ ਕਿਹਾ ਹੈ ਕਿ ਨਾਮ ਦੀ ਵਡਿਆਈ, ਭਗਤੀ, ਪ੍ਰੇਮ ਰਤੀ ਭਾਵਾਂ ਨਾਲ ਜੁੜੇ ਹੈ। ਭਗਤ ਦੀ ਭਗਤੀ ਭਾਵਨਾ, ਮਧੁਰ, ਵਾਤਸਲਯ, ਸ਼ਾਂਤ, ਦਾਸਯ, ਸਖਯਾ ਆਦਿ ਰੂਪਾਂ ਰਾਹੀਂ ਹੋ ਸਕਦੀ ਹੈ ਜੋ ਇਕਸੁਰਤਾ ਲਿਆਉਂਦੀ ਹੈ। ਪ੍ਰਭੂ ਨਾਲ ਪ੍ਰੀਤ ਕਰਨ, ਸਾਧਨਾ ਕਰਨ ਨਾਲ ਇਕਸੁਰਤਾ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ (1) ਪ੍ਰੇਮ ਦੀ ਇਕਸੁਰਤਾ, (2) ਮਨ ਦੀ ਇਕਸੁਰਤਾ, (3) ਗੁਰੂ ਨਾਲ ਇਕਸੁਰਤਾ, (4) ਆਤਮਕ ਇਕਸੁਰਤਾ, (5) ਭੈ ਤੇ ਭਾਵ ਦੀ ਇਕਸੁਰਤਾ ਦਾ ਜ਼ਿਕਰ ਹੈ। ਇਹ ਭਾਵ ਸਿਰਫ ਰਤੀ ਵਿਧੀ ਨਾਲ ਹੀ ਆ ਸਕਦੇ ਹਨ।

ਪਹਿਲਾਂ ਮਨ ਵਿੱਚ (ਪ੍ਰੇਮ) ਰਤੀ ਭਾਵ ਦੀ ਇਕਸੁਰਤਾ ਆਉਂਦੀ ਹੈ ਫਿਰ ਆਤਮਕ ਗਿਆਨ ਗੁਰੂ ਰਾਹੀਂ ਪ੍ਰਗਟ ਹੁੰਦਾ ਹੈ ਭੈ ਤੇ ਭਾਵ ਦੁਸ਼ਪ੍ਰਵਿਰਤੀਆਂ ਖ਼ਤਮ ਹੋ ਜਾਂਦੀਆਂ ਹਨ। ਆਤਮਕ ਇਕਸੁਰਤਾ ਕਾਇਮ ਹੋ ਜਾਂਦੀ ਹੈ। ਇਸ ਲਈ ਕਿਸੇ ਅਲੰਬਨ ਉਦੀਪਨ ਦੀ ਲੋੜ ਹੈ ਜੋ ਆਤਮਾ ਤੇ ਪਰਮਾਤਮਾ ਵਿੱਚ ਹੈ ਜਿਨ੍ਹਾਂ ਦੀ ਅਭੇਦਤਾ ਇਕਸੁਰਤਾ ਲਿਆਉਂਦੀ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

"ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ।"[1]

ਜਾਂ

"ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ।"[2]

ਜਿਹੜੀਆਂ ਵਸਤੂਆਂ ਇਕਸੁਰਤਾ ਦਾ ਨਾਸ਼ ਕਰਦੀਆਂ ਹਨ ਉਨ੍ਹਾਂ ਭਾਵਨਾਵਾਂ ਵਿੱਚ ਹਉਮੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਮਾਇਆ ਤੋਂ ਬਚਾ ਲਈ ਕਿਹਾ ਹੈ ਜਿਵੇਂ:

"ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ
ਲਬੁ ਲੋਭੁ ਅਹੰਕਾਰੁ ਸੁਪੀਰਾ
ਰਾਮਨਾਮੁ ਬਿਨੁ ਕਿਉ ਮਨੁ ਧੀਰਾ।"[3]

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 534
2. ਉਹੀ, ਪੰਨਾ 416
3. ਉਹੀ, ਪੰਨਾ 473

ਨਾਮ ਦੀ ਵਡਿਆਈ ਇਕਸੁਰਤਾ ਲਿਆਉਂਦੀ ਮਨ ਦੀ ਸੁੱਧੀ, ਸਵੈ ਕਾਬੂ, ਮਹਾ ਅਨੰਦ ਵਰਗੇ ਭਾਵ ਭਰਦੀ ਹੈ। ਸਰੀਰ ਤੇ ਮਨ ਉਪਰ ਪੂਰਨ ਕਾਬੂ ਦਾ ਨਾਂ ਇਕਸੁਰਤਾ ਹੈ। ਮਾਇਆ ਇਸ ਇਕਸੁਰਤਾ ਨੂੰ ਖੰਡਿਤ ਕਰਦੀ ਹੈ। ਇਸੇ ਲਈ ਮਾਇਆ ਤੋਂ ਨਿਰਲੇਪ ਰਹਿੰਦਿਆਂ ਕਿਹਾ ਹੈ:

"ਮਨੁ ਮਾਇਆ ਬੰਧਿਓ ਸਰ ਜਾਲਿ।"[1]

ਜਿਹੜੀਆਂ ਵਸਤੂਆਂ ਰਤੀ ਦੇ ਸਹਿਯੋਗ ਨਾਲ ਇਕਸੁਰਤਾ ਲਿਆਉਂਦੀਆਂ ਹਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਹੇਠ ਲਿਖੇ ਅਨੁਸਾਰ ਰੂਪਮਾਨ ਹਨ:

1. ਅਲੌਕਿਕ ਪ੍ਰੇਮ ਇਕਸੁਰਤਾ ਲਿਆਉਂਦਾ ਹੈ।
2. ਆਤਮ ਬੋਧ ਇਕਸੁਰਤਾ ਤੇ ਰਤੀ ਦਾ ਨਾਂ ਹੈ।
3. ਪੂਰਨ ਗੁਰੂ ਦੀ ਪ੍ਰਾਪਤੀ ਇਕਸੁਰਤਾ ਤੇ ਰਤੀ ਦੁਆਰਾ ਸੰਭਵ ਹੈ।
4. ਪ੍ਰਭੂ ਭਗਤੀ ਰਾਹੀਂ ਅਨੰਦ ਦੀ ਪ੍ਰਾਪਤੀ ਰਤੀ ਤੇ ਇਕਸੁਰਤਾ ਹੈ।
5. ਹਉਮੈ ਨੂੰ ਮਾਰੇ, ਹੁਕਮ ਮੰਨੇ, ਰਜ਼ਾ ਵਿੱਚ ਰਹੇ, ਆਤਮਾ ਨੂੰ ਪਛਾਣੇ ਇਉਂ ਇਕਸੁਰਤਾ ਤੇ ਸੁਧ ਰਤੀ ਭਾਵਾਂ ਦਾ ਪ੍ਰਗਟਾ ਹੁੰਦਾ ਹੈ।
6. ਪ੍ਰਭੂ ਦੇ ਗੁਣ ਗਾ ਕੇ, ਸੁੱਖ, ਦੁੱਖ, ਬਿਰਹਾ, ਵਿਜੋਗ ਵਿੱਚ ਸਮ ਰਹਿ ਕੇ ਰਤੀ ਇਕਸੁਰਤਾ ਪ੍ਰਾਪਤ ਹੁੰਦੀ ਹੈ।
7. ਪ੍ਰਭੂ ਦੀ ਮਿਹਰ ਅਤੇ ਬਖਸ਼ਿਸ਼ ਦੁਆਰਾ ਰਤੀ ਇਕਸੁਰਤਾ ਪ੍ਰਾਪਤ ਹੁੰਦੀ ਹੈ।
8. ਸਰੀਰ ਤੇ ਮਨ ਦਾ ਪੂਰਨ ਕਾਬੂ ਰਤੀ ਭਾਵ ਨਾਲ ਇਕਸੁਰਤਾ ਲਿਆਉਂਦਾ ਹੈ।
9. ਸਹਿਜ ਅਵਸਥਾ ਤੇ ਇਕਸੁਰਤਾ ਰਤੀ ਦੁਆਰਾ ਹੀ ਆ ਸਕਦੀ ਹੈ।
10. ਪ੍ਰਭੂ ਦੇ ਨਾਮ ਸਿਮਰਨ ਨਾਲ ਰੂਹਾਨੀ ਰਤੀ ਅਤੇ ਇਕਸੁਰਤਾ ਦਾ ਰੂਪ ਵਿਅਕਤ ਹੁੰਦਾ ਹੈ।
11. ਸੰਤੋਖ, ਸਬਰ, ਸੁਕਰ, ਪ੍ਰਭੂ ਦੀ ਬਖਸ਼ਿਸ਼ ਰਤੀ ਦੁਆਰਾ ਹੀ ਸੰਭਵ ਹੈ।

1. ਰਾਗੁ ਬਿਲਾਵਲ, ਗੁਰੂ ਨਾਨਕ ਬਾਣੀ ਪ੍ਰਕਾਸੁ, ਪੰਨਾ 843

12. ਸੱਚ ਅਤੇ ਸਚਿਆਰ ਪਦ ਦੀ ਪ੍ਰਾਪਤੀ ਰਤੀ ਹੈ।

13. ਮਹਾਂ ਅਨੰਦ ਵਿਆਪਕਤਾ, ਬਖਸ਼ਿਸ਼ ਦੀ ਉਦਾਰਤਾ ਇਕਸੁਰਤਾ ਤੇ ਰਤੀ ਦਾ ਨਾਂ ਹੈ।

14. ਸਵੈਕਾਬੂ, ਸ਼ੰਕਾ, ਨਿਰਵੇਦ, ਚਪਲਤਾ, ਨਿਦਰਾ, ਬਿਬੋਧ, ਉਗਰਤਾ, ਮਤੀ, ਤਰਾਸ, ਉਨਮਾਦ, ਨਿਸ਼ਾਦ, ਆਵੇਗ, ਹਰਸ਼, ਗਰਵ ਆਦਿ ਭਾਵ ਰਤੀ ਨਾਲ ਜੁੜਦੇ ਹਨ।

15. ਰਤੀ ਤੇ ਇਕਸੁਰਤਾ ਆਤਮਕ ਬਿਬੋਧ ਪੈਦਾ ਕਰਦੇ ਹਨ।

ਇਸ ਤਰ੍ਹਾਂ ਰਤੀ ਭਾਵ ਸਾਧਕ ਦੇ ਸਮੁੱਚੇ ਵਜੂਦ ਵਿਚ ਇਕਸੁਰਤਾ ਲਿਆਉਂਦਾ ਹੈ ਅਤੇ ਇਹ ਇਕਸੁਰਤਾ ਲਖਣਾ, ਵਿਅੰਜਨਾ ਤੇ ਅਵਧਾ ਆਦਿ ਸ਼ਕਤੀਆਂ ਦੀ ਸਹਾਇਕ ਬਣਦੀ ਹੈ। ਇਹ ਇਕਸੁਰਤਾ ਸਾਧਕ ਦੇ ਮਨ ਵਿੱਚ ਪ੍ਰਭੂ ਅਭੇਦਤਾ ਸੰਭਵ ਬਣਾਉਂਦੀ ਹੈ।

(ਸ) ਤਿਆਗ/ਲਗਾਓ

"ਡਾ: ਗਣਪਤੀ ਚੰਦਰ ਗੁਪਤ ਨੇ ਰਤੀ ਦੇ ਭੇਦਾਂ ਬਾਰੇ ਸੰਸਕ੍ਰਿਤ ਅਚਾਰੀਆ ਭੋਜ ਦੇ ਸ਼ਿੰਗਾਰ ਪ੍ਰਕਾਸ਼ ਵਿੱਚਲੇ 12288 ਭੇਦਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਰੂਪਾਂ ਵਿੱਚ ਪ੍ਰੇਮ ਦੀਆਂ ਸਥਿਤੀਆਂ, ਅਵਸਥਾਵਾਂ ਤੇ ਸਵਰੂਪਾਂ ਦਾ ਵਰਨਣ ਹੈ।"[1] ਰਤੀ ਦਾ ਦਾਇਰਾ ਏਨਾ ਵਿਸ਼ਾਲ ਤੇ ਬਹੁਪੱਖੀ ਹੈ ਕਿ ਤਿਆਗ ਅਤੇ ਲਗਾਓ ਵਰਗੇ ਭਾਵ ਵੀ ਇਸ ਰਾਹੀਂ ਪ੍ਰਗਟ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਿਥੇ ਹਉਮੈ, ਮਾਇਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਤਿਆਗ ਦਾ ਖੰਡਨ ਕੀਤਾ ਹੈ, ਉਥੇ ਪ੍ਰਭੂ ਮੋਹ, ਨਾਮ ਮੋਹ, ਹੁਕਮ ਦਾ ਮੋਹ, ਆਤਮਕ ਮੋਹ ਦਾ ਲਗਾਓ ਸ਼ੁਧ ਰਤੀ ਦੇ ਰੂਪ ਵਿਚ ਬਿਆਨਿਆ ਹੈ। ਚਿਨ੍ਹਾਤਮਕ ਰੂਪਾਂ ਰਾਹੀਂ ਜੀਵ ਨੂੰ ਅੰਤਹਕਰਣ ਸੁਧਾਰਨ ਦਾ ਢੰਗ ਦਰਸਾਇਆ ਹੈ, ਜੋ ਸ਼ੁਧ, ਉਜਵਲ ਅਤੇ ਅਧਿਆਤਮਕ ਰਤੀ ਦਾ ਰੂਪ ਹੈ।

ਜੀਵ-ਆਤਮਾ ਅਤੇ ਸਰੀਰ ਦੇ ਸੰਬੰਧ ਨੂੰ ਗੁਰੂ ਨਾਨਕ ਦੇਵ ਜੀ ਨੇ ਭੋਗੀ ਪੁਰਖ ਅਤੇ ਸੁੰਦਰ ਇਸਤ੍ਰੀ ਦੇ ਰੂਪ ਵਿਚ ਸਪਸ਼ਟ ਕੀਤਾ ਹੈ। ਜੀਵ ਭੋਗੀ ਪੁਰਖ ਵਾਂਗ ਰਾਤ ਦਿਨ ਸਰੀਰ ਰੂਪੀ ਸੁੰਦਰ ਇਸਤ੍ਰੀ ਨਾਲ ਅਨੰਦ ਪੂਰਬਕ ਭੋਗ ਕਰਦਾ ਹੈ ਪਰ ਜਦੋਂ ਉਸ ਦਾ ਮਨ ਕਰਦਾ ਹੈ ਉਹ

1. ਗਣਪਤੀ ਚੰਦਰ ਗੁਪਤ, ਭਾਰਤੀਯ ਸਾਹਿਤ ਮੇਂ ਸ਼ਿੰਗਾਰ ਰਸ, ਪੰਨਾ 22

ਜਿਨ੍ਹਾਂ ਸਲਾਹ ਜਾਂ ਵਿਚਾਰ ਕੀਤੇ ਇਸਨੂੰ ਤਿਆਗ ਕੇ ਤੁਰ ਜਾਂਦਾ ਹੈ ਜਿਵੇਂ:

"ਕਾਇਆ ਹੰਸ ਪ੍ਰੀਤਿ ਬਹੁ ਧਾਰੀ। ਉਹ ਜੋਗੀ ਪੁਰਖੁ ਓਹ ਸੁੰਦਰਿ ਨਾਰੀ
ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨਾ ਕੀਨਾ ਹੇ।"[1]

ਦੁਨਿਆਵੀ ਰਤੀ ਵਿੱਚ ਪ੍ਰੀਤਮ ਦੀ ਬੇਵਫਾਈ ਸਰੀਰਕ ਦੁੱਖ ਕਸ਼ਟ ਲਿਆਉਂਦੀ ਹੈ ਪਰ ਆਤਮਕ ਰਤੀ ਰਾਹੀਂ ਜੀਵ ਆਤਮਾ ਦਾ ਲਗਾਓ ਪ੍ਰੀਤਮ ਨਾਲ ਹੋਰ ਵੱਧਦਾ ਹੈ। ਆਤਮਕ ਰਤੀ ਵਿਚ ਪੁਰਖ ਹੋਰ ਚੰਗੇ ਕੰਮ ਕਰਦਾ ਹੈ ਤਾਂ ਜੋ ਉਸਦੀ ਆਤਮਾ ਸੁਧ ਹੋ ਜਾਵੇ। ਗੁਰੂ ਸਾਹਿਬ ਕਹਿੰਦੇ ਹਨ ਹੇ ਕਾਇਆ ਤੂੰ ਬਹੁਤ ਲਬ, ਲੋਭ ਤੇ ਕੂੜ ਵਿਚ ਪਰਵਿਰਤ ਹੈਂ ਅਤੇ ਪਾਪਾਂ ਦੀ ਭਾਰੀ ਪੰਡ ਚੁਕੀ ਫਿਰ ਰਹੀ ਹੈ, ਪਰਾਈ ਨਿੰਦਾ ਤੇ ਚਿੰਤਨ ਵਿੱਚ ਲੱਗੀ ਹੈ। ਕੂੜੀ ਚੁਗਲੀ ਕਰਦੀ ਹੈ ਇਹ ਸਭ ਕੁਝ ਛੱਡ ਕੇ ਪ੍ਰਭੂ ਨਾਲ ਪ੍ਰੀਤ ਦਾ ਲਗਾਓ ਤਾਂ ਤੂੰ ਪ੍ਰੀਤ ਪ੍ਰਾਪਤ ਕਰ ਸਕਦੀ ਹੈਂ ਤੇ ਤੇਰਾ ਮਨ ਉਸ ਪ੍ਰਭੂ ਨਾਲ ਰੰਗਿਆ ਸੁਧ ਰਤੀ ਨਾਲ ਭਰ ਜਾਵੇਗਾ।

"ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ
ਸੁਣਿ ਸੁਣਿ ਸਿਖ ਹਮਾਰੀ
ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ। ਰਹਾਉ।

— — —

ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ
ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਈ
ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ।"[2]

ਹਉਮੈ ਦਾ ਤਿਆਗ, ਮਾਇਆ ਦਾ ਤਿਆਗ, ਅਹੰਕਾਰ ਦਾ ਤਿਆਗ, ਦੁਸ਼ ਵ੍ਰਿਤੀਆਂ ਦਾ ਤਿਆਗ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਆਦਿ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਕੀਤਾ ਹੈ। ਜੇ ਆਤਮਾ ਨੇ ਪ੍ਰਭੂ ਦੀ ਪ੍ਰੀਤ ਵਿੱਚ ਆਪਣੇ ਆਪ ਨੂੰ ਰੰਗਣਾ ਹੈ ਤਾਂ ਇਨ੍ਹਾਂ ਵਸਤੂਆਂ ਦਾ ਨਾਸ਼ ਜ਼ਰੂਰੀ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਹਉਮੈ

---

1. ਰਾਗੁ ਮਾਰੂ ਸੋਹਲੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1151
2. ਰਾਗੁ ਗਉੜੀ ਚੇਤੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨੇ 318-19

ਤੋਂ ਜਗਤ ਉਤਪੰਨ ਹੁੰਦਾ ਹੈ ਨਾਮ, ਪ੍ਰਭੂ ਪ੍ਰੀਤ ਭੁਲਣ ਤੇ ਦੁਖ ਪਾਈਦਾ ਹੈ। ਬ੍ਰਹਮ ਗਿਆਨ ਤੇ ਨਾਮ ਦੀ ਪ੍ਰੀਤ ਦੁਆਰਾ ਹੀ ਹਉਮੈ ਖਤਮ ਹੁੰਦੀ ਹੈ ਜਿਵੇਂ:

"ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ।"[1]

"ਹਉ ਹਉ ਮੈ ਮੈ ਵਿਚਹੁ ਖੋਵੈ
ਦੂਜਾ ਮੇਟੈ ਏਕੋ ਹੋਵੈ।"[2]

ਹਉਮੈ ਦਾ ਰੋਗ ਪ੍ਰਭੂ ਪ੍ਰੀਤ ਨੂੰ ਰੋਕਦਾ ਹੈ। ਹਉਮੈ ਦੇ ਵਿਨਾਸ਼ ਲਈ ਪਰਮਾਤਮਾ ਦੀ ਕ੍ਰਿਪਾ ਜ਼ਰੂਰੀ ਹੈ ਜਦੋਂ ਉਸ ਦੀ ਕ੍ਰਿਪਾ ਹੋਵੇਗੀ ਤਾਂ ਮਨੁੱਖ ਵਿਚੋਂ ਹਉਮੈ ਮਾਰੀ ਜਾਵੇਗੀ। ਜੇ ਅੰਤਹਕਰਣ ਵਿਚੋਂ ਹਉਮੈ ਖਤਮ ਹੋ ਜਾਵੇਗੀ ਤਾਂ ਅੰਤਹਕਰਣ ਵਿਚ ਪਰਮਾਤਮਾ ਦਾ ਨਿਵਾਸ ਹੋਵੇਗਾ ਅਤੇ ਪਰਮਪਦ ਦੀ ਪਦਵੀ ਪ੍ਰਾਪਤ ਹੋ ਜਾਵੇਗੀ ਤਾਂ ਰਤੀ ਦਾ ਸੁਭਾ ਉਜਵਲ ਹੋ ਜਾਏਗਾ ਜਿਵੇਂ:

"ਹਉਮੈ ਜਾਈ ਤਾ ਕੰਤ ਸਮਾਈ ਤਉ ਕਾਮਣਿ ਪਿਆਰੇ ਨਵਨਿਧਿ ਪਾਈ।"[3]

"ਹਉਮੈ ਬੂਝੈ ਤਾ ਦਰੁ ਸੂਝੈ।"[4]

"ਹਉਮੈ ਜਾਇ ਪਰਮ ਪਦੁ ਪਾਈਐ।"[5]

"ਹਉਮੈ ਖੋਇ ਕਰੇ ਸੀਗਾਰੁ
ਤਉ ਕਾਮਣਿ ਸੇਜੈ ਰਵੈ ਭਤਾਰੁ।"[6]

---

1. ਰਾਗ ਰਾਮਕਲੀ ਸਿਧ ਗੋਸ਼ਟਿ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1034
2. ਉਹੀ, ਪੰਨਾ 1015
3. ਰਾਗੁ ਸੂਹੀ ਅਸ਼ਟਪਦੀਆ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 785
4. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 567
5. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 367
6. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 436

ਗੁਰੂ ਸਾਹਿਬ ਨੇ ਹਉਮੈ ਦਾ ਤਿਆਗ ਕਰਕੇ ਪ੍ਰੇਮ ਦੇ ਮਹਾ ਰਸ ਵਿਚ ਰਸਣ ਲਈ ਕਿਹਾ ਹੈ ਜੋ ਰਤੀ ਦੁਆਰਾ ਹੀ ਸੰਭਵ ਹੈ ਜਿਸ ਨਾਲ ਸਾਰੀਆਂ ਬੁਰਾਈਆਂ ਸੜ ਕੇ ਸੁਆਹ ਹੋ ਜਾਂਦੀਆਂ ਹਨ ਜਿਵੇਂ:

"ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ।"[1]

ਇਸਤ੍ਰੀ ਪੁਰਸ਼ ਪ੍ਰੇਮ ਸਿਰਫ ਧੰਨ ਲਈ ਹੈ। ਮਾਇਆ ਕਈ ਪ੍ਰਕਾਰ ਦੇ ਮਨਮੋਹਕ ਰੂਪ ਧਾਰ ਕੇ ਜਗਤ ਨੂੰ ਠੱਗਦੀ ਹੈ। ਪੁੱਤਰ, ਭਰਾ, ਘਰਦੀ ਨਾਰੀ, ਧਨ, ਜੋਬਨ, ਲੋਭ, ਹੰਕਾਰ ਦੇ ਫਲਸਰੂਪ ਸਾਰੇ ਸੰਸਾਰ ਵਿਚ ਮਾਇਆ ਤੇ ਮੋਹ ਦੀ ਠਗਾਉਲੀ ਵਰਤ ਰਹੀ ਹੈ ਜਿਵੇਂ:

"ਤ੍ਰਿਸਨਾ ਮਾਇਆ ਮੋਹਣੀ, ਸੁਤ ਬੰਧਪ ਘਰ ਨਾਰਿ
ਧਨ ਜੋਬਨਿ ਜਗੁ ਠਗਿਆ, ਲਬਿ ਲੋਭ ਅਹੰਕਾਰਿ
ਮੋਹ ਠਗਉਲੀ ਹਉ ਮੁਈ, ਸਾ ਵਰਤੈ ਸੰਸਾਰਿ।"[2]

ਜਦੋਂ ਹਉਮੈ ਮਾਇਆ, ਹੰਕਾਰ, ਕਾਮ, ਕ੍ਰੋਧ, ਲੋਭ ਦਾ ਬੋਲਬਾਲਾ ਹੁੰਦਾ ਹੈ ਤਾਂ ਰਤੀ ਦੀ ਦਿਸ਼ਾ ਵੀ ਬਦਲ ਜਾਂਦੀ ਹੈ ਜਿਸਨੂੰ ਅਸੀਂ ਵਿਕਰਤ ਰਤੀ ਕਹਿੰਦੇ ਹਾਂ। ਜਦੋਂ ਦੁਨਿਆਵੀ ਪਦਾਰਥਾਂ ਵਿਚ ਰਤੀ ਲਗਾਓ ਪੈਦਾ ਕਰਦੀ ਹੈ ਤਾਂ ਹਿਰਦਾ ਵਿਸ਼ੁਧ ਹੁੰਦਾ ਹੈ। ਪਰ ਦੂਸਰੇ ਪਾਸੇ ਸੁਧ ਰਤੀ ਆਤਮਾ ਨੂੰ ਸਿੱਧੇ ਪਾਸੇ ਲਿਆਉਣ ਵਿਚ ਸਹਾਈ ਹੁੰਦੀ ਹੈ ਇਸ ਤਰ੍ਹਾਂ ਰਤੀ ਵਿਸ਼ਿਆਂ ਦਾ ਤਿਆਗ ਤੇ ਪ੍ਰਭੂ ਦੇ ਲਗਾਓ ਵਿਚ ਸਹਾਈ ਹੁੰਦੀ ਹੈ।

ਉਪਰ ਦਿੱਤੀਆਂ ਦੁਨਿਆਵੀ ਪ੍ਰਵਿਰਤੀਆਂ ਅਧਿਆਤਮਕ ਰਤੀ ਦੇ ਰਾਹ ਵਿਚ ਰੁਕਾਵਟਾਂ ਹਨ। ਉਹੀ ਪੁਰਖ ਅਨੰਦ ਤੇ ਬ੍ਰਹਮ-ਗਿਆਨ ਦੀ ਅਵਸਥਾ ਪੈਦਾ ਕਰਦਾ ਹੈ ਜੋ ਇਨ੍ਹਾਂ ਪਦਾਰਥਾਂ ਤੋਂ ਵਿਮੁਕਤ ਹੋ ਕੇ ਆਪਣੇ ਹਿਰਦੇ ਨੂੰ ਸ਼ੁੱਧ ਰਖਦਾ ਹੈ। ਕਿਉਂਕਿ ਮਾਇਆ ਦਾ ਸੁਭਾ ਵਿਭਚਾਰੀ ਹੈ। ਮਾਇਆ ਦਾ ਮੋਹ ਅਤਿਅੰਤ ਪਰਬਲ ਹੈ, ਇਸਦੇ ਮੋਹ ਵਿੱਚ ਜੜ੍ਹ ਚੇਤਨ ਸਭ ਫਸਿਆ ਹੋਇਆ ਹੈ। ਗੁਰੂ ਸਾਹਿਬ ਨੇ ਮਾਇਆ ਦਾ ਮੋਹ ਜਾਦੂ-ਟੂਣੇ ਕਰਨ ਵਾਲੀ ਇਸਤ੍ਰੀ ਦੇ ਮੋਹ ਵਾਂਗ ਕਿਹਾ ਹੈ। ਜਿਵੇਂ:

---

1. ਵਾਰ ਸੂਹੀ ਕੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 818
2. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 181

"ਤ੍ਰਿਸਨਾ ਮਾਇਆ ਮੋਹਣੀ, ਸੁਤ ਬੰਧਪ ਘਰ ਨਾਰਿ।
ਧਨਿ ਜੋਬਨਿ ਜਗੁ ਠਗਿਆ, ਲਬਿ ਲੋਭਿ ਅਹੰਕਾਰਿ।"[1]

ਜਾਂ

"ਜਿਉ ਸੁਪਨੈ ਨਿਸਿ ਭੁਲੀਐ, ਜਬਲਗਿ ਨਿਦ੍ਰਾ ਹੋਇ
ਇਉ ਸਰਪਨਿ ਕੈ ਵਸਿ ਜੀਅੜਾ, ਅੰਤਰਿ ਹਉਮੈ ਦੋਇ।"[2]

ਗੁਰੂ ਸਾਹਿਬ ਨੇ ਮਾਇਆ ਨੂੰ ਸਰਪਨੀ ਕਿਹਾ ਹੈ। ਮਾਇਆ ਦੀ ਸ਼ਕਤੀ, ਸਰੂਪ ਅਤੇ ਵਿਆਪਕਤਾ ਦਾ ਚਿਤ੍ਰਨ ਕਰਨ ਲੱਗਿਆਂ ਬੜੇ ਸਿੱਧੇ ਸਾਦੇ ਅਤੇ ਜਨ ਜੀਵਨ ਦੀ ਪੱਧਰ ਦੇ ਰੂਪਕਾਂ ਦੀ ਵਰਤੋਂ ਕੀਤੀ ਹੈ। ਕਾਮ, ਕ੍ਰੋਧ, ਮੋਹ, ਹੰਕਾਰ, ਤ੍ਰਿਸ਼ਨਾ, ਦੁਰਮਤ, ਦੁਬਿਧਾ ਆਦਿ ਸਭ ਮਾਇਆ ਦੀ ਸੰਤਾਨ ਹਨ। ਗੁਰੂ ਸਾਹਿਬ ਨੇ ਪ੍ਰਾਣੀ ਨੂੰ ਇਹ ਸਭ ਤਿਆਗਣ ਵਾਸਤੇ ਕਿਹਾ ਹੈ ਜਿਵੇਂ:

"ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ, ਲਬੁ ਲੋਭੁ ਤਜਿ ਹੋਹੁ ਨਿਚਿੰਦਾ
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ।"[3]

ਅਚਾਰੀਆਂ ਅਨੁਸਾਰ ਰਤੀ ਕਾਮ ਦੀ ਭਾਵਨਾ ਹੈ ਪਰੰਤੂ ਗੁਰੂ ਸਾਹਿਬ ਨੇ ਪ੍ਰਾਣੀ ਨੂੰ ਕਾਮ, ਮਨ ਦੀਆਂ ਵਾਸ਼ਨਾਵਾਂ, ਦਵੈਤਭਾਵ ਤੋਂ ਮੁਕਤ ਕੀਤਾ ਹੈ ਜਿਸ ਨਾਲ ਸ਼ੁਧ ਰਤੀ ਰੂਪ ਉਤਪੰਨ ਹੁੰਦਾ ਹੈ।

ਤਿਆਗ ਤੇ ਲਗਾਉ ਦਾ ਸੰਬੰਧ ਮਨ ਤੇ ਸਰੀਰ ਨਾਲ ਹੈ। ਰਤੀ ਦਾ ਸੰਬੰਧ ਵੀ ਮਨ ਤੇ ਸਰੀਰ ਨਾਲ ਹੈ। ਪਰ ਗੁਰੂ ਸਾਹਿਬ ਦੀ ਰਚਨਾ ਵਿਚ ਸਰੀਰਕ ਚਿੰਨ੍ਹਾਂ ਰਾਹੀਂ ਅਧਿਆਤਮਕ ਲਗਾਉ ਦਾ ਵਰਨਣ ਹੈ ਸਰੀਰਕ ਕ੍ਰਿਆਵਾਂ ਦਾ ਤਿਆਗ ਹੈ।

ਗੁਰੂ ਨਾਨਕ ਦੇਵ ਨੇ ਸਰੀਰ ਨੂੰ ਤ੍ਰਿਪਤਾਣ ਦਾ ਵਰਨਣ ਨਹੀਂ ਮਨ ਦੀ ਸ਼ੁਧਤਾ ਦਾ ਸੁਮੇਲ ਕਾਇਮ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਸਰੀਰ ਪੌਣ, ਪਾਣੀ, ਅੱਗ, ਪੰਜਾਂ ਤੱਤਾਂ ਦੇ ਮੇਲ ਤੋਂ ਬਣਿਆ ਹੈ। ਇਹ ਚੰਚਲ ਹੈ। ਇਸ ਦੇ ਨੌ ਦਰਵਾਜੇ: ਦੋ ਨਾਸਾਂ, ਦੋ ਅੱਖਾਂ, ਦੋ ਕੰਨ, ਮੂੰਹ,

---

1. ਰਾਗੁ ਮਾਰੂ ਸੋਹਲੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 181
2. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 184
3. ਉਹੀ, ਪੰਨਾ 158

ਹੁਦਾ, ਲਿੰਗ ਅਤੇ ਇਕ ਦਾਵਾਂ ਦੁਆਰ (ਆਤਮਾ ਮਨ) ਹੈ। ਜੇ ਉਹ ਮਨ ਪ੍ਰਭੂ ਪ੍ਰੇਮ ਨਾਲ ਭਰਕੇ ਨਾਮ ਸਿਮਰਨ ਨਾਲ ਲਗਾਓ ਕਰੇ ਤਾਂ ਆਦਰਸ਼ ਪ੍ਰਾਪਤੀ ਹੁੰਦੀ ਹੈ

ਗੁਰੂ ਸਾਹਿਬ ਨੇ ਇਸ ਪੰਜ ਭੌਤਿਕ ਸਰੀਰ ਨੂੰ ਮਨ ਦੀ ਸੁਧਤਾ ਰਾਹੀਂ ਉਜਵਲ ਰਤੀ ਦਾ ਭਾਵ ਪ੍ਰਗਟਾਇਆ ਹੈ ਅਤੇ ਨਾਲ ਹੀ ਮਨੁੱਖ ਨੂੰ ਮਨ ਉਤੇ ਕਾਬੂ ਪਾਉਣ ਦਾ ਜ਼ੋਰ ਦਿੱਤਾ ਹੈ। ਮਨ ਨੂੰ ਇਕ ਨਿਰਲਜ ਰਾਜਾ ਕਿਹਾ ਹੈ, ਜਿਹੜਾ ਕਿ ਵਿਸ਼ੇ ਵਾਸ਼ਨਾਵਾਂ ਦੇ ਖੇਤਰ ਵਿਚਲੀਆਂ ਪੰਜ ਦੁਸ਼ਬਿਰਤੀਆਂ ਨੂੰ ਆਪਣੇ ਵਸ ਕਰ ਲੈਂਦਾ ਹੈ। ਗੁਰੂ ਸਾਹਿਬ ਨੇ ਮਨ ਨੂੰ ਮਤਵਾਲੇ ਹਾਥੀ ਵਰਗਾ ਕਿਹਾ ਹੈ ਜੋ ਮਾਇਆ ਦੇ ਜਾਲ ਵਿੱਚ ਫਸਿਆ ਹੈਰਾਨੀ ਦੀ ਹਾਲਤ ਵਿੱਚ ਭਟਕਣ ਫਿਰਦਾ ਹੈ ਜਿਵੇਂ:

"ਮਨੁ ਮੈਗਲੁ ਸਾਕਤੁ ਦੇਵਾਨਾ,
ਬਨਖੰਡਿ ਮਾਇਆ ਮੋਹਿ ਹੈਰਾਨਾ
ਇਤ ਉਤ ਜਾਹਿ ਕਾਲ ਕੇ ਚਾਪੇ।"[1]

ਇਉਂ ਗੁਰੂ ਸਾਹਿਬ ਦੀ ਰਚਨਾ ਵਿਚੋਂ ਮਨ ਦਾ ਲਗਾਓ ਸ਼ੁਧ ਰਤੀ ਦੇ ਰੂਪ ਵਿੱਚ ਤੇ ਵਿਸ਼ਿਆਂ ਦਾ ਲਗਾਓ ਵਿਕਰਤ ਰਤੀ (ਜੋ ਤਿਆਗਣ ਜੋਗ ਹੈ) ਦੇ ਰੂਪ ਵਿਚ ਮਿਲਦਾ ਹੈ। ਤਿਆਗ ਤੇ ਲਗਾਓ ਦੀ ਸੁੰਦਰ ਉਦਾਹਰਣ ਦੇਖੋ:

"ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ।"[2]

ਕਲ ਜੁਗੀ ਸ਼ੁਭਾ ਸ਼ਰਾਬ ਕਢਣ ਵਾਲੀ ਭੱਠੀ ਹੈ ਕਾਮ ਉਸ ਵਿੱਚ ਸ਼ਰਾਬ ਹੈ ਤੇ ਮਨ ਸ਼ਰਾਬ ਪੀਣ ਵਾਲਾ ਹੈ। ਗੁੱਸਾ ਕਟੋਰੀ ਹੈ, ਮੋਹ ਨੇ ਸ਼ਰਾਬ ਭਰੀ ਹੈ ਤੇ ਹੰਕਾਰ ਪਿਲਾਣ

1. ਰਾਗੁ ਆਸਾ ਅਸਟਪਦੀਆਂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 476
2. ਰਾਗੁ ਬਿਹਾਗੜਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 639

ਵਾਲਾ ਹੋਠ ਝੂਠਾ ਲਾਲਚ ਮਹਵਲ ਹੈ ਤੇ ਮਨ ਇਸ ਸ਼ਰਾਬ ਨੂੰ ਪੀ ਪੀ ਕੇ ਖੁਆਰ ਹੋ ਰਿਹਾ ਹੈ। ਪਰ ਹੇ ਜੀਵ ਤੂੰ ਸ਼ੁਭ ਕਰਨੀ ਨੂੰ ਸ਼ਰਾਬ ਦੀ ਲਾਹਣ ਬਣਾ, ਸੱਚ ਨੂੰ ਗੁੜ ਬਣਾ ਅਤੇ ਸੱਚੇ ਨਾਮ ਨੂੰ ਸ੍ਰੇਸ਼ਟ ਬਣਾ। ਗੁਣਾਂ ਨੂੰ ਰੋਟੀਆਂ ਬਣਾ, ਚੰਗੀ ਸੁਭਾ ਨੂੰ ਘਿਉ ਬਣਾ ਅਤੇ ਸ਼ਰਮ ਹਯਾ ਨੂੰ ਮਾਸ ਦਾ ਖਾਣਾ ਬਣਾ। ਇਹ ਖੁਰਾਕ ਗੁਰੂ ਦੇ ਸਨਮੁਖ ਹੋਇਆਂ ਮਿਲਦੀ ਹੈ ਇਸ ਦੇ ਖਾਧਿਆਂ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ। ਇਹ ਲਗਾਓ ਤੇ ਤਿਆਗ ਦੀ ਖ਼ੂਬਸੂਰਤ ਉਦਾਹਰਣ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਦੀ ਸਮੁੱਚੀ ਰਚਨਾ ਵਿਚੋਂ ਮਨ ਦਾ ਲਗਾਓ ਸ਼ੁਧ ਤੇ ਰੂਹਾਨੀ ਰਤੀ ਦੇ ਰੂਪ ਵਿਚ ਮਿਲਦਾ ਹੈ ਅਤੇ ਤਿਆਗ ਵਿਸ਼ੁਧ ਰਤੀ ਦੇ ਤਿਆਗ ਦੇ ਰੂਪ ਵਿੱਚ।

# ਅਧਿਆਇ ਨੌਵਾਂ

*

*

## ਗੁਰੂ ਨਾਨਕ ਦੀ ਕਵਿਤਾ ਵਿੱਚ ਰਤੀ ਚਿਤਰਣ ਦਾ ਭਾਸ਼ਾ ਉਤੇ ਪ੍ਰਭਾਵ

## ਗੁਰੂ ਨਾਨਕ ਦੀ ਕਵਿਤਾ ਵਿੱਚ ਰਤੀ ਚਿਤਰਣ ਦਾ ਭਾਸ਼ਾ ਉਤੇ ਪ੍ਰਭਾਵ

ਗੁਰੂ ਨਾਨਕ ਦੇਵ ਦੀ ਰਚਨਾ ਵਿੱਚ ਰਤੀ ਚਿਤਰਣ ਦਾ ਭਾਸ਼ਾ ਉਤੇ ਪ੍ਰਭਾਵ ਬਹੁਪੱਖੀ ਹੈ। ਜਿਥੇ ਭਾਵਬਧ ਹੋ ਕੇ ਕੋਈ ਗੱਲ ਕੀਤੀ ਹੈ, ਉਥੇ ਭਾਸ਼ਾ ਰਤੀ ਭਾਵਾਂ ਨਾਲ ਗੜ੍ਹੂੰਦ ਹੈ। ਦੰਪਤੀ ਜੀਵਨ ਵਿੱਚ ਰਤੀ ਭਾਵਨਾ ਨੂੰ ਸ੍ਰੇਸ਼ਟਤਾ ਪ੍ਰਦਾਨ ਕੀਤੀ ਗਈ ਹੈ। ਸੰਜੋਗ ਵਿਜੋਗ ਇਸ ਦੇ ਦੋ ਪੱਖ ਮੰਨੇ ਗਏ ਹਨ। ਸੁੱਖਆਤਮਕ ਤੇ ਦੁਖਆਤਮਕ ਦੋਨੋਂ ਪ੍ਰਕਾਰ ਦੇ ਅਨੁਭਵ ਇਸ ਵਿੱਚ ਆਉਂਦੇ ਹਨ। ਇਸ ਤੋਂ ਇਲਾਵਾ ਤੇਤੀ ਸੰਚਾਰੀ ਭਾਵਾਂ ਜਾਂ ਵਿਭਚਾਰੀ ਭਾਵਾਂ ਦਾ ਸਮਾਵੇਸ਼ ਵੀ ਇਸ ਵਿੱਚ ਕੀਤਾ ਗਿਆ ਹੈ। ਉਪਨਿਸ਼ਦ ਯੁੱਗ ਤੋਂ ਲੈ ਕੇ ਵਰਤਮਾਨ ਯੁੱਗ ਤੱਕ ਜਿੰਨੇ ਵੀ ਅਧਿਆਤਮਵਾਦੀ ਤੇ ਰਹੱਸਵਾਦੀ ਕਵੀ ਹੋਏ ਹਨ, ਉਨ੍ਹਾਂ ਨੇ ਨਿੱਜੀ, ਅਧਿਆਤਮਕ ਜਾਂ ਰਹੱਸਵਾਦੀ ਅਨੁਭੂਤੀ ਦੀ ਵਿਅੰਜਨਾ ਲਈ ਰਤੀ ਭਾਵ ਨੂੰ ਆਧਾਰ ਬਣਾ ਕੇ, ਦੰਪਤੀ ਜੀਵਨ ਦੇ ਸਾਧਾਰਣ ਅੰਸ਼ਾਂ ਦਾ ਸਹਾਰਾ ਲੈ ਕੇ ਭਾਵਨਾਵਾਂ ਨੂੰ ਯੁਕਤ ਕੀਤਾ ਹੈ। ਇਸੇ ਪਰੰਪਰਾ ਨੂੰ ਅਪਣਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਖੇਤਰ ਵਿੱਚ ਅਕਾਲ ਪੁਰਖ ਨੂੰ ਪਤੀ, ਨਾਥ, ਸੁਆਮੀ, ਕੰਤ, ਵਰ, ਠਾਕੁਰ, ਭਤਾਰ, ਪਿਰ, ਪ੍ਰੀਤਮ, ਸਾਹਿਬ, ਮਾਉਲਾ, ਸ਼ਾਹ, ਮੀਆਂ, ਸੁਲਤਾਨ, ਗੁਸਾਈ, ਸ਼ਹੁ, ਨਾਲ ਕਿਹਾ ਹੈ ਅਤੇ ਪਤਨੀ ਨੂੰ ਸਾਧਨ, ਧਨ, ਮੁੰਧੇ, ਕਾਮਣਿ, ਗੋਰੀ, ਸੋਹਣੀ, ਸੁਹਾਗਣ, ਦੁਹਾਗਣ, ਡੁਹਾਗਣ, ਪਿਆਰੀ, ਬਾਲੀ ਆਦਿ ਕਿਹਾ ਹੈ। ਉਨ੍ਹਾਂ ਦੀ ਬਾਣੀ ਵਿੱਚ ਆਤਮਾ ਪਰਮਾਤਮਾ ਦੇ ਮਿਲਣ ਤੇ ਸੁੱਖ ਅਤੇ ਅਨੰਦ ਦੀ ਅਭਿਵਿਅਕਤੀ ਉਸੇ ਪ੍ਰਕਾਰ ਕੀਤੀ ਗਈ ਹੈ ਜਿਸ ਤਰ੍ਹਾਂ ਪਤੀ ਪਤਨੀ ਦੀ। ਪਰਮੇਸ਼ਵਰ ਪਤੀ ਨਾਲ ਮਿਲਨ ਤੇ ਜੋ ਅਨੰਦ, ਹਰਸ਼, ਸੁੱਖ ਪ੍ਰਾਪਤ ਹੁੰਦਾ ਹੈ, ਜਿਸ ਵਿੱਚ ਪੂਰਬ ਮਿਲਣ ਦੀ ਅਵਸਥਾ ਤੇ ਲੱਜਾ, ਸੰਕੋਚ, ਭੈ ਤੇ ਸੰਦੇਹ ਦੀ ਭਾਵਨਾ ਦਾ ਸਾਹਮਣਾ ਨਾਇਕਾ ਨੂੰ ਕਰਨਾ ਪੈਂਦਾ ਹੈ, ਉਸਦਾ ਚਿਤਰਣ ਤੇ ਵਰਨਣ ਬੜੀ ਖੂਬਸੂਰਤ ਸ਼ੈਲੀ ਵਿੱਚ ਕੀਤਾ ਹੈ, ਜਿਵੇਂ:

"ਆਸ ਪਿਆਸੀ ਸੇਜੈ ਆਵਾ
ਆਗੈ ਸਹ ਭਾਵਾ ਕਿ ਨ ਭਾਵਾ
ਕਿਆ ਜਾਨਾ ਕਿਆ ਹੋਇਗਾ ਰੀ ਮਾਈ
ਹਰਿ ਦਰਸਨ ਬਿਨੁ ਰਹਨੁ ਨ ਜਾਈ।"[1]

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 436

ਗੁਰੂ ਨਾਨਕ ਦੇਵ ਜੀ ਦੀ ਆਤਮਾ ਰੂਪੀ ਨਾਇਕਾ ਪਰਮਾਤਮਾ ਰੂਪੀ ਨਾਇਕ ਦੇ ਨਾਲ ਸੇਜ ਤੇ ਸੁਰਤ ਕ੍ਰਿਆ ਦੀ ਤੀਬਰ ਇੱਛਾ ਅਤੇ ਲਾਲਸਾ ਰੱਖਦੀ ਹੈ। ਉਨ੍ਹਾਂ ਦੀ ਬਿਰਹਾ ਰੂਪੀ ਤੇ ਮਿਲਾਪਮਈ ਸ਼ੈਲੀ ਵਿੱਚ ਵੀ ਅਨੋਖੀ ਤਰਲਤਾ, ਭਾਵੁਕਤਾ, ਦੀਨਤਾ ਦੇ ਨਾਲ ਨਾਲ ਲੱਜਾ, ਸੰਕੋਚ ਤੇ ਪ੍ਰੇਮ ਭਾਵਨਾ ਦਾ ਚਿਤਰਣ ਅਨੂਠਾ ਹੈ। ਨਿਰਾਸ਼ਾ, ਬਿਰਹਾ, ਨੂੰ ਵੀ ਕਿੰਨੀ ਪ੍ਰਭਾਵਸ਼ਾਲੀ ਸ਼ੈਲੀ ਰਾਹੀਂ ਕਿਹਾ ਹੈ, ਜਿਵੇਂ:

"ਮਾਣਿਠ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ।"[1]

ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਲੋਕਾਂ ਦੀ, ਲੋਕਾਂ ਵਾਸਤੇ ਤੇ ਲੋਕਾਂ ਲਈ ਹੈ, ਗੁਰੂ ਸਾਹਿਬ ਨੇ ਆਪਣੀ ਰਚਨਾ ਵਿੱਚ ਸੰਬੋਧਕੀ ਸ਼ਬਦ, ਬਿੰਬ ਸਿਰਜਨਾ, ਭਾਵਾਂ ਦੀ ਭਾਵੁਕਤਾ, ਕਾਵਿਮਈ ਸ਼ੈਲੀ ਦੀ ਬਹੁਲਤਾ ਨੂੰ ਅਪਣਾਇਆ ਹੈ। ਭਾਸ਼ਾ ਵਿੱਚ ਰਤੀ ਦੀ ਝਲਕ ਹੇਠ ਲਿਖੇ ਭਾਸ਼ਾ ਦੇ ਪਹਿਲੂਆਂ ਤੋਂ ਦੇਖੀ ਜਾ ਸਕਦੀ ਹੈ।

ਗੁਰੂ ਸਾਹਿਬ ਨੇ ਭਾਵਾਂ ਦੇ ਸਪਸ਼ਟੀਕਰਣ ਲਈ ਰਤੀ ਭਾਵ ਨਾਲ ਜੁੜੀਂਦ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਦੂਜਾ ਇਸ ਤਰ੍ਹਾਂ ਦੇ ਸ਼ਬਦ ਵਰਤ ਕੇ ਰਤੀ ਦੇ ਪ੍ਰਭਾਵ ਨੂੰ ਤੀਖਣ ਕੀਤਾ ਤੇ ਪਾਠਕ ਤਕ ਪਹੁੰਚਾਇਆ ਹੈ ਤਾਂ ਜੋ ਪਾਠਕ ਦੇ ਮਨ ਵਿੱਚ ਸ਼ੁੱਧ ਰਤੀ ਦੀ ਤਸਵੀਰ ਪੱਕੀ ਹੋ ਜਾਵੇ ਤੇ ਅਨੰਦ ਦੇਵੇ। ਤੀਸਰਾ ਰਤੀ ਭਾਵਾਂ ਦੇ ਪ੍ਰਗਟਾ ਲਈ ਇੰਨੇ ਪ੍ਰਭਾਵਸ਼ਾਲੀ ਢੰਗ ਵਰਤੇ ਕਿ ਅਨੰਦ ਨਾਲ ਜੁੜੀਂਦ ਹੋ ਜਾਂਦਾ ਹੈ, ਪਾਠਕ ਦੇ ਮਨ ਵਿੱਚ ਰਤੀ ਭਾਵ ਤੀਬਰਤਾ ਲਿਆਉਂਦੇ ਹਨ। ਇਸ ਸਥਿਤੀ ਵਿਚ ਭਾਸ਼ਾ ਦੇ ਜੋ ਪਹਿਲੂ ਨਿਖਰਦੇ ਹਨ ਉਨ੍ਹਾਂ ਦਾ ਰੂਪ ਇਉਂ ਹੈ:

1. ਰਤੀ ਭਾਵ ਨਾਲ ਜੁੜੀਂਦ ਸ਼ਬਦਾਵਲੀ
2. ਬਿੰਬ ਸਿਰਜਨਾ

---

1. ਰਾਗੁ ਵਡਹੰਸ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 648

3. ਪ੍ਰਤੀਕ ਯੋਜਨਾ
4. ਅਲੰਕਾਰ
5. ਉਪਮਾਨ ਵਿਧਾਨ
6. ਸੰਗੀਤਕ ਅੰਸ਼
7. ਰਤੀ ਭਾਵਨਾ ਨੂੰ ਪ੍ਰਗਟਾਉਣ ਲਈ ਵਰਤੋਂ ਵਿੱਚ ਲਿਆਂਦੇ ਗਏ ਸ਼ਬਦ

1. ਰਤੀ ਭਾਵਾਂ ਨਾਲ ਜੁੜੀ ਸ਼ਬਦਾਵਲੀ

ਗੁਰੂ ਨਾਨਕ ਦੀ ਭਾਸ਼ਾ ਵਿਚੋਂ ਅਜਿਹੇ ਸ਼ਬਦ ਮਿਲਦੇ ਹਨ ਜਿਹੜੇ ਰਤੀ ਭਾਵ ਦੇ ਦੁਆਲੇ ਜੁੜੀ ਹੋਈ ਰਤੀ ਨੂੰ ਉਸਾਰਨ ਵਿੱਚ ਸਹਾਈ ਹੋਏ ਹਨ, ਜਿਵੇਂ ਪ੍ਰੇਮ ਮਈ ਭਾਵਾਂ ਦੀ, ਹਾਰ ਸ਼ਿੰਗਾਰ ਦੀ, ਮਿਲਾਪ, ਖੁਸ਼ੀ, ਅਨੰਦ, ਖੇੜਾ, ਵੈਰਾਗ, ਪੀੜ, ਦਰਦ ਭਾਵਾਂ ਨਾਲ ਯੁਕਤ ਭਾਸ਼ਾ ਰਤੀ ਦੀ ਲਖਾਇਕ ਹੈ, ਜਿਵੇਂ:

1. ਚੂੜਾ, ਪਲੰਘ, ਹਾਰ, ਕਾਜਲ, ਕੰਗਨ, ਸੁਰਮਾ, ਮੁੰਦਰੀ, ਸੇਜਾ, ਸੇਜੜੀ, ਸੀਗਾਰ, ਮਾਂਗ, ਚੰਦਨ ਆਦਿ।
2. ਨਾਇਕ ਤੇ ਨਾਇਕਾ ਲਈ ਸੰਬੋਧਕੀ ਸ਼ਬਦ: ਪਿਰ, ਧਨੁ, ਮੁੰਧਿ, ਕਾਮਣਿ, ਨਾਰਿ, ਦਾਸੀ, ਚੇਰੀ, ਵਣਜਾਰਾ, ਪਤਨੀ, ਇਸਤਰੀ ਆਦਿ।
3. ਇਸਤ੍ਰੀ ਤੇ ਪਤੀ ਦੇ ਪਿਆਰ ਸੰਬੰਧੀ ਸੰਬੋਧਕੀ ਸ਼ਬਦ: ਭਤਾਰੁ, ਪ੍ਰੇਮ, ਰਸ, ਰਸੀਆ, ਸਹੁ, ਕਾਮਣੀ, ਪੇਈਐ, ਸਹੁਰੈ, ਬਨਾਵਹਿ, ਸੈਂਜਣ ਆਦਿ।

"ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ।"[1]

"ਨੈਨ ਸਲੋਨੀ ਸੁੰਦਰ ਨਾਰੀ।

ਖੋੜ ਸੀਗਾਰ ਕਰੈ ਅਤਿ ਪਿਆਰੀ।"[2]

1. ਰਾਗੁ ਮਾਝ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 282
2. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 359

ਆਦਿ ਸ਼ਬਦ ਰਤੀ ਭਾਵ ਦੇ ਸੂਚਕ ਹਨ।

> "ਪੰਜਾਬੀ ਸਾਹਿਤ ਨੂੰ ਗੁਰੂ ਜੀ ਦੀ ਇਹ ਦੇਣ ਸਭ ਤੋਂ ਵੱਡੀ ਹੈ ਕਿ ਉਨ੍ਹਾਂ ਨੇ ਇਸਤਰੀ-ਭਰਤਾ ਦੇ ਪਿਆਰ ਸੰਬੰਧੀ ਦਰਜਨਾਂ ਸ਼ਬਦ ਵਰਤੇ ਹਨ ਜਿਹੜੇ ਕਿ ਲੋਕਲੋਕ ਸਾਰੇ ਅਜੋਕੇ ਸਾਹਿਤ ਵਿੱਚ ਪ੍ਰਚਲਿਤ ਅਤੇ ਪ੍ਰਵਾਨਿਤ ਹਨ ਜਿਵੇਂ ਸੇਜਾ, ਪਲੰਘ, ਨਿਵਾਹ, ਸੀਗਾਰ, ਚੰਦਨ, ਮਾਂਗ, ਸੁਹਾਗਣ, ਦੁਹਾਗਣ, ਵਿਵਾਹ, ਕਾਜ, ਤੇਰੀ, ਰਸੀਆ, ਚੂੜਾ, ਸਹੁਰੇ, ਪੇਈਏ, ਕਾਮਣੀ, ਸਹੁ ਆਦਿ।"[1]

2. <u>ਬਿੰਬ ਸਿਰਜਨਾ</u>

ਗੁਰੂ ਨਾਨਕ ਦੇਵ ਜੀ ਦਾ ਅਨੁਭਵ ਅਨੇਕ ਪੱਖੀ ਤੇ ਵਿਸਤਰਿਤ ਹੋਣ ਕਰਕੇ ਉਨ੍ਹਾਂ ਦੀ ਬਿੰਬਾਵਲੀ ਵੀ ਵਿਸ਼ਾਲ ਤੇ ਸਰਬ-ਪੱਖੀ ਹੈ। ਰਤੀ ਭਾਵਾਂ ਦੇ ਪ੍ਰਗਟਾ ਲਈ ਜੋ ਇਸਤ੍ਰੀ ਪੁਰਸ਼, ਪਤੀ ਪਤਨੀ ਦੇ ਪਿਆਰ ਸੰਬੰਧੀ ਬਿੰਬਾਵਲੀ ਦੀ ਤਸਵੀਰ ਗੁਰੂ ਨਾਨਕ ਦੇਵ ਨੇ ਪੇਸ਼ ਕੀਤੀ ਹੈ ਉਹ ਹੋਰ ਕਿਸੇ ਕਵੀ ਨੇ ਪੰਜਾਬੀ ਸਾਹਿਤ ਵਿੱਚ ਨਹੀਂ ਕੀਤੀ।

ਡਾਕਟਰ ਸਤਿੰਦਰ ਸਿੰਘ ਅਨੁਸਾਰ, "ਗੁਰੂ ਨਾਨਕ ਦੇ ਬਿੰਬ ਇਕ ਪ੍ਰਕਾਰ ਦਾ ਦਰਪਣ ਹੈ ਜਿਸ ਵਿੱਚ ਉਨ੍ਹਾਂ ਦੇ ਹਿਰਦੇ, ਬੁੱਧੀ ਤੇ ਸਮੁੱਚੇ ਵਿਅਕਤਿਤਵ ਦਾ ਪੂਰਾ ਪੂਰਾ ਪ੍ਰਕਾਸ਼ ਪੈਂਦਾ ਹੈ।"[2] ਜੇਮਜ਼ ਰੀਵਜ਼ ਦਾ ਕਥਨ ਹੈ, "ਬਿੰਬ ਕਿਸੇ ਭਾਵ ਨੂੰ ਚਿਤ੍ਰਣ, ਸਿਰਜਾਉਣ ਜਾਂ ਮੂਰਤੀਮਾਨ ਕਰਨ ਲਈ ਸਦਾ ਤਤਪਰ ਹੁੰਦਾ ਹੈ।"[3] ਗੁਰੂ ਨਾਨਕ ਦੇਵ ਜੀ ਨੇ ਆਪਣੇ ਅਸੀਮੀ ਅਨੁਭਵ ਰਾਹੀਂ ਜਨ ਸਾਧਾਰਨ ਤੱਕ ਆਪਣੀ ਆਵਾਜ਼ ਪਹੁੰਚਾਣ ਲਈ ਰਤੀ ਭਾਵਾਂ ਦਾ ਆਸਰਾ ਲੈ ਕੇ ਬਹੁਤ ਸਾਰੇ ਬਿੰਬਾਂ ਦਾ ਚਿਤਰਣ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਬਿੰਬ ਪ੍ਰਕ੍ਰਿਤੀ ਵਿਚੋਂ ਲਏ ਹਨ, ਜਿਨ੍ਹਾਂ ਰਾਹੀਂ ਪਤੀ ਪ੍ਰੇਮ ਦੀ ਭਾਵਨਾ, ਬਿਰਹਾ ਵਿਛੋੜੇ ਦਾ ਵਰਨਨ, ਸੰਜੋਗ ਸੁਖ

---

1. ਸਤਿੰਦਰ ਸਿੰਘ, ਗੁਰੂ ਨਾਨਕ ਦੇਵ ਜੀ ਦਾ ਸ਼ਬਦ ਭੰਡਾਰ, ਪੰਜਾਬੀ ਦੁਨੀਆਂ, ਗੁਰੂ ਨਾਨਕ ਅੰਕ, ਭਾਗ ਦੂਜਾ, ਪੰਨਾ 127
2. ਸਤਿੰਦਰ ਸਿੰਘ, ਗੁਰੂ ਨਾਨਕ ਦੀ ਬਿੰਬ ਯੋਜਨਾ, ਆਲੋਚਨਾ, ਗੁਰੂ ਨਾਨਕ ਅੰਕ, 1969, ਪੰਨਾ 282
3. ਦੀ <u>ਕ੍ਰੀਟੀਕਲ ਸੈਂਸ</u>, ਪੰਨਾ 116

ਦੀ ਪ੍ਰਾਪਤੀ ਆਦਿ ਰਤੀ ਭਾਵ ਉਜਾਗਰ ਕਰਨ ਵਿੱਚ ਸਹਾਈ ਹੁੰਦੇ ਹਨ। ਬਾਰਹਮਾਹ ਰਾਗ ਤੁਖਾਰੀ ਵਿੱਚ ਬਾਰ ਦੇ ਇਲਾਕੇ ਦਾ ਜ਼ਿਕਰ ਕਰਦਿਆਂ ਪ੍ਰਕ੍ਰਿਤੀ ਦਾ ਆਸਰਾ ਲੈ ਕੇ ਜੋ ਬਿੰਬ ਚਿਤਰੇ ਹਨ ਉਹ ਰਤੀ ਦੀ ਅਨੂਠੀ ਮਿਸਾਲ ਹਨ। ਜਿਵੇਂ ਇਸਤ੍ਰੀ ਆਪਣੇ ਪਤੀ ਦੇ ਦਰਸ਼ਨਾਂ ਲਈ ਤਾਂਘਦੀ ਆਪਣੇ ਔਗੁਣਾਂ ਨੂੰ ਦੂਰ ਕਰਦੀ, ਸੰਜੋਗ ਨੂੰ ਲੋਚਦੀ ਰਤੀ ਦਾ ਹੀ ਅਨੁਕਰਣ ਹੈ। ਵਰਸ਼ਾ ਰੁਤ ਵਿੱਚ ਨਾਇਕਾ ਦੇ ਮਨ ਵਿੱਚ ਰਤੀ ਭਾਵ ਦੀ ਪ੍ਰਬਲਤਾ ਹੋ ਜਾਂਦੀ ਹੈ, ਪਰ ਬਿਰਹਣੀ ਨਾਇਕਾ ਲਈ ਸਾਵਣ ਮਹੀਨੇ ਦਾ ਸੁਖਮਈ ਵਾਤਾਵਰਣ ਦੁੱਖਾਂ ਦਾ ਕਾਰਣ ਬਣਦਾ ਹੈ। ਹਾਵਿਆਂ ਹੌਕਿਆਂ ਨਾਲ ਮਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਬੜੇ ਖ਼ੂਬਸੂਰਤ ਬਿੰਬਾਂ ਰਾਹੀਂ ਨਾਇਕਾ ਦੇ ਮਨ ਦੀ ਅਵਸਥਾ ਦਾ ਜ਼ਿਕਰ ਕੀਤਾ ਹੈ, ਜਿਵੇਂ:

"ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।"[1]

ਗੁਰੂ ਨਾਨਕ ਦੇਵ ਜੀ ਨੇ ਪਤੀ, ਪਤਨੀ ਦੇ ਰਿਸ਼ਤੇ ਨਾਲ ਸੰਬੰਧਿਤ ਬਿੰਬਾਂ ਦੀ ਸਿਰਜਣਾ ਕੀਤੀ ਹੈ। ਨਾਇਕ ਦੇ ਮਿਲਣ ਤੇ ਉਤਸ਼ਾਹ, ਸ਼ਿੰਗਾਰ, ਉਡੀਕ ਅਤੇ ਸੰਜੋਗ ਸੁਖ ਦਾ ਬੜੇ ਪ੍ਰਭਾਵਸ਼ਾਲੀ ਤੇ ਮੌਲਿਕ ਬਿੰਬਾਂ ਰਾਹੀਂ ਆਤਮਾ ਅਤੇ ਪਰਮਾਤਮਾ ਦੇ ਰਹੱਸਮਈ ਸੰਬੰਧ ਨੂੰ ਮੂਰਤੀਮਾਨ ਕੀਤਾ ਹੈ।

"ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤਧਾਰੀ
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ

1. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1249

"ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ।"[1]

ਇਥੇ ਗਹਿਣਾ, ਮੋਤੀ, ਕੰਠ, ਕੰਗਨ, ਮੁੰਦਰੀ, ਸੁਰਮਾ, ਸੇਜ ਆਦਿ ਬਿੰਬਾਂ ਦਾ ਪ੍ਰਯੋਗ ਕਰਕੇ ਇਸਤ੍ਰੀ ਨੂੰ ਧੀਰਜ ਦੀ ਮਾਂਗ, ਸੁਆਸ ਰੂਪ ਧਾਗੇ ਦੀ ਡੋਰ, ਹਰੀ ਸਿਮਰਨ ਦਾ ਹਾਰ ਪਾਉਣ ਨੂੰ ਕਿਹਾ ਹੈ। ਕੁਚੱਜੀ ਤੇ ਸੁਚੱਜੀ ਬਾਣੀ ਵਿੱਚ ਵੀ 'ਪਤੀ ਤੇ ਪਤਨੀ' ਦੇ 'ਪਿਆਰ' ਦੇ ਬਿੰਬ ਰਾਹੀਂ ਹੀ ਪਰਮਾਤਮਾ ਤਕ ਪੁੱਜਣ ਦਾ ਉਪਰਾਲਾ ਕੀਤਾ ਗਿਆ ਹੈ। ਸ੍ਰੀ ਰਾਗੁ ਵਿੱਚ 'ਮਨਮੁਖ' ਤੇ 'ਦੋਹਾਗਣ' ਦਾ ਬਿੰਬ ਲਿਆ ਹੈ। ਜੋ ਜੀਵ ਇਸਤ੍ਰੀ ਪ੍ਰਭੂ ਨੂੰ ਵਿਸਾਰ ਦਿੰਦੀ ਹੈ ਉਹ ਦੁਹਾਗਣ ਹੈ ਸੱਚੇ ਪ੍ਰੇਮ ਦੀ ਭਾਵਨਾ ਰਤੀ ਭਾਵਨਾ ਨੂੰ ਸਹਿ ਨਾਲ ਪ੍ਰੇਮ ਕਰਨ ਵਾਸਤੇ ਤਤਪਰ ਕਰਦੀ ਹੈ:

"ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ
ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।"[2]

ਗੁਰੂ ਨਾਨਕ ਦੇਵ ਜੀ ਨੇ ਸਰੀਰ ਦੇ ਅੰਗਾਂ, ਸੁਹਣੀ ਚਾਲ, ਮਧੁਰੜੀ ਬਾਣੀ, ਸਹੁ ਦੇ ਕੰਠਨਾਲ ਲੱਗੀਆਂ ਬਾਹਾਂ ਦਾ ਜ਼ਿਕਰ ਵੀ ਬਿੰਬਾਂ ਰਾਹੀਂ ਕਤਾ ਹੈ, ਜਿਵੇਂ:

(1) "ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ
ਕੁਹਕਨਿ ਕੋਕਿਲਾ ਤਰਲ ਜੁਆਣੀ"[3]

(2) "ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹ।"[4]

ਪ੍ਰੇਮ ਭਾਵ, ਰਤੀ ਭਾਵ, ਸੰਜੋਗ, ਵਿਜੋਗ ਭਾਵਾਂ ਦੀ ਅਭਿਵਿਅੰਜਨਾ ਲਈ ਗੁਰੂ ਨਾਨਕ ਦੇਵ ਜੀ ਨੇ ਸਹਿਜ ਸੁਭਾ ਹੀ ਉਨ੍ਹਾਂ ਬਿੰਬਾਂ ਦਾ ਚਿਤਰਣ ਕੀਤਾ ਹੈ ਜੋ ਜਗੀਰੀ ਛਾਪ ਦੀਪਤੀ ਜੀਵਨ ਨੂੰ ਲਾਉਂਦੇ ਹਨ ਅਤੇ ਆਤਮਾ ਪਰਮਾਤਮਾ ਦੀ ਮੁਹਰਛਾਪ ਲਾਉਂਦੇ ਪ੍ਰੇਮ ਭਾਵਨਾ ਉਜਾਗਰ ਕਰਦੇ ਹਨ। ਮਨੁੱਖੀ ਸਰੀਰ ਨੂੰ ਇਸਤ੍ਰੀ ਦਾ ਸਰੀਰ ਮੰਨ ਕੇ ਪਰਮਾਤਮਾ ਨੂੰ ਪਤੀ ਰੂਪ ਮੰਨ ਕੇ

---

1. ਰਾਗ ਆਸਾ ਚਉਪਦੇ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 446
2. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 101
3. ਰਾਗੁ ਵਡਹੰਸ ਜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 655
4 ਉਹੀ ਪੰਨਾ 648

ਭਗਤੀ ਦਾ ਉਪਦੇਸ਼ ਦਿੱਤਾ ਹੈ, ਜਿਵੇਂ:

"ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰ।"

ਗੁਰੂ ਨਾਨਕ ਸਾਹਿਬ ਦੀ ਭਾਸ਼ਾ ਵਿੱਚ ਰਤੀ ਚਿਤਰਣ ਦਾ ਪ੍ਰਭਾਵ ਗੰਭੀਰ, ਤਾਜ਼ਾ, ਸਰਲ ਤੇ ਸਹਿਜ ਸੁਭਾਵਿਕ ਹੈ। ਚਾਹੇ ਬਿੰਬਾਂ ਰਾਹੀਂ ਭਾਵਾਂ ਦੀ ਤੀਬਰਤਾ ਨੂੰ ਉਜਾਗਰ ਕੀਤਾ ਹੈ ਪਰ ਕਿਤੇ ਵੀ ਕੋਈ ਬਿੰਬ ਅਧਿਆਤਮਿਕ ਸਾਧਨਾ ਦੇ ਮੂਲ ਧੁਰੇ ਤੋਂ ਹਟਿਆ ਨਹੀਂ ਹੈ।[1]

ਗੁਰੂ ਸਾਹਿਬ ਨੇ ਮਨੁੱਖੀ ਜ਼ਿੰਦਗੀ ਦੇ ਹਰ ਤੁਗਿਰਦੇ ਵਿਚੋਂ ਬਿੰਬ ਵਿਧਾਨ ਲਏ ਹਨ।

### 3. ਪ੍ਰਤੀਕ ਯੋਜਨਾ

ਗੁਰੂ ਨਾਨਕ ਦੇਵ ਜੀ ਰਤੀ ਦੇ ਸੁਭਾ ਅਨੁਕੂਲ ਅਲੌਕਿਕ, ਅਧਿਆਤਮਿਕ, ਮਧੁਰ ਭਾਵਨਾ ਵਾਲੇ ਇਸਤ੍ਰੀ ਨੂੰ ਪ੍ਰਤੀਕ ਮੰਨ ਕੇ ਬੜੇ ਸੂਖਮ ਤੋਂ ਸੂਖਮ ਤੇ ਵਿਸ਼ਾਲ ਤੋਂ ਵਿਸ਼ਾਲ ਪ੍ਰਭਾਵਾਂ ਨੂੰ ਚਿਤਰਿਆ ਹੈ। ਅਧਿਆਤਮਕ ਸਾਧਨਾ, ਨਾਇਕਾ, ਨਾਇਕ, ਆਤਮਾ ਪਰਮਾਤਮਾ ਦੀ ਪ੍ਰੀਤ ਨੂੰ ਦੂਸਰੇ ਜੀਵਾਂ ਨਾਲ ਸਾਂਝਿਆਂ ਕਰਨ ਲਈ ਪ੍ਰਤੀਕ ਨੂੰ ਅਧਿਕ ਮਾਤਰਾ ਵਿਚ ਬਿਆਨਿਆ ਹੈ।

"ਪ੍ਰਤੀਕ ਸ਼ਬਦ ਸੰਸਕ੍ਰਿਤ ਦੇ 'ਪ੍ਰਤਿਅੰਚ' ਸ਼ਬਦ ਦਾ ਆਧਾਰ ਹੋਣ ਕਰਕੇ ਇਸਦਾ ਅਰਥ ਹੈ ਕਿ ਇਕ ਵਸਤੂ ਲਈ ਕਿਸੇ ਹੋਰ ਵਸਤੂ ਦੀ ਸਥਾਪਨਾ ਹੈ।"[2]

ਅਧਿਆਤਮਕ ਸਾਹਿਤ ਵਿੱਚ ਪ੍ਰਤੀਕਾਂ ਤੋਂ ਬਿਨਾਂ ਗੱਲ ਕਹਿਣੀ ਕਠਨ ਹੋ ਜਾਂਦੀ ਹੈ। ਇਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਪ੍ਰਤੀਕ ਬਾਰੇ ਕਿਹਾ ਗਿਆ ਹੈ:

"ਭਾਵ ਪ੍ਰਤੀਕ ਸ਼ਬਦ ਦੀ ਵਰਤੋਂ ਉਸ ਦ੍ਰਿਸ਼ ਲਈ ਹੁੰਦੀ ਹੈ ਜੋ ਮਨ ਦੇ ਸਾਹਮਣੇ ਕਿਸੇ ਅਪ੍ਰਸਤੁਤ ਵਸਤੂ ਦੀ ਸਮਾਨਤਾ ਨੂੰ ਆਪਣੇ ਸੰਬੰਧ ਸੂਤਰਾਂ ਰਾਹੀਂ ਪ੍ਰਸਤੁਤ

---

1. ਸੀਤਾ ਰਾਮ ਬਾਹਰੀ, ਗੁਰੂ ਨਾਨਕ ਕਾ ਹਿੰਦੀ ਕਾਵਿ, ਪੰਨਾ 355
2. ਸੁਧਾ ਸਕਸੇਨਾ, ਜਾਇਸੀ ਕੀ ਬਿੰਬ ਯੋਜਨਾ, ਪੰਨਾ 97

ਕਰਦੀ ਹੈ।"[1]

ਡਾਕਟਰ ਸ਼ਰਮਾ ਅਨੁਸਾਰ।

> "ਅਦ੍ਰਿਸ਼ਟ, ਅਪ੍ਰਸਤੁਤ, ਅਮੂਰਤ ਜਾਂ ਅਗੋਚਰ ਦੀ ਪ੍ਰਤੀਨਿਧਤਾ ਕਰਨ ਵਾਲੇ ਵਸਤੂ ਨੂੰ ਪ੍ਰਤੀਕ ਕਿਹਾ ਜਾਂਦਾ ਹੈ ਜੋ ਦੇਸ਼ ਕਾਲ ਅਤੇ ਸੰਸਕ੍ਰਿਤਕ ਮਾਨਤਾਵਾਂ ਨਾਲ ਯੁਕਤ ਸਾਡੇ ਮਨ ਵਿੱਚ ਆਪਣੀ ਚਿਰ ਕਾਲ ਦੀ ਸਹਿਚਾਮਨਤਾ ਕਾਰਣ ਕਿਸੇ ਤੀਬਰ ਭਾਵਨਾ ਨੂੰ ਜਗਾ ਦਿੰਦਾ ਹੈ।"[2]

ਗੁਰੂ ਨਾਨਕ ਦੇਵ ਜੀ ਦੇ ਪ੍ਰਤੀਕ ਅਣਦਿਸਦੇ ਦੀ ਪ੍ਰਤੀਨਿਧਤਾ ਕਰਦੇ ਹਨ। ਮਨਾਂ ਵਿੱਚ ਭਾਵਨਾਵਾਂ ਉਜਾਗਰ ਕਰਦੇ ਹਨ। ਸਮੇਂ ਤੇ ਵਾਤਾਵਰਣ ਦੇ ਅਨੁਕੂਲ ਹਨ। ਪ੍ਰਸਥਿਤੀਆਂ ਤੇ ਭਾਵਨਾਵਾਂ ਦੇ ਪ੍ਰਗਟਾ ਨੂੰ ਅਰਥ ਭਰਪੂਰ ਬਣਾਉਂਦੇ ਹਨ। ਇਹ ਸਾਰੇ ਗੁਣ ਰਤੀ ਭਾਵ ਨੂੰ ਪ੍ਰਗਟਾਉਣ ਵਿਚ ਸਹਾਇਕ ਹੁੰਦੇ ਹਨ। ਗੁਰੂ ਨਾਨਕ ਦੇਵ ਨੇ ਇਸਤਰੀ ਨੂੰ ਪ੍ਰਤੀਕ ਮੰਨਕੇ ਉਸਨੂੰ ਪਰਮਾਤਮਾ ਦੇ ਮੇਲ ਲਈ ਤਿਆਰ ਕੀਤਾ ਹੈ। ਪਤੀ ਤੋਂ ਬਿਨਾਂ ਉਸਦੀ ਕੋਈ ਨਹੀਂ। ਪਰਮਾਤਮਾ ਅਤੇ ਜੀਵਆਤਮਾ ਦੇ ਸੰਬੰਧ ਨੂੰ ਰੂਪਮਾਨ ਕਰਨ ਲਈ ਪਤੀ ਪਤਨੀ ਸਬੰਧ ਵਾਲੇ ਦੰਪਤਿਕ ਪ੍ਰਤੀਕਾਂ ਨੂੰ ਅਧਿਕ ਵਰਤਿਆ ਹੈ। ਜਿਸ ਨਾਲ ਰਤੀ ਦੀ ਭਾਸ਼ਾ ਵਿਚੋਂ ਉਲੇਖ ਹੋਰ ਉਘੜ ਕੇ ਸਾਹਮਣੇ ਆਉਂਦਾ ਹੈ। ਪ੍ਰੇਮ ਭਾਵਨਾ, ਸੰਜੋਗ, ਵਿਜੋਗ ਰੂਪ ਧਾਰਦੀ ਹੋਈ ਵੀ ਪਵਿੱਤਰ ਸਾਤਵਿਕ ਅਤੇ ਵਾਸ਼ਨਾ ਰਹਿਤ ਰਤੀ ਦੀ ਅਭੀਵਿਅਕਤੀ ਹੁੰਦੀ ਹੈ। ਹੇਠਾਂ, ਪਤੀ ਪਤਨੀ ਸੰਬੰਧਾਂ ਨਾਲ ਪ੍ਰਤੀਕ ਦੀ ਪ੍ਰਧਾਨਤਾ ਨੂੰ ਮੁੱਖ ਰੱਖਦਿਆਂ ਕੁਝ ਉਦਾਹਰਣ ਦਿੱਤੇ ਹਨ ਜਿਵੇਂ ਇਸਤ੍ਰੀ ਨੂੰ ਕਈ ਅਵਸਥਾਵਾਂ ਜਿਵੇਂ ਬਾਲੀ ਉਮਰ, ਵਿਆਹੁਤਾ ਉਮਰ, ਸੋਹਾਗਣ, ਦੁਹਾਗਣ, ਡੋਹਾਗਣ, ਧਨ, ਗੋਰੀ, ਸਿਆਣੀ, ਸੁਹਣੀ, ਸਹੁਰਾ ਘਰ, ਪੇਕਾ ਘਰ ਆਦਿ ਪ੍ਰਤੀਕਾਂ ਨਾਲ ਸੰਬੰਧਿਤ ਕੀਤਾ ਹੈ।

"ਇਆਣੀ <u>ਬਾਲੀ</u> ਕਿਆ ਕਰੇ ਜਾ ਧਨ ਕੰਤ ਨ ਭਾਵੈ।"[3]

---

1. <u>ਇਨਸਾਈਕਲੋਪੀਡੀਆ ਬ੍ਰੀਟੈਨਿਕਾ</u> ਵਾਲਯੂਮ 12, ਪੰਨਾ 700

"The term (symbol) given to visible object representing to the mind the resemblence of something which is not shown but realized by association with it."

2. <u>ਆਧੁਨਿਕ ਹਿੰਦੀ ਕਾਵਿ ਮੇਂ ਪ੍ਰਤੀਕਵਿਧਾਨ</u>, ਪੰਨਾ 21

3. ਰਾਮ ਤਿਲਕ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 759

"ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ।"[1]

"ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।"[2]

"ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ।"[3]

"ਤਉ ਕਾਮਣਿ ਸੇਜੈ ਰਵੈ ਭਤਾਰੁ।"[4]

"ਭਰਮਿ ਭੁਲੀ ਦੋਹਾਗਣੀ ਨਾ ਪਿਰ ਅੰਕਿ ਸਮਾਇ।"[5]

"ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ।"[6]

"ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।"[7]

"ਪੇਈਅੜੈ ਘਰਿ ਸਬਦਿ ਪਤੀਣੀ ਸਹੁਰੜੈ ਪਿਰੁ ਭਾਣੀ।"[8]

"ਸਾਹੁਰੜੈ ਧਨ ਸਾਚੁ ਪਛਾਣਿਆ।"[9]

ਇਨ੍ਹਾਂ ਤੁਕਾਂ ਵਿੱਚ ਇਆਣੀ, ਬਾਲੀ, ਕੰਤ, ਸੁਹਾਗਣ, ਸਾਹੁਰੇ, ਪੇਕਾ ਘਰ, ਪਿਆਰੇ ਪਰਮਾਤਮਾ ਦਾ ਘਰ, ਦੁਹਾਗਣੀ ਦਾ ਭਰਮ ਆਦਿ ਪ੍ਰਤੀਕ ਪਰਮਾਤਮਾ ਦੇ ਦਰ ਦੇ ਪ੍ਰਤੀਕ ਹਨ।

1. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 528
2. ਰਾਗੁ ਤਿਲੰਗ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 759
3. ਰਾਗੁ ਸੂਹੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 796
4. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 436
5. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 178
6. ਰਾਗੁ ਤੁਖਾਰੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1244
7. ਉਹੀ, ਪੰਨਾ 1257
8. ਉਹੀ
9. ਰਾਗੁ ਆਸਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 437

ਇਨ੍ਹਾਂ ਪ੍ਰਤੀਕਾਂ ਰਾਹੀਂ ਘਰੋਗੀ ਵਾਤਾਵਰਣ ਪੈਦਾ ਕਰਕੇ ਅਨੇਕ ਅਧਿਆਤਮਕ ਭਾਵਨਾਵਾਂ ਨੂੰ ਰਤੀ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਹੈ। ਪੁਰਸ਼ ਲਈ ਰਾਜਾ, ਸੱਜਣ, ਠਾਕੁਰ, ਸੁਆਮੀ, ਕੰਤ, ਸੁਲਤਾਨ, ਪਾਤਸ਼ਾਹ, ਗੋਲਾ, ਛੇਰਾ ਆਦਿ ਪ੍ਰਤੀਕਾਂ ਰਾਹੀਂ ਮਨੁੱਖ ਨੂੰ ਸੁਚੇਤ ਜੀਵਨ ਜੀਉਣ ਦੀ ਜਾਚ ਦਾ ਸੁਨੇਹਾ ਦਿੰਦਾ ਹੈ ਤੇ ਇਹ ਸਾਰੇ ਮਹਿਬੂਬ ਨਾਇਕ ਵਾਲੇ ਵਰਤੇ ਹਨ। ਜੋ ਨਾਇਕ ਆਪਣੀ ਨਾਇਕਾ ਲਈ ਭਾਵ ਚਿਤਰਦਾ ਹੈ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਮਾਰਗ ਦੀ ਪ੍ਰੇਰਨਾ ਦੇ ਕੇ ਚਿਤਰਿਆ ਹੈ।

4. <u>ਅਲੰਕਾਰ</u>

"ਜਿਸ ਪ੍ਰਕਾਰ ਆਭੂਸ਼ਣ ਯਾ ਗਹਿਣੇ ਕਿਸੇ ਸੁੰਦਰੀ ਦੇ ਸੌਂਦਰਯ ਨੂੰ ਹੋਰ ਵਧਾਉਂਦੇ ਹਨ, ਉਸੇ ਤਰ੍ਹਾਂ ਕਾਵਿ-ਗਤ ਅਲੰਕਾਰ ਕਾਮਿਨੀ ਦੇ ਸੌਂਦਰਯ ਨੂੰ ਦੂੱਗਣਾ ਕਰ ਦਿੰਦੇ ਹਨ।"[1] ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵਰਤੇ ਅਲੰਕਾਰ ਦ੍ਰਿਸ਼ਮਾਨਚੀਜ਼ਾਂ ਵਸਤਾਂ ਤੇ ਮਨੁੱਖੀ ਰਿਸ਼ਤਿਆਂ ਤੇ ਅਧਾਰਿਤ ਹਸਤੀ ਨੂੰ ਮਨੁੱਖਾ ਜਨਮ, ਮਨ, ਹਿਰਦਾ, ਸਰੀਰ, ਇਸਤਰੀ ਪੁਰਸ਼ ਸੰਬੰਧ ਨੂੰ, ਵਿਛੋੜੇ ਤੇ ਦੁੱਖਾਂ ਆਦਿ ਭਾਵ-ਜਗਤ ਦੇ ਅਨੇਕ ਰਹੱਸਾਤਮਕ ਵਿਸ਼ਿਆਂ ਨੂੰ ਮੂਰਤੀਮਾਨ ਕੀਤਾ ਹੈ। ਘਰੇਲੂ ਜੀਵਨ ਦੇ ਪਤਨੀ-ਪਤੀ ਸੰਬੰਧਾਂ ਨੂੰ ਆਤਮਾ ਪਰਮਾਤਮਾ ਦੇ ਸੰਬੰਧਾਂ ਨੂੰ ਸਾਕਾਰ ਕਰਨ ਲਈ ਅਧਾਰ ਬਣਾਇਆ। ਧਨ-ਪਿਰ, ਧਨ-ਕੰਤ, ਮੁੰਧ ਪਿਰ ਆਦਿ ਸੰਬੰਧ ਰਤੀ ਭਾਵਨਾ ਦੇ ਸੂਚਕ ਹਨ। ਉਪਮਾ ਅਲੰਕਾਰ ਰਾਹੀਂ ਪ੍ਰੀਤ ਦੀ ਵਿਧੀ ਜੀਵ ਜੰਤੂਆਂ ਨੂੰ ਆਧਾਰ ਮੰਨਕੇ ਕੀਤੀ ਹੈ ਜਿਵੇਂ,

"ਰੇਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ —
ਰੇਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ —
ਰੇਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ।"[2]

ਨਾਇਕ ਦੇ ਪ੍ਰੇਮ, ਪਤੀ ਤੇ ਪਿਆਰੇ ਦੇ ਰੂਪ ਵਿਚ ਰੂਪਕ ਅਲੰਕਾਰ ਖਸਮ, ਕੰਤ, ਵਰ, ਭਤਾਰੁ, ਪਿਰ, ਪ੍ਰੀਤਮ, ਸਹੁ ਨਾਲ ਵਰਤੇ ਹਨ।

1. ਨਰਿੰਦਰ ਭਨਾਵਤ, <u>ਕਾਵਯ ਸ਼ਾਸਤਰ ਦਾ ਆਲੋਚਨਾਤਮਕ ਅਧਿਐਨ</u>, ਪੰਨਾ 142
2. ਸਿਹੀ ਰਾਮੂ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 174

ਗੁਰੂ ਸਾਹਿਬ ਨੇ 'ਖਸਮ' ਸ਼ਬਦ ਪ੍ਰਭੂ ਲਈ ਵਰਤਿਆ ਹੈ। ਗੁਰੂ ਸਾਹਿਬ ਨੇ ਆਪਣੇ ਸਾਹਿਬ ਪਰਮਾਤਮਾ ਨਾਲ ਪਤਨੀ ਪ੍ਰੇਮਿਕਾ ਦੇ ਸੰਬੰਧ ਕਾਇਮ ਕਰਕੇ ਉਸਨੂੰ ਆਪਣਾ ਕੰਤ, ਵਰ, ਭਤਾਰੁ, ਸਹੁ, ਪ੍ਰੀਤਮ ਉਪਮਾਨਾ ਨਾਲ ਆਪਣੇ ਅਧਿਆਤਮਕ ਮੰਡਲ ਦੇ ਕ੍ਰਿਸ਼ਮਿਆਂ ਨੂੰ ਰੂਪਕ ਅਲੰਕਾਰ ਰਾਹੀਂ ਪੇਸ਼ ਕੀਤਾ ਹੈ। ਇਹ ਰਤੀ ਦੇ ਸੂਚਕ ਹਨ ਜਿਵੇਂ:

"ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ।"[1]

"ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ।"[2]

"ਹਰਿ ਵਰੁ ਜਾਹਿ ਸੁਹਾਵਣੀ ਸੈ ਭਾਵੈ ਪ੍ਰਭੁ ਸੋਇ।"[3]

"ਬਿਨੁ ਪਿਰੁ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ।"[4]

"ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ।"[5]

"ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ।"[6]

"ਨਾਨਕ ਧੰਨੁ ਸੁਹਾਗਣੀ ਜਿਨ ਸਹਿ ਨਾਲਿ ਪਿਆਰੁ।"[7]

ਉਪਰ ਦਿਤੀਆਂ ਉਦਾਹਰਣਾਂ ਵਿਚੋਂ ਜਿਥੇ ਅਲੰਕਾਰਿਕ ਸ਼ੈਲੀ ਉਘੜਦੀ ਹੈ ਉਥੇ ਰਤੀ ਨਾਲ ਭਰੇ ਭਾਵ ਜਿਵੇਂ ਪਿਰ ਤੋਂ ਬਿਨਾਂ ਜੋਬਨ ਕਿਸੇ ਕੰਮ ਨਹੀਂ, ਮੇਰੇ ਪ੍ਰੀਤਮ ਤੇਰੇ ਬਿਨਾਂ ਮੇਰਾ ਕੋਈ ਨਹੀਂ, ਆਦਿ ਉਹ ਇਸਤਰੀ ਧੰਨ ਹੈ ਜਿਸਦਾ ਸਹੁ ਨਾਲ ਪ੍ਰੇਮ ਹੈ, ਉਹ ਇਸਤਰੀ

---

1. ਰਾਗੁ ਸੂਹੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 776
2. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 146
3. ਉਹੀ, ਪੰਨਾ 156
4. ਉਹੀ, ਪੰਨਾ 167
5. ਉਹੀ, ਪੰਨਾ 181
6. ਉਹੀ, ਪੰਨਾ 125
7. ਉਹੀ, ਪੰਨਾ 102

ਸੁਹਾਵਨੀ ਹੈ ਜੋ ਪ੍ਰੀਤਮ ਨੂੰ ਭਾ ਜਾਵੇ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਕੰਤ ਕਹਿ ਕੇ ਜੀਵ ਨੂੰ ਬਿਰਹਾ ਵਿੱਚ ਸਿਕਦੀ, ਮਿਲਾਪ ਲਈ ਤੜਪਦੀ, ਮੁੰਧ, ਸਾਧਨ, ਕਾਮਣਿ ਨੂੰ ਰਤੀ ਦੇ ਭਾਵ ਅਨੁਕੂਲ ਪੇਸ਼ ਕੀਤਾ ਹੈ। ਅਲੰਕਾਰਿਕ ਭਾਸ਼ਾ ਦੁਆਰਾ ਗੁਰੂ ਸਾਹਿਬ ਨੇ ਉਤਕ੍ਰਿਸ਼ਟ ਪ੍ਰਭਾਵ ਵਾਤਾਵਰਣ, ਰੂਪ ਰੰਗ ਸਾਕਾਰ ਕੀਤੇ ਹਨ ਜੋ ਰਤੀ ਦੀ ਅਨੂਠੀ ਉਦਾਹਰਣ ਹਨ।

5. ਉਪਮਾਨ ਵਿਧਾਨ

ਗੁਰੂ ਨਾਨਕ ਦੇਵ ਜੀ ਉਪਮਾ ਦੁਆਰਾ ਪ੍ਰਸਤੁਤ ਕੀਤੀਆਂ ਗਈਆਂ ਭਾਵਨਾਵਾਂ ਦੀ ਸਵੀਕ੍ਰਿਤੀ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰੂਪਕ ਤੇ ਉਪਮਾ ਅਲੰਕਾਰਾਂ ਦੀ ਬਹੁਲਤਾ ਹੈ। ਗੁਰੂ ਨਾਨਕ ਦੇਵ ਜੀ ਦਾ ਉਪਮਾਨ ਵਿਧਾਨ ਮੌਲਿਕ ਤੇ ਨਿੱਜੀ ਹੈ। ਗੁਰੂ ਜੀ ਦੇ ਵਿਸ਼ਾਲ ਗਿਆਨ ਅਤੇ ਅਨੁਭਵ ਨੂੰ ਸਹੀ ਰੂਪ ਵਿਚ ਪ੍ਰਕਾਸ਼ਿਤ ਕਰਨ ਵਾਲੇ ਇਹ ਉਪਮਾਨ ਬੜੇ ਸਰਲ ਜਨ ਸਾਧਾਰਣ ਜੀਵਨ ਦੇ ਨੇੜੇ, ਸੁਭਾਵਿਕ, ਪ੍ਰਭਾਵਸ਼ਾਲੀ ਪ੍ਰੇਮਮਈ ਸ਼ੈਲੀ ਨਾਲ ਗੜੂੰਦ ਭਾਵਕਤਾ ਦੀ ਕਸਵੱਟੀ ਤੇ ਪੂਰੇ ਉਤਰਨ ਵਾਲੇ ਹਨ। ਜਿਥੇ ਕਿਤੇ ਅਧਿਆਤਮਕ ਤੇ ਧਾਰਮਿਕ ਸਿਧਾਂਤਾਂ ਦੀ ਅਨੁਭੂਤੀ ਕੀਤੀ ਹੈ ਉਥੇ ਉਨ੍ਹਾਂ ਦੀ ਅਭਿਵਿਅਕਤੀ ਨਾਇਕ ਨਾਇਕਾ ਰਸਮਈ ਤੇ ਪ੍ਰੇਮਮਈ ਢੰਗ ਨਾਲ ਕੀਤੀ ਹੈ। ਜਿਥੇ ਉਪਮੇਯ ਦੀ ਉਪਮਾਨ ਨਾਲ ਰੂਪ, ਗੁਣ, ਕ੍ਰਿਆ, ਪ੍ਰਭਾਵ ਆਦਿ ਵਿੱਚ ਸਮਾਨਤਾ ਦਾ ਵਰਨਣ ਹੋਵੇ ਉਥੇ ਉਪਮਾ ਅਲੰਕਾਰ ਹੁੰਦਾ ਹੈ ਜਿਵੇਂ:

> "ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ
> ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।"[1]

ਇਥੇ 'ਧਨ ਜੋਬਨ' ਉਪਮੇਯ ਹੈ 'ਪਬਣਿ ਕੇਰੇ ਪਤ' ਉਪਮਾਨ ਹੈ। 'ਨਾਠੀਅੜੇ ਦਿਨੁ ਚਾਰਿ' ਸਮਾਨ ਧਰਮ ਅਤੇ ਜਿਉ ਵਾਚਕ ਸ਼ਬਦ ਹਨ। ਗੁਰੂ ਨਾਨਕ ਦੇਵ ਜੀ ਹੇਠ ਲਿਖੀ ਤੁਕ ਰਤੀ ਰਸ ਪਾ ਕੇ ਤ੍ਰਿਪਤ ਹੋਣ ਵਾਲੀ ਕੋਮਲ ਨਿਰੋਲ ਰਤੀ ਦੀ ਤਸਵੀਰ ਹੈ। ਇਥੇ ਭਾਸ਼ਾ ਦਾ ਰੂਪ ਸਰਲ ਤੇ ਸਾਦਾ ਹੈ ਜਿਵੇਂ:

---

1. ਸਿਰੀ ਰਾਗੁ ਪਦਾ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 123

"ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ
ਜਿਉ ਮੀਨਾ ਜਲ ਮਾਹਿ ਉਲਾਸਾ
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ।"[1]

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਉਪਮਾਵਾਂ ਦਾ ਅਧਿਕਤਰ ਸੰਬੰਧ ਪਰਮਾਤਮਾ ਦੇ ਸਰੂਪ, ਮਹਾ ਮਿਲਣ ਤੇ ਬਿਰਹਾ, ਪ੍ਰੇਮਾ ਭਗਤੀ, ਰਤੀ ਭਾਵ ਨਾਲ ਗੜੂੰਦ ਸ਼ੈਲੀ ਰਾਹੀਂ ਵਿਦਮਾਨ ਹਨ, ਇਸੇ ਤਰ੍ਹਾਂ ਰੂਪਕ ਅਲੰਕਾਰ ਦੀ ਬਹੁਲਤਾ ਵੀ ਸੂਖਮ ਤੇ ਸਥੂਲ ਭਾਵਾਂ ਦਾ ਸੁੰਦਰ ਪ੍ਰਗਟਾ ਹੈ। ਗੁਰੂ ਜੀ ਨੇ ਆਤਮਾ ਪ੍ਰਭੂ ਦੇ ਸੰਬੰਧ ਵਿਚ ਦ੍ਰਿਸ਼ਮਾਨਕਰਨ ਲਈ ਦੰਪਤਿਕ ਰੂਪਕਾਂ ਦੀ ਵਰਤੋਂ ਕੀਤੀ ਹੈ ਜਿਵੇਂ ਪਤੀ ਪਤਨੀ ਦੇ ਰੂਪ ਵਿੱਚ। ਇਸਤਰੀ ਦੇ ਰੂਪ ਸਾਧਨ, ਧਨ, ਮੁੰਧ, ਕਾਮਣਿ, ਬਾਲੀ, ਲਾਲਰਤੀ, ਗੋਰੀ, ਸੋਹਣੀ, ਸੁਹਾਗਣ, ਦੁਹਾਗਣ, ਰੂਪਕ ਅਲੰਕਾਰਾਂ ਰਾਹੀਂ ਬਿਆਨਿਆ ਹੈ ਜਿਵੇਂ:

"ਸਾਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ।"[2]

"ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ।"[3]

"ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ।"[4]

"ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ।"[5]

"ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।"[6]

"ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲਰਤੀ ਗੁਣ ਗਾਵੈ।"[7]

---

1. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 362
2. ਰਾਗੁ ਮਾਰੂ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1111
3. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 146
4. ਰਾਗੁ ਗਉੜੀ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 382
5. ਰਾਗੁ ਤਿਲੰਗ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 758
6. ਉਹੀ, ਪੰਨਾ 759
7. ਰਾਗੁ ਮਲਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1382

"ਕੀ ਨ ਸੁਣੇਹੀ <u>ਗੋਰੀਏ</u> ਆਪਣ ਕੰਨੀ ਸੋਇ।"[1]

"ਅਤਿ ਸਿਆਣੀ <u>ਸੋਹਣੀ</u> ਕਿਉ ਕੀਤੋ ਵੇਸਾਹੁ।"[2]

"ਨਾਨਕ ਸਾ <u>ਸੋਹਾਗਣਿ</u> ਕੰਤੀ ਪਿਰ ਕੈ ਅੰਕਿ ਸਮਾਵਏ।"[3]

"ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ।"[4]

ਇਸ ਤਰ੍ਹਾਂ ਇਸਤਰੀ ਸੰਬੰਧਾਂ ਨੂੰ ਰੂਪਕ ਅਲੰਕਾਰਾਂ ਰਾਹੀਂ, ਜਿਥੇ ਮਨ ਦੀ ਸਥਿਤੀ, ਹਾਵ ਭਾਵਾਂ ਦਾ ਜ਼ਿਕਰ ਕੀਤਾ ਹੈ ਉਥੇ ਅਧਿਆਤਮਕ ਅਨੁਭਵ ਤੇ ਮਨ ਦੀ ਸਥਿਤੀ ਨੂੰ ਪ੍ਰਭਾਵਸ਼ਾਲੀ ਵੀ ਬਣਾਇਆ ਹੈ।

## 6. <u>ਸੰਗੀਤਕ ਅੰਸ਼</u>

ਸਾਰੀ ਗੁਰੂ ਨਾਨਕ ਬਾਣੀ ਸੰਗੀਤਬੱਧ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਰਤਨ ਨੂੰ ਵਿਸ਼ੇਸ਼ ਥਾਂ ਦਿੱਤੀ ਹੈ। ਮਨੁੱਖੀ ਮਨ ਦੇ ਭਾਵਾਂ ਨੂੰ ਜਿਵੇਂ ਸੁਖ, ਦੁਖ, ਆਸ਼, ਨਿਰਾਸ਼ਾ, ਹਰਖ, ਸੋਗ, ਪ੍ਰੇਮ ਮਿਲਣ, ਸੰਜੋਗ, ਰਤੀ ਆਦਿ ਭਾਵਾਂ ਨੂੰ ਸੰਗੀਤ ਦੁਆਰਾ ਬੜੀ ਸੂਖਮ ਭਾਸ਼ਾ ਰਾਹੀਂ ਬਿਆਨਿਆ ਹੈ। 20 ਰਾਗਾਂ ਵਿਚ ਬਾਣੀ ਰਚੀ ਹੈ ਜਿਨ੍ਹਾਂ ਦਾ ਵੇਰਵਾ ਪਹਿਲੇ ਅਧਿਆਇ ਵਿਚ ਦਿੱਤਾ ਗਿਆ ਹੈ।

ਡਾ: ਮਨਮੋਹਨ ਗੌਤਮ ਨੇ ਕਿਹਾ ਹੈ:

> "ਸ਼ਿੰਗਾਰ ਦੇ ਸੰਜੋਗ ਅਤੇ ਵਿਯੋਗ ਪੱਖਾਂ ਦਾ ਨਿਤ ਸੰਬੰਧ ਸੰਗੀਤ ਨਾਲ ਹੁੰਦਾ ਆਇਆ ਹੈ। ਇਸ਼ਟ ਦੇਵ ਰਤੀ ਸੰਗੀਤ ਦੇ ਬਿਲਕੁਲ ਅਨੁਕੂਲ ਹੈ ਕਿਉਂਕਿ ਉਸ ਵਿਚ ਪਰਮਾਤਮਾ ਦੀ ਸ਼ਕਤੀ ਸ਼ੀਲ ਸੌਂਦਰਯ ਦੇ ਗਾਨ ਵਿੱਚ ਹਰਖ ਭਵ ਸਾਗਰ ਦੇ ਕਸ਼ਟਾਂ ਦੀ ਪ੍ਰਤਿ ਕ੍ਰਿਆ, ਵਿਚ ਭਗਤ ਦੀ ਦੀਨਤਾ ਅਤੇ

---

1. ਸਿਰੀ ਰਾਗੁ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 124
2. ਉਹੀ, ਪੰਨਾ 151
3. ਰਾਗੁ ਤੁਖਾਰੀ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 1249
4. ਰਾਗੁ ਮਾਰੂ, <u>ਗੁਰੂ ਨਾਨਕਬਾਣੀ ਪ੍ਰਕਾਸ਼</u>, ਪੰਨਾ 1108

ਆਤਮ ਨਿਵੇਦਨ ਵਿਚ ਰੁਦਨ ਦੀ ਸੁਭਾਵਿਕਤਾ ਪ੍ਰਾਪਤ ਹੁੰਦੀ ਹੈ। ਸੰਗੀਤ ਦੇ ਨਾਲ ਆਪਣੀ ਵਿਆਪਕਤਾ ਕਰ ਇਕੋ ਤਰ੍ਹਾਂ ਦੀਆਂ ਸੁਰਾਂ ਨਾਲ ਸੰਸਾਰਿਕ ਅਧਿਆਤਮਿਕ ਪਦਿਆਂ ਦੇ ਮਾਧਿਅਮ ਬਣ ਜਾਂਦੇ ਹਨ ਅਤੇ ਵੱਖੋ ਵੱਖ ਸਰੋਤਿਆਂ ਦੀਆਂ ਮਨੋਸਥਿਤੀਆਂ ਅਨੁਸਾਰ ਸ਼ਿੰਗਾਰ ਦੀ ਕਰੁਣਾ ਜਾਂ ਵਿਯੋਗ ਦੀ ਅਭਿਵਿਅੰਜਨਾ ਕਰਦੇ ਹਨ।"[1]

ਗੁਰੂ ਨਾਨਕ ਸਾਹਿਬ ਨੇ ਸਾਰੀ ਬਾਣੀ 20 ਰਾਗਾਂ ਵਿਚ ਬੰਨ੍ਹੀ ਹੈ। ਰਾਗ ਅਨੁਸਾਰ ਜੋ ਭਾਵਾਂ ਦੀ ਅਭਿਵਿਅਕਤੀ, ਮਿਲਾਪ ਸਮੇਂ ਖੁਸ਼ੀ, ਬਿਰਹਾ ਸਮੇਂ ਦੁੱਖ ਦੀ ਵੇਦਨਾ ਨੂੰ ਰਤੀ ਅਨੁਕੂਲ ਪ੍ਰਗਟਾਇਆ ਹੈ। ਪ੍ਰੀਤਮ ਦੇ ਬਿਰਹਾ ਦੀ ਸਥਿਤੀ ਨੂੰ ਮਿਲਣ ਦੀ ਅਵਸਥਾ ਵਿੱਚ ਬਦਲਣ ਵਾਲੇ ਪ੍ਰੇਮਾਂ ਭਗਤੀ ਵਿਚ ਰਤੀ ਦਾ ਨਮੂਨਾ ਵੇਖੋ:

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ
ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ
ਬਰਸੁ ਘਨਾ ਮੇਰਾ ਪਿਰੁ ਘਰਿ ਆਇਆ
ਬਲਿ ਜਾਵਾ ਗੁਰ ਅਪਨੇ ਪ੍ਰੀਤਮ
ਜਿਨਿ ਹਰਿ ਪ੍ਰਭੁ ਆਣਿ ਮਿਲਾਇਆ। ਰਹਾਉ।[2]

ਗੁਰੂ ਨਾਨਕ ਦੇਵ ਜੀ ਨੇ ਸੰਗੀਤ ਤੇ ਰਾਗ ਦੀ ਪ੍ਰਵਿਰਤੀ ਅਨੁਸਾਰ ਜੀਵਆਤਮਾ ਨਾਇਕਾ ਨੂੰ ਪਰਮਾਤਮਾ ਦੇ ਮਿਲਣ ਦੀਆਂ ਭਾਵਨਾਵਾਂ ਨੂੰ ਸੁੰਦਰ ਰੂਪ ਵਿਚ ਪ੍ਰਗਟ ਕੀਤਾ ਹੈ। ਪਰਮਾਤਮਾ ਨਾਲਪਿਆਰ ਪਾਣ ਦੀ ਗੱਲ ਬਾਰ ਬਾਰ ਦਰਸਾਈ ਹੈ:

ਮੁੰਧੇ ਪਿਰ ਬਿਨੁ ਕਿਆ ਸੀਗਾਰੁ।[3]

---

1. ਮਨਮੋਹਨ ਗੌਤਮ, ਸੂਰ ਦੀ ਕਾਵਿ ਕਲਾ, ਪੰਨਾ 270
2. ਰਾਗੁ ਮਲਾਰ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 1387
3. ਸਿਰੀ ਰਾਗੁ, ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਨਾ 102

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਸੰਗੀਤ ਬੱਧ ਕਰਕੇ ਮਨੁਖੀ ਮਨ ਅਤੇ ਪਰਮਾਤਮਾ ਦੇ ਪ੍ਰੇਮ ਦੀ ਲਗਨ ਨੂੰ ਰਤੀ ਭਾਵਾਂ ਰਾਹੀਂ ਪ੍ਰਗਟਾ ਕੇ ਵਿਸ਼ੇਸ਼ ਯੋਗਦਾਨ ਪਾਇਆ ਹੈ।

> "ਗੁਰੂ ਸਾਹਿਬ ਆਪਣੀਆਂ ਭਾਵਨਾਵਾਂ ਨੂੰ ਹਿਰਦੇ ਸਪਰਸ਼ੀ ਢੰਗ ਨਾਲ ਕਹਿਣ ਵਿੱਚ ਬੜੇ ਸਫਲ ਹੋਏ ਹਨ। ਗੁਰੂ ਜੀ ਦੁਆਰਾ ਅਨੇਕ ਪ੍ਰਕਾਰ ਦੀਆਂ ਸੰਗੀਤ ਸ਼ੈਲੀਆਂ ਦਾ ਸਾਮੰਜਸ, ਸਮੇਂ ਅਤੇ ਰੁੱਤਾਂ ਦੀ ਪਾਬੰਦੀ, ਜਾਤਾਂ, ਪ੍ਰਦੇਸ਼ਾਂ, ਸੰਸਕ੍ਰਿਤੀਆਂ ਵਿਚਾਲੇ ਤਾਲਮੇਲ ਕਾਇਮ ਕਰਨ ਦੀ ਪ੍ਰਵਿਰਤੀ, ਰਹਾਉ ਦੀ ਵਰਤੋਂ, ਧੁਨਾਂ, ਘਰਾਂ ਦੀ ਵਿਸ਼ੇਸ਼ ਵਿਧੀ, ਆਦਿ ਅਨੇਕ ਵਿਸ਼ੇਸ਼ਤਾਵਾਂ ਨੂੰ ਉਨ੍ਹਾਂ ਦੀ ਸੰਗੀਤ ਪ੍ਰਬੀਨਤਾ ਦੇ ਪ੍ਰਮਾਣ ਹਨ।"[1]

ਹਿਰਦੇ ਸਪਰਸ਼ੀ ਗੱਲਾਂ ਪ੍ਰੀਤਮਈ ਢੰਗ ਨਾਲ ਕਹਿਣੀਆਂ ਰਤੀ ਦੇ ਸੁਭਾ ਦੇ ਅਨੁਕੂਲ ਹੀ ਹੋ ਸਕਦੀਆਂ ਹਨ।

7. ਭਾਸ਼ਾ

ਗੁਰੂ ਨਾਨਕ ਦੇਵ ਜੀ ਨੇ ਜਨ ਸਾਧਾਰਣ ਦੀ ਭਾਸ਼ਾ ਦੇ ਨਾਲ ਨਾਲ ਅਰਬੀ, ਫਾਰਸੀ, ਸੰਸਕ੍ਰਿਤ, ਖੜੀ, ਲਹਿੰਦੀ, ਬ੍ਰਿਜੀ, ਹਿੰਦੀ ਆਦਿ ਦੇ ਸਰੂਪ ਮਿਲਦੇ ਹਨ। ਰਤੀ ਸ਼ਬਦ ਬਹੁਅਰਥਕ ਰੂਪ ਵਿਚ ਮਿਲਦਾ ਹੈ ਜਿਵੇਂ ਚੌਥੇ ਅਧਿਆਇ ਵਿਚ ਮੈਂ ਗੁਰਬਾਣੀ ਵਿਚੋਂ ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਰਤੀ ਸ਼ਬਦ ਦਾ ਰੂਪ ਕਿਵੇਂ ਵਿਦਮਾਨ ਹੈ। ਜਿਵੇਂ ਰਤੀ, ਰਤਿਆ, ਰਤ, ਰਤੇ, ਰਤਾ, ਰੱਤੜ, ਸੁਰਤਿ ਕਰਤਿ ਆਦਿ ਸ਼ਬਦਾਂ ਦਾ ਗੁਰਬਾਣੀ ਵਿਚ ਰੂਪ ਹੈ ਜੋ ਬਹੁਅਰਥਕ ਹੈ। ਦਰਜਨਾਂ ਸ਼ਬਦ ਇਸਤ੍ਰੀ ਪੁਰਸ਼ ਦੇ ਪ੍ਰੇਮ ਲਈ ਵਰਤੇ ਹਨ। ਵਰਣਯੋਜਨਾ ਵਿੱਚ ਵੀ ਰਤੀ ਭਾਵਾਂ ਦਾ ਸੁਮੇਲ ਮਿਲਦਾ ਹੈ ਜਿਵੇਂ "ਸੋਹਣੀ ਮੁਖ ਮਣੀ ਸੋਹੈ" ਸਾਰੇ ਸ਼ਬਦਾਂ ਵਿੱਚ ਅਨੁਪ੍ਰਾਸਿਕ ਧੁਨੀ ਦਾ ਮਾਹੌਲ ਪੈਦਾ ਕੀਤਾ ਹੈ ਜੋ ਰਤੀ ਦਾ ਸੁਭਾ ਹੈ ਜਿਵੇਂ।

---

1. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਦੇਵ ਦੀ ਕਾਵਿ ਕਲਾ, ਪੰਨਾ 41

"ਹਰਿ ਹਰਿ ਹਾਰ ਕੰਠਿ ਲੇ ਪਹਿਰੈ ਦਾਮੋਦਰ ਦੰਤੁ ਲੇਈ
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ
ਧੀਰਜ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ।"[1]

ਭਾਰਤੀ ਅਚਾਰੀਆਂ ਨੇ ਮਾਧੁਰਯ, ਪ੍ਰਸਾਦ ਅਤੇ ਓਜ ਗੁਣਾਂ ਦੀ ਧਾਰਨਾ ਸ਼ੈਲੀ ਵਿੱਚ ਮੰਨੀ ਹੈ ਇਹ ਤਿੰਨੇ ਗੁਣ ਗੁਰੂ ਨਾਨਕ ਸਾਹਿਬ ਦੀ ਭਾਸ਼ਾ ਵਿਚ ਰਤੀ ਦੇ ਭਾਵਾਂ ਰਾਹੀਂ ਵਿਦਮਾਨ ਹਨ। ਜਿਵੇਂ ਓਮ ਪ੍ਰਕਾਸ਼ ਸ਼ਾਸ਼ਤਰੀ ਨੇ ਕਿਹਾ ਹੈ, "ਸ਼ਿੰਗਾਰ, ਕਰੁਣ ਅਤੇ ਸ਼ਾਂਤ ਦੇ ਪ੍ਰਸੰਗਾਂ ਵਿੱਚ ਮਧੁਰਯ ਗੁਣ ਹੁੰਦਾ ਹੈ।"[2] ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਉਹ ਸਾਰੇ ਪਦੇ ਜਿਨ੍ਹਾਂ ਦਾ ਪਰਤੱਖ ਰੂਪ ਵਿੱਚ ਸੰਬੰਧ ਪ੍ਰੇਮਾ ਭਗਤੀ ਰਤੀ ਭਾਵ ਨਾਲ ਹੈ ਉਥੇ ਮਾਧੁਰਯ ਗੁਣ ਸੰਪੰਨ ਹੈ। ਉਦਾਹਰਣ ਵਜੋਂ:

"ਹਰਿ ਬਿਨ ਕਿਉ ਜੀਵਾ ਮੇਰੀ ਮਾਈ"

— — — — — —

"ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ।"

ਜਦੋਂ ਕਾਵਿ ਰਚਨਾ ਨੂੰ ਪੜ੍ਹ ਕੇ ਜਾਂ ਸੁਣ ਕੇ ਪਾਠਕ ਜਾਂ ਸਰੋਤਾ ਦਾ ਹਿਰਦਾ ਪ੍ਰਕਾਸ਼ਮਈ ਹੋ ਜਾਵੇ ਤਾਂ ਪ੍ਰਸ਼ਾਦ ਗੁਣ ਉਪਜਦਾ ਹੈ। ਗੁਰੂ ਸਾਹਿਬ ਦਾ ਕਹਿਣ ਢੰਗ ਬੜਾ ਸੁਭਾਵਿਕ ਤੇ ਸਹਿਜ ਭਰਿਆ ਹੈ। ਗੁਰੂ ਨਾਨਕ ਦੇਵ ਜੀ ਦੀ ਕਲਪਨਾ ਸ਼ਕਤੀ ਬੜੀ ਤੀਬਰ ਅਤੇ ਵਿਸ਼ਾਲ ਹੈ। ਉਨ੍ਹਾਂ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਵਰਣਿਤ ਵਿਸ਼ੇ ਨੂੰ ਮੂਰਤੀਮਾਨ ਕਰਨ ਵਿੱਚ ਬੜੇ ਸਹਾਇਕ ਹੋਏ ਹਨ ਜਿਵੇਂ: ਪਰਮਾਤਮਾ ਲਈ ਸਾਜਨ, ਸਾਹਿਬ, ਸੋਹਾਰਾ, ਵਰੁ, ਸਹੁ, ਕੰਤ, ਰਸੀਆ ਆਦਿ ਸ਼ਬਦ ਲਾਕਸ਼ਣਿਕ ਹਨ। ਮੁਹਾਵਰੇ ਅਖਾਣਾਂ ਦੀ ਬੜੀ ਸੁੰਦਰ ਤੇ ਪ੍ਰਭਾਵਸ਼ਾਲੀ ਵਰਤੋਂ ਆਪ ਜੀ ਦੀ ਰਚਨਾ ਵਿੱਚ ਕੀਤੀ ਹੋਈ ਮਿਲਦੀ ਹੈ। ਪਿਆਰ, ਰਤੀ, ਮਨ, ਸ਼ਿੰਗਾਰ, ਆਦਿ ਨਾਲ ਸੰਬੰਧਤ ਮੁਹਾਵਰੇ ਅਖਾਣ ਜਿਵੇਂ:

---

1. ਰਾਗੁ ਆਸਾ, <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਪੰਨਾ 446
2. ਓਮ ਪ੍ਰਕਾਸ਼ ਸ਼ਾਸਤਰੀ, <u>ਕਾਵਿ ਆਲੋਚਨਾ</u>, ਪੰਨਾ 68

1. ਚੰਚਲੁ ਚੀਤੁ ਨਾ ਰਹਈ ਠਾਹਿ
2. ਸੁਣਿ ਮੁੰਧੇ ਹਰਣਾ ਖੀਏ ਗੂੜਾ ਵੈਣੁ ਅਪਾਰੁ
3. ਸਭਨੀ ਘਟੀ ਸਹੁ ਵਸੈ ਸਹੁ ਬਿਨ ਘਟੁ ਨਾ ਕੋਇ
4. ਗੰਢ ਪਰੀਤੀ ਮਿੱਠੇ ਬੋਲ।
5. ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ।
6. ਨੈਨ ਸਲੋਨੀ ਸੁੰਦਰ ਨਾਰੀ
7. ਮੁੰਧੇ ਪਿਰ ਬਿਨ ਕਿਆ ਸੀਗਾਰੁ
8. ਧਨੁ ਜੋਬਨੁ ਦੁਇ ਵੈਰੀ ਹੋਏ
9. ਅਖੀ ਸੂਤਕ ਵੇਖਣਾ ਪਰਤ੍ਰਿਆ ਧਨ ਰੂਪ
10. ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ
11. ਹਰਿ ਵਰੁ ਨਾਰਿ ਸੁਹਾਗਣੀ ਸੈ ਭਾਵੈ ਪ੍ਰਭ ਸੋਇ

ਗੁਰੂ ਨਾਨਕ ਸਾਹਿਬ ਦੀ ਭਾਸ਼ਾ ਲੋਕਾਂ ਦੀ ਭਾਸ਼ਾ ਸੀ ਇਸ ਕਰਕੇ ਅਖਾਣਾਂ, ਮੁਹਾਵਰਿਆਂ ਦਾ ਸੁਭਾ ਵੀ ਲੋਕਾਂ ਤੇ ਰਤੀ ਦੇ ਅਨੁਕੂਲ ਹੈ।

ਅੰਤ ਤੇ ਅਸੀਂ ਕਹਿ ਸਕਦੇ ਹਾਂ ਗੁਰੂ ਨਾਨਕ ਸਾਹਿਬ ਦੁਆਰਾ ਵਰਤੀ ਭਾਸ਼ਾ ਰਤੀ ਦੇ ਅਨੁਕੂਲ ਤੇ ਰਤੀ ਸ਼ਬਦ ਦਾ ਬਹੁ ਅਰਥਕ ਪ੍ਰਯੋਗ ਦੀ ਧਾਰਨੀ ਹੈ। ਜਿਵੇਂ ਰਤੀ, ਰਤੇ, ਰਤਿਆਂ, ਰਤਾ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਉਪਰ ਦਿੱਤੇ ਬਿੰਬ, ਪ੍ਰਤੀਕ, ਅਲੰਕਾਰ, ਉਪਮਾ, ਮੁਹਾਵਰੇ ਰਤੀ ਨੂੰ ਪ੍ਰਤੀਬਿੰਬਤ ਕਰਦੇ ਹਨ। ਰਤੀ ਨੇ ਭਾਸ਼ਾ ਤੇ ਮਹੱਤਵਪੂਰਣ ਅਸਰ ਪਾਇਆ ਹੈ। ਇਸ ਨਾਲ ਭਾਸ਼ਾ ਦੇ ਰੂਪ ਰੰਗ, ਢੰਗ, ਭਾਵ, ਕਲਾ ਵਿੱਚ ਤਬਦੀਲੀ ਆਈ ਹੈ। ਇਸ ਤਰ੍ਹਾਂ ਬਿੰਬ, ਚਿੰਨ੍ਹ, ਪ੍ਰਤੀਕ, ਉਪਮਾ, ਮੁਹਾਵਰੇ ਰਤੀ ਭਾਵ ਦੁਆਰਾ ਸੰਚਾਲਿਤ ਹੋ ਕੇ ਇਥੇ ਰੂਪ ਅਖ਼ਤਿਆਰ ਕਰਦੇ ਹਨ।

## ਨਿਸ਼ਕਰਸ਼

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਵਸਤੂ ਸਮੱਗਰੀ ਨੂੰ ਧਿਆਨ ਵਿੱਚ ਰੱਖਣ ਨਾਲ ਭਾਵ ਇਸ ਦੇ ਗੰਭੀਰ ਅਧਿਐਨ ਤੋਂ, ਜਿਹੜੀ ਮੁੱਖ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਉਨ੍ਹਾਂ ਨੇ ਆਪਣੀ ਰਚਨਾ ਦੁਆਰਾ ਮਨੁੱਖੀ ਅੰਦਰਲੇ ਨੂੰ ਪਰਵਰਤਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਉਦੇਸ਼ ਲਈ ਵਰਤੀਆਂ ਜੁਗਤਾਂ ਵਿੱਚ ਰਤੀ ਦੀ ਵਰਤੋਂ ਇਕ ਜੁਗਤ ਹੈ। ਰਤੀ ਇਕ ਮਹੱਤਵ ਪੂਰਬ ਸਥਾਈ ਭਾਵ ਹੈ। ਰਤੀ ਭਾਵ ਨੂੰ ਵਿਅਕਤੀ ਦੀ ਅੰਤਰ ਆਤਮਾ ਦਾ ਵਿਸ਼ੇਸ਼ ਧਰਮ ਕਿਹਾ ਗਿਆ ਹੈ। ਇਹ (ਰਤੀ) ਭਾਵ ਸਿਧਾਂਤਕ ਤੇ ਮਨੋਵਿਗਿਆਨ ਰੂਪ ਵਿਚ, ਅਚੇਤ ਜਾਂ ਸੁਚੇਤ ਰੂਪ ਵਿੱਚ, ਵਿਦਮਾਨ ਹੈ। ਰਤੀ ਕੀ ਹੈ? ਇਸ ਦਾ ਸੁਭਾ ਕੀ ਹੈ? ਰੁਹਾਨੀ ਰਤੀ ਦੇ ਦੁਨਿਆਵੀ ਰਤੀ ਵਿੱਚ ਫਰਕ ਕੀ ਹੈ? ਰਤੀ ਨੂੰ ਪ੍ਰਗਟਾਉਣ ਦੀਆਂ ਜੁਗਤਾਂ ਕਿਹੜੀਆਂ ਕਿਹੜੀਆਂ ਹਨ? ਰਤੀ ਦਾ ਦੂਸਰੇ ਭਾਵਾਂ ਨਾਲ ਸੰਬੰਧ ਕਿਹੋ ਜਿਹਾ ਹੈ, ਸਾਧਨਾ ਤੇ ਰਤੀ ਦੀ ਨੇੜਤਾ ਕਿਵੇਂ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉਤਰ ਰਤੀ ਦੇ ਆਧਾਰ ਤੇ ਲਭਿਆਂ ਗਿਆ ਹੈ।

ਭਾਵ ਵਿੱਚ ਵਿਸ਼ੇ ਦਾ ਸੱਤਾ ਹੈ। ਉਸ ਦਾ ਦੁਖਾਤਮਕ ਅਤੇ ਸੁਖਾਤਮਕ ਸਵਾਦ ਹੈ। ਭਾਵਾਂ ਦਾ ਪ੍ਰਕਾਰ ਵੰਡ ਵਿੱਚ ਪ੍ਰਾਇਮਰੀ ਭਾਵ, ਵਿਓਤਪਨ ਭਾਵ ਅਤੇ ਮਨੋਂਵਿਰਤੀ ਸ਼ਾਮਲ ਹਨ। ਜਿਨ੍ਹਾਂ ਨੂੰ ਆਧੁਨਿਕ ਮਨੋਵਿਗਿਆਨੀਆਂ ਨੇ ਮਾਨਸਿਕ ਅਤੇ ਸਰੀਰਕ ਪ੍ਰਵ੍ਰਿਤੀਆਂ ਮੰਨਿਆ ਹੈ ਜੋ ਸਮੇਂ ਅਤੇ ਹਾਲਾਤ ਅਨੁਸਾਰ ਵਧਦੀਆਂ, ਘੱਟਦੀਆਂ, ਚਲਦੀਆਂ ਅਤੇ ਬਦਲਦੀਆਂ ਰਹਿੰਦੀਆਂ ਹਨ। ਭਾਵਾਂ ਦੀ ਪ੍ਰਕਾਰ ਵੰਡ ਵਿੱਚ ਸਥਾਈ, ਸੰਚਾਰੀ ਅਤੇ ਸਾਤਵਿਕ ਭਾਵ ਆਉਂਦੇ ਹਨ। ਸੰਸਾਰ ਸਾਗਰ ਵਿੱਚ ਮਨੁੱਖ ਜਾਤੀ ਦੀਆਂ ਗਿਆਨ ਇੰਦ੍ਰੀਆਂ ਤੇ ਸਰੀਰਕ ਕ੍ਰਿਆਵਾਂ ਦੇ ਸਹਾਰੇ ਅਨੇਕ ਪ੍ਰਕਾਰ ਦੇ ਭਾਵਾਂ ਜਾਂ ਮਨੋਵਿਕਾਰਾਂ ਦਾ ਨਿਰਮਾਣ ਹੁੰਦਾ ਹੈ। ਇਨ੍ਹਾਂ ਵਿੱਚ ਰਤੀ, ਦੁਖ, ਸੁਖ, ਕਰੂਰਤਾ, ਅਨਿਆਂਇ, ਸ਼ੋਕ, ਘਿਰਨਾ, ਵਿਸਮਾਦ, ਭੈ ਵਰਗੀਆਂ ਭਾਵਨਾਵਾਂ ਬਾਹਰੀ ਰੂਪਾਂ ਅਤੇ ਕਾਰਜਾਂ ਨਾਲ ਉਤਪਨ ਹੁੰਦੀਆਂ ਹਨ। ਪੱਛਮੀ ਅਤੇ ਪੂਰਬੀ ਵਿਦਵਾਨਾਂ ਨੇ ਭਾਵਾਂ ਦਾ ਸਿਧਾਂਤਕ ਤੇ ਮਨੋਵਿਗਿਆਨਕ ਆਧਾਰ, ਭਾਵਾਂ ਦੀ ਤੀਬਰਤਾ ਨੂੰ ਆਤਮ ਗਿਆਨ ਦੀ ਪਰਾਪਤੀ ਤੇ ਲੌਕਿਕ ਮੁਕਤੀ ਦੇ ਨਾਲ ਨਾਲ ਜਿਸਮਾਨੀ ਤੇ ਸਰੀਰਕ ਕ੍ਰਿਆਵਾਂ ਨਾਲ ਸੰਬੰਧਤ ਕੀਤਾ ਹੈ। ਭਾਵਾਂ ਦਾ ਅਰਥ ਬੜਾ ਵਿਆਪਕ ਤੇ ਵਿਸ਼ਾਲ ਲਿਆ ਹੈ। ਇਸ ਵਿੱਚ ਸਥਾਈ ਭਾਵ, ਸੰਚਾਰੀ

ਭਾਵ, ਸਾਤਵਿਕ ਭਾਵ ਹਨ ਅਤੇ ਇਹ ਹਾਲਾਤ, ਸਥਿਤੀ ਨਾਲ ਘੱਟਦੇ ਵੱਧਦੇ ਰਹਿੰਦੇ ਹਨ। ਪਰ ਸਥਾਈ ਭਾਵਾਂ ਦਾ ਸੁਭਾ ਹੈ ਕਿ ਇਹ ਆਪਣੇ ਵਿਰੋਧੀ, ਅਵਿਰੋਧੀ ਕਿਸੇ ਵੀ ਭਾਵ ਨਾਲ ਨਸ਼ਟ ਨਹੀਂ ਹੁੰਦੇ ਜਦੋਂ ਕਿ ਸੰਚਾਰੀ ਭਾਵ ਆਪਣੀ ਮੂਲ ਰੂਪ ਵਿੱਚ ਸਥਿਤੀ ਅਨੁਸਾਰ ਘੱਟਦੇ ਵਧਦੇ ਰਹਿੰਦੇ ਹਨ। ਸਥਾਈ ਭਾਵ ਮਨ ਵਿੱਚ ਚਿਰ ਸਥਾਈ, ਅਨੰਦ ਦੇ ਪ੍ਰਦਾਤਾ ਅਤੇ ਸਮਸਤ ਪ੍ਰਾਣੀਆਂ ਵਿੱਚ ਵੱਖੋ ਵੱਖਰੇ ਰੂਪਾਂ ਨਾਲ ਵਿਦਮਾਨ ਹਨ। ਸਾਤਵਿਕ ਭਾਵਾਂ ਦੀ ਉਤਪਤੀ ਵੀ ਮਨ ਤੋਂ ਹੁੰਦੀ ਹੈ। ਅਲੰਬਨ ਉਦੀਪਨ ਵਿਭਾਵ ਇਨ੍ਹਾਂ ਦੇ ਕਾਰਣ ਹੁੰਦੇ ਹਨ। ਇਨ੍ਹਾਂ ਦੇ ਆਸਰੇ ਜਾਂ ਸਹਾਰੇ ਨਾਲ ਭਾਵ ਉਪਜਦੇ ਹਨ। ਇਨ੍ਹਾਂ ਭਾਵਾਂ ਦਾ ਸਮੁੱਚਾ ਸਰੂਪ ਗੁਰੂ ਸਾਹਿਬ ਦੀ ਬਾਣੀ ਵਿੱਚ ਵਿਦਮਾਨ ਹੈ। ਇਸ ਨੂੰ ਚਾਰਟਾਂ ਰਾਹੀਂ ਤੀਜੇ ਅਧਿਆਇ ਵਿੱਚ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਭਾਵ, ਵਿਭਾਵ, ਅਨੁਭਾਵ, ਸੰਚਾਰੀ, ਸਥਾਈ, ਸਾਤਵਿਕ ਮਨੋਭਾਵ ਤੇ ਭਾਵ ਰਤੀ, ਹਾਸ, ਭੈ, ਘ੍ਰਿਣਾ, ਵਤਸਲਯ, ਅਹੰਕਾਰ, ਸਹਾਨਭੂਤੀ, ਨਿਰਵੇਦ, ਉਤਸ਼ਾਹ ਦੀ ਮੁਹਰਛਾਪ ਵਿਦਮਾਨ ਹੈ। ਸੇਵਾ, ਪ੍ਰੇਮ, ਦਰਸ਼ਨਾਂ ਦੀ ਤਾਂਘ, ਮਿਲਣ ਦੀ ਵਿਲਕਣੀ, ਵਿਜੋਗ, ਸੰਜੋਗ ਦਾ ਨਿਰੂਪਣ, ਗੁਰੂ ਦੀ ਕ੍ਰਿਪਾ, ਪਰਮਾਤਮਾ ਦਾ ਸਰੂਪ, ਸਮਕਾਲੀਨ, ਰਾਜਸੀ, ਸਮਾਜਿਕ, ਸਦਾਚਾਰਕ ਤੇ ਸਭਿਆਚਾਰ ਅਧੋਗਤਾ ਦੇ ਰੂਪ ਭਾਵਮਈ ਕਾਵਿ ਸ਼ੈਲੀ ਵਿੱਚ ਰੂਪਮਾਨ ਕੀਤੇ ਮਿਲਦੇ ਹਨ।

ਰਤੀ ਭਾਵ ਜ਼ਿੰਦਗੀ ਦਾ ਧੁਰਾ ਹੈ, ਬੁਨਿਆਦੀ ਲੋੜ ਹੈ, ਜੀਵਨ ਆਧਾਰ ਹੈ। ਹਰ ਪਸ਼ੂ ਪੰਛੀ, ਨਰ ਨਾਰੀ, ਆਤਮਾ ਪਰਮਾਤਮਾ ਲਈ ਇਸ ਦੇ ਸਰਵ-ਵਿਆਪੀ ਅਤੇ ਗੰਭੀਰਤਮ ਰੂਪ ਦੀ ਲੋੜ ਹੈ। ਰਤੀ ਕੁੱਲ ਮਨੁੱਖਤਾ ਦੀ ਪ੍ਰਵ੍ਰਿਤੀ ਦਾ ਆਧਾਰ ਹੈ। ਗੁਰੂ ਨਾਨਕ ਦੇਵ ਜੀ ਨੇ ਆਤਮਾ ਪਰਮਾਤਮਾ ਦੀ ਪ੍ਰੀਤ ਦੇ ਵਰਨਣ ਲਈ ਰਤੀ ਦਾ ਸੂਲਾ ਦੁਨਿਆਵੀ ਬਿੰਬਾਂ (ਪਤੀ ਪਤਨੀ) ਰਾਹੀਂ ਵਰਨਣ ਕੀਤਾ ਹੈ ਪਰ ਦੁਨਿਆਵੀ ਪ੍ਰੇਮ ਵਾਲਾ ਵਾਤਾਵਰਣ ਪੈਦਾ ਕਰਨ ਤੋਂ ਨਿਰਲੇਪ ਅਜਿਹਾ ਖਿਚ ਭਰਪੂਰ, ਰਸ-ਭਿੰਨਾ ਅਲੌਕਿਕ ਪ੍ਰੀਤ ਦਾ ਵਾਤਾਵਰਣ ਪੈਦਾ ਕਰਦੇ ਹਨ ਕਿ ਅਨੋਖੇ ਰਸ ਅਤੇ ਅਨੰਦ ਵਿੱਚ ਆਤਮਾ ਝੂਮ ਉਠਦੀ ਹੈ। ਗੁਰੂ ਨਾਨਕ ਦੇਵ ਜੀ ਨੇ ਪਾਠਕ ਦੇ ਮਨ ਵਿੱਚ ਜੋ ਰਤੀ ਭਾਵ ਪੈਦਾ ਕੀਤੇ ਹਨ, ਉਨ੍ਹਾਂ ਦਾ ਰੂਪ ਰੂਹਾਨੀ ਹੈ ਜੋ ਰਤੀ ਅਪਰਦਾਨ ਕਰਦੀ ਹੈ ਉਹ ਅਨੰਦਦਾਇਕ ਹੈ। ਰਤੀ ਦਾ ਰੂਪ ਪ੍ਰੇਮ ਦੀ ਵਿਆਪਕਤਾ ਪ੍ਰਭੂ ਪ੍ਰੇਮ ਸਾਧਨਾ ਮਨ ਦੀ ਰਤੀ, ਕਰਤਾਰ ਦੀ ਰਤੀ, ਰੰਗ ਨਾਲ ਰੱਤੀ ਹੋਈ ਰਤੀ, ਸੱਚ ਦੀ ਰਤੀ ਨਾਲ ਸੰਬੰਧਿਤ ਹੈ। ਰਤੀ ਦਾ ਰੂਪ ਨਾਇਕ ਨਾਇਕਾਂ, ਭਾਵ ਵਿਭਾਵ, ਅਨੁਭਾਵ, ਅਲੰਬਨ, ਉਦੀਪਨ ਸੰਚਾਰੀ ਭਾਵਾਂ ਦਾ ਸੁਮੇਲ ਹੈ। ਰਤੀ ਵਿੱਚ ਨਾਇਕ ਤੇ ਨਾਇਕਾਂ ਦਾ ਸਵਰੂਪ ਅਲੰਬਨ ਰੂਪ ਹੈ। ਗੁਰੂ ਨਾਨਕ

ਦੇਵ ਦਾ ਨਾਇਕ ਸੱਚਾ, ਸੁੱਚਾ, ਅਲੌਕਿਕ, ਅਨੰਦ, ਅਨੂਪ, ਨਿਰਮਲ, ਅਕੱਥ, ਅਰੂਪ ਹੈ। ਉਸਦੀ ਨਾਇਕਾ ਆਤਮਾ ਦੀ ਸੁਧੀ ਨਾਲ ਸੰਬੰਧਿਤ ਦੁਨਿਆਵੀ ਨਾਵਾਂ ਨਾਲ ਪੁਕਾਰੀ ਬਹੁਪੱਖੀ ਅਤੇ ਬਹੁਰੂਪੀ ਹੁੰਦੀ ਹੈ। ਗੁਰੂ ਸਾਹਿਬ ਨੇ ਇਸਤਰੀ ਨੂੰ ਧਨ, ਨਾਰੀ, ਸਾਧਨ, ਸਹੇਲੀ, ਸੁਹਾਗਣ, ਮਹਿਲੀ, ਕਾਮਣਿ, ਮੋਹਣੀ, ਸੋਹਣੀ, ਜੋਰੂ, ਸਜਨੀ ਕਿਹਾ ਹੈ। ਪਰਕੀਯਾ ਰੂਪ ਵਿਚ ਸ਼ਬਦ ਨਾਇਕਾ ਵਾਲੇ ਵਰਤੇ ਹਨ ਪਰ ਅਰਥ ਉਹ ਨਹੀਂ ਰੱਖੇ। ਨਾਇਕਾ ਦਾ ਸੰਕਲਪ ਪਰੰਪਰਾ ਨਾਲੋਂ ਵੱਖਰਾ ਰੱਖਿਆ ਹੈ। ਗੁਰੂ ਸਾਹਿਬ ਦੀ ਨਾਇਕਾ ਆਤਮਾ ਹੈ ਜੋ ਹਰ ਸਮੇਂ ਪਰਮਾਤਮਾ ਦੀ ਅਭੇਦਤਾ ਨੂੰ ਲੋਚਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਰਤੀ ਦਾ ਸੁਭਾ ਅਧਿਆਤਮਕ ਹੈ ਜੋ ਦੁਨਿਆਵੀ ਰਤੀ ਨਾਲੋਂ ਵੱਖਰਾ ਹੈ। ਸ਼ੁਧ ਅਦਵੈਤ ਰਤੀ, ਉਜਵਲ ਮਧੁਰ ਰਤੀ, ਸ਼ਾਂਤ ਗੰਭੀਰ ਰਤੀ ਦੀ ਝਲਕ ਹੈ। ਜੋ ਮਨ ਦੀ ਸੁਧੀ, ਆਤਮਕ ਬਲ ਦੀ ਪਰਪਕਤਾ ਤੇ ਅਨੰਦਮਈ ਹੈ। ਪ੍ਰੇਮ ਦੀ ਵਿਆਪਕ ਭਾਵਨਾ ਰਤੀ ਹੈ। ਰਤੀ ਵਿੱਚ ਬਿਰਹਾ ਵਿਜੋਗ, ਪ੍ਰੀਤਮ ਲਈ ਤੜਪ, ਪਿਆਰੇ ਦੀ ਸਿੱਕ, ਤੜਪ, ਮਿਲਣ ਤਰਲੇ ਮਿਲਣ ਦੀ ਇੱਛਾ ਬੜੀ ਤੀਬਰ ਤੇ ਬਲਵਾਨ ਹੈ। ਸੰਜੋਗ ਦੀ ਅਨੰਦਮਈ ਅਵਸਥਾ ਜਿਥੇ ਸਾਧਕ ਆਪੇ ਦੀ ਅਭੇਦਤਾ, ਅਨੰਦਮਈ ਰੂਹਾਨੀ ਸ਼ਕਤੀ, ਮਿਲਣ ਤੇ ਖੁਸ਼ੀ ਦੀ ਝਲਕ ਗੁਰੂ ਸਾਹਿਬ ਦੀ ਰਚਨਾ ਵਿੱਚ ਵਿਦਮਾਨ ਹੈ। ਇਥੇ ਸਾਧਕ ਆਪਣੇ ਆਪ ਨੂੰ ਪਰਮਾਤਮਾ ਪ੍ਰਾਪਤੀ ਲਈ ਤਿਆਰ ਕਰਕੇ ਮਿਲਾਪ ਦਾ ਅਨੰਦ ਮਾਣਦਾ ਹੈ। ਇਉਂ ਰਤੀ ਬਿਰਹਾ ਤੇ ਸੰਜੋਗ ਦੀ ਤਸਵੀਰ ਹੈ।

ਰਤੀ ਦਾ ਸੁਭਾ ਮੋਹ ਹੈ, ਦੁਨਿਆਵੀ ਮੋਹ, ਪਦਾਰਥਾਂ ਦਾ ਮੋਹ, ਤ੍ਰਿਸ਼ਨਾ, ਲਾਲਚ ਵਾਲਾ ਮੋਹ ਆਦਿ ਤੋਂ ਉਤਮ ਪਰਮਾਤਮਾ ਦਾ ਮੋਹ ਹੈ ਜੋ ਗੁਰੂ ਸਾਹਿਬ ਦੀ ਬਾਣੀ ਦਾ ਧੁਰਾ ਹੈ। ਦੁਨਿਆਵੀ ਚਿੰਨ੍ਹਾਂ ਰਾਹੀਂ ਪੁਕਾਰਿਆ ਪ੍ਰੀਤਮ ਵੀ ਰੂਹਾਨੀ ਹੈ।

ਗੁਰੂ ਸਾਹਿਬ ਦੀ ਰਚਨਾ ਵਿੱਚ ਭਾਵਾਂ ਦਾ ਸੁਮੇਲ ਕਾਇਮ ਹੈ। ਰਸਾਂ ਦੇ ਨੌ ਸਥਾਈ ਭਾਵਾਂ ਵਿਚੋਂ ਰਤੀ ਮਹੱਤਵਪੂਰਣ ਭਾਵ ਹੈ। ਇਸ ਦਾ ਸਬੰਧ ਬਾਕੀ ਸਾਰੇ ਭਾਵਾਂ ਨਾਲ ਜੁੜਿਆ ਹੋਇਆ ਹੈ। ਕੁੱਝ ਵਿਦਵਾਨਾਂ ਨੇ ਗੁਰੂ ਸਾਹਿਬ ਦੀ ਰਚਨਾ ਵਿਚੋਂ ਸ਼ਿੰਗਾਰ ਰਸ ਲੱਭਣ ਦੀ ਕੋਸ਼ਿਸ਼ ਕੀਤੀ ਹੈ ਤੇ ਸ਼ਿੰਗਾਰ ਰਸ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ ਪਰ ਜੇ ਉਨ੍ਹਾਂ ਨੂੰ ਗਹੁ ਨਾਲ ਵੇਖੀਏ ਤਾਂ ਉਨ੍ਹਾਂ ਵਿੱਚ ਸ਼ਿੰਗਾਰ ਰਸ ਨਹੀਂ, ਹਾਂ ਰਤੀ ਜ਼ਰੂਰ ਹੈ। ਉਹ ਰਤੀ ਜਿਸ ਦਾ ਸਰੂਪ ਸ਼ੁਧ ਅਤੇ ਅਲੌਕਿਕ ਹੈ ਕਿਉਂਕਿ ਪ੍ਰਭੂ ਪ੍ਰਾਪਤੀ ਦੀ ਇੱਛਾ, ਬਿਰਹਾ, ਸੰਜੋਗ, ਸ਼ਿੰਗਾਰ ਚੀਜ਼ਾਂ ਦਾ ਵਰਣਨ, ਇਸਤ੍ਰੀ ਦੇ ਕੁਦਰਤੀ ਹੁਸਨ ਅਤੇ ਉਸਦੀਆਂ ਚੇਸ਼ਟਾਵਾਂ ਦਾ ਵਰਨਨ ਬੜੀ ਰੀਝ ਨਾਲ

ਕੀਤਾ ਹੈ ਪਰ ਉਨ੍ਹਾਂ ਦਾ ਸਰੂਪ ਅਧਿਆਤਮਕ ਰੱਖਿਆ ਹੈ।

ਗੁਰੂ ਸਾਹਿਬ ਦੀ ਰਚਨਾ ਵਿੱਚ ਰਤੀ ਅਤੇ ਸਾਧਨਾ ਮਾਰਗ ਦਾ ਮਹੱਤਵ ਬਹੁਪੱਖੀ ਹੈ, ਜਿਵੇਂ ਪਰਮਪਦ ਦੀ ਪ੍ਰਾਪਤੀ ਲਈ ਸਾਧਨਾ ਜ਼ਰੂਰੀ ਹੈ ਇਸੇ ਤਰ੍ਹਾਂ ਸਾਧਕ ਦੀ ਸਾਧਨਾ ਲਈ ਰਤੀ ਜ਼ਰੂਰੀ ਹੈ। ਆਤਮਿਕ ਰਤੀ ਭਾਵਾਂ ਦੇ ਉਜਵਲੀਕਰਣ ਲਈ ਅਤੀ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਪ੍ਰਭੂ ਪ੍ਰੇਮ, ਸਿਮਰਨ ਦੀ ਲਗਨ, ਗੁਰਪ੍ਰਸਾਦਿ, ਆਤਮਿਕ ਅਭੇਦਤਾ ਰਤੀ ਭਾਵ ਨਾਲ ਪਰਪੱਕ ਹੋ ਕੇ ਹੀ ਸਾਧਕ ਦੀ ਸਾਧਨਾ ਨੂੰ ਨੇਪਰੇ ਚਾੜ੍ਹ ਸਕਦੇ ਹਨ। ਗੁਰੂ ਨਾਨਕ ਦੇਵ ਜੀ ਦੀ ਸਾਧਨਾ ਅੰਤਰ ਦੀ ਸਾਧਨਾ ਹੈ। ਰਤੀ ਦਾ ਰੂਪ ਹੋਰ ਸਪਸ਼ਟ ਹੋ ਜਾਂਦਾ ਹੈ ਜਦੋਂ ਅੰਤਰ ਸੁਧਤਾ, ਅੰਤਰ ਲਗਨ, ਅੰਤਰ ਪ੍ਰੇਮ, ਅੰਤਰ ਮਨ ਸਭ ਮਿਲ ਕੇ ਰਤੀ ਨੂੰ ਸਾਧਨਾ ਮਾਰਗ ਦੇ ਰੂਪ ਅਨੁਸਾਰ ਢਾਲਦੇ ਹਨ। ਗੁਰੂ ਸਾਹਿਬ ਦੀ ਸਾਧਨਾ ਰਤੀ ਤੋਂ ਬਿਨਾਂ ਅਧੂਰੀ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿੱਚ ਰਤੀ ਚਿਤਰਨ ਦਾ ਮੰਤਵ ਆਤਮਾ ਪਰਮਾਤਮਾ ਦੀ ਪ੍ਰੀਤ ਨੂੰ ਪ੍ਰਗਟਾਉਣਾ ਹੈ। ਸਾਧਕ ਨੂੰ ਸਾਧਨਾ ਲਈ, ਸ਼ੁਭ ਕਰਮਾਂ ਅਤੇ ਸ਼ੁਭ ਅਮਲਾਂ ਦੁਆਰਾ, ਪ੍ਰਭੂ ਪ੍ਰੇਮ ਪ੍ਰਾਪਤ ਕਰਵਾਉਂਦਾ ਹੈ। ਸਾਧਕ ਨੂੰ ਦੁਨਿਆਵੀ ਪਦਾਰਥਾਂ ਤੋਂ ਵਿਵਰਜਤ ਕਰਕੇ ਰੱਬੀ ਪ੍ਰੀਤ, ਮੋਹ ਤੇ ਸਚਿਆਰ ਪਦ ਪ੍ਰਾਪਤ ਕਰਨ ਦੀ ਪ੍ਰੇਰਣਾ ਹੈ। ਰਤੀ ਦਾ ਮੰਤਵ ਮਨ ਦੀ ਸੁਧੀ ਹੈ, ਜੋ ਰਤੀ ਰਾਹੀਂ ਨਾਮ, ਭਗਤੀ, ਸੇਵਾ, ਸਿਮਰਨ, ਗੁਰੂ ਨਾਲ ਪ੍ਰੇਮ ਕਰਕੇ ਮਿਲ ਸਕਦੀ ਹੈ। ਰਤੀ ਦਾ ਸੁਭਾ ਹਉਮੈ, ਹੰਕਾਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਨਾਸ਼ ਹੈ। ਗੁਰੂ ਸਾਹਿਬ ਦੀ ਰਚਨਾ ਵਿਚ ਜੋ ਪ੍ਰੇਰਣਾ ਦੇ ਤਰੀਕੇ ਹਨ ਉਹ ਇਸਤ੍ਰੀ ਪੁਰਸ਼ ਜਾਂ ਪਤੀ ਪਤਨੀ (ਆਤਮਾ ਪਰਮਾਤਮਾ) ਦੀ ਪ੍ਰੀਤ ਰਾਹੀਂ ਹਨ ਜੋ ਰਤੀ ਦੇ ਪਸਾਰੇ ਦੇਸਸੂਚਕ ਹਨ।

ਗੁਰੂ ਨਾਨਕ ਦੀ ਕਵਿਤਾ ਵਿਚੋਂ ਪ੍ਰਾਪਤ ਰਤੀ ਉਸ ਦੇ ਭਾਵ ਨੂੰ ਪ੍ਰਗਟਾਉਣ ਦੀਆਂ ਜੁਗਤਾਂ, ਇਸਤ੍ਰੀ ਪੁਰਸ਼ ਸੰਬੰਧ, ਖੁਮਾਰੀ, ਇਕਸੁਰਤਾ, ਤਿਆਗ ਲਗਾਓ ਰਤੀ ਦੀਆਂ ਸੂਚਕ ਹਨ। ਜਿਥੇ ਸਭ ਤੋਂ ਵੱਧ ਭਾਵਮਈ, ਪ੍ਰੇਮਮਈ, ਕਰੁਣਾਮਈ, ਅਨੰਦਮਈ, ਸੰਜੋਗਮਈ, ਵਿਜੋਗਮਈ ਗੱਲ ਕੀਤੀ ਹੈ ਉਥੇ ਇਸਤਰੀ ਪੁਰਸ਼ ਸੰਬੰਧਾਂ ਦੀਆਂ ਉਦਾਹਰਣਾਂ ਦੇ ਕੇ ਸਾਰਗਿਭਕ ਤੇ ਅਧਿਆਤਮਕ ਰੂਪ ਰੇਖਾ ਦਾ ਚਿਤਰ ਉਲੀਕਿਆ ਹੈ। ਰਤੀ ਭਾਵ ਦੀ ਇਹ ਵਿਲੱਖਣਤਾ ਹੈ ਕਿ ਜਿਥੇ ਪ੍ਰੇਮ ਦੀ ਦ੍ਰਿਸ਼ਟੀ ਨੂੰ ਸਰੀਰਕ ਤੇ ਆਤਮਿਕ ਕ੍ਰਿਆਵਾਂ ਰਾਹੀਂ ਭਾਵਿਤ ਕਰੇ ਤੇ ਆਤਮਿਕ ਸ਼ਾਂਤੀ, ਆਤਮਿਕ ਮੇਲ, ਆਤਮਿਕ ਕਿਰਿਆ, ਆਤਮਿਕ ਅਭਿਆਸ, ਖੁਮਾਰੀ ਲਿਆਵੇ, ਉਥੇ ਅਨੰਦ ਤੇ ਸਰੂਰ ਪੈਦਾ ਹੁੰਦਾ ਹੈ ਜੋ ਦੂਈ ਭੇਦ ਮਿਟਾ ਦਿੰਦਾ ਹੈ। ਰਤੀ ਦਾ ਸੰਬੰਧ ਹਿਰਦੇ, ਮਨ, ਪ੍ਰੇਮ, ਸਹਿਚਾਰ ਤੇ

ਇਕਸੁਰਤਾ ਨਾਲ ਹੈ। ਇਹ ਭਾਵ ਆਤਮਿਕ ਰਤੀ ਰਾਹੀਂ ਹੀ ਸੰਭਵ ਹੈ। ਗੁਰੂ ਸਾਹਿਬ ਦਾ ਰਚਨਾ ਵਿੱਚ ਪ੍ਰੇਮ ਦੀ ਇਕਸੁਰਤਾ, ਮਨ ਦੀ ਇਕਸੁਰਤਾ, ਗੁਰੂ ਨਾਲ ਇਕਸੁਰਤਾ, ਆਤਮਕ ਇਕਸੁਰਤਾ ਹੈ ਤੇ ਭਾਵ ਦੀ ਇਕਸੁਰਤਾ ਸਿਰਫ ਰਤੀ ਵਿਧੀ ਨਾਲ ਹੀ ਆ ਸਕਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਿਥੇ ਹਉਮੈ, ਮਾਇਆ, ਕਾਮ, ਕ੍ਰੋਧ, ਲੋਭ, ਮੋਹ ਤੇ ਅਪਾਚਾਰਨ ਦੇ ਤਿਆਗ ਦਾ ਖੰਡਨ ਕੀਤਾ ਹੈ ਉਥੇ ਪ੍ਰਭੂ ਮੋਹ, ਨਾਮ ਮੋਹ, ਹੁਕਮ ਦਾ ਮੋਹ, ਆਤਮਕ ਮੋਹ ਦੇ ਨਿਭਾਉ ਲਈ ਸੁਧ ਰਤੀ ਦਾ ਰੂਪ ਵਰਤਿਆ ਹੈ। ਵਿਸੁਧ ਰਤੀ ਦੇ ਰੂਪ ਦੇ ਪਸਾਰੇ ਦਾ ਖੰਡਨ ਕੀਤਾ ਹੈ।

ਗੁਰੂ ਸਾਹਿਬ ਦੀ ਕਵਿਤਾ ਵਿੱਚ ਰਤੀ ਚਿਤਰਨ ਦਾ ਭਾਸ਼ਾ ਉਤੇ ਪ੍ਰਭਾਵ, ਬਿੰਬ ਸਿਰਜਨਾ, ਪ੍ਰਤੀਕ ਯੋਜਨਾ, ਅਲੰਕਾਰ, ਸੰਗੀਤਕ ਅੰਸ਼, ਉਪਮਾਨ ਵਿਧਾਨ ਆਦਿ ਰੂਪਾਂ ਨਾਲ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਬਿੰਬ ਆਮ ਜੀਵਨ ਵਿਚੋਂ ਲਏ ਹਨ। ਇਨ੍ਹਾਂ ਰਾਹੀਂ ਪਤੀ ਪ੍ਰੇਮ ਦੀ ਭਾਵਨਾ, ਬਿਰਹਾ ਵਿਛੋੜੇ ਦਾ ਵਰਨਣ, ਸੰਜੋਗ ਸੁਖ ਦੀ ਪ੍ਰਾਪਤੀ ਆਦਿ ਰਤੀ ਭਾਵ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦੇ ਹਨ। ਗਹਿਣੇ, ਕੰਠਾ, ਮੋਤੀ, ਕੰਗਨ, ਮੁੰਦਰੀ, ਸੁਰਮਾ, ਸੇਜ ਆਦਿ ਬਿੰਬਾਂ ਦਾ ਪ੍ਰਯੋਗ ਕੀਤਾ ਹੈ। ਇਸੇ ਤਰ੍ਹਾਂ ਰਤੀ ਦੇ ਸੁਭਾ ਅਨੁਕੂਲ ਅਲੌਕਿਕ, ਅਧਿਆਤਮਕ, ਮਧੁਰ ਭਾਵਨਾ ਵਾਲੇ ਵਿਚਾਰ ਪ੍ਰਤੀਕਾਂ ਰਾਹੀਂ ਬੜੇ ਸੂਖਮ ਤੋਂ ਸੂਖਮ, ਵਿਸ਼ਾਲ ਤੋਂ ਵਿਸ਼ਾਲ ਪ੍ਰਭਾਵਾਂ ਨੂੰ ਉਲੀਕਿਆ ਹੈ। ਇਸ ਵਿੱਚ ਉਪਮਾਵਾਂ ਇਸਤ੍ਰੀ ਪੁਰਸ਼ ਦੇ ਜੀਵਨ ਨਾਲ ਸੰਬੰਧਤ ਧਾਰਨਾਵਾਂ ਵਿਚੋਂ ਦਿੱਤੀਆਂ ਹਨ। ਅਲੰਕਾਰ ਤੇ ਮੁਹਾਵਰੇ ਮਨੁੱਖੀ ਬਿਰਤੀਆਂ ਤੇ ਅਧਾਰਿਤ ਰਤੀ ਦੇ ਰੂਪ ਹਨ।

ਇਸ ਤਰ੍ਹਾਂ ਰਤੀ ਭਾਵਾਂ ਦੀ ਸਿਰਜਨਾ ਭਾਵ ਪੱਖੋਂ, ਰੂਪ ਤੇ ਵਿਸ਼ੇ ਪੱਖੋਂ, ਸਾਸਤ੍ਰਿਕ, ਆਧੁਨਿਕ, ਪੱਛਮੀ ਪੂਰਬੀ ਰੂਪਧਾਰਾ ਅਨੁਸਾਰ ਰੂਪਮਾਨ ਹੈ। ਗੁਰੂ ਨਾਨਕ ਦੇਵ ਜੀ ਨੇ ਜਿਸ ਆਸ਼ੇ ਦੀ ਪੂਰਤੀ ਲਈ ਗਿਆਨ ਨੂੰ ਸਮਰੱਥ ਨਹੀਂ ਜਾਣਿਆ ਉਥੇ ਪ੍ਰੇਮਾ ਭਗਤੀ ਤੇ ਰਤੀ ਤੇ ਜ਼ੋਰ ਦਿੱਤਾ ਤੇ ਸਾਧਕ ਦੀ ਸਾਧਨਾ ਨੂੰ ਦ੍ਰਿੜ ਕਰਵਾਉਣ ਲਈ ਰਤੀ ਦਾ ਸਵਰੂਪ ਸੁਧ ਤੇ ਉਜਵਲ ਰੂਪ ਵਿੱਚ ਨਿਖਾਰ ਕੇ ਸਾਹਮਣੇ ਲਿਆਂਦਾ ਹੈ। ਇਸ ਤਰ੍ਹਾਂ ਸੁਧ ਭਾਵ ਰਤੀ ਨੂੰ ਪ੍ਰਜਲਿਤ ਕਰਦੇ ਹਨ ਅਤੇ ਪ੍ਰਜਲਿਤ ਰਤੀ ਭਾਵਾਂ ਦਾ ਸੁਧੀਕਰਣ ਕਰਦੀ ਹੈ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


| | |
|---|---|
| ਗੁਰਬਾਣੀ ਤੇ ਇਤਿਹਾਸ ਬਾਰੇ | ਪ੍ਰੋ: ਸਾਹਿਬ ਸਿੰਘ,<br>ਅੰਮ੍ਰਿਤਸਰ, 1960 ਈ. |
| ਗੁਰਮਤ ਸੁਧਾਕਰ | ਭਾਈ ਕਾਹਨ ਸਿੰਘ, ਨਾਭਾ,<br>ਗੁਰਮਤ ਪ੍ਰੈਸ, ਅੰਮ੍ਰਿਤਸਰ, 1922 ਈ. |
| ਗੁਰਮਤ ਦਰਸ਼ਨ | ਡਾ: ਸ਼ੇਰ ਸਿੰਘ,<br>ਅੰਮ੍ਰਿਤਸਰ, 1962 ਈ. |
| ਗੁਰਮਤ ਨਿਰਣਯ ਸਾਗਰ | ਪੰ: ਤਾਰਾ ਸਿੰਘ ਨਰੋਤਮ,<br>ਲਾਹੌਰ, 1961 ਬਿ: |
| ਗੁਰਮਤ ਨਿਰਣਯ | ਭਾਈ ਜੋਧ ਸਿੰਘ,<br>ਅਤਰ ਚੰਦ ਕਪੂਰ ਐਂਡ ਸਨਜ਼, ਲਾਹੌਰ, 1944 ਈ. |
| ਗੁਰਮਤ ਪ੍ਰਭਾਕਰ | ਭਾਈ ਕਾਹਨ ਸਿੰਘ,<br>ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,<br>1962 ਈ. |
| ਗੁਰਮਤ ਲੈਕਚਰ | ਗਿਆਨੀ ਪ੍ਰਤਾਪ ਸਿੰਘ,<br>ਗਿਆਨ ਪੁਸਤਕਮਾਲਾ, ਅੰਮ੍ਰਿਤਸਰ, 1959 ਈ. |
| ਗੁਰਮਤਪ੍ਰਕਾਸ਼ | ਪ੍ਰੋ: ਸਾਹਿਬਸਿੰਘ,<br>ਲਾਹੌਰ, 1945 ਈ. |
| ਗੁਰੂ ਗ੍ਰੰਥ ਸਾਹਿਬ: ਇਕ ਪਰੀਚੈ | ਡਾ: ਧਰਮਪਾਲ ਮੈਨੀ,<br>ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969 ਈ. |
| ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ | ਡਾ: ਗੋਪਾਲ ਸਿੰਘ ਦਰਦੀ,<br>ਪੰਜਾਬੀ ਅਕੈਡਮੀ, ਦਿੱਲੀ, 1958 ਈ. |

| | |
|---|---|
| ਗੁਰੂ ਨਾਨਕ ਕਾਵਿ ਕਲਾ | ਡਾ: ਕਾਲਾ ਸਿੰਘ ਬੇਦੀ, ਪੰਜਾਬ ਬੁਕ ਸਟੋਰ, ਦਿੱਲੀ |
| ਗੁਰੂ ਨਾਨਕ ਚਿੰਤਨ ਤੇ ਕਲਾ | ਡਾ: ਤਾਰਨ ਸਿੰਘ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963 ਈ. |
| ਗੁਰੂ ਨਾਨਕ ਦੇਵ ਦੀ ਕਾਵਿ ਕਲਾ | ਡਾ: ਗੁਰਸ਼ਰਨ ਕੌਰ ਜੱਗੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979 ਈ. |
| ਗੁਰੂ ਨਾਨਕ ਭਗਤੀ ਅੰਦੋਲਨ | ਡਾ: ਮਨਮੋਹਨ ਸਿੰਘ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970 ਈ. |
| ਗੁਰੂ ਨਾਨਕ ਜੀ ਦਾ ਮਿਸ਼ਨ | ਡਾ: ਸੁਰਿੰਦਰ ਸਿੰਘ ਕੋਹਲੀ, ਜੀਉਂਦੀ ਜਨਤਾ ਪਬਲੀਕੇਸ਼ਨ, ਦਿੱਲੀ, 1948 ਈ. |
| ਗੁਰੂ ਨਾਨਕ ਜੀਵਨ, ਦਰਸ਼ਨ | ਡਾ: ਸੁਰਿੰਦਰ ਸਿੰਘ ਕੋਹਲੀ, (ਸੰਪਾ.), ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਉਰੋ, ਚੰਡੀਗੜ੍ਹ, 1969 ਈ. |
| ਗੁਰੂ ਨਾਨਕ ਦਰਸ਼ਨ | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969 ਈ. |
| ਗੁਰੂ ਨਾਨਕ ਦਰਸ਼ਨ | ਡਾ: ਕਾਲਾ ਸਿੰਘ ਬੇਦੀ, ਦਿੱਲੀ, 1965 ਈ. |
| ਗੁਰੂ ਨਾਨਕ ਦੀ ਵਿਚਾਰਧਾਰਾ | ਡਾ: ਰਤਨ ਸਿੰਘ ਜੱਗੀ, ਨਵਯੁਗ ਪਬਲਿਸ਼ਰਜ਼, ਦਿੱਲੀ, 1969 ਈ. |
| ਗੁਰੂ ਨਾਨਕਨਿਰੰਕਾਰੀ | ਡਾ: ਕਾਲਾ ਸਿੰਘ ਬੇਦੀ, ਪੰਜਾਬ ਬੁਕ ਸਟੋਰ, ਦਿੱਲੀ, 1966 ਈ. |
| ਗੁਰੂ ਨਾਨਕ ਬਾਣੀ | ਡਾ: ਰਤਨ ਸਿੰਘ ਜੱਗੀ (ਸੰਪਾ.), ਪਟਿਆਲਾ, 1968 ਈ. |

| | |
|---|---|
| ਗੁਰੂ ਨਾਨਕ ਬਾਣੀ ਵਿਵੇਚਨ | ਪ੍ਰੋ: ਗੁਰਬਚਨ ਸਿੰਘ ਰਾਹੀ,<br>ਨਿਊ ਬੁੱਕ ਸੈਂਟਰ, ਅੰਮ੍ਰਿਤਸਰ, 1964 ਈ. |
| ਜਪੁ ਤੇ ਉਸਦੇ ਪੱਖ | ਪ੍ਰਿੰਸੀਪਲ ਸਤਬੀਰ ਸਿੰਘ |
| ਨਾਨਕ ਪ੍ਰਕਾਸ਼ | ਭਾਈ ਸੰਤੋਖ ਸਿੰਘ ਤੀਜਾ ਸੰਨ੨੦੬ |
| ਨੇਮ ਤੇ ਪ੍ਰੇਮ | ਡਾ: ਤਾਰਨ ਸਿੰਘ,<br>ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1964 ਈ. |
| ਪੰਜਾਬੀ ਸਾਹਿਤ ਕੋਸ਼ | ਡਾ: ਸੁਰਿੰਦਰ ਸਿੰਘ ਕੋਹਲੀ (ਸੰਪਾ.),<br>ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ,<br>ਚੰਡੀਗੜ੍ਹ, 1972 ਈ. |
| ਪੰਜਾਬੀ ਸਾਹਿਤ ਦਾ ਇਤਿਹਾਸ | ਡਾ: ਗੋਪਾਲ ਸਿੰਘ ਦਰਦੀ,<br>ਪੰਜਾਬੀ ਸਾਹਿਤ ਅਕਾਡਮੀ, ਦਿੱਲੀ, 1950 ਈ. |
| ਪੰਜਾਬੀ ਸਾਹਿਤ ਦਾ ਇਤਿਹਾਸ | ਭਾਸ਼ਾ ਵਿਭਾਗ, ਪਟਿਆਲਾ (ਭਾਗ ਪਹਿਲਾ) |
| ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤਿ ਗਿਆਨ | ਡਾ: ਮੋਹਨ ਸਿੰਘ ਦੀਵਾਨਾ,<br>ਕਸਤੂਰੀ ਲਾਲ, ਅੰਮ੍ਰਿਤਸਰ, 1952 ਈ. |
| ਪੰਜਾਬੀ ਵਿੱਚ ਸ਼ਿੰਗਾਰ-ਕਾਵਿ ਦਾ ਆਲੋਚਨਾਤਮਕ ਅਧਿਐਨ | ਪ੍ਰੋ: ਆਤਮਜੀਤ ਸਿੰਘ,<br>ਦਿੱਲੀ ਯੂਨੀਵਰਸਿਟੀ ਦੀ ਪੀ.ਐਚ.ਡੀ. ਦੀ ਉਪਾਧੀ<br>ਲਈ ਸੋਧ ਪ੍ਰਬੰਧ |
| ਭਾਰਤੀ ਕਾਵਿ ਸ਼ਾਸਤਰ | ਡਾ: ਪ੍ਰੇਮ ਪ੍ਰਕਾਸ਼ ਸਿੰਘ,<br>ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1968 ਈ. |
| ਮਹਾਨ ਕੋਸ਼, | ਭਾਈ ਕਾਹਨ ਸਿੰਘ,<br>ਭਾਸ਼ਾ ਵਿਭਾਗ, ਪਟਿਆਲਾ, 1960 ਈ. |
| ਵਿਚਾਰਧਾਰਾ | ਡਾ: ਰਤਨ ਸਿੰਘ ਜੱਗੀ,<br>ਮਦਾਨ ਪਬਲਿਸ਼ਰਜ਼, ਪਟਿਆਲਾ, 1966 ਈ. |
| ਵਾਰਾਂ ਭਾਈ ਗੁਰਦਾਸ | ਗਿਆਨੀ ਬਿਸ਼ਨ ਸਿੰਘ (ਟੀਕਾਕਾਰ),<br>ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਜ਼ਾਰ ਮਾਈ<br>ਸੇਵਾ, ਅੰਮ੍ਰਿਤਸਰ |

**ਪੰਜਾਬੀ ਪੱਤ੍ਰਕਾਵਾਂ**

| | |
|---|---|
| ਅਲੋਚਨਾ | ਗੁਰੂ ਨਾਨਕ ਅੰਕ, ਪੰਜਾਬੀ ਸਾਹਿਤ ਅਕਾਡਮੀ |
| ਸੀਸ ਗੰਜ ਦਿੱਲੀ | ਗੁਰੂ ਨਾਨਕ ਅੰਕ, ਨਵੰਬਰ-ਦਸੰਬਰ, 1969, ਅਗਸਤ 1970, ਦਸੰਬਰ 1970 |
| ਸੈਮੀਨਾਰ ਪੇਪਰਜ਼ | ਗੁਰੂ ਨਾਨਕ ਸਿੱਖ ਸਟੱਡੀਜ਼ ਡੀਪਾਰਟਮੈਂਟ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪ੍ਰੋ. ਤਾਰਾ ਸਿੰਘ |
| ਖੋਜ ਪਤ੍ਰਿਕਾ | ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਗੁਰਮਤ ਪ੍ਰਕਾਸ਼ | ਸ਼੍ਰੋਮਣੀ ਕਮੇਟੀ ਅੰਮ੍ਰਿਤਸਰ |
| ਪੰਜਾਬੀ ਦੁਨੀਆਂ | ਗੁਰੂ ਨਾਨਕ ਅੰਕ, ਭਾਸ਼ਾ ਵਿਭਾਗ, ਪੰਜਾਬ |

**ਹਿੰਦੀ ਪੁਸਤਕਾਂ**

| | |
|---|---|
| ਉੱਤਰੀ ਭਾਰਤ ਕੀ ਸੰਤ ਪਰੰਪਰਾ | ਪਰਸ਼ੂਰਾਮ ਚਤੁਰਵੇਦੀ, ਇਲਾਹਾਬਾਦ, 2021 ਬਿ. |
| ਆਧੁਨਿਕ ਹਿੰਦੀ ਕਵਿਤਾ ਮੈਂ ਪ੍ਰੇਮ ਔਰ ਸ਼ਿੰਗਾਰ | ਰਾਮੀ ਸਗਧਨ, ਰਾਜਪਾਲ ਐਂਡ ਸਨਜ਼, ਦਿੱਲੀ (ਪ੍ਰਥਮ ਸੰਸਕਰਣ), 1961 ਈ. |
| ਸੰਤ ਕਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ | ਮਨਮੋਹਨ ਸਹਿਗਲ, ਚੰਡੀਗੜ੍ਹ, 1965 ਈ. |
| ਹਿੰਦੀ ਸਾਹਿਤਯ ਕੋਸ਼ | ਧੀਰੇਂਦਰ ਵਰਮਾ, ਆਦਿ ਗਿਆਨ ਮੰਡਲ ਲਿਮਿਟਿਡ, ਬਨਾਰਸ, 2915 ਬਿ. |

| | |
|---|---|
| ਹਿੰਦੀ ਸੰਤ ਸਾਹਿਤਯ | ਤ੍ਰਿਲੋਕੀ ਨਰਾਇਣ ਦੀਕਸ਼ਤ,<br>ਰਾਜ ਕਮਲ ਪ੍ਰਕਾਸ਼ਨ, ਦਿੱਲੀ (ਪ੍ਰਥਮ ਸੰਸਕਰਣ),<br>1963 ਈ. |
| ਹਿੰਦੀ ਕਾਵਿ ਕੀ ਨਿਰਗੁਣ ਧਾਰਾ ਮੈਂ ਭਗਤੀ | ਡਾ: ਸ਼ਿਆਮ ਸੁੰਦਰ ਦਾਸ,<br>ਹਿੰਦੂ ਵਿਸ਼ਵ ਵਿਦਿਆਲਾ, ਕਾਸ਼ੀ |
| ਹਿੰਦੀ ਮੈਂ ਨਿਰਗੁਣ ਸੰਪਰਦਾਇ | ਡਾ: ਬੜਥਵਾਲ,<br>ਭਗੀਰਥ ਪਬਲਿਸ਼ਿੰਗ ਹਾਊਸ, ਲਖਨਊ |
| ਕਬੀਰ | ਡਾ: ਹਜ਼ਾਰੀ ਪ੍ਰਸ਼ਾਦਿ ਦ੍ਵਿਵੇਦੀ,<br>ਬੰਬਈ, 1964 ਈ. |
| ਕਬੀਰ ਕੀ ਵਿਚਾਰਧਾਰਾ | ਡਾ: ਗੋਬਿੰਦ ਤ੍ਰਿਗੁਣਾਇਤ,<br>ਕਾਨਪੁਰ, 2014 ਬਿ: |
| ਕਾਵਯ ਦਰਪਣ, | ਰਾਮ ਦਹਿਨ ਮਿਸ਼ਰ,<br>ਪਟਨਾ ਗ੍ਰੰਥਮਾਲਾ ਕਾਰਯਾਲਯ - ਤੀਜਾ, 1955 ਈ. |
| ਗੁਰੂ ਨਾਨਕ ਦੇਵ ਜੀਵਨ ਔਰ ਦਰਸ਼ਨ | ਜਯ ਰਾਮ ਮਿਸ਼ਰ,<br>ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, 1972 ਈ. |
| ਗੋਰਖਬਾਣੀ | ਡਾ: ਬੜਥਵਾਲ, (ਸੰ:),<br>ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, 1969 ਈ. |
| ਜਾਇਸੀ ਕੀ ਬਿੰਬ ਯੋਜਨਾ | ਅਸ਼ੋਕ ਪ੍ਰਕਾਸ਼ਨ, ਨਈ ਸੜਕ, ਦਿੱਲੀ - ਪਹਿਲਾ,<br>1966 ਈ. |
| ਨਾਥ ਸੰਪਰਦਾਇ | ਡਾ: ਹਜ਼ਾਰੀ ਪ੍ਰਸ਼ਾਦਿ ਦਿਵੇਦੀ,<br>ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, 1950 ਈ. |
| ਨਾਨਕ ਬਾਣੀ | ਜੈ ਰਾਮ ਮਿਸ਼ਰ,<br>ਮਿੱਤਰ ਪ੍ਰਕਾਸ਼ਨ, ਇਲਾਹਾਬਾਦ, 2018 ਬਿ: |
| ਭਗਤੀ ਕਾ ਵਿਕਾਸ | ਮੁਨਸ਼ੀ ਰਾਮ,<br>ਚੌਖੰਬਾ ਵਿਦਿਆ ਭਵਨ, ਵਾਰਾਨਸੀ, 1959 ਈ. |

| | |
|---|---|
| ਭਾਰਤੀਯ ਸਾਹਿਤ ਮੇਂ ਸ੍ਰਿੰਗਾਰ ਰਸ | ਡਾ: ਗਣਪਤੀ ਚੰਦਰ ਗੁਪਤ,<br>ਦਿੱਲੀ ਨੈਸ਼ਨਲ ਪਬਲਿਸ਼ਿੰਗ ਹਾਊਸ, 1972 ਈ. |
| ਭਾਰਤੀਯ ਕਾਵਯ ਸ਼ਾਸਤਰ ਕੀ ਪਰੰਪਰਾ | ਡਾ: ਨਗਿੰਦਰ,<br>ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 2013 ਬਿ: |
| ਭਾਰਤੀਯ ਕਾਵਯ ਮੇਂ ਰਹੱਸਵਾਦ | ਡਾ: ਰਾਮ ਨਰੇਸ਼ ਪਾਂਡੇ,<br>ਦਿੱਲੀ, 1966 ਈ. |
| ਭਾਰਤੀਯ ਦਰਸ਼ਨ | ਡਾ: ਸਤੀਸ਼ ਚੰਦਰ, ਚਟੋਪਾਧਿਆਇਨ ਪੁਸਤਕ<br>ਭੰਡਾਰ, ਪਟਨਾ |
| ਭਾਰਤੀਯ ਦਰਸ਼ਨ | ਬਲਦੇਵ ਉਪਾਧਿਆਇ,<br>ਕਾਸ਼ੀ, 1966 ਈ. |
| ਭਾਰਤੀਯ ਦਰਸ਼ਨ ਸ਼ਾਸਤ੍ਰ | ਡਾ: ਦੇਵਰਾਜ,<br>ਹਿੰਦੁਸਤਾਨ ਅਕੈਡਮੀ, ਇਲਾਹਾਬਾਦ, 1950 ਈ. |
| ਮੱਧਕਾਲੀਨ ਸੰਤ ਸਾਹਿਤਯ | ਰਾਮ ਖੇਲਾਵਨ ਪਾਂਡੇ,<br>ਵਾਰਾਨਸੀ, 1965 ਈ. |
| ਮੱਧ ਕਾਲੀਨ ਪ੍ਰੇਮ ਸਾਧਨਾ | ਪਰਸ਼ੂਰਾਮ ਚਤੁਰਵੇਦੀ,<br>ਸਾਹਿਤ ਭਵਨ, ਇਲਾਹਾਬਾਦ, 1956 ਈ. |
| ਮਧੁਰ ਰਸ ਸਰੂਪ ਅਤੇ ਵਿਕਾਸ | ਰਾਮ ਸਵਾਰਥ ਚੌਧਰੀ,<br>ਰਾਜਕਮਲ ਪ੍ਰਕਾਸ਼ਨ ਪ੍ਰਾਈਵੇਟ ਲਿਮ. ਦਿੱਲੀ-6,<br>1964 ਈ. |
| ਰਸ ਸਿਧਾਂਤ -ਸਰੂਪ ਵਿਸ਼ਲੇਸ਼ਣ | ਡਾ: ਆਨੰਦ ਪ੍ਰਕਾਸ਼ ਦੀਕਸ਼ਤ,<br>ਰਾਜਕਮਲਪ੍ਰਕਾਸ਼ਨ, ਦਿੱਲੀ, ਇਲਾਹਾਬਾਦ, ਪਟਨਾ<br>1960 ਈ. |
| ਰਸ ਸਿਧਾਂਤ | ਡਾ: ਨਗਿੰਦਰ,<br>ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ 2013 ਬਿ: |
| ਰਸ ਸਿਧਾਂਤ ਕਾ ਪੁਨਰ ਵਿਵੇਚਨ, | ਡਾ: ਗਣਪਤੀ ਚੰਦਰ ਗੁਪਤ,<br>ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1972 ਈ. |
| ਰਸ ਸਿਧਾਂਤ ਔਰ ਸੌਂਦਰਯ ਸ਼ਾਸਤ੍ਰ | ਨਿਰਮਲਾ ਜੈਨ,<br>ਪੀ.ਐਚ.ਡੀ. ਥੀਸਿਸ |
| ਰਸ ਸਿਧਾਂਤ ਕੀ ਪ੍ਰਮੁੱਖ ਸਮੱਸਿਆਏਂ, | ਚੌਧਰੀ ਸਤਦੇਵ,<br>ਅਲੰਕਾਰ ਪ੍ਰਕਾਸ਼ਨ, ਦਿੱਲੀ, 1973 ਈ. |

| | |
|---|---|
| [illegible] | [illegible], [illegible], 2011 ਬਿ: |
| [illegible] | [illegible], [illegible], 1949 ਈ: |
| [illegible] | [illegible], [illegible], 1974 ਈ: |
| [illegible], | [illegible], [illegible], 1959 ਈ: |

<u>English Books</u>

| | |
|---|---|
| Aesthetics | Benedath croce, Trans. by Douglas Ainsbe. The Noonday Press, 6th Impression, 1960 |
| A general selection from the work of Sigmund Freud | John Rickman. The Hograth Press, 1958 |
| Dictionary of Erotic literature | Wedeck, H.E., London, Peter Oweh, 1962. |
| Dictionary to Philosophy | Ratnas, Vision Press, London |
| Elements of Psychology | Mallan & Darmand |
| Encyclopaedia of Religion & Ethics Vol. VIII | James Hastings, Edinburg, 1934 |
| Erotic Poetry: Classical to Contemporary | London, Weidenfeld & Nicolson, 1963 |
| Essays of Sikhism | Teja Singh, Sikh University Press, Lahore, 1944 |

| | |
|---|---|
| First Course in Philosophy | Woodworth, R.S. & Sheeham, M.R.N.Y. Henry Holt, 1953 |
| Forms of things unknown: Essays towards an aesthetic philosophy | Fabre & Fabre, London, 1960 |
| Gorakh Nath & Medical Hindu Mysticism. | Dr. Mohar Singh Oriental College, Lahore, Ist. Ed. 1936 |
| Guide to Philosophy | Joad, C.E.M. London, Gallancz, 1955 |
| Hindu Mysticism | S.N. Dass Gupta, Fredrick Nagar Publishing Centre, New York, IInd Ed. 1959. . |
| Hindu View of Life | Dr. Radhakrishnan. S. Allen & Unwin Ltd. London, 1948. |
| History of Indian Philosophy | S.N. Dass Gupta, University Press, Cambridge, Vol. IV, 1949. |
| History of Panjabi Literature | Dr. Mohan Singh, Lahore. |
| History and Philosophy of Sikh Religion | Khazan Singh, Vol. I and II, 1914 |
| Indian Aesthetics | K.S. Ramaswami Sastri, Srirangam, 1978. |
| Indian Philosophy | Max. Muller, P. Sushil Gupta, Calcutta. |
| Indian Philosophy | Radhakrishanan, S. Allen & Unwin, London, 1948 |
| Introduction to Social Psychology | Macdonall |
| Kabir & the Bhakti Movement | Dr. Mohan Singh, Lahore, 1934. |
| Modern Introduction to Psychology | Red Knight & Margaret Knight, University Tutorial Press, London, 1964 |

| | |
|---|---|
| Nav Ras | Babu Gulab Rai |
| On the Sublime | Longinus, Oxford University Press, Aman House London E.C. 4 |
| Philosophy of Sikhism | Dr. Sher Singh, Sikh University Press, Lahore. |
| Poetic Image | Lewis C.D. Jonathan Cape, London, 1958. |
| Psychological Studies in Ras | Dr. Rakesh Gupt |
| Psychology | James William, Colliss, New York, 1962 |
| Psychology | Woodworth, R.S. & Marquis, D.G. Methuen, London, 1958 |
| Sikh Guru & the Sikh Society | Dr. Niharanjan Ray, Punjabi University, Patiala, 1969 |
| Sikh Mysticism | Mohan Singh, Khalsa College, Amritsar, 1963 |
| Sikh Religion | M.A. Macauliffe, Oxford University, London, 1909 |
| The Number of Rasas | |
| The Six Ways of Knowing | Dhirendra Mohan Datta, University of Calcutta, 1960 |